**Golden State Realty** JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

**Harmit S Toor** BEB BAY EAST BROKERS
Bay East Brokers, Inc.
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 21; May 27, 2023 20451 N. Plum Grove Rd., Palatine, IL 60074 Ph:847-359-0746, Fax:847-705-9388

# ਗੁਰਬਾਣੀ ਪ੍ਰਸਾਰਨ ਦਾ ਮਾਮਲਾ ਇਕ ਵਾਰ ਫਿਰ ਭਖਿਆ

**ਚੰਡੀਗੜ੍ਹ:** ਅੰਮ੍ਰਿਤਸਰ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ 'ਤੇ ਇਕ ਨਿੱਜੀ ਚੈਨਲ ਦੇ ਏਕਾਧਿਕਾਰ ਦਾ ਮਾਮਲਾ ਭਖਿਆ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਕ ਨਿੱਜੀ ਚੈਨਲ ਨੂੰ ਪ੍ਰਸਾਰਨ ਦੇ ਹੱਕ ਦੇਣ ਉਤੇ ਤਿੱਖੇ ਸਵਾਲ ਚੁੱਕਣ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹਰਕਤ ਵਿਚ ਜਾਪ ਰਹੀ ਹੈ।



ਵਿਵਾਦ ਭਖਦਾ ਵੇਖ ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਹੈ ਕਿ ਇਸ ਸਬੰਧੀ ਨਵੇਂ ਟੈਂਡਰ ਜਾਰੀ ਕੀਤੇ ਜਾਣਗੇ ਜਿਸ ਕੰਪਨੀ (ਪੀ.ਟੀ.ਸੀ.) ਕੋਲ ਗੁਰਬਾਣੀ ਦੇ ਲਾਈਵ ਪ੍ਰਸਾਰਨ ਦਾ ਕੰਟਰੈਕਟ ਸੀ, ਉਹ ਹੁਣ ਖ਼ਤਮ ਹੋ ਰਿਹਾ ਹੈ। ਇਸ ਲਈ ਹੁਣ ਕਮੇਟੀ ਵੱਲੋਂ ਨਵਾਂ ਟੈਂਡਰ ਜਾਰੀ ਕੀਤਾ ਜਾਵੇਗਾ ਤੇ ਇਹ ਟੈਂਡਰ ਓਪਨ ਹੋਵੇਗਾ। ਕੋਈ ਵੀ ਚੈਨਲ ਇਸ ਲਈ ਅਪਲਾਈ ਕਰ ਸਕਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਨੂੰ ਨਸੀਹਤ ਵੀ ਦਿੱਤੀ ਹੈ ਕਿ ਉਹ 'ਗੁਰਬਾਣੀ ਵੇਚਣ' ਜਿਹੀ ਸ਼ਬਦਾਵਲੀ ਤੋਂ ਗੁਰੇਜ਼ ਕਰਨ।

ਦੱਸ ਦਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਐਲਾਨ ਕੀਤਾ ਸੀ ਕਿ ਗੁਰਬਾਣੀ ਦੇ ਪ੍ਰਸਾਰਨ ਲਈ ਸਾਰਾ ਖਰਚਾ ਪੰਜਾਬ ਸਰਕਾਰ ਚੁੱਕਣ ਨੂੰ ਤਿਆਰ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਉੱਪਰ ਵੀ ਸਵਾਲ ਚੁੱਕੇ। ਮੁੱਖ ਮੰਤਰੀ ਮਾਨ ਨੇ ਸਵਾਲ ਕੀਤਾ ਸੀ ਕਿ ਗੁਰਬਾਣੀ ਸਰਬ ਸਾਂਝੀ ਹੈ ਪਰ ਇਸ ਦਾ ਪ੍ਰਸਾਰਨ ਸਿਰਫ ਬਾਦਲਾਂ ਦੇ ਚੈਨਲ ਉੱਤੇ ਹੀ ਕਿਉਂ ਕੀਤਾ ਜਾਂਦਾ ਹੈ? ਇਸੇ ਲਈ ਵਿਦੇਸ਼ਾਂ ਵਿਚ ਬਾਦਲ ਦਾ ਚੈਨਲ ਸਭ ਤੋਂ ਮਹਿੰਗਾ ਹੈ, ਚੈਨਲ ਦੇਖਣ ਲਈ ਕੈਨੇਡਾ-ਅਮਰੀਕਾ ਦੇ ਲੋਕ ਕਈ ਡਾਲਰਾਂ ਦਾ ਭੁਗਤਾਨ ਕਰਦੇ ਹਨ ਕਿਉਂਕਿ ਉਥੇ ਵੀ ਲੋਕ ਬਾਣੀ ਸੁਣਦੇ ਹਨ। ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਨੇ ਸਮੇਂ-ਸਮੇਂ 'ਤੇ ਆਪਣੇ ਸਿਆਸੀ ਭਾਸ਼ਣਾਂ 'ਚ ਇਕ ਨਿੱਜੀ ਚੈਨਲ 'ਤੇ ਗੁਰਬਾਣੀ ਦੇ ਪ੍ਰਸਾਰਨ ਨੂੰ ਨਿਸ਼ਾਨੇ 'ਤੇ ਰੱਖਿਆ ਸੀ ਪਰ ਹੁਣ ਤਾਂ ਉਨ੍ਹਾਂ ਇਸ ਬਾਰੇ ਰਸਮੀ ਤੌਰ 'ਤੇ ਕਦਮ ਅੱਗੇ ਵਧਾਉਣ ਦੇ ਸੰਕੇਤ ਦੇ ਦਿੱਤੇ।

ਉਧਰ, ਭਾਵੇਂ ਚੁਫੇਰਿਓਂ ਘਿਰੀ ਸ਼੍ਰੋਮਣੀ ਕਮੇਟੀ ਨੇ ਪ੍ਰਸਾਰਨ ਟੈਂਡਰ ਜਾਰੀ ਕਰਨ ਦੀ ਗੱਲ ਆਖੀ ਹੈ ਪਰ ਇਸ ਨਾਲ ਸਾਰੇ ਚੈਨਲਾਂ ਨੂੰ ਗੁਰਬਾਣੀ ਟੈਲੀਕਾਸਟ ਲਈ ਮੁਫਤ ਅਧਿਕਾਰ ਵਾਲੀ ਮੰਗ ਤੋਂ ਪਾਸਾ ਵੱਟ ਲਿਆ ਹੈ। ਇਸ ਤੋਂ ਪਹਿਲਾਂ ਪ੍ਰਸਾਰਨ ਦਾ ਅਧਿਕਾਰੀ ਬਾਦਲਾਂ ਦੀ ਮਾਲਕੀ ਵਾਲੇ ਪੀ.ਟੀ.ਸੀ. ਨਿਊਜ਼ ਕੋਲ ਸੀ ਤੇ ਅੱਗੇ ਤੋਂ ਵੀ ਇਹ ਹੱਕ ਅਜਿਹੇ ਹੀ ਕਿਸੇ ਵੱਡੇ ਚੈਨਲ ਕੋਲ ਜਾ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੇ ਤਾਜ਼ਾ ਫੈਸਲੇ ਪਿੱਛੋਂ ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਜਦੋਂ ਪੰਜਾਬ ਸਰਕਾਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਤਿ ਆਧੁਨਿਕ ਉਪਕਰਨਾਂ ਦਾ ਸਾਰਾ ਖ਼ਰਚਾ ਕਰਨ ਨੂੰ ਤਿਆਰ ਹੈ ਅਤੇ ਸਾਰੇ ਚੈਨਲਾਂ ਨੂੰ ਮੁਫਤ ਅਧਿਕਾਰ ਦੇਣ ਦੀ ਗੱਲ ਕਰ ਰਹੀ ਹੈ ਤਾਂ ਸਿੱਖ ਸੰਸਥਾ ਵੱਲੋਂ ਪਾਸਾ ਕਿਉਂ ਵੱਟਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਆਪਣੇ ਇਸ ਫੈਸਲੇ ਪਿੱਛੇ ਤਰਕ ਦਿੱਤਾ ਸੀ ਕਿ ਇਹ ਅਧਿਕਾਰ (ਪ੍ਰਸਾਰਨ) ਕਿਸੇ ਇਕ ਚੈਨਲ ਤੱਕ ਸੀਮਤ ਕਰਨ ਦੀ ਬਜਾਇ ਸਾਰੇ ਚੈਨਲਾਂ ਨੂੰ ਮੁਫ਼ਤ 'ਚ ਦਿੱਤੇ ਜਾਣੇ ਚਾਹੀਦੇ ਹਨ। ਇਸ ਨਾਲ ਦੇਸ਼-ਵਿਦੇਸ਼ 'ਚ ਸੰਗਤ ਨੂੰ ਆਪਣੇ ਘਰਾਂ 'ਚ ਬੈਠ ਕੇ ਆਨੰਦਮਈ ਗੁਰਬਾਣੀ ਕੀਰਤਨ ਸਰਵਣ ਕਰਨ ਦਾ ਮੌਕਾ ਮਿਲੇਗਾ। ਗੌਰਤਲਬ ਹੈ ਕਿ ਪਹਿਲਾਂ ਵੀ ਕਈ ਸਿਆਸੀ ਪਾਰਟੀਆਂ ਦੇ ਆਗੂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਸਿਰਫ ਇਕ ਨਿੱਜੀ ਚੈਨਲ 'ਤੇ ਹੀ ਕੀਤੇ ਜਾਣ ਦਾ ਵਿਰੋਧ ਕਰਦੇ

*(ਬਾਕੀ ਸਫਾ 6 'ਤੇ)*

# ਜਥੇਦਾਰਾਂ ਦੀ ਨਿਯੁਕਤੀ ਬਾਰੇ ਨਵੇਂ ਨਿਯਮ ਬਣਨਗੇ



**ਅੰਮ੍ਰਿਤਸਰ:** ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਕਾਰਜ ਖੇਤਰ ਸਬੰਧੀ ਨਿਯਮ ਬਣਾਉਣ ਦਾ ਮਾਮਲਾ ਦੋ ਦਹਾਕਿਆਂ ਬਾਅਦ ਮੁੜ ਉਭਰਿਆ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਤੇ ਕਾਰਜ ਖੇਤਰ ਸਬੰਧੀ ਨਿਯਮ ਨਿਰਧਾਰਨ ਕਰਨ ਬਾਰੇ ਵਿਸ਼ੇਸ਼ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ।

ਇਹ ਮਾਮਲਾ ਉਸ ਵੇਲੇ ਮੁੜ ਉਭਰਿਆ ਹੈ ਜਦੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਬੀਤੇ ਦਿਨੀਂ ਸੰਸਦ ਮੈਂਬਰ ਰਾਘਵ ਚੱਢਾ ਤੇ ਬੌਲੀਵੁਡ ਅਦਾਕਾਰਾ ਪਰਿਨੀਤੀ ਚੋਪੜਾ ਦੇ ਮੰਗਣੀ ਸਮਾਰੋਹ ਵਿਚ ਹਾਜ਼ਰੀ ਭਰੀ ਸੀ। ਇਸ ਸਬੰਧੀ ਤਸਵੀਰਾਂ ਜਨਤਕ ਹੋਣ ਉਤੇ ਕੁਝ ਜਥੇਬੰਦੀਆਂ ਨੇ ਸਖਤ ਇਤਰਾਜ਼ ਕੀਤਾ। ਜਿਸ ਤੋਂ ਬਾਅਦ ਇਹ ਮਾਮਲਾ ਮੁੜ ਉਭਰਿਆ ਕਿ ਜਥੇਦਾਰਾਂ ਦੇ ਕਾਰਜ ਖੇਤਰ ਅਤੇ ਹੋਰ ਲੋੜੀਂਦੇ ਮਾਮਲਿਆਂ ਤੇ ਗਤੀਵਿਧੀਆਂ ਸਬੰਧੀ ਨਿਯਮ ਹੋਣੇ ਚਾਹੀਦੇ ਹਨ।

ਉਂਜ ਸ਼੍ਰੋਮਣੀ ਕਮੇਟੀ ਦੇ ਤਾਜ਼ਾ ਫੈਸਲੇ ਨੂੰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪਿਛਲੇ ਕੁਝ ਸਮੇਂ ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਬਾਦਲ) ਦੀ ਕਾਰਗੁਜ਼ਾਰੀ ਬਾਰੇ ਕੀਤੀਆਂ ਕੁਝ ਟਿੱਪਣੀਆਂ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਯਾਦ ਰਹੇ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਛੇੜੇ ਅਪਰੇਸ਼ਨ ਦੌਰਾਨ ਪੁਲਿਸ ਵੱਲੋਂ ਵੱਡੀ ਗਿਣਤੀ ਸਿੱਖ ਨੌਜਵਾਨਾਂ ਦੀ ਫੜ-ਫੜਾਈ, ਕੁਝ ਕੌਮੀ ਟੀ.ਵੀ. ਚੈਨਲਾਂ ਵੱਲੋਂ ਸਿੱਖ ਧਰਮ ਬਾਰੇ ਗਲਤ ਪ੍ਰਚਾਰ ਬਾਰੇ ਸ਼੍ਰੋਮਣੀ ਕਮੇਟੀ ਦੀ ਚੁੱਪ ਉਤੇ ਜਥੇਦਾਰ ਨੇ ਤਿੱਖੇ ਸਵਾਲ ਕੀਤੇ ਸਨ। ਉਨ੍ਹਾਂ ਨੇ ਇਕ ਸਮਾਗਮ ਵਿਚ ਸੰਗਤ ਸਾਹਮਣੇ ਆਖਿਆ ਸੀ ਕਿ ਅਜਿਹੇ ਚੈਨਲਾਂ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ ਉਨ੍ਹਾਂ ਨੂੰ ਫੋਨ ਕੀਤੇ ਜਾ ਰਹੇ ਹਨ। ਗਿਆਨੀ ਹਰਪ੍ਰੀਤ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਵਿਚ ਦੇਰੀ ਉਤੇ ਵੀ ਸਖਤ ਲਹਿਜ਼ਾ ਵਰਤਿਆ ਸੀ। ਇਹ ਵੀ ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਗਿਆਨੀ ਹਰਪ੍ਰੀਤ ਸਿੰਘ ਨੂੰ ਕਾਰਜਕਾਰੀ ਜਥੇਦਾਰ ਨੂੰ ਅਹੁਦੇ ਤੋਂ ਹਟਾਉਣ ਲਈ ਕਾਹਲੇ ਹਨ ਪਰ ਉਨ੍ਹਾਂ ਦੀ ਸਿੱਖ ਸੰਗਤ ਵਿਚ ਬਣੀ ਸ਼ਾਖ ਕਾਰਨ ਟਾਲ਼ਾ ਵੱਟਿਆ ਜਾ ਰਿਹਾ


*(ਬਾਕੀ ਸਫਾ 6 'ਤੇ)*

Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloода Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience



Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# ਵਿਪਸਾਅ ਵਲੋਂ ਸੁਖਵਿੰਦਰ ਕੰਬੋਜ ਨਾਲ ਰੂਬਰੂ

## ਡਾ. ਧਾਲੀਵਾਲ ਅਤੇ ਸਤੀਸ਼ ਗੁਲਾਟੀ ਦਾ ਸਨਮਾਨ

**ਕੈਲੀਫ਼ੋਰਨੀਆ:** ਪਿਛਲੇ ਸ਼ਨਿਚਰਵਾਰ ਨੂੰ ਵਿਸ਼ਵ ਪੰਜਾਬੀ ਸਾਹਿਤ ਅਕਦਮੀ (ਵਿਪਸਾਅ) ਵਲੋਂ ਹੇਵਰਡ ਸ਼ਹਿਰ ਦੇ 'ਫੇਵਰਿਟ ਇੰਡੀਆ' ਰੈਸਟੋਰੈਂਟ 'ਚ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿਚ ਕਵੀ ਡਾ. ਸੁਖਵਿੰਦਰ ਕੰਬੋਜ ਨਾਲ ਰੂਬਰੂ ਕੀਤਾ ਗਿਆ। ਸਮਾਗਮ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਡਾ. ਬਲਦੇਵ ਧਾਲੀਵਾਲ, ਡਾ. ਗੁਰਪ੍ਰੀਤ ਧੁੱਗਾ, ਸੁਰਿੰਦਰ ਧਨੋਆ ਅਤੇ ਸੁਰਿੰਦਰ ਸੀਰਤ ਨੇ ਕੀਤੀ। ਸੁਖਵਿੰਦਰ ਕੰਬੋਜ ਨੇ ਬਚਪਨ ਤੋਂ ਲੈ ਕੇ ਹੁਣ ਤੱਕ ਆਪਣੇ ਸਾਹਿਤਕ ਜੀਵਨ 'ਤੇ ਰੌਸ਼ਨੀ ਪਾਈ।

ਸ੍ਰੀ ਕੰਬੋਜ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਵੇਲੇ ਬਜ਼ੁਰਗ ਸਟੇਜੀ ਕਵੀਆਂ ਦਾ ਜ਼ੋਰ ਸੀ ਅਤੇ ਪੰਜਾਬ ਵਿਚ ਨਕਸਲੀ ਲਹਿਰ ਕਾਰਨ ਨਵੀਂ ਪੰਜਾਬੀ ਕਵਿਤਾ ਵੀ ਪਰ ਤੋਲ ਰਹੀ ਸੀ। ਅਜਿਹੇ ਮਾਹੌਲ ਵਿਚ ਉਸਨੇ ਹਾਈ ਸਕੂਲ 'ਚ ਕੁਝ ਲਿਖਣਾ ਸ਼ੁਰੂ ਕੀਤਾ ਤਾਂ ਉਸਦੇ ਅਧਿਆਪਕਾਂ ਵਲੋਂ ਉਸਨੂੰ ਹੱਲਾਸ਼ੇਰੀ ਮਿਲੀ। ਉਸ ਦੀ ਕਵਿਤਾ ਪੇਂਡੂ ਧਰਾਤਲ ਅਤੇ ਸਿਆਸੀ ਮਾਹੌਲ ਦੇ ਇਸ ਦੌਰ 'ਚ ਸ਼ੁਰੂ ਹੋਈ। ਬਾਅਦ ਵਿਚ ਕਾਲਜ ਸਮੇਂ ਰੂਸੀ ਅਤੇ ਅਮਰੀਕੀ ਸਾਹਿਤ ਪੜ੍ਹਿਆ ਜਿਸ ਨਾਲ ਸਾਹਿਤ ਅਤੇ ਜ਼ਿੰਦਗੀ ਦੇ ਨੇੜਲੇ ਰਿਸ਼ਤੇ ਦੀ ਸਮਝ ਪਈ। ਇਸੇ ਦੌਰਾਨ ਉਸਦੀ ਪਾਸ਼ ਨਾਲ ਜਾਣ ਪਛਾਣ ਤੇ ਦੋਸਤੀ ਹੋਈ ਅਤੇ ਉਸ ਤੋਂ ਬਹੁਤ ਕੁਝ ਸਿੱਖਿਆ। ਉਨ੍ਹਾਂ ਕਿਹਾ, 'ਮੈਂ ਅੰਗਰੇਜ਼ੀ ਵਿਚ ਐਮ.ਏ. ਕਰਨੀ ਚਾਹੁੰਦਾ ਸੀ ਪਰ ਪ੍ਰੋ. ਰਵਿੰਦਰ ਰਵੀ ਦੀ ਸਲਾਹ 'ਤੇ ਮੈਂ ਪੰਜਾਬੀ ਵਿਚ ਐਮ.ਏ. ਕਰਨ ਲਈ ਪਟਿਆਲਾ ਯੂਨੀਵਰਸਿਟੀ ਚਲਾ ਗਿਆ। ਬੇਸ਼ੱਕ ਮੈਂ ਨਕਲਸੀ ਲਹਿਰ 'ਚ ਕੋਈ ਲੀਡਰ ਨਹੀਂ ਸੀ ਪਰ ਹਮਦਰਦ ਅਤੇ ਸਮਰਥਕ ਸਾਂ, ਜਦੋਂ 80ਵਿਆਂ ਦੇ ਸ਼ੁਰੂ 'ਚ ਪੰਜਾਬ ਦੇ ਹਾਲਾਤ ਖਰਾਬ ਹੋਣੇ ਸ਼ੁਰੂ ਹੋਏ ਤਾਂ ਮੈਂ ਅਮਰੀਕਾ ਪਰਵਾਸ ਕਰ ਲਿਆ।' ਕੰਬੋਜ ਦੀਆਂ ਹੁਣ ਤੱਕ ਅੱਧੀ ਦਰਜਨ ਕਵਿਤਾ ਦੀਆਂ ਮੂਲ ਅਤੇ ਸੰਪਾਦਿਤ ਕਿਤਾਬਾਂ ਛਪ ਚੁੱਕੀਆਂ ਹਨ। ਉਨ੍ਹਾਂ ਆਪਣੀਆਂ ਅਮਰੀਕੀ ਜ਼ਿੰਦਗੀ, ਜ਼ਿੰਦਗੀ ਦੇ ਰੁਮਾਂਸ ਅਤੇ ਸੰਘਰਸ਼ ਬਾਰੇ ਕਵਿਤਾਵਾਂ ਸਰੋਤਿਆਂ ਨੂੰ ਸੁਣਾਈਆਂ। ਕਵਿਤਾ ਵੰਨਗੀ - 'ਅਸੀਂ ਤੇਰੇ ਜ਼ਿਹਨ ਵਿਚ ਜਗਦੇ ਚਿਰਾਗਾਂ ਨੂੰ ਇੰਜ ਦੀ ਮੌਤ ਨਹੀਂ ਦਿਆਂਗੇ/ਜਿਵੇਂ ਸੁਕਰਾਤ ਨੂੰ ਦਿੱਤੀ ਸੀ/ਸੂਲੀ ਵੀ ਤਾਂ ਤੇਰੇ ਮੇਚ ਦੀ ਨਹੀਂ ਲਗਦੀ/ਤੇ ਗੋਲੀ ਗੁਰੀਲੇ ਲਈ ਰਾਖਵੀਂ ਹੈ/ਤੈਨੂੰ ਤਾਂ ਅਸੀਂ ਪਹਿਲੇ ਮੁਲਕਾਂ ਦਾ ਗਰੀਨ ਕਾਰਡ ਦਿੰਦੇ ਹਾਂ/ਫਿਰ ਤੂੰ ਆਪ ਹੀ ਮਰ ਜਾਵੇਂਗਾ, ਕਾਰਾਂ ਅਤੇ ਘਰਾਂ ਨੂੰ ਆਜ਼ਾਦ ਕਰਾਉਂਦੇ ਕਰਾਉਂਦੇ।'

ਡਾ. ਬਲਦੇਵ ਧਾਲੀਵਾਲ ਨੇ ਮੁੱਖ ਭਾਸ਼ਣ ਵਿਚ ਲੇਖਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜੇ ਪੰਜਾਬੀ ਲੇਖਕ ਨੂੰ ਸਾਹਿਤ ਲਿਖਣ ਨਾਲ ਨਿੱਜੀ ਤੌਰ 'ਤੇ ਕੁਝ ਪ੍ਰਾਪਤ ਹੁੰਦਾ ਮਹਿਸੂਸ ਨਹੀਂ ਹੁੰਦਾ ਤਾਂ ਵੀ ਸਾਹਿਤ ਲਿਖਣ/ਪੜ੍ਹਨ ਦਾ ਕਾਰਜ ਜਾਰੀ ਰੱਖਣਾ ਸਾਡੀ ਜ਼ਿੰਦਗੀ ਦਾ ਮਕਸਦ ਰਹਿਣਾ ਚਾਹੀਦਾ ਹੈ ਕਿਉਂਕਿ ਸਾਹਿਤ ਸਾਨੂੰ ਚੰਗੇ ਮਨੁੱਖ ਬਣਾਉਣ ਦੀ ਪ੍ਰਕਿਰਿਆ ਦਾ ਹਿੱਸਾ ਹੈ। ਉਨ੍ਹਾਂ ਪਰਵਾਸੀ ਪੰਜਾਬੀ ਲੇਖਕਾਂ ਵਲੋਂ ਪੰਜਾਬੀ ਧਰਾਤਲ ਦੀ ਬਜਾਏ ਅਮਰੀਕੀ (ਬਾਹਰਲੇ) ਪਾਤਰਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਆ ਰਹੀਆਂ ਲਿਖਤਾਂ ਦਾ ਸਵਾਗਤ ਕੀਤਾ।



ਗੁਰਪ੍ਰੀਤ ਧੁੱਗਾ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਪਸਾਅ ਨਾਲ ਇਉਂ ਹੀ ਜੁੜੇ ਰਹਿਣ ਲਈ ਬੇਨਤੀ ਕੀਤੀ। ਸੁਰਿੰਦਰ ਧਨੋਆ ਨੇ ਨਾਟਕ ਕਲਾ ਬਾਰੇ ਆਪਣੇ ਸੰਖੇਪ ਵਿਚਾਰ ਸਾਂਝੇ ਕੀਤੇ। "ਲੋਕਰੰਗ ਮੰਚ" ਵਲੋਂ ਨਵੇਂ ਆ ਰਹੇ ਨਾਟਕ 'ਜ਼ਫ਼ਰਨਾਮਾ' ਬਾਰੇ ਸਰੋਤਿਆਂ ਨੂੰ ਦੱਸਿਆ। ਵਿਪਸਾਅ ਵੱਲੋਂ ਡਾ. ਧਾਲੀਵਾਲ ਅਤੇ ਸਤੀਸ਼ ਗੁਲਾਟੀ ਨੂੰ ਸਨਮਾਨਤ ਕੀਤਾ ਗਿਆ ਅਤੇ ਸਮਾਗਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਗਿਆ।

ਦੂਸਰੇ ਸੈਸ਼ਨ ਵਿਚ ਮਹਿਮਾਨ ਕਵੀ ਸਤੀਸ਼ ਗੁਲਾਟੀ ਨਾਲ ਗੱਲਬਾਤ ਅਤੇ ਕਵੀ ਦਰਬਾਰ ਹੋਇਆ ਜਿਸਦੀ ਪ੍ਰਧਾਨਗੀ ਸਤੀਸ਼ ਗੁਲਾਟੀ, ਸੁਰਜੀਤ ਸਖੀ ਅਤੇ ਵਿਪਸਾਅ ਪ੍ਰਧਾਨ ਕੁਲਵਿੰਦਰ ਨੇ ਕੀਤੀ। ਸਤੀਸ਼ ਗੁਲਾਟੀ ਨੇ ਕਿਹਾ, 'ਸਾਹਿਤ ਨਾਲ ਸਾਡੇ ਪਰਿਵਾਰ ਦਾ ਮਰਹੂਮ ਪਿਤਾ ਸ਼ਾਹ ਚਮਨ ਜੀ ਤੋਂ ਲੈ ਕੇ ਹੁਣ ਤਿੰਨ ਪੀੜ੍ਹੀਆਂ ਦਾ ਵਾਹ ਹੈ। ਬਚਪਨ ਵਿਚ ਸਾਨੂੰ ਖਿਡੌਣਿਆਂ ਦੀ ਥਾਂ ਵੀ ਆਲੇ ਦੁਆਲੇ ਕਿਤਾਬਾਂ ਹੀ ਮਿਲੀਆਂ ਅਤੇ ਕਿਤਾਬਾਂ ਨਾਲ ਖੇਡਦੇ ਖੇਡਦੇ ਕਦੋਂ ਅਸੀਂ ਕਿਤਾਬ ਦਾ ਹਿੱਸਾ ਬਣ ਗਏ ਪਤਾ ਹੀ ਨਹੀਂ ਚਲਿਆ।' ਉਨ੍ਹਾਂ ਨੇ ਆਪਣੇ ਚੋਣਵੇਂ ਸ਼ੇਅਰ ਸੁਣਾ ਕੇ ਇਸ ਗੱਲ ਦੀ ਪ੍ਰੋੜਤਾ ਕੀਤੀ ਕਿ ਸਾਹਿਤਕਾਰ ਆਪਣੀ ਰਚਨਾ ਵਿਚ ਹੀ ਬੋਲਦਾ ਹੈ, ਹੋਰ ਵਿਆਖਾਵਾਂ ਦੀ ਲੋੜ ਨਹੀਂ ਹੁੰਦੀ। ਸਤੀਸ਼ ਦੇ ਸ਼ੇਅਰ - 'ਮੇਰੇ ਸੁਫਨੇ 'ਚ ਇੱਕ ਦਰਵੇਸ਼ ਆਵੇ ਤੇ ਆਖੇ, ਦਿਸਹੱਦੇ ਤੋਂ ਪਾਰ ਜਾਵੀਂ। ਹਮੇਸ਼ਾਂ ਜਿੱਤ ਦੀ ਰੱਖੀਂ ਤਮੰਨਾ, ਜਦੋਂ ਜਿੱਤਣ 'ਤੇ ਆਵੇਂ ਹਾਰ ਜਾਵੀਂ"।

ਕਵੀ ਦਰਬਾਰ ਵਿਚ ਅਮਰਜੀਤ ਜੌਹਲ, ਬੁਲੀਨਸ਼ਾਹ, ਕਵੀ ਐਸ਼, ਗਗਨਦੀਪ ਮਾਹਲ, ਗੁਰਦੀਪ, ਲਾਜ ਨੀਲਮ ਸੈਣੀ, ਕੁਲਿਵੰਦਰ ਅਤੇ ਸੁਰਜੀਤ ਸਖੀ ਨੇ ਆਪਣੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਸੁਣਾਈਆਂ। ਸੁਰਜੀਤ ਸਖੀ ਦੇ ਮਿੱਠੇ ਤਰੰਨਮ ਵਿਚ ਸੁਣਾਈ ਗ਼ਜ਼ਲ ਨਾਲ ਸਮਾਗਮ ਦਾ ਅੰਤ ਕਰਦਿਆਂ ਸਟੇਜ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਸਾਰੇ ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਸਰੋਤਿਆਂ ਵਿਚ ਪ੍ਰੋ. ਸੁਖਦੇਵ ਸਿੰਘ, ਡਾ. ਜਰਨੈਲ ਸਿੰਘ, ਸੁਰਿੰਦਰ ਕੌਰ, ਸਤਿੰਦਰਜੀਤ ਕੌਰ ਸਵੈਚ, ਗੁਰਿੰਦਰ ਸੰਧੂ, ਜੇਅ ਸੰਧੂ, ਲਖਬੀਰ ਸਿੰਘ, ਰਵਿੰਦਰ ਕੌਰ, ਮਾਤਾ ਗੁਰਮੇਲ ਕੌਰ, ਬਲਵਿੰਦਰ ਪੂਹਲੀ, ਗੁਰਪ੍ਰੀਤ ਪੂਹਲੀ, ਬੁਲੀਨ ਸ਼ਾਹ ਅਤੇ ਊਸ਼ਾ ਸ਼ਾਹ ਸ਼ਾਮਲ ਸਨ।





*-ਜਗਜੀਤ ਨੌਸ਼ਹਿਰਵੀ*
*ਜਨਰਲ ਸਕੱਤਰ*
*ਫੋਨ: 510-676-1565*

## ਸੜਕ ਹਾਦਸੇ ਵਿਚ 4 ਵਿਦਿਆਰਥੀਆਂ ਦੀ ਮੌਤ, 3 ਜ਼ਖਮੀ

ਇਲੀਨੋਇ: ਇੱਥੇ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਇਕ ਹਾਈ ਸਕੂਲ ਦੇ 4 ਵਿਦਿਆਰਥੀਆਂ ਦੀ ਮੌਤ ਹੋ ਗਈ ਜਦਕਿ 3 ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਵਿਚ ਇਕ ਵਿਦਿਆਰਥੀ ਵੀ ਸ਼ਾਮਿਲ ਹੈ। ਹਾਦਸੇ ਵਿਚ 3 ਕਾਰਾਂ ਆਪਸ ਵਿਚ ਟਕਰਾਅ ਗਈਆਂ। ਵੀਲਿੰਗ ਪੁਲਿਸ ਵਿਭਾਗ ਅਨੁਸਾਰ ਹਾਦਸਾ ਸਥਾਨਕ ਸਮੇਂ ਅਨੁਸਾਰ ਰਾਤ 10 ਵਜੇ ਦੇ ਕਰੀਬ ਵੀਲਿੰਗ ਪਿੰਡ ਨੇੜੇ ਵਾਪਿਰਆ। ਾਰੇ ਗਏ ਸਾਰੇ ਵਿਦਿਆਰਥੀਆਂ ਦੀ ਉਮਰ 16 ਤੋਂ 18 ਸਾਲਾਂ ਦੇ ਦਰਮਿਆਨ ਸੀ। ਉਹ ਬੁਫੈਲੋ ਗਰੋਵ ਹਾਈ ਸਕੂਲ ਦੇ ਵਿਦਿਆਰਥੀ ਸਨ। ਪੁਲਿਸ ਅਨੁਸਾਰ ਮੁੱਢਲੇ ਤੌਰ ਦੀ ਉਲੰਘਣਾ ਤੇ ਤੇਜ਼ ਰਫਤਾਰ ਕਾਰਨ ਵਾਪਰਿਆ। ਾਰੇ ਗਏ ਵਿਦਿਆਰਥੀਆਂ ਦੀ ਪਛਾਣ ਰਿਕੀ ਬਰਸੇਨਸ, ਰਿਚਰਡ ਡੀਲਟਾ, ਕੈਵਿਨ ਤੇ ਜੀਸਸ ਰੌਡਰਿਗਜ਼ ਵਜੋਂ ਹੋਈ ਹੈ। ਸਕੂਲ ਡਿਸਟ੍ਰਿਕਟ ਦੇ ਬੁਲਾਰੇ ਬੀ ਬੀ ਸਟੈਫਨੀ ਕਿਮ ਨੇ ਕਿਹਾ ਹੈ ਕਿ ਇਸ ਦੁੱਖ ਦੀ ਘੜੀ ਵਿਚ ਉਹ ਪੀੜਤ ਪਰਿਵਾਰਾਂ ਤੇ ਉਨ੍ਹਾਂ ਦੇ ਮਿੱਤਰਾਂ-ਦੋਸਤਾਂ ਨਾਲ ਖੜ੍ਹੇ ਹਨ।



*ਹਾਦਸੇ ਵਿਚ ਮਾਰੇ ਗਏ ਵਿਦਿਆਰਥੀਆਂ ਦੀਆਂ ਪੁਰਾਣੀਆਂ ਤਸਵੀਰਾਂ।*

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CISI
CALIFORNIA
IMMIGRATION SERVICES INC.
Registered & Bonded

* FAMILY IMMIGRATION * ਫੈਮਿਲੀ ਇੰਮੀਗਰੇਸ਼ਨ
* GREEN CARD PETITION * ਗਰੀਨ ਕਾਰਡ ਪਟੀਸ਼ਨ
* CITIZENSHIP * ਸਿਟੀਜ਼ਨਸ਼ਿਪ
* BUSINESS/VISITOR VISA * ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* RELIGIOUS VISA * ਰਿਲੀਜੀਅਸ ਵੀਜ਼ਾ
* VARIOUS IMMIGRATION SERVICES * ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

# ਕਵਿੱਤਰੀ ਤੇ ਕਹਾਣੀਕਾਰ ਦਵਿੰਦਰ ਕੌਰ ਗੁਰਾਇਆ ਦੇ ਮਾਤਾ ਦਾ ਦੇਹਾਂਤ

ਉੱਘੀ ਕਵਿੱਤਰੀ ਤੇ ਕਹਾਣੀਕਾਰ ਦਵਿੰਦਰ ਕੌਰ ਗੁਰਾਇਆ ਦੇ ਮਾਤਾ ਪ੍ਰਕਾਸ਼ ਕੌਰ ਜੀ ਲੰਘੀ 20 ਮਈ ਨੂੰ ਆਪਣੀ ਜ਼ਿੰਦਗੀ ਦੇ ਸਾਰੇ ਰੰਗ ਮਾਣਦਿਆਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਮੈਰੀਲੈਂਡ ਦੇ ਹਸਪਤਾਲ ਵਿਚ ਸਵਾਸ ਤਿਆਗੇ। ਉਹ ਬਹੁਤ ਸੁਘੜ, ਸਲੀਕੇ, ਧੀਰਜ, ਸੀਤਲ ਤੇ ਨਿੱਘੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਨੇ ਸਾਰੀ ਉਮਰ ਆਪਣੇ ਪਿਆਰ ਸਤਿਕਾਰ ਸਦਕਾ ਪੂਰੇ ਪਰਿਵਾਰ ਦੀ ਛਾਂ ਦਾ ਨਿੱਘ ਮਾਣਿਆ ਤੇ ਪਰਿਵਾਰ ਨੂੰ ਇੱਕਜੁਟ ਰੱਖਿਆ।



**ਮਾਤਾ ਪ੍ਰਕਾਸ਼ ਕੌਰ ਦਾ ਜਨਮ 20 ਅਕਤੂਬਰ 1928 ਨੂੰ ਹੋਇਆ ਸੀ ਤੇ ਉਹ ਪਿੰਡ ਰਣਸੀਕੇ-ਮੀਰਾ ਸਬ-ਡਿਵੀਜ਼ਨ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਨੇ ਆਪਣੀ ਆਖ਼ਰੀ ਉਮਰ ਅਮਰੀਕਾ ਵਿਚ ਭੋਗੀ। ਉਹ ਪਹਿਲੀ ਵਾਰ 1991 ਵਿਚ ਅਮਰੀਕਾ ਆਏ ਸਨ।**

ਮਾਤਾ ਪ੍ਰਕਾਸ਼ ਕੌਰ ਦੇ ਵੱਡੇ ਪੁੱਤਰ ਡਾ. ਨਿਰਮਲ ਸਿੰਘ ਆਜ਼ਾਦ ਪ੍ਰਸਿੱਧ ਅਰਥ-ਵਿਗਿਆਨੀ ਸਨ। ਕੁਲਵੰਤ ਸਿੰਘ ਸਰਪੰਚ ਲੰਮਾ ਸਮਾਂ ਪਿੰਡ ਸੇਵਾ ਕਰਨ ਉਪਰੰਤ ਅਮਰੀਕਾ ਆ ਕੇ ਵੱਸ ਗਏ। ਧਰਮ ਸਿੰਘ ਗੁਰਾਇਆ ਲੇਖਕ ਹਨ। ਦੁੱਲਾ ਭੱਟੀ, ਜੱਗਾ ਡਾਕੂ, ਚੀ-ਗੁਵੇਰਾ ਤੇ ਕਾਮਰੇਡ ਤੇਜਾ ਸਿੰਘ ਸੁਤੰਤਰ ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ। ਪਲਵਿੰਦਰ ਸਿੰਘ ਸੋਹਣੀ ਆਵਾਜ਼ ਵਿਚ ਗਾਉਣ ਵਾਲਾ ਤੇ ਸਾਹਿਤਕ ਰੁਚੀਆਂ ਦਾ ਮਾਲਕ ਹੈ। ਕੁਲਬੀਰ ਗੁਰਦਾਸਪੁਰੀ ਚੰਗਾ ਗਾਇਕ ਹੈ। ਤਿੰਨ ਧੀਆਂ ਦਵਿੰਦਰ ਕੌਰ, ਕੁਲਵੰਤ ਕੌਰ ਤੇ ਹਰਦੀਪ ਕੌਰ ਮਿਲਾਪੜੇ ਸੁਭਾਅ ਦੀਆਂ ਮਾਲਕ ਹਨ। ਦਵਿੰਦਰ ਕੌਰ ਗੁਰਾਇਆ ਉੱਘੀ ਕਵਿੱਤਰੀ ਤੇ ਕਹਾਣੀਕਾਰ ਹੈ। ਦਵਿੰਦਰ ਆਖਦੀ ਹੈ, 'ਮੇਰੀ ਮਾਂ ਦੀ ਮੁਸਕਾਨ 'ਚ ਕਵਿਤਾ ਜਨਮ ਲੈਂਦੀ ਹੈ ਤੇ ਮਾਂ ਜਦੋਂ ਗੱਲਾਂ ਕਰਦੀ ਏ ਤਾਂ ਕਹਾਣੀ ਆਪਣਾ ਆਕਾਰ ਗ੍ਰਹਿਣ ਕਰ ਲੈਂਦੀ ਏ।'

## ਭੁੱਲ ਦੀ ਸੋਧ

***ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਵਰਿਆਮ ਸਿੰਘ ਸੰਧੂ ਦਾ ਫੋਨ ਨੰਬਰ ਗ਼ਲਤ ਛਪ ਗਿਆ ਸੀ, ਜਿਸ ਲਈ ਅਸੀਂ ਖਿਮਾ ਦੇ ਜਾਚਕ ਹਾਂ। ਉਨ੍ਹਾਂ ਦਾ ਸਹੀ ਫੋਨ ਨੰਬਰ 647-535-1539 ਹੈ।***


## Machinist Wanted

## ਮਸ਼ੀਨਿਸਟ ਦੀ ਲੋੜ ਹੈ

### ਤਜਰਬੇਕਾਰ ਸੈਟਅਪ, ਪ੍ਰੋਗਰਾਮਰ ਅਤੇ ਓਪਰੇਟਰ ਦੀ ਲੋੜ ਹੈ

Set Up, Programmer and Operators are all required with experience for Lathe Machine & Milling Machine

**Apply as Walk In, Email or Telephone (510) 585-5848**

Systomatic Inc.
33372 Dowe Ave,
Union City CA
info@systomaticinc.com


# Matrimonials

## ਲੜਕੀ ਦੀ ਲੋੜ ਹੈ

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar. Pl email: utakecare2@yahoo.com or call 1-618-402-4269 20-23

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033. 20-23

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar.
Please send biodata/pictures
Whatsapp: (224) 595-9926
inderjeetverma08@gmail.com 17-20

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

Sikh Arora family looking for a suitable match for their 5'-8" B.tech. PMIM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366. 21-24

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949 20-23


## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-673-3825**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

## UMA TRAVELS



**2535 West Devon Ave., Chicago, IL 60659**

**For Delhi-Bombay Ahmedabad, Hydrabad-Madra Call For Special Sale Fares**

**Call: 773-338-5603**

# ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਬਾਰੇ ਨੇਮਾਂ ਲਈ ਬਣੇਗੀ ਵਿਸ਼ੇਸ਼ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਤੇ ਕਾਰਜਖੇਤਰ ਸਬੰਧੀ ਨਿਯਮ ਨਿਰਧਾਰਨ ਕਰਨ ਬਾਰੇ ਇਕ ਵਿਸ਼ੇਸ਼ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਸ਼ੋਕ ਮਤਾ ਪਾਸ ਕਰਕੇ ਸ਼ਰਧਾਂਜਲੀ ਦਿੱਤੀ ਗਈ।



ਜਾਣਕਾਰੀ ਅਨੁਸਾਰ ਮੀਟਿੰਗ ਵਿਚ ਰੋਜ਼ਾਨਾ ਪੰਜਾਬ ਵਿਚ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਪ੍ਰਤੀ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਤੁਰਤ ਕਾਰਵਾਈ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਟਿੰਗ ਵਿਚ ਦਿੱਲੀ ਸਥਿਤ ਜੰਤਰ-ਮੰਤਰ 'ਤੇ ਧਰਨਾ ਦੇ ਰਹੀਆਂ ਮਹਿਲਾ ਪਹਿਲਵਾਨਾਂ ਦੇ ਧਰਨੇ ਨੂੰ ਸਮਰਥਨ ਦੇਣ ਦਾ ਫੈਸਲਾ ਲਿਆ ਗਿਆ ਹੈ ਤੇ ਇਨ੍ਹਾਂ ਖਿਡਾਰਨਾਂ ਨੂੰ ਮਿਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇਕ ਵਫ਼ਦ ਦਿੱਲੀ ਭੇਜਿਆ ਜਾਵੇਗਾ।

ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਹੈ ਕਿ ਸਿੱਖਾਂ ਖ਼ਿਲਾਫ਼ ਕੂੜ ਪ੍ਰਚਾਰ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਇਸ ਸਬੰਧੀ ਸਬੂਤਾਂ ਸਮੇਤ ਕੇਂਦਰ ਸਰਕਾਰ ਕੋਲ ਸ਼ਿਕਾਇਤ ਕੀਤੀ ਜਾਵੇਗੀ ਤੇ ਜੇਕਰ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਅਦਾਲਤ ਤੱਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਰੋਸ ਜ਼ਾਹਰ ਕੀਤਾ ਕਿ ਸੂਬੇ 'ਚ ਨਿਤ ਵਾਪਰ ਰਹੀਆਂ ਇਨ੍ਹਾਂ ਘਟਨਾਵਾਂ ਪ੍ਰਤੀ ਸੂਬਾ ਸਰਕਾਰ ਬਿਲਕੁਲ ਵੀ ਗੰਭੀਰ ਨਹੀਂ ਹੈ। ਇਸ ਲਈ ਇਹ ਮਸਲਾ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਰੱਖਿਆ ਜਾਵੇਗਾ।

ਗੁਰਦੁਆਰਾ ਗੁਰੂ ਡਾਂਗਮਾਰ ਸਿੱਕਮ ਅਤੇ ਗੁਰਦੁਆਰਾ ਤਪ-ਅਸਥਾਨ ਗੁਰੂ ਨਾਨਕ ਦੇਵ ਮੇਚੂਕਾ ਅਰੁਣਾਚਲ ਪ੍ਰਦੇਸ਼ ਦੇ ਮਾਮਲਿਆਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਮੇਟੀਆਂ ਬਣਾਈਆਂ ਗਈਆਂ ਹਨ, ਜੋ ਸਬੰਧਤ ਸਰਕਾਰਾਂ ਨਾਲ ਗੱਲ ਕਰਨ ਲਈ ਜਾਣਗੀਆਂ। ਇਸ ਤੋਂ ਇਲਾਵਾ ਬੰਦੀ ਸਿੰਘਾਂ ਦੀ ਰਿਹਾਈ ਮਾਮਲੇ ਵਿਚ ਛੇਤੀ ਹੀ ਰਾਜਪਾਲ ਰਾਹੀਂ ਰਾਸ਼ਟਰਪਤੀ ਨੂੰ ਪ੍ਰਫਾਰਮੇ ਭੇਜੇ ਜਾਣਗੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਨੇੜੇ ਹੋਏ ਧਮਾਕਿਆਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਗਏ ਹਨ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਉਠੇ ਵਿਵਾਦ ਬਾਰੇ ਵਿਚਾਰ-ਚਰਚਾ ਨਹੀਂ ਕੀਤੀ ਗਈ ਹੈ। ਇਸ ਦੇ ਨਾਲ ਹੀ ਮੀਡੀਆ ਮਿਲਣੀ ਮੌਕੇ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਥੇਦਾਰ ਵੱਲੋਂ ਸੰਸਦ ਮੈਂਬਰ ਤੇ ਫਿਲਮ ਕਲਾਕਾਰ ਦੇ ਮੰਗਣੀ ਸਮਾਗਮ ਵਿਚ ਸ਼ਾਮਲ ਹੋਣ ਦੇ ਵਿਵਾਦ ਬਾਰੇ ਕੋਈ ਟਿੱਪਣੀ ਕਰਨ ਤੋਂ ਗੁਰੇਜ਼ ਹੀ ਕੀਤਾ ਹੈ।

## ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹੇ

**ਅੰਮ੍ਰਿਤਸਰ:** ਉਤਰਾਖੰਡ ਵਿਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਲਈ ਖੋਲ੍ਹ ਦਿੱਤੇ ਗਏ ਹਨ ਅਤੇ ਗੁਰਮਤਿ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰੇ ਦੇ ਕਿਵਾੜ ਖੁੱਲ੍ਹਣ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਰਸਮੀ ਸ਼ੁਰੂਆਤ ਹੋ ਗਈ ਹੈ। ਪੰਜ ਪਿਆਰਿਆਂ ਦੀ ਅਗਵਾਈ ਹੇਠ ਸਿੱਖ ਸੰਗਤ ਦੇ ਜੈਕਾਰਿਆਂ ਦੀ ਗੂੰਜ ਵਿਚ ਪਾਵਨ ਸਰੂਪ ਨੂੰ ਗੁਰਦੁਆਰੇ ਵਿਚ ਪ੍ਰਕਾਸ਼ ਕਰਨ ਲਈ ਲਿਆਂਦਾ ਗਿਆ। ਪ੍ਰਕਾਸ਼ ਕਰਨ ਮਗਰੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਪਹਿਲੀ ਅਰਦਾਸ ਤੇ ਪਹਿਲਾ ਹੁਕਮਨਾਮਾ ਲਿਆ ਗਿਆ।



ਇਸ ਮਗਰੋਂ ਗੁਰਬਾਣੀ ਦਾ ਕੀਰਤਨ ਜਾਰੀ ਰਿਹਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਪਹਿਲੇ ਦਿਨ ਲਗਭਗ ਦੋ ਹਜ਼ਾਰ ਸਿੱਖ ਸਰਧਾਲੂ ਦਰਸ਼ਨਾਂ ਲਈ ਪੁੱਜੇ। ਉਤਰਾਖੰਡ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਵੀ ਯਾਤਰਾ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਤੜਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸੰਗਤ ਨੇ ਗੁਰਦੁਆਰਾ ਗੋਬਿੰਦ ਧਾਮ ਤੋਂ ਅਗਲੇ ਪੜਾਅ ਲਈ ਪੈਦਲ ਯਾਤਰਾ ਸ਼ੁਰੂ ਕੀਤੀ ਸੀ ਅਤੇ ਲਗਭਗ 6 ਕਿਲੋਮੀਟਰ ਦੀ ਸਿੱਧੀ ਚੜ੍ਹਾਈ ਮਗਰੋਂ ਸੰਗਤ ਗੁਰਦੁਆਰਾ ਹੇਮਕੁੰਟ ਸਾਹਿਬ ਪੁੱਜੀ, ਜਿਥੇ ਗੁਰਮਤਿ ਮਰਿਆਦਾ ਅਨੁਸਾਰ ਗੁਰਦੁਆਰੇ ਦੇ ਕਿਵਾੜ ਖੋਲ੍ਹੇ ਗਏ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ।

## ਰਾਘਵ ਚੱਢਾ ਦੀ ਮੰਗਣੀ 'ਚ ਜਥੇਦਾਰ ਦੀ ਸ਼ਮੂਲੀਅਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ

**ਅੰਮ੍ਰਿਤਸਰ:** 'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਤੇ ਅਦਾਕਾਰਾ ਪਰਿਨੀਤੀ ਚੋਪੜਾ ਨੇ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਮੰਗਣੀ ਸਮਾਗਮ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਨਜ਼ਰ ਆ ਰਹੇ ਹਨ।



ਇਨ੍ਹਾਂ ਤਸਵੀਰਾਂ ਦੇ ਵਾਇਰਲ ਹੋਣ ਨਾਲ ਇਕ ਵਾਰ ਮੁੜ ਇਸ ਸਮਾਗਮ ਵਿਚ ਜਥੇਦਾਰ ਦੀ ਸ਼ਮੂਲੀਅਤ ਦਾ ਮਾਮਲਾ ਭਖ ਗਿਆ ਹੈ। ਵੱਡੀ ਗਿਣਤੀ ਲੋਕਾਂ ਵੱਲੋਂ ਇਨ੍ਹਾਂ ਤਸਵੀਰਾਂ 'ਤੇ ਪ੍ਰਤੀਕਿਰਿਆਵਾਂ ਦਿੱਤੀਆਂ ਗਈਆਂ ਹਨ, ਪਰ ਹਾਲ ਦੀ ਘੜੀ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿੱਚ ਕੋਈ ਬਿਆਨ ਨਹੀਂ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ 13 ਮਈ ਨੂੰ ਨਵੀਂ ਦਿੱਲੀ ਦੇ ਕਪੂਰਥਲਾ ਹਾਊਸ ਵਿਚ ਇਹ ਸਮਾਗਮ ਸਿੱਖ ਰੀਤੀ ਰਿਵਾਜਾਂ ਅਨੁਸਾਰ ਕਰਵਾਇਆ ਗਿਆ ਸੀ, ਜਿਸ ਵਿਚ ਗੁਰਬਾਣੀ ਕੀਰਤਨ ਮਗਰੋਂ ਅਰਦਾਸ ਕਰਕੇ ਕੁੜਮਾਈ ਦੀ ਰਸਮ ਸ਼ੁਰੂ ਕੀਤੀ ਗਈ ਸੀ। ਇਸ ਸਮਾਗਮ ਦੀਆਂ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ 'ਤੇ ਵੱਡੀ ਗਿਣਤੀ ਲੋਕਾਂ ਵੱਲੋਂ ਇਤਰਾਜ਼ ਜਤਾਇਆ ਗਿਆ ਸੀ। ਰਾਘਵ ਤੇ ਪਰਿਨੀਤੀ ਵੱਲੋਂ ਆਪਣੇ ਟਵੀਟਰ ਖਾਤਿਆਂ 'ਤੇ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿਚੋਂ ਇਕ ਵਿਚ ਦੋਵੇਂ ਹੱਥ ਜੋੜ ਕੇ ਜਥੇਦਾਰ ਹਰਪ੍ਰੀਤ ਸਿੰਘ ਦਾ ਸਵਾਗਤ ਕਰ ਰਹੇ ਹਨ। ਤਸਵੀਰਾਂ ਸਾਂਝੀਆਂ ਕਰਦਿਆਂ ਉਨ੍ਹਾਂ ਆਖਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ ਉਨ੍ਹਾਂ ਲਈ ਆਸ਼ੀਰਵਾਦ ਹੈ।

# ਗੁਰਦੁਆਰਾ ਬੁੰਗਾ ਨਾਨਕਸਰ ਸਾਹਿਬ ਦੀ ਜ਼ਮੀਨ ਵਾਲਾ ਵਿਵਾਦ ਸੁਲਝਿਆ

**ਤਲਵੰਡੀ ਸਾਬੋ:** ਸਥਾਨਕ ਗੁਰਦੁਆਰਾ ਬੁੰਗਾ ਨਾਨਕਸਰ ਸਾਹਿਬ (ਰਵਿਦਾਸੀਏ ਸਿੰਘਾਂ) ਦੀ ਜ਼ਮੀਨ 'ਤੇ ਕਬਜ਼ੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਲਿਤ ਭਾਈਚਾਰੇ ਵਿਚਾਲੇ ਪੈਦਾ ਹੋਏ ਵਿਵਾਦ ਸਬੰਧੀ ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਬਠਿੰਡਾ ਗੁਲਨੀਤ ਸਿੰਘ ਖੁਰਾਣਾ ਨੇ ਇਥੇ ਪਹੁੰਚ ਕੇ ਵਿਵਾਦ ਵਾਲੀ ਜ਼ਮੀਨ ਅਤੇ ਬੁੰਗਾ ਨਾਨਕਸਰ ਦਾ ਜਾਇਜ਼ਾ ਲਿਆ।


ਉਪਰੰਤ ਜ਼ਿਲ੍ਹਾ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੀ ਦੋਵਾਂ ਧਿਰਾਂ ਨਾਲ ਮੀਟਿੰਗ ਹੋਈ। ਇਸ ਵਿਚ ਗੁਰਦੁਆਰਾ ਬੁੰਗਾ ਨਾਨਕਸਰ ਦੀਆਂ ਇਮਾਰਤਾਂ ਵਾਲੀ ਜਗ੍ਹਾ ਗੁਰਦੁਆਰਾ ਨਾਨਕਸਰ ਕੋਲ ਰਹੇਗੀ ਜਦੋਂਕਿ ਵਾਹੀਯੋਗ ਬਾਕੀ ਜ਼ਮੀਨ ਸ਼੍ਰੋਮਣੀ ਕਮੇਟੀ ਕੋਲ ਰਹੇਗੀ। ਦੱਸਣਯੋਗ ਹੈ ਕਿ 12 ਮਈ ਨੂੰ ਸ਼੍ਰੋਮਣੀ ਕਮੇਟੀ ਨੇ ਬੁੰਗਾ ਨਾਨਕਸਰ ਦੇ ਕਬਜ਼ੇ ਹੇਠਲੀ 15 ਕਨਾਲਾਂ 14 ਮਰਲੇ ਜ਼ਮੀਨ 'ਤੇ ਇਹ ਦਾਅਵਾ ਕਰਦਿਆਂ ਆਪਣੀ ਟਾਸਕ ਫੋਰਸ ਦੇ ਬਲ ਨਾਲ ਕਬਜ਼ਾ ਕਰ ਲਿਆ ਸੀ ਕਿ ਅਦਾਲਤੀ ਫੈਸਲਾ ਉਨ੍ਹਾਂ ਦੇ ਹੱਕ ਵਿਚ ਹੋਇਆ ਹੈ। ਦੂਜੇ ਪਾਸੇ, ਗੁਰਦੁਆਰਾ ਨਾਨਕਸਰ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਸਾਲ 1946 ਤੋਂ ਕਾਬਜ਼ਕਾਰ ਹਨ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ 'ਤੇ ਦਲਿਤ ਭਾਈਚਾਰੇ ਵਿਚ ਵੱਡਾ ਰੋਸ ਸੀ। ਭਾਈਚਾਰੇ ਵੱਲੋਂ ਇਥੇ ਵੱਡਾ ਇਕੱਠ ਕੀਤਾ ਗਿਆ ਸੀ ਜਿਸ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਹੋਰ ਸਿਆਸੀ ਤੇ ਧਾਰਮਿਕ ਆਗੂ ਸ਼ਾਮਲ ਹੋਏ ਸਨ।



ਡੀ.ਸੀ. ਬਠਿੰਡਾ ਅਤੇ ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਉਸ ਜਗ੍ਹਾ ਦਾ ਜਾਇਜ਼ਾ ਲੈਣ ਉਪਰੰਤ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਅਤੇ ਗੁਰਦੁਆਰਾ ਬੁੰਗਾ ਨਾਨਕਸਰ ਸਾਹਿਬ ਦੇ ਪ੍ਰਬੰਧਕਾਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਦੀ ਸਹਿਮਤੀ ਨਾਲ ਮਸਲਾ ਸੁਲਝਾ ਲਿਆ ਗਿਆ। ਮੀਟਿੰਗ ਵਿਚ ਹੋਏ ਸਮਝੌਤੇ ਤਹਿਤ ਗੁਰਦੁਆਰਾ ਬੁੰਗਾ ਨਾਨਕਸਰ ਦੀਆਂ ਇਮਾਰਤਾਂ ਵਾਲੀ ਜਗ੍ਹਾ ਗੁਰਦੁਆਰਾ ਨਾਨਕਸਰ ਕੋਲ ਰਹੇਗੀ ਜਦੋਂਕਿ ਵਾਹੀਯੋਗ ਬਾਕੀ ਜ਼ਮੀਨ ਸ਼੍ਰੋਮਣੀ ਕਮੇਟੀ ਕੋਲ ਰਹੇਗੀ। ਸ੍ਰੀ ਬੰਗੀ ਅਤੇ ਗੁਰਦੁਆਰਾ ਬੁੰਗਾ ਨਾਨਕਸਰ ਸਾਹਿਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਮੁੱਚਾ ਦਲਿਤ ਭਾਈਚਾਰਾ ਅਤੇ ਸ਼੍ਰੋਮਣੀ ਕਮੇਟੀ ਆਪਸ ਵਿਚ ਮਿਲ ਕੇ ਸਿੱਖੀ ਦੇ ਪ੍ਰਚਾਰ ਤੇ ਪਸਾਰ ਵਿਚ ਯੋਗਦਾਨ ਪਾਉਣਗੇ।

# ਕਤਲੇਆਮ 84: ਜਗਦੀਸ਼ ਟਾਈਟਲਰ ਖਿਲਾਫ ਚਾਰਜਸ਼ੀਟ ਦਾਇਰ

**ਨਵੀਂ ਦਿੱਲੀ:** ਦਿੱਲੀ ਵਿਚ 1984 'ਚ ਹੋਏ ਸਿੱਖ-ਵਿਰੋਧੀ ਦੰਗਿਆਂ ਦੇ ਕੇਸ ਵਿਚ ਸੀ.ਬੀ.ਆਈ. ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਸੀ.ਬੀ.ਆਈ. ਵੱਲੋਂ ਟਾਈਟਲਰ ਨੂੰ ਚਾਰਜਸ਼ੀਟ 'ਚ ਮੁਲਜ਼ਮ ਵਜੋਂ ਦਰਜ ਕੀਤਾ ਗਿਆ ਹੈ।



ਇਹ ਮਾਮਲਾ ਗੁਰਦੁਆਰਾ ਪੁਲ ਬੰਗਸ਼ ਆਜ਼ਾਦ ਮਾਰਕੀਟ ਨੇੜੇ ਇਕ ਭੀੜ ਵੱਲੋਂ ਠਾਕੁਰ ਸਿੰਘ, ਬਾਦਲ ਸਿੰਘ ਤੇ ਗੁਰਚਰਨ ਸਿੰਘ ਦੀ ਹੱਤਿਆ ਨਾਲ ਸਬੰਧਤ ਹੈ। ਘਟਨਾ ਪਹਿਲੀ ਨਵੰਬਰ 1984 ਨੂੰ ਵਾਪਰੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਟਾਈਟਲਰ 'ਤੇ ਲੱਗੇ ਦੋਸ਼ਾਂ ਨਾਲ ਸਬੰਧਤ ਨਵੇਂ ਸਬੂਤ ਸਾਹਮਣੇ ਆਏ ਹਨ। ਇਸ ਮਾਮਲੇ ਵਿਚ ਗਵਾਹਾਂ ਵੱਲੋਂ ਦਿੱਤੇ ਬਿਆਨਾਂ ਮੁਤਾਬਕ ਟਾਈਟਲਰ ਨੇ ਭੀੜ ਨੂੰ ਭੜਕਾਇਆ ਸੀ। ਕੇਸ ਵਿਚ ਪਟੀਸ਼ਨ ਲਖਵਿੰਦਰ ਕੌਰ ਵੱਲੋਂ ਦਾਇਰ ਕੀਤੀ ਗਈ ਸੀ ਜੋ ਕਿ ਮ੍ਰਿਤਕ ਬਾਦਲ ਸਿੰਘ ਦੀ ਪਤਨੀ ਹੈ। ਸੀ.ਬੀ.ਆਈ. ਅਧਿਕਾਰੀਆਂ ਨੇ ਕਿਹਾ ਹੈ ਕਿ ਕੌਰ ਦੀ ਗਵਾਹੀ ਚਾਰਜਸ਼ੀਟ ਲਈ ਅਹਿਮ ਹੈ। ਗੁਰਦੁਆਰੇ ਦੇ ਤਤਕਾਲੀ ਗ੍ਰੰਥੀ ਸੁਰਿੰਦਰ ਸਿੰਘ ਦਾ ਬਿਆਨ ਵੀ ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿਚ ਦਰਜ ਕੀਤਾ ਗਿਆ ਹੈ। ਸੁਰਿੰਦਰ ਸਿੰਘ ਨੇ ਆਪਣੇ ਬਿਆਨਾਂ 'ਚ ਕਿਹਾ ਸੀ ਕਿ ਭੀੜ ਨੇ ਰਾਗੀ ਬਾਦਲ ਸਿੰਘ, ਇਕ ਸਿੱਖ ਪੁਲਿਸ ਇੰਸਪੈਕਟਰ ਠਾਕੁਰ ਸਿੰਘ ਤੇ ਇਕ ਸਿੱਖ ਸੇਵਕ ਨੂੰ ਟਾਇਰ ਪਾ ਕੇ ਅੱਗ ਲਾ ਦਿੱਤੀ ਸੀ। ਉਸ ਨੇ ਕਿਹਾ ਸੀ ਕਿ ਟਾਈਟਲਰ ਸਵੇਰੇ 9 ਵਜੇ ਤੋਂ 11 ਵਜੇ ਤੱਕ ਕਤਲੇਆਮ ਕਰਨ ਵਾਲਿਆਂ ਨੂੰ ਹਦਾਇਤਾਂ ਦੇ ਰਿਹਾ ਸੀ। ਜਦਕਿ ਟਾਈਟਲਰ ਨੇ ਦਲੀਲ ਦਿੱਤੀ ਸੀ ਕਿ ਉਹ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦੇ ਪ੍ਰਬੰਧਾਂ ਦੀ ਨਿਗਰਾਨੀ ਲਈ ਪਹਿਲੀ ਨਵੰਬਰ ਨੂੰ ਸਵੇਰੇ 7 ਵਜੇ ਤੋਂ 3 ਵਜੇ ਤੱਕ ਤਿੰਨ ਮੂਰਤੀ ਭਵਨ 'ਚ ਸੀ। ਇਸ ਮਾਮਲੇ ਵਿਚ ਜਸਬੀਰ ਸਿੰਘ ਤੀਜਾ ਗਵਾਹ ਹੈ। ਸੀ.ਬੀ.ਆਈ. ਵੱਲੋਂ ਤਕਰੀਬਨ 10 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ। ਇਸ ਮਾਮਲੇ ਵਿਚ ਪਹਿਲਾਂ ਹੀ ਤਿੰਨ ਕਲੋਜ਼ਰ ਰਿਪੋਰਟਾਂ ਦਾਖਲ ਹੋ ਚੁੱਕੀਆਂ ਹਨ। ਸਤੰਬਰ 2015 ਵਿਚ ਸੀ.ਬੀ.ਆਈ. ਨੇ ਕਿਹਾ ਸੀ ਕਿ ਉਹ ਟਾਈਟਲਰ ਨੂੰ ਝੂਠਾ ਨਹੀਂ ਫਸਾ ਸਕਦੇ। ਐਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਸਾਹਮਣੇ ਦਾਇਰ ਇਕ ਵਿਰੋਧ ਪਟੀਸ਼ਨ ਦੇ ਜਵਾਬ 'ਚ ਏਜੰਸੀ ਨੇ ਕਿਹਾ ਸੀ, 'ਸੀ.ਬੀ.ਆਈ. ਸਿਰਫ਼ ਭਾਵਨਾਵਾਂ ਦੇ ਆਧਾਰ 'ਤੇ ਕੁਝ ਦੇ ਹਉਮੈ ਨੂੰ ਸੰਤੁਸ਼ਟ ਕਰਨ ਲਈ ਇਕ ਨਿਰਦੋਸ਼ ਵਿਅਕਤੀ ਨੂੰ ਝੂਠਾ ਨਹੀਂ ਫਸਾ ਸਕਦੀ।'

### ਸਿੱਖ ਜਥੇਬੰਦੀਆਂ ਵੱਲੋਂ ਸਵਾਗਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਥੇ 1984 ਦੇ ਦਿੱਲੀ ਸਿੱਖ ਕਤਲੇਆਮ ਕੇਸ ਵਿਚ ਸੀ.ਬੀ.ਆਈ. ਵੱਲੋਂ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ ਚਾਰਜਸ਼ੀਟ ਦਾਇਰ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਗਦੀਸ਼ ਟਾਈਟਲਰ ਦਿੱਲੀ ਸਿੱਖ ਕਤਲੇਆਮ ਦੇ ਕਥਿਤ ਮੁੱਖ ਦੋਸ਼ੀਆਂ ਵਿਚ ਸ਼ਾਮਲ ਹੈ, ਜਿਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਵੱਲੋਂ ਦਾਇਰ ਕੀਤੀ ਚਾਰਜਸ਼ੀਟ ਨਾਲ ਕਾਂਗਰਸੀ ਆਗੂ ਨੂੰ ਸਜ਼ਾ ਤੇ ਪੀੜਤਾਂ ਨੂੰ ਨਿਆਂ ਮਿਲਣ ਦੀ ਆਸ ਬੱਝੀ ਹੈ।

# ਸਰਕਾਰੀ ਜ਼ਮੀਨਾਂ ਦੱਬੀ ਬੈਠੇ ਰਸੂਖਵਾਨਾਂ ਨੂੰ ਚਿਤਾਵਨੀ ਦਿੱਤੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਦੂਜੀ ਦਫਾ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਾਬਜ਼ਕਾਰਾਂ ਨੂੰ 31 ਮਈ ਤੱਕ ਜ਼ਮੀਨਾਂ ਖ਼ਾਲੀ ਕਰਨ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਨਾਜਾਇਜ਼ ਕਬਜ਼ਾ ਕਰਨ ਵਾਲਿਆਂ ਖ਼ਿਲਾਫ਼ ਪਹਿਲੀ ਜੂਨ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਸ਼ੁਰੂਆਤੀ ਪੜਾਅ 'ਤੇ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਵਿੱਢੀ ਸੀ, ਜਿਸ ਨੂੰ ਚੰਗਾ ਹੁੰਗਾਰਾ ਮਿਲਿਆ ਸੀ। ਪੰਚਾਇਤੀ ਜ਼ਮੀਨਾਂ ਦੇ ਕੁੱਲ 30,133 ਏਕੜ ਰਕਬੇ 'ਤੇ ਨਾਜਾਇਜ਼ ਕਬਜ਼ੇ ਹਨ, ਜਿਨ੍ਹਾਂ ਵਿਚੋਂ 31 ਮਾਰਚ ਤੱਕ 9030 ਏਕੜ ਜ਼ਮੀਨ ਛੁਡਵਾਈ ਜਾ ਚੁੱਕੀ ਹੈ। ਦੂਸਰੇ ਪੜਾਅ ਤਹਿਤ 469 ਏਕੜ ਜ਼ਮੀਨ ਛੁਡਵਾਈ ਗਈ ਸੀ। ਪੰਜਾਬ ਸਰਕਾਰ ਵੱਲੋਂ ਕਬਜ਼ਾ ਮੁਕਤ ਕਰਵਾਈ ਗਈ ਜ਼ਮੀਨ ਤੋਂ ਪੰਚਾਇਤਾਂ ਨੂੰ ਚਕੋਤੇ ਵਜੋਂ 5.23 ਕਰੋੜ ਦੀ ਸਾਲਾਨਾ ਆਮਦਨ ਹੋਣ ਲੱਗੀ ਹੈ। ਹੁਣ ਤੀਸਰੇ ਪੜਾਅ ਤਹਿਤ 10 ਜੂਨ ਤੱਕ 6292 ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦਾ ਟੀਚਾ ਹੈ।

ਉੱਚ ਅਦਾਲਤਾਂ ਵੱਲੋਂ ਕਰੀਬ 989 ਏਕੜ ਰਕਬਾ ਸਟੇਅ ਕੀਤਾ ਹੋਇਆ ਹੈ ਅਤੇ 11,895 ਕੇਸ ਕੁਲੈਕਟਰ/ਕਮਿਸ਼ਨਰ ਪੰਚਾਇਤਾਂ ਦੀਆਂ ਅਦਾਲਤਾਂ ਵਿਚ ਚੱਲ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਰਸੂਖਵਾਨਾਂ ਨੇ ਮਹਿੰਗੇ ਭਾਅ ਦੀਆਂ ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਜਮਾਏ ਹਨ। ਉਨ੍ਹਾਂ ਦੀ ਸਰਕਾਰ ਕਿਸੇ ਵੀ ਕਬਜ਼ਾਕਾਰ ਨਾਲ ਲਿਹਾਜ਼ ਨਹੀਂ ਕਰੇਗੀ ਅਤੇ ਪਹਿਲੀ ਜੂਨ ਤੋਂ ਵੱਡੇ ਪੱਧਰ 'ਤੇ ਮੁਹਿੰਮ ਵਿੱਢ ਕੇ ਨਾਜਾਇਜ਼ ਕਬਜ਼ੇ ਅਧੀਨ ਆਉਂਦੀ ਇਕ-ਇਕ ਇੰਚ ਸਰਕਾਰੀ ਜ਼ਮੀਨ ਖ਼ਾਲੀ ਕਰਵਾਈ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਜ਼ਮੀਨਾਂ 'ਤੇ ਰਹਿਣ ਵਾਲਿਆਂ ਨੂੰ ਹਟਾਇਆ ਨਹੀਂ ਜਾਵੇਗਾ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਦਾਲਤ ਵੱਲੋਂ ਸਟੇਅ ਲਾਈਆਂ ਜ਼ਮੀਨਾਂ ਤੋਂ ਇਲਾਵਾ ਜਿਹੜੀਆਂ ਜ਼ਮੀਨਾਂ 'ਤੇ ਹਾਲੇ ਤੱਕ ਨਾਜਾਇਜ਼ ਕਾਬਜ਼ਕਾਰ ਬੈਠੇ ਹਨ, ਉਨ੍ਹਾਂ ਤੋਂ ਕਬਜ਼ਾ ਹਰ ਹਾਲ 10 ਜੂਨ ਤੱਕ ਲਿਆ ਜਾਵੇ। ਪੰਚਾਇਤ ਮੰਤਰੀ ਨੇ ਇਹ ਵੀ ਕਿਹਾ ਕਿ ਕਿਸੇ ਵੀ ਸ਼ਾਮਲਾਤ ਜ਼ਮੀਨ ਦੀ ਬੋਲੀ ਦੌਰਾਨ ਕਿਸੇ ਰਸੂਖਦਾਰ ਵਿਅਕਤੀ ਜਾਂ ਸਿਆਸੀ ਆਗੂ ਦੀ ਕੋਈ ਸਿਫ਼ਾਰਸ਼ ਨਾ ਮੰਨੀ ਜਾਵੇ। ਉਨ੍ਹਾਂ ਕਿਹਾ ਕਿ ਸ਼ਾਮਲਾਤ ਜ਼ਮੀਨਾਂ ਦੀ ਬੋਲੀ ਲਈ ਹੁਣ ਘੱਟੋ-ਘੱਟ 15 ਹਜ਼ਾਰ ਰੁਪਏ ਦੀ ਰਕਮ ਮਿਥੀ ਜਾਵੇਗੀ ਅਤੇ ਸਫਲ ਬੋਲੀਕਾਰ ਕੋਲੋਂ ਜ਼ਮੀਨ ਦਾ ਠੇਕਾ ਨਗਦ ਭਰਵਾਇਆ ਜਾਵੇਗਾ। ਉਨ੍ਹਾਂ ਪੰਜਾਬ ਵਿਚ ਨਿਗੂਣੇ ਠੇਕੇ 'ਤੇ ਦਿੱਤੀਆਂ ਸ਼ਾਮਲਾਤ ਜ਼ਮੀਨਾਂ ਦਾ ਨੋਟਿਸ ਵੀ ਲਿਆ। ਉਨ੍ਹਾਂ ਕਿਹਾ ਕਿ ਜਿਹੜੀਆਂ ਜ਼ਮੀਨਾਂ ਕਿਸੇ ਕਾਰਨ ਠੇਕੇ ਉੱਤੇ ਨਾ ਚੜ੍ਹ ਸਕੀਆਂ, ਉਨ੍ਹਾਂ ਥਾਵਾਂ 'ਤੇ ਜੰਗਲ ਵਿਕਸਿਤ ਕੀਤੇ ਜਾਣਗੇ ਅਤੇ ਅਜਿਹੀਆਂ ਸਾਰੀਆਂ ਜ਼ਮੀਨਾਂ 'ਤੇ 1 ਜੁਲਾਈ ਤੋਂ ਜੰਗਲ ਲਾਉਣ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਨਾਲ ਇੱਕ ਤਾਂ ਮਗਨਰੇਗਾ ਤਹਿਤ ਕੰਮ ਕਰਨ ਵਾਲੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਦੂਜਾ ਵਾਤਾਵਰਨ ਦੀ ਸ਼ੁੱਧਤਾ ਵਿਚ ਸਹਾਈ ਹੋਵੇਗਾ।



## ਡਿਫਾਲਟਰਾਂ ਤੋਂ 20 ਜੂਨ ਤੱਕ ਪੈਸੇ ਭਰਵਾਉਣ ਦੀ ਹਦਾਇਤ

**ਚੰਡੀਗੜ੍ਹ:** ਪੰਚਾਇਤ ਮੰਤਰੀ ਨੇ ਸਮੂਹ ਡੀ.ਡੀ.ਪੀ.ਓਜ਼. ਨੂੰ ਹਦਾਇਤ ਦਿੰਦਿਆਂ ਕਿਹਾ ਕਿ ਪੰਜਾਬ ਦੇ ਕਿਸੇ ਵੀ ਇਲਾਕੇ ਵਿਚ ਕੱਟੀਆਂ ਕਲੋਨੀਆਂ ਵਿਚ ਜੋ ਸਰਕਾਰੀ ਰਸਤੇ ਜਾਂ ਖਾਲ ਆਏ ਹਨ, ਉਨ੍ਹਾਂ ਦੇ ਪੈਸੇ ਸਬੰਧਿਤ ਕਲੋਨੀ ਮਾਲਕਾਂ ਜਾਂ ਜੋ ਵੀ ਇਸ ਦਾ ਦੇਣਦਾਰ ਹੈ, ਉਸ ਤੋਂ ਹਰ ਹਾਲ 20 ਜੂਨ ਤੱਕ ਭਰਵਾਏ ਜਾਣ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਅਣਗਹਿਲੀ ਕਰਨ ਵਾਲੇ ਅਧਿਕਾਰੀ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

## ਵਕਫ ਬੋਰਡ ਦੀਆਂ 42,606 ਸੰਪਤੀਆਂ ਉਤੇ ਨਾਜਾਇਜ਼ ਕਬਜ਼ੇ

**ਚੰਡੀਗੜ੍ਹ:** ਪੰਜਾਬ ਵਿਚ ਹੋਰਨਾਂ ਵਿਭਾਗਾਂ ਦੀਆਂ ਸਰਕਾਰੀ ਜ਼ਮੀਨਾਂ 'ਤੇ ਵੀ ਨਾਜਾਇਜ਼ ਕਬਜ਼ੇ ਹਨ। ਵਕਫ਼ ਬੋਰਡ ਦੀਆਂ ਕਰੀਬ 42,606 ਸੰਪਤੀਆਂ 'ਤੇ ਨਾਜਾਇਜ਼ ਕਬਜ਼ੇ ਹਨ। ਇਸੇ ਤਰ੍ਹਾਂ ਪੰਜਾਬ ਵਿਚ ਨਹਿਰ ਮਹਿਕਮੇ ਦੀ ਕਰੀਬ ਇਕ ਹਜ਼ਾਰ ਏਕੜ ਜ਼ਮੀਨ, ਜੰਗਲਾਤ ਮਹਿਕਮੇ ਦੀ 22,500 ਏਕੜ ਜ਼ਮੀਨ, ਰੱਖਿਆ ਵਿਭਾਗ ਦੀ 239 ਏਕੜ ਤੇ ਪਾਵਰਕੌਮ ਦੀ ਕਰੀਬ 46 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ। ਸਥਾਨਕ ਸਰਕਾਰਾਂ ਵਿਭਾਗ ਦੀ ਬਹੁਕੀਮਤੀ ਸੰਪਤੀ 'ਤੇ ਵੀ ਕਾਫ਼ੀ ਜ਼ਿਆਦਾ ਕਬਜ਼ੇ ਹਨ। ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਜੇਕਰ ਪੰਚਾਇਤੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਾ ਕਰਨ ਵਾਲੇ 31 ਮਈ ਤੱਕ ਖ਼ੁਦ ਜ਼ਮੀਨ ਤੋਂ ਕਬਜ਼ਾ ਛੱਡਣਗੇ ਤਾਂ ਉਨ੍ਹਾਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

# ਪੁਲਿਸ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਗੂਗਲ ਨਾਲ ਸਾਂਝ ਪਾਵੇਗੀ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਮਿਊਂਸਿਪਲ ਭਵਨ ਵਿਚ ਪੰਜਾਬ ਪੁਲਿਸ 'ਚ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਵੱਖ-ਵੱਖ ਕਾਡਰਾਂ 'ਚ ਭਰਤੀ ਹੋਏ 144 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਕ ਸਾਲ ਵਿਚ 29,237 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਮਾਜ ਨੂੰ ਦਰਪੇਸ਼ ਵੱਡੀਆਂ ਚੁਣੌਤੀਆਂ 'ਤੇ ਕਾਬੂ ਪਾਉਣ ਲਈ ਪੁਲਿਸ ਫੋਰਸ ਨੂੰ ਜਾਂਚ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ 'ਚ ਲੋੜ ਮੁਤਾਬਕ ਅਪਡੇਟ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਵੇਂ ਭਰਤੀ ਹੋਏ 144 ਨੌਜਵਾਨ ਆਧੁਨਿਕ ਤਕਨਾਲੋਜੀ ਦੀ ਡੂੰਘੀ ਸਮਝ ਰੱਖਦੇ ਹਨ। ਇਸ ਕਾਬਲੀਅਤ ਸਦਕਾ ਉਹ ਪਰਦੇ ਪਿੱਛੇ ਰਹਿ ਕੇ ਅਪਰਾਧੀਆਂ ਨੂੰ ਕਾਬੂ ਕਰਨ 'ਚ ਸਹਾਈ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਛੇਤੀ ਹੀ ਸੂਬਾ ਪੁਲਿਸ ਨੂੰ ਵਿਗਿਆਨਕ ਲੀਹਾਂ 'ਤੇ ਆਧੁਨਿਕ ਬਣਾਉਣ ਲਈ ਬਹੁ-ਕੌਮੀ ਕੰਪਨੀ ਗੂਗਲ ਨਾਲ ਮਿਲ ਕੇ ਕੰਮ ਕਰੇਗੀ। ਇਸ ਸਬੰਧੀ ਇਕ ਵਿਆਪਕ ਖਾਕਾ ਤਿਆਰ ਕਰ ਲਿਆ ਗਿਆ ਹੈ ਤੇ ਰਸਮੀ ਸਮਝੌਤੇ 'ਤੇ ਜਲਦੀ ਹੀ ਦਸਤਖ਼ਤ ਵੀ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਦੇ ਪੁਲਿਸ ਥਾਣਿਆਂ ਦੀ ਕਾਇਆ ਕਲਪ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਵਿਭਾਗ 'ਚ ਵਾਹਨਾਂ, ਹਥਿਆਰਾਂ ਅਤੇ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਵੀ ਕੰਮ ਕੀਤਾ ਜਾ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਨਵ-ਨਿਯੁਕਤ ਨੌਜਵਾਨਾਂ ਨੂੰ ਪੁਲਿਸ ਫੋਰਸ 'ਚ ਸ਼ਾਮਲ ਕਰਨਾ ਸ਼ਲਾਘਾਯੋਗ ਕਦਮ ਹੈ।




# ਪੰਜਾਬ ਆਰਮਡ ਪੁਲਿਸ ਦੀ ਮੈੱਸ ਦੇ ਬਾਹਰੋਂ ਵਿਰਾਸਤੀ ਤੋਪ ਚੋਰੀ

**ਚੰਡੀਗੜ੍ਹ:** ਇਥੋਂ ਦੇ ਸੈਕਟਰ-1 ਸਥਿਤ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) 82ਵੀਂ ਬਟਾਲੀਅਨ ਦੇ ਜੀਓ ਮੈੱਸ ਦੇ ਗੇਟ ਅੱਗਿਓਂ ਵਿਰਾਸਤੀ ਤੋਪ ਚੋਰੀ ਹੋ ਗਈ ਹੈ। ਤੋਪ ਚੋਰੀ ਹੋਣ ਦੀ ਸੂਚਨਾ ਮਿਲਦਿਆਂ ਹੀ ਥਾਣਾ ਸੈਕਟਰ-3 ਦੀ ਪੁਲਿਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਲਗਭਗ ਤਿੰਨ ਕੁਇੰਟਲ ਦੇ ਭਾਰ ਵਾਲੀ ਤਿੰਨ ਫੁੱਟ ਲੰਮੀ ਇਹ ਤੋਪ ਪਿੱਤਲ ਦੀ ਬਣੀ ਹੋਈ ਸੀ। ਇਹ ਤੋਪ ਦੇਸ਼ ਦੀ ਵੰਡ ਤੋਂ ਪਹਿਲਾਂ ਦੀ ਦੱਸੀ ਜਾ ਰਹੀ ਹੈ, ਜੋ ਪਿਛਲੇ ਇਕ ਦਹਾਕੇ ਤੋਂ ਚੰਡੀਗੜ੍ਹ ਵਿਚ ਪਈ ਸੀ। ਪਰ ਜਨਤਕ ਤੌਰ 'ਤੇ ਇਸ ਨੂੰ ਡੇਢ-ਦੋ ਸਾਲ ਪਹਿਲਾਂ ਹੀ ਰੱਖਿਆ ਗਿਆ ਸੀ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਵਿਚੋਂ ਪਿਛਲੇ ਲੰਬੇ ਸਮੇਂ ਤੋਂ ਵਿਰਾਸਤੀ ਫਰਨੀਚਰ ਚੋਰੀ ਹੁੰਦਾ ਰਿਹਾ ਹੈ, ਜੋ ਅੱਜ ਤੱਕ ਵਿਦੇਸ਼ਾਂ ਵਿਚ ਨਿਲਾਮ ਹੋ ਰਿਹਾ ਹੈ। ਅਜਿਹੇ ਹਾਲਾਤ ਵਿਚ ਤੋਪ ਦੇ ਚੋਰੀ ਹੋਣ ਨਾਲ ਮੁੜ ਤੋਂ ਵਿਰਾਸਤੀ ਵਸਤੂਆਂ ਦੀ ਸੰਭਾਲ ਦਾ ਮੁੱਦਾ ਸਰਗਰਮ ਹੋ ਗਿਆ।

ਜਾਣਕਾਰੀ ਅਨੁਸਾਰ ਇਹ ਘਟਨਾ 5-6 ਮਈ ਦੀ ਰਾਤ ਨੂੰ ਵਾਪਰੀ ਸੀ ਤੇ ਉਸੇ ਦਿਨ ਤੋਂ ਪੀ.ਏ.ਪੀ. ਦੇ ਜੀਓ ਮੈੱਸ ਮੂਹਰੇ ਤੋਂ ਤੋਪ ਗਾਇਬ ਸੀ। ਇਹ ਮਾਮਲਾ ਜੀਓ ਮੈੱਸ ਦੇ ਇੰਚਾਰਜ ਸਬ-ਇੰਸਪੈਕਟਰ ਦਵਿੰਦਰ ਕੁਮਾਰ ਨੇ ਕਮਾਂਡੈਂਟ ਬਲਵਿੰਦਰ ਸਿੰਘ ਦੇ ਧਿਆਨ ਵਿਚ ਲਿਆਂਦਾ, ਜਿਸ ਤੋਂ ਬਾਅਦ ਚੰਡੀਗੜ੍ਹ ਪੁਲਿਸ ਨੇ ਪੀ.ਏ.ਪੀ. 82ਵੀਂ ਬਟਾਲੀਅਨ ਦੇ ਕਮਾਂਡੈਂਟ ਬਲਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ।

ਸੂਤਰਾਂ ਅਨੁਸਾਰ ਪੀ.ਏ.ਪੀ. ਬਟਾਲੀਅਨ 'ਚ ਜੀਓ ਮੈੱਸ ਦੇ ਗੇਟ ਦੇ ਜਿਸ ਗੇਟ 'ਤੇ ਤੋਪ ਨੂੰ ਰੱਖਿਆ ਗਿਆ ਸੀ, ਉਥੇ ਕੋਈ ਵੀ ਸੀ.ਸੀ.ਟੀ.ਵੀ. ਕੈਮਰਾ ਨਹੀਂ ਹੈ। ਇਹ ਵੀ ਪਤਾ ਲੱਗਾ ਹੈ ਕਿ ਚੰਡੀਗੜ੍ਹ ਪੁਲਿਸ ਮੁਢਲੀ ਜਾਂਚ 'ਚ ਬਟਾਲੀਅਨ ਦੇ ਮੁਲਾਜ਼ਮਾਂ ਤੋਂ ਹੀ ਪੁੱਛ-ਪੜਤਾਲ ਕਰ ਰਹੀ ਹੈ। ਪੁਲੀਸ ਦਾ ਮੰਨਣਾ ਹੈ ਕਿ ਤੋਪ ਪਿੱਤਲ ਦੀ ਬਣੀ ਹੋਈ ਸੀ, ਜਿਸ ਦਾ ਭਾਰ ਤਿੰਨ ਕੁਇੰਟਲ ਦੇ ਕਰੀਬ ਹੈ। ਇਸ ਲਈ ਤੋਪ ਚੋਰੀ ਕਰਨ ਦੀ ਵਾਰਦਾਤ ਵਿਚ ਇਕ ਤੋਂ ਵੱਧ ਵਿਅਕਤੀ ਸ਼ਾਮਲ ਹੋ ਸਕਦੇ ਹਨ। ਪੁਲਿਸ ਵੱਖ-ਵੱਖ ਤੱਥਾਂ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਕਰ ਰਹੀ ਹੈ।



# ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਮਿਲਣ ਪੁੱਜੇ ਮਾਪੇ

**ਅੰਮ੍ਰਿਤਸਰ:** ਡਿਬਰੂਗੜ੍ਹ ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨਾਲ ਉਸ ਦੇ ਮਾਪਿਆਂ ਨੇ ਮੁਲਾਕਾਤ ਕੀਤੀ। ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ 23 ਅਪਰੈਲ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਵਿਚੋਂ ਹਿਰਾਸਤ ਵਿਚ ਲਿਆ ਸੀ ਤੇ ਉਸੇ ਦਿਨ ਤੋਂ ਅੰਮ੍ਰਿਤਪਾਲ ਸਿੰਘ ਜੇਲ੍ਹ ਵਿਚ ਬੰਦ ਹੈ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਡਿਬਰੂਗੜ੍ਹ ਹਵਾਈ ਅੱਡੇ 'ਤੇ ਪੁੱਜੇ, ਜਿਥੋਂ ਉਹ ਸਿੱਧਾ ਜੇਲ੍ਹ ਗਏ। ਇਸ ਦੌਰਾਨ ਜੇਲ੍ਹ ਅਥਾਰਿਟੀ ਤੋਂ ਪ੍ਰਵਾਨਗੀ ਮਿਲਣ ਮਗਰੋਂ ਉਨ੍ਹਾਂ ਆਪਣੇ ਪੁੱਤਰ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ 4 ਮਈ ਨੂੰ ਅੰਮ੍ਰਿਤਪਾਲ ਦੀ ਪਤਨੀ ਕਿਰਨਦੀਪ ਕੌਰ ਨੇ ਡਿਬਰੂਗੜ੍ਹ ਜੇਲ੍ਹ ਵਿਚ ਉਸ ਨਾਲ ਮੁਲਾਕਾਤ ਕੀਤੀ ਸੀ।

ਕਿਰਨਦੀਪ ਨਾਲ ਦਲਜੀਤ ਸਿੰਘ ਕਲਸੀ ਦੇ ਪਰਿਵਾਰਕ ਮੈਂਬਰ ਸਨ, ਜੋ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਵਕੀਲਾਂ ਦੇ ਪੈਨਲ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਐਡਵੋਕੇਟ ਰਵੀ ਸ਼ਰਮਾ ਤੇ ਇਕ ਸਾਬਕਾ ਸੰਸਦ ਮੈਂਬਰ ਵੀ ਉਨ੍ਹਾਂ ਦੇ ਨਾਲ ਹੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿਖੇ ਗਏ ਸਨ। ਉਸ ਦੇ ਮਾਤਾ-ਪਿਤਾ ਨੇ ਅੰਮ੍ਰਿਤਪਾਲ ਨਾਲ ਕੁਝ ਘਰੇਲੂ ਗੱਲਾਂ ਸਾਂਝੀਆਂ ਕੀਤੀਆਂ ਹਨ ਅਤੇ ਕੁਝ ਖਾਣ-ਪੀਣ ਦਾ ਸਾਮਾਨ ਵੀ ਉਸ ਨੂੰ ਸੌਂਪਿਆ। ਉਸ ਦੇ ਪਿਤਾ ਤਰਸੇਮ ਸਿੰਘ ਨੇ ਦਾਅਵਾ ਕੀਤਾ ਕਿ ਪਰਿਵਾਰ ਵੱਲੋਂ ਉਸ ਦੀ ਰਿਹਾਈ ਲਈ ਕਾਨੂੰਨੀ ਤਰੀਕੇ ਨਾਲ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਪਰ ਇਸ ਬਾਰੇ ਪਰਮਾਤਮਾ ਹੀ ਜਾਣਦਾ ਹੈ ਕਿ ਹੋਰ ਕਿੰਨਾ ਸਮਾਂ ਲੱਗੇਗਾ।

ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਠੀਕ-ਠਾਕ ਤੇ ਚੜ੍ਹਦੀ ਕਲਾ ਵਿਚ ਹੈ। ਉਸ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਉਸ ਦੇ ਬੇਟੇ ਵਿਰੁੱਧ ਕੌਮੀ ਸੁਰੱਖਿਆ ਐਕਟ ਦੀ ਧਾਰਾ ਲਗਾ ਕੇ ਬੇ-ਇਨਸਾਫੀ ਕੀਤੀ ਹੈ, ਕਿਉਂਕਿ ਉਸ ਨੇ ਕੋਈ ਅਪਰਾਧ ਨਹੀਂ ਕੀਤਾ।



# ਪਿੰਡ ਗੋਬਿੰਦਪੁਰਾ ਵਿਚ ਸੋਲਰ ਪਾਵਰ ਪ੍ਰੋਜੈਕਟ ਲਈ ਹਰੀ ਝੰਡੀ ਮਿਲੀ

**ਚੰਡੀਗੜ੍ਹ:** ਜ਼ਿਲ੍ਹਾ ਮਾਨਸਾ ਦੇ ਪਿੰਡ ਗੋਬਿੰਦਪੁਰਾ 'ਚ ਤਾਪ ਬਿਜਲੀ ਘਰ ਲਈ ਐਕੁਆਇਰ ਕੀਤੀ ਜ਼ਮੀਨ 'ਤੇ ਹੁਣ ਸੋਲਰ ਪਾਵਰ ਪ੍ਰੋਜੈਕਟ ਲੱਗੇਗਾ। ਪਿਛਲੇ ਕਰੀਬ 13 ਸਾਲਾਂ ਤੋਂ ਇਹ ਜ਼ਮੀਨ ਖ਼ਾਲੀ ਪਈ ਸੀ, ਜਿੱਥੇ ਹੁਣ ਚਾਰੇ ਪਾਸੇ ਜੰਗਲ ਉੱਗ ਆਇਆ ਹੈ। ਪਿਉਨਾ ਪਾਵਰ ਕੰਪਨੀ ਇਸ ਜ਼ਮੀਨ 'ਤੇ ਸਨਅਤੀ ਪਾਰਕ ਬਣਾਉਣ ਦੀ ਇੱਛੁਕ ਸੀ, ਪਰ ਪੰਜਾਬ ਸਰਕਾਰ ਨੇ ਇਸ ਤੋਂ ਇਨਕਾਰ ਕਰ ਦਿੱਤਾ। ਗੱਠਜੋੜ ਸਰਕਾਰ ਸਮੇਂ ਤਾਪ ਬਿਜਲੀ ਘਰ ਲਾਉਣ ਵਾਸਤੇ ਸਰਕਾਰ ਨੇ ਇੰਡੀਆ ਬੁਲਜ਼ ਲਿਮਟਿਡ ਨੂੰ 871 ਏਕੜ ਜ਼ਮੀਨ ਐਕੁਆਇਰ ਕਰਕੇ ਦਿੱਤੀ ਸੀ।

ਸਰਕਾਰ ਨੇ ਸਾਲ 2010 ਵਿਚ ਕਿਸਾਨਾਂ ਤੋਂ ਜਬਰੀ ਇਸ ਪਿੰਡ ਦੀ ਜ਼ਮੀਨ ਐਕੁਆਇਰ ਕੀਤੀ ਸੀ। ਐਕੁਆਇਰ ਜ਼ਮੀਨ ਦਾ ਕਰੀਬ 187 ਕਰੋੜ ਰੁਪਏ ਦਾ ਮੁਆਵਜ਼ਾ ਵੰਡਿਆ ਗਿਆ ਸੀ। ਇਹ ਜ਼ਮੀਨ ਹੁਣ ਪਿਉਨਾ ਪਾਵਰ ਲਿਮਟਿਡ ਦੇ ਨਾਮ ਸੀ। ਕੰਪਨੀ ਨੇ ਉਦੋਂ ਇਸ ਜ਼ਮੀਨ 'ਤੇ ਤਾਪ ਬਿਜਲੀ ਘਰ ਲਾਉਣਾ ਸੀ, ਪਰ ਕੋਲੇ ਦਾ ਲਿੰਕ ਨਾ ਮਿਲਣ ਕਰ ਕੇ ਪ੍ਰੋਜੈਕਟ ਸਿਰੇ ਨਹੀਂ ਚੜ੍ਹ ਸਕਿਆ। ਵੇਰਵਿਆਂ ਅਨੁਸਾਰ ਪਿਉਨਾ ਪਾਵਰ ਕੰਪਨੀ ਨੇ ਪਿਛਲੇ ਸਮੇਂ ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਰੁਖ਼ ਕਰ ਲਿਆ ਸੀ ਪਰ ਇਹ ਕੰਪਨੀ ਐਕੁਆਇਰ ਕੀਤੀ ਜ਼ਮੀਨ ਦਾ ਮੰਤਵ ਬਦਲਾਉਣਾ ਚਾਹੁੰਦੀ ਸੀ। ਹਾਈਕੋਰਟ ਨੇ ਇਸ ਬਾਰੇ ਪੰਜਾਬ ਸਰਕਾਰ ਤੋਂ ਜੁਆਬ ਮੰਗਿਆ ਅਤੇ ਸੂਬਾ ਸਰਕਾਰ ਨੇ ਸਾਫ਼ ਇਨਕਾਰ ਕਰ ਦਿੱਤਾ ਕਿ ਜਿਸ ਮਕਸਦ ਲਈ ਜ਼ਮੀਨ ਐਕੁਆਇਰ ਹੋਈ ਹੈ, ਉਸ ਵਿਚ ਕੋਈ ਬਦਲਾਓ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਊਰਜਾ ਪ੍ਰੋਜੈਕਟ ਤੋਂ ਬਿਨਾਂ ਕਿਸੇ ਹੋਰ ਕੰਮ ਲਈ ਜ਼ਮੀਨ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪੰਜਾਬ ਕੈਬਨਿਟ ਨੇ ਪਿਉਨਾ ਪਾਵਰ ਲਿਮਟਿਡ ਨੂੰ 230 ਮੈਗਾਵਾਟ ਦਾ ਸੋਲਰ ਪਾਵਰ ਪ੍ਰੋਜੈਕਟ ਲਗਾਉਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕੰਪਨੀ ਹੁਣ ਜੰਗਲ ਬਣੀ ਜਗ੍ਹਾ 'ਤੇ ਸੋਲਰ ਪਾਵਰ, ਬਾਇਓਮਾਸ ਆਦਿ ਪ੍ਰੋਜੈਕਟ ਸਥਾਪਿਤ ਕਰ ਸਕਦੀ ਹੈ। ਪਾਵਰਕੌਮ 2.34 ਰੁਪਏ ਤੋਂ 2.45 ਰੁਪਏ ਪ੍ਰਤੀ ਯੂਨਿਟ ਦੇ ਲਿਹਾਜ਼ ਨਾਲ ਬਿਜਲੀ ਖ਼ਰੀਦ ਕਰੇਗੀ। ਪਿੰਡ ਗੋਬਿੰਦਪੁਰਾ ਦੀ ਇਸ ਜ਼ਮੀਨ 'ਤੇ ਜੰਗਲ ਹੀ ਨਜ਼ਰ ਆਉਂਦਾ ਹੈ ਜਿੱਥੇ ਨੀਲ ਗਾਵਾਂ ਅਤੇ ਜੰਗਲੀ ਸੂਰਾਂ ਦੇ ਝੁੰਡ ਰਹਿ ਰਹੇ ਸਨ। ਇਹ ਜੰਗਲੀ ਜਾਨਵਰ ਕਿਸਾਨਾਂ ਦੀਆਂ ਫ਼ਸਲਾਂ ਵੀ ਖ਼ਰਾਬ ਕਰ ਰਹੇ ਸਨ। ਪਿੰਡ ਗੋਬਿੰਦਪੁਰਾ ਦੇ ਸਰਪੰਚ ਗੁਰਲਾਲ ਸਿੰਘ ਨੇ ਕਿਹਾ ਕਿ ਜ਼ਮੀਨ ਐਕੁਆਇਰ ਕਰਨ ਮਗਰੋਂ ਉਨ੍ਹਾਂ ਦੇ ਮੁਆਵਜ਼ਾ ਅਤੇ ਨੌਕਰੀਆਂ ਆਦਿ ਦੇ ਕੁਝ ਬਕਾਇਆ ਕੰਮ ਪਏ ਹਨ ਜਿਨ੍ਹਾਂ ਦੀ ਪੂਰਤੀ ਕਰਨ ਮਗਰੋਂ ਇਥੇ ਪ੍ਰੋਜੈਕਟ ਲਗਾ ਸਕਦੀ ਹੈ। ਉਨ੍ਹਾਂ ਕਿਹਾ ਕਿ ਐਕੁਆਇਰ ਜ਼ਮੀਨ 'ਚ ਉੱਗੇ ਜੰਗਲ ਕਰ ਕੇ ਪਿੰਡ ਵਾਸੀਆਂ ਨੂੰ ਕਾਫ਼ੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਜੰਗਲ ਮਾੜੇ ਅਨਸਰਾਂ ਦਾ ਟਿਕਾਣਾ ਬਣਿਆ ਹੋਇਆ ਹੈ ਤੇ ਉਪਰੋਂ ਕਿਸਾਨ ਜੰਗਲੀ ਜਾਨਵਰਾਂ ਤੋਂ ਪਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਜੇਕਰ ਨਵਾਂ ਪ੍ਰੋਜੈਕਟ ਲੱਗਦਾ ਹੈ ਤਾਂ ਇਨ੍ਹਾਂ ਪਰੇਸ਼ਾਨੀਆਂ ਤੋਂ ਛੁਟਕਾਰਾ ਮਿਲੇਗਾ। ਕਾਂਗਰਸ ਸਰਕਾਰ ਸਮੇਂ ਪਾਵਰਕੌਮ ਨੇ ਬਠਿੰਡਾ ਥਰਮਲ ਦੀ ਜਗ੍ਹਾ ਵਿਚ ਸੋਲਰ ਪ੍ਰੋਜੈਕਟ ਲਾਉਣ ਦੀ ਤਜਵੀਜ਼ ਭੇਜੀ ਸੀ ਜਿਸ ਨੂੰ ਤਤਕਾਲੀ ਸਰਕਾਰ ਨੇ ਰੱਦ ਕਰ ਦਿੱਤਾ ਸੀ।



**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਗੱਠਜੋੜ ਬਾਰੇ ਕਿਆਸਅਰਾਈਆਂ ਲਾਉਣੀਆਂ ਬੰਦ ਕਰੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਵਾਰ-ਵਾਰ ਇਹ ਗੱਲ ਕਿਉਂ ਆਖ ਰਹੀ ਹੈ ਕਿ ਉਹ ਆਪਣੇ ਪੁਰਾਣੇ ਭਾਈਵਾਲ ਨਾਲ ਗੱਠਜੋੜ ਨਹੀਂ ਕਰੇਗੀ ਜਦੋਂ ਕਿ ਅਕਾਲੀ ਦਲ ਨੇ ਗੱਠਜੋੜ ਲਈ ਅਜਿਹੀ ਕੋਈ ਇੱਛਾ ਪ੍ਰਗਟ ਹੀ ਨਹੀਂ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਅਕਾਲੀ ਦਲ ਦਾ ਪੰਜਾਬ ਵਿਚ ਬਸਪਾ ਨਾਲ ਗੱਠਜੋੜ ਹੈ ਤੇ ਇਹ ਗੱਠਜੋੜ ਚੰਗਾ ਚੱਲ ਰਿਹਾ ਹੈ ਤੇ ਭਾਜਪਾ ਸਮੇਤ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਕਦੇ ਵੀ ਭਾਜਪਾ ਨਾਲ ਭਵਿੱਖ ਵਿਚ ਗੱਠਜੋੜ ਕਰਨ ਦੀ ਗੱਲ ਨਹੀਂ ਕੀਤੀ ਤੇ ਭਾਜਪਾ ਨੂੰ ਇਸ ਬਾਰੇ ਕਿਆਸਅਰਾਈਆਂ ਲਗਾਉਣੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਗਰੇਵਾਲ ਨੇ ਭਾਜਪਾ ਨੂੰ ਇਹ ਵੀ ਚੇਤੇ ਕਰਵਾਇਆ ਕਿ ਅਕਾਲੀ ਦਲ ਨੇ ਉਸ ਨਾਲ ਗੱਠਜੋੜ ਸਿਧਾਂਤਾਂ ਦੇ ਆਧਾਰ 'ਤੇ ਤੋੜਿਆ ਸੀ ਕਿਉਂਕਿ ਉਸ ਨੇ ਕਿਸਾਨਾਂ ਨਾਲ ਕੋਈ ਵੀ ਗੱਲਬਾਤ ਕੀਤੇ ਬਗੈਰ ਸੰਸਦ ਵਿਚ ਖੇਤੀਬਾੜੀ ਬਾਰੇ ਤਿੰਨ ਕਾਲੇ ਕਾਨੂੰਨ ਲਿਆ ਕੇ ਧੋਖਾ ਕੀਤਾ ਸੀ। ਇਸ ਮਗਰੋਂ ਭਾਜਪਾ ਨੇ ਪੰਜਾਬ ਅਤੇ ਸਿੱਖਾਂ ਖ਼ਿਲਾਫ਼ ਕਈ ਫੈਸਲੇ ਕੀਤੇ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 2019 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਸਾਰੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਤੋਂ ਵੀ ਭੱਜ ਗਈ ਹੈ, ਇਸ ਕਾਰਨ ਸਿੱਖਾਂ ਵਿਚ ਰੋਸ ਦੀ ਲਹਿਰ ਹੈ।

# ਕਰਤਾਰਪੁਰ ਲਾਂਘੇ ਰਾਹੀਂ ਵੰਡ ਵੇਲੇ ਵਿਛੜੇ ਭੈਣ-ਭਰਾ ਦਾ ਮੇਲ

**ਲਾਹੌਰ:** ਭਾਰਤ-ਪਾਕਿਸਤਾਨ ਦੀ ਵੰਡ ਮੌਕੇ 75 ਸਾਲ ਪਹਿਲਾਂ ਵਿੱਛੜੇ ਭਰਾ-ਭੈਣ ਦੇ ਕਰਤਾਰਪੁਰ ਲਾਂਘੇ ਉਤੇ ਮਿਲਣ ਦਾ ਸਬੱਬ ਬਣਿਆ ਹੈ। ਬੇਹੱਦ ਭਾਵੁਕ ਕਰਨ ਵਾਲਾ ਇਹ ਮੇਲ ਸੋਸ਼ਲ ਮੀਡੀਆ ਰਾਹੀਂ ਸੰਭਵ ਹੋਇਆ ਹੈ। 'ਡਾਅਨ ਨਿਊਜ' ਦੀ ਰਿਪੋਰਟ ਮੁਤਾਬਕ ਮਹਿੰਦਰ ਕੌਰ (81) ਮਕਬੂਜ਼ਾ ਕਸ਼ਮੀਰ ਵਿਚ ਰਹਿੰਦੇ ਆਪਣੇ ਵਿੱਛੜੇ ਭਰਾ ਸ਼ੇਖ ਅਬਦੁਲ ਅਜ਼ੀਜ਼ (78) ਨੂੰ ਕਰਤਾਰਪੁਰ ਲਾਂਘੇ 'ਤੇ ਮਿਲੀ ਹੈ।

ਇਨ੍ਹਾਂ ਦੋਵਾਂ ਨੂੰ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਾ ਸੀ ਕਿ ਉਹ 1947 ਵਿਚ ਵਿੱਛੜੇ ਹੋਏ ਭੈਣ-ਭਰਾ ਹਨ ਜਿਸ ਤੋਂ ਬਾਅਦ ਇਹ ਮੁਲਾਕਾਤ ਨੇਪਰੇ ਚੜ੍ਹੀ ਹੈ। ਵੇਰਵਿਆਂ ਮੁਤਾਬਕ ਵੰਡ ਦੌਰਾਨ ਸਰਦਾਰ ਭਜਨ ਸਿੰਘ ਦਾ ਪਰਿਵਾਰ ਭਾਰਤੀ ਪਾਸੇ ਵਾਲੇ ਪੰਜਾਬ ਵਿਚ ਉਸ ਵੇਲੇ ਦੁਖਦਾਈ ਢੰਗ ਨਾਲ ਵਿਚ ਬਿਖਰ ਗਿਆ ਜਦੋਂਕਿ ਅਜ਼ੀਜ਼ ਮਕਬੂਜ਼ਾ ਕਸ਼ਮੀਰ ਵਿਚ ਰਹਿ ਗਿਆ, ਤੇ ਬਾਕੀ ਪਰਿਵਾਰ ਭਾਰਤ ਵਿਚ ਰਹਿ ਗਿਆ। ਅਜ਼ੀਜ਼ ਦਾ ਛੋਟੀ ਉਮਰ ਵਿਚ ਹੀ ਵਿਆਹ ਹੋ ਗਿਆ ਪਰ ਮਾਪਿਆਂ ਤੇ ਪਰਿਵਾਰ ਨਾਲ ਮਿਲਣ ਦੀ ਤਾਂਘ ਹਮੇਸ਼ਾ ਉਸ ਦੇ ਦਿਲ ਵਿਚ ਜਿਊਂਦੀ ਰਹੀ। ਦੋਵਾਂ ਪਰਿਵਾਰਾਂ ਨੂੰ ਉਸ ਵੇਲੇ ਮਹਿੰਦਰ ਕੌਰ ਤੇ ਅਜ਼ੀਜ਼ ਦੇ ਸਬੰਧਤ ਹੋਣ ਬਾਰੇ ਪਤਾ ਲੱਗਾ ਜਦ ਉਨ੍ਹਾਂ ਇਕ ਸੋਸ਼ਲ ਮੀਡੀਆ ਪੋਸਟ ਦੇਖੀ ਜਿਸ ਵਿਚ ਵੰਡ ਵੇਲੇ ਇਕ ਵਿਅਕਤੀ ਵੱਲੋਂ ਉਸ ਦੀ ਭੈਣ ਨਾਲੋਂ ਜੁਦਾ ਹੋਣ ਦੀ ਕਹਾਣੀ ਬਿਆਨੀ ਗਈ ਸੀ। ਮੇਲ ਹੋਣ 'ਤੇ ਖੁਸ਼ੀ ਵਿਚ ਖੀਵੀ ਹੋਈ ਮਹਿੰਦਰ ਕੌਰ ਨੇ ਵਾਰ-ਵਾਰ ਆਪਣੇ ਭਰਾ ਨੂੰ ਗਲਵਕੜੀ ਵਿਚ ਲਿਆ ਤੇ ਉਸ ਦੇ ਹੱਥ ਚੁੰਮੇ। ਦੋਵਾਂ ਪਰਿਵਾਰਾਂ ਨੇ ਇਕੱਠਿਆਂ ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ ਸਾਹਿਬ) 'ਚ ਮੱਥਾ ਟੇਕਿਆ ਤੇ ਨਾਲ ਬੈਠ ਕੇ ਲੰਗਰ ਵੀ ਖਾਧਾ।

## ਗੁਰਬਾਣੀ ਪ੍ਰਸਾਰਨ ਦਾ ਮਾਮਲਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਆਏ ਹਨ। ਉਨ੍ਹਾਂ ਕਈ ਵਾਰ ਇਹ ਮੁੱਦਾ ਚੁੱਕਿਆ ਜ਼ਰੂਰ ਹੈ ਪਰ ਇਸ ਮੁੱਦੇ ਨੂੰ ਖਤਮ ਨਹੀਂ ਕਰ ਸਕੇ। ਸ਼੍ਰੋਮਣੀ ਅਕਾਲੀ ਦਲ ਅਜਿਹੇ ਮੁੱਦੇ 'ਤੇ ਸਿਆਸੀ ਪਾਰਟੀਆਂ ਦਾ ਧਾਰਮਿਕ ਮਸਲਿਆਂ 'ਚ ਦਖਲ ਦੇਣ ਦਾ ਦਾਅਵਾ ਕਰਕੇ ਮਸਲੇ ਨੂੰ ਠੰਢੇ ਬਸਤੇ ਵਿਚ ਪਾਉਂਦਾ ਰਿਹਾ ਸੀ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਵੱਲੋਂ ਕੀਤੇ ਟਵੀਟ ਦਾ ਜਵਾਬ ਦਿੰਦਿਆਂ ਕਿਹਾ ਕਿ ਸਿੱਖ ਸੰਸਥਾ ਗੁਰੂ ਘਰਾਂ ਦਾ ਪ੍ਰਬੰਧ ਕਰਨ ਦੇ ਸਮਰੱਥ ਹੈ। ਮੁੱਖ ਮੰਤਰੀ ਗੁਰਬਾਣੀ ਪ੍ਰਸਾਰਨ ਜਾਂ ਗੁਰੂ ਘਰਾਂ ਦੇ ਮਾਮਲਿਆਂ ਬਾਰੇ ਟਿੱਪਣੀਆਂ ਕਰ ਕੇ ਸੰਗਤ 'ਚ ਬੇਲੋੜਾ ਵਿਵਾਦ ਤੇ ਦੁਬਿਧਾ ਪੈਦਾ ਨਾ ਕਰਨ। ਸਿੱਖ ਸੰਸਥਾ ਦੇ ਅਧਿਕਾਰ ਖੇਤਰ ਵੱਖ ਹਨ ਅਤੇ ਸਰਕਾਰਾਂ ਦੇ ਅਧਿਕਾਰ ਖੇਤਰ ਵੱਖਰੇ ਹੁੰਦੇ ਹਨ। ਸਰਕਾਰ ਦੇ ਅਧਿਕਾਰ ਖੇਤਰ ਦੇ ਕਾਰਜਾਂ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਕੰਮ ਵੱਲ ਧਿਆਨ ਦੇਵੇ।

## ਜਥੇਦਾਰਾਂ ਦੀ ਨਿਯੁਕਤੀ ਬਾਰੇ ਨਵੇਂ ਨਿਯਮ ਬਣਨਗੇ

*(ਪਹਿਲੇ ਸਫੇ ਦੀ ਬਾਕੀ)*

ਸੀ। ਹੁਣ ਰਾਘਵ ਚੱਢਾ ਦੀ ਮੰਗਣੀ ਵਿਚ ਹਾਜ਼ਰੀ ਭਰਨ ਦੇ ਮਾਮਲੇ ਨੂੰ ਉਭਾਰਨ ਪਿੱਛੇ ਇਸੇ ਮਨਸ਼ਾ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ।

ਉਂਝ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਉੱਠੇ ਵਿਵਾਦ ਬਾਰੇ ਵਿਚਾਰ-ਚਰਚਾ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਮੀਡੀਆ ਮਿਲਣੀ ਮੌਕੇ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜਥੇਦਾਰ ਵੱਲੋਂ ਸੰਸਦ ਮੈਂਬਰ ਤੇ ਫਿਲਮ ਕਲਾਕਾਰ ਦੇ ਮੰਗਣੀ ਸਮਾਗਮ ਵਿਚ ਸ਼ਾਮਲ ਹੋਣ ਦੇ ਵਿਵਾਦ ਬਾਰੇ ਕੋਈ ਟਿੱਪਣੀ ਕਰਨ ਤੋਂ ਗੁਰੇਜ਼ ਹੀ ਕੀਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਜਲਦੀ ਹੀ ਇਸ ਸਬੰਧੀ ਨਿਯਮ ਨਿਰਧਾਰਤ ਕਰਨ ਲਈ ਕਮੇਟੀ ਬਣਾਈ ਜਾਵੇਗੀ ਜੋ ਇਸ ਸਬੰਧੀ ਸਿੱਖ ਵਿਦਵਾਨਾਂ, ਸੰਪਰਦਾਵਾਂ ਤੇ ਹੋਰਨਾਂ ਨਾਲ ਗੱਲਬਾਤ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਿਪੋਰਟ ਦੇਵੇਗੀ। ਚੇਤੇ ਰਹੇ ਕਿ ਸਿੱਖ ਜਥੇਬੰਦੀ ਦਲ ਖਾਲਸਾ ਨੇ ਮਾਰਚ 2008 ਵਿਚ ਇਸ ਸਬੰਧੀ ਖਰੜਾ ਵੀ ਤਿਆਰ ਕੀਤਾ ਸੀ। ਜਥੇਬੰਦੀ ਵੱਲੋਂ 2005 ਤੋਂ ਲੈ ਕੇ 2007 ਤੱਕ ਇਸ ਸਬੰਧੀ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਕੀਤੇ ਗਏ ਅਤੇ ਵਿਦਵਾਨਾਂ ਦੀ ਰਾਏ ਲੈ ਕੇ ਖਰੜਾ ਬਣਾਇਆ ਗਿਆ। ਇਹ ਖਰੜਾ ਉਸ ਵੇਲੇ ਦੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੌਂਪ ਦਿੱਤਾ ਗਿਆ ਪਰ ਸਤੰਬਰ 2008 ਵਿਚ ਉਨ੍ਹਾਂ ਨੂੰ ਇਸ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਜਿਸ ਕਾਰਨ ਇਹ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ ਸੀ। ਇਹ ਮਾਮਲਾ ਹੁਣ ਹਾਲ ਹੀ ਵਿਚ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਵੀ ਉਭਾਰਿਆ ਗਿਆ ਸੀ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਦਲ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਸੀ ਕਿ ਸਿੱਖ ਮਾਹਿਰਾਂ ਤੇ ਵਿਦਵਾਨਾਂ ਦੀ ਰਾਏ ਨਾਲ ਤਖ਼ਤਾਂ ਦੇ ਜਥੇਦਾਰਾਂ ਲਈ ਪੰਥ ਪ੍ਰਵਾਨਿਤ ਨਿਯਮ ਬਣਾਏ ਜਾਣ।

## ਮਜੀਠੀਆ ਨੇ ਐਸ.ਆਈ.ਟੀ. ਦੇ ਗਠਨ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀ ਨਵੀਂ ਐਸ.ਆਈ.ਟੀ. 'ਤੇ ਸਵਾਲ ਖੜ੍ਹੇ ਕੀਤੇ ਹਨ।

ਸਾਬਕਾ ਮੰਤਰੀ ਨੇ ਦੋਸ਼ ਲਾਇਆ ਕਿ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਨੂੰ ਸਿਟ ਦਾ ਨਵਾਂ ਮੁਖੀ ਲਾਉਣ ਲਈ ਸੌਦਾ ਹੋਇਆ ਹੈ। ਆਈ.ਜੀ. ਛੀਨਾ ਨੂੰ ਐਸ.ਆਈ.ਟੀ. ਮੁਖੀ ਸਿਰਫ ਇਸ ਕਰ ਕੇ ਲਗਾਇਆ ਹੈ ਤਾਂ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਉਨ੍ਹਾਂ ਖ਼ਿਲਾਫ਼ ਦਰਜ ਕੀਤੇ ਝੂਠੇ ਐਨ.ਡੀ.ਪੀ.ਐਸ. ਐਕਟ ਕੇਸ ਵਿਚ ਮਨਮਰਜ਼ੀ ਦੇ ਦੋਸ਼ ਲਗਾਉਣ ਵਾਲੀ ਚਾਰਜਸ਼ੀਟ ਦਾਇਰ ਕੀਤੀ ਜਾ ਸਕੇ। ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਸ ਕਰ ਕੇ ਆਈ.ਜੀ. ਛੀਨਾ ਦੀ ਚੋਣ ਕੀਤੀ ਹੈ ਕਿਉਂਕਿ ਪਿਛਲੇ ਐਸ.ਆਈ.ਟੀ. ਮੁਖੀ ਡੀ.ਆਈ.ਜੀ. ਐੱਸ ਰਾਹੁਲ ਨੇ ਨਸ਼ਿਆਂ ਦੇ ਕੇਸ ਵਿਚ 'ਆਪ' ਸਰਕਾਰ ਦੀ ਇੱਛਾ ਮੁਤਾਬਕ ਚਲਾਨ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ ਸੀ।

# ਭਗਵੰਤ ਮਾਨ ਦੇ ਦੋਸ਼ਾਂ ਪਿੱਛੋਂ ਚੰਨੀ ਨੇ ਗੁਰਦੁਆਰੇ 'ਚ ਕੀਤੀ ਅਰਦਾਸ

**ਚਮਕੌਰ ਸਾਹਿਬ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੋਂ ਦੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਪਹੁੰਚ ਕੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖਿਡਾਰੀ ਨੂੰ ਨੌਕਰੀ ਦੇਣ ਲਈ 2 ਕਰੋੜ ਰੁਪਏ ਮੰਗਣ ਦੇ ਲਗਾਏ ਗਏ ਦੋਸ਼ਾਂ ਸਬੰਧੀ ਕਿਹਾ ਕਿ ਉਨ੍ਹਾਂ ਨੂੰ ਅੱਜ ਤੱਕ ਜੋ ਮਿਲਿਆ ਹੈ, ਉਹ ਚਮਕੌਰ ਸਾਹਿਬ ਦੇ ਸਿੰਘਾਂ ਸ਼ਹੀਦਾਂ ਦੇ ਅਸ਼ੀਰਵਾਦ ਅਤੇ ਹਲਕੇ ਦੇ ਲੋਕਾਂ ਦੇ ਪਿਆਰ ਸਤਿਕਾਰ ਸਦਕਾ ਮਿਲਿਆ ਹੈ। ਉਨ੍ਹਾਂ ਅਰਦਾਸ ਕਰਦਿਆਂ ਕਿਹਾ ਕਿ ਜੇ ਮੁੱਖ ਮੰਤਰੀ ਵੱਲੋਂ ਲਗਾਏ ਦੋਸ਼ਾਂ ਵਿਚ ਸੱਚਾਈ ਹੋਵੇ ਤਾਂ ਉਨ੍ਹਾਂ ਦਾ ਕੱਖ ਨਾ ਰਹੇ। ਸ੍ਰੀ ਚੰਨੀ ਨੇ ਕਿਹਾ ਸੱਚੇ ਪਾਤਸ਼ਾਹ ਜੇ ਮੈਂ ਪੈਸੇ ਮੰਗੇ ਹੋਣ ਤਾਂ ਮੈਂ ਦੇਣਦਾਰ ਹਾਂ। ਅਰਦਾਸ ਕਰਨ ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਤਿੰਨ ਮਹੀਨਿਆਂ ਦੇ ਕਾਰਜਕਾਲ ਦੌਰਾਨ ਬਹੁਤ ਸਾਰੇ ਖਿਡਾਰੀਆਂ ਨੂੰ ਨੌਕਰੀਆਂ ਦਿੱਤੀਆਂ ਹਨ ਪਰ ਉਨ੍ਹਾਂ ਵਿਚੋਂ ਕੋਈ ਵੀ ਕਹਿ ਦੇਵੇ ਕਿ ਨੌਕਰੀ ਜਾਂ ਕਿਸੇ ਦੀ ਬਦਲੀ ਦੇ ਉਨ੍ਹਾਂ ਨੇ ਪੈਸੇ ਲਏ ਹਨ ਤਾਂ ਉਹ ਹਰ ਤਰ੍ਹਾਂ ਦੀ ਸਜਾ ਭੁਗਤਣ ਲਈ ਤਿਆਰ ਹਨ ਪਰ ਭਗਵੰਤ ਮਾਨ ਵਿਜੀਲੈਂਸ ਰਾਹੀਂ ਉਨ੍ਹਾਂ ਨੂੰ ਬਦਨਾਮ ਕਰ ਰਿਹਾ ਹੈ। ਉਨ੍ਹਾਂ ਸਰਕਾਰ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਕਦੇ ਵੀ ਕਿਸੇ ਵੀ ਤਰ੍ਹਾਂ ਦੀ ਜਾਂਚ ਤੋਂ ਨਾ ਪਿੱਛੇ ਹਟੇ ਹਨ ਅਤੇ ਨਾ ਹੀ ਉਹ ਸਰਕਾਰ ਵੱਲੋਂ ਉਨ੍ਹਾਂ ਨੂੰ ਜੇਲ੍ਹ ਭੇਜਣ ਤੋਂ ਡਰਦੇ ਹਨ।

# ਟਾਈਟਲਰ ਨੂੰ ਬਚਾਉਣ ਵਿਚ ਮਨਮੋਹਨ ਸਰਕਾਰ ਨੇ ਅਹਿਮ ਭੂਮਿਕਾ: ਫੂਲਕਾ

**ਪਟਿਆਲਾ:** ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਜਗਦੀਸ਼ ਟਾਈਟਲਰ ਵਿਰੁੱਧ ਨਾਨਾਵਤੀ ਕਮਿਸ਼ਨ ਵੱਲੋਂ ਰਿਪੋਰਟ ਪੇਸ਼ ਕਰਦਿਆਂ ਕੇਸ ਦਰਜ ਕਰਨ ਦੀ ਕੀਤੀ ਸਿਫਾਰਸ਼ ਨੂੰ ਡਾ. ਮਨਮੋਹਨ ਸਿੰਘ ਸਰਕਾਰ ਨੇ ਸਿਰਫ ਅਣਗੌਲਿਆਂ ਹੀ ਨਹੀਂ ਕੀਤਾ ਸਗੋਂ ਮੁੱਢੋਂ ਰੱਦ ਕਰ ਦਿੱਤਾ ਸੀ। ਦੂਜੇ ਪਾਸੇ ਸੀ.ਬੀ.ਆਈ. ਨੇ ਕੇਂਦਰ ਸਰਕਾਰ ਦੇ ਹੁਕਮਾਂ ਨੂੰ ਮੰਨਦਿਆਂ ਇਕ ਵਾਰ ਨਹੀਂ ਸਗੋਂ ਕਈ ਕਈ ਵਾਰ ਨਾਨਾਵਤੀ ਰਿਪੋਰਟ ਨੂੰ ਬੰਦ ਕਰਨ ਲਈ ਦਰਖਾਸਤਾਂ ਦਿੱਤੀਆਂ ਅਤੇ ਅਖੀਰ ਅਦਾਲਤ ਨੇ ਇਸ ਸਾਰੇ ਮਾਮਲੇ ਦੀ ਨਿਗਰਾਨੀ ਕੀਤੀ ਤਾਂ ਜਾ ਕੇ ਹੁਣ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਪੇਸ਼ ਹੋਈ ਹੈ। ਐਡਵੋਕੇਟ ਫੂਲਕਾ ਨੇ ਕਿਹਾ ਕਿ ਇਹ ਸਿੱਖ ਕੌਮ ਦੀ ਵੱਡੀ ਜਿੱਤ ਹੈ।

## ਵਿਰੋਧੀ ਧਿਰਾਂ ਦਾ ਸਮਰਥਨ ਮੰਗੇਗੀ 'ਆਪ'

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' ਰਾਜ ਸਭਾ ਵਿਚ ਦਿੱਲੀ ਵਿਚ ਸੇਵਾਵਾਂ ਦੇ ਰੈਗੂਲੇਸ਼ਨ ਬਾਰੇ ਕੇਂਦਰ ਦੇ ਆਰਡੀਨੈਂਸ ਨੂੰ ਰੋਕਣ ਦੀ ਕਵਾਇਦ ਵਿਚ ਵਿਰੋਧੀ ਪਾਰਟੀਆਂ ਦਾ ਸਮਰਥਨ ਲਵੇਗੀ। ਚੰਡੀਗੜ੍ਹ 'ਚ ਪੰਜਾਬ ਪੁਲਿਸ ਲਈ 98 ਐਮਰਜੰਸੀ ਰਿਸਪਾਂਸ ਵਾਹਨਾਂ ਨੂੰ ਹਰੀ ਝੰਡੀ ਦਿਖਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ 'ਤਾਨਾਸ਼ਾਹੀ' ਆਰਡੀਨੈਂਸ ਲਿਆਉਣ ਲਈ ਕੇਂਦਰ ਸਰਕਾਰ ਉਤੇ ਨਿਸ਼ਾਨਾ ਸਾਧਿਆ ਤੇ ਸੂਬੇ ਦੇ ਅਧਿਕਾਰਾਂ ਦਾ ਘਾਣ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਇਸ ਖ਼ਿਲਾਫ਼ ਵਿਰੋਧੀ ਧਿਰਾਂ ਦਾ ਸਮਰਥਨ ਲੈਣ ਲਈ ਆਪ ਦੇਸ਼ ਭਰ 'ਚ ਮਾਰਚ ਕਰੇਗੀ।

# ਅਮਰੀਕਾ 'ਚ ਸੜਕ ਹਾਦਸੇ ਵਿਚ ਪਿਉ-ਪੁੱਤ ਦੀ ਮੌਤ

**ਭੁਲੱਥ:** ਨੇੜਲੇ ਪਿੰਡ ਬੋਪਾਰਾਏ ਦੇ ਵਸਨੀਕ ਅਤੇ ਅਮਰੀਕਾ ਦੇ ਫਰਿਜ਼ਨੋ ਸ਼ਹਿਰ ਰਹਿਣ ਵਾਲੇ ਪਿਓ-ਪੁੱਤ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਜਦਕਿ ਲੜਕੇ ਦੀ ਮਾਂ ਗੰਭੀਰ ਜ਼ਖ਼ਮੀ ਹੋ ਗਈ। ਪਿਉ-ਪੁੱਤ ਦੀ ਪਛਾਣ ਐਡਵੋਕੇਟ ਕੁਲਵਿੰਦਰ ਸਿੰਘ ਹੰਸਪਾਲ ਤੇ ਸੁਖਵਿੰਦਰ ਸਿੰਘ ਵਜੋਂ ਹੋਈ ਜਦੋਂਕਿ ਕੁਲਵਿੰਦਰ ਸਿੰਘ ਦੀ ਪਤਨੀ ਬਲਵੀਰ ਕੌਰ ਗੰਭੀਰ ਜ਼ਖ਼ਮੀ ਹੋਣ ਕਾਰਨ ਹਸਪਤਾਲ ਵਿਚ ਜੇਰੇ ਇਲਾਜ ਹੈ। ਮ੍ਰਿਤਕ ਦੇ ਭਰਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਪਿਛਲੇ ਪੰਦਰਾਂ ਸਾਲਾਂ ਤੋਂ ਆਪਣੇ ਬੱਚਿਆਂ ਨਾਲ ਅਮਰੀਕਾ ਵਿਚ ਰਹਿ ਰਿਹਾ ਸੀ। ਕੁਲਵਿੰਦਰ ਸਿੰਘ ਤੇ ਬਲਵੀਰ ਕੌਰ ਆਪਣੇ ਲੜਕੇ ਦੀ ਡਾਕਟਰੀ ਦੀ ਡਿਗਰੀ ਹਾਸਲ ਕਰਨ ਦੀ ਖੁਸ਼ੀ ਵਿਚ ਜਸ਼ਨ ਮਨਾਉਣ ਲਈ ਆਪਣੀ ਕਾਰ ਵਿਚ ਪਾਰਟੀ 'ਤੇ ਜਾ ਰਹੇ ਸਨ ਜਦਕਿ ਕਿਸੇ ਹੋਰ ਦੀ ਕਾਰ ਦਾ ਟਾਇਰ ਫਟਣ ਕਾਰਨ ਉਨ੍ਹਾਂ ਦੀ ਗੱਡੀ ਵਿਚ ਆ ਵੱਜਿਆ ਤੇ ਉਨ੍ਹਾਂ ਦੀ ਕਾਰ ਪਲਟ ਗਈ। ਇਸ ਹਾਦਸੇ 'ਚ ਕੁਲਵਿੰਦਰ ਸਿੰਘ ਦੀ ਮੌਕੇ 'ਤੇ ਜਦਕਿ ਉਸ ਦੇ ਲੜਕੇ ਦੀ ਹਸਪਤਾਲ ਵਿਚ ਅਗਲੇ ਦਿਨ ਮੌਤ ਹੋ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਦਾਲੀਵਾਲ

# ਮੋਦੀ ਸਰਕਾਰ ਐਮ.ਐਸ.ਪੀ. ਸਣੇ ਹੋਰ ਕਿਸਾਨੀ ਮਸਲੇ ਨਬੇੜਨ ਦੇ ਰੌਂਅ 'ਚ?

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਲੈ ਕੇ ਬਣਾਈ ਗਈ ਉੱਚ ਪੱਧਰੀ ਕਮੇਟੀ ਹੁਣ ਆਪਣੀ ਡਰਾਫਟ ਰਿਪੋਰਟ ਨੂੰ ਅੰਤਿਮ ਛੋਹਾਂ ਦੇ ਰਹੀ ਹੈ। ਜੁਲਾਈ ਦੇ ਅਖੀਰ ਤੱਕ ਡਰਾਫਟ ਰਿਪੋਰਟ ਤਿਆਰ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਸੂਤਰਾਂ ਅਨੁਸਾਰ ਕੇਂਦਰ ਸਰਕਾਰ ਆਗਾਮੀ ਲੋਕ ਸਭਾ ਚੋਣਾਂ ਦਾ ਜ਼ਾਬਤਾ ਲੱਗਣ ਤੋਂ ਪਹਿਲਾਂ ਇਸ ਕਮੇਟੀ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੀ ਇੱਛੁਕ ਜਾਪਦੀ ਹੈ। ਹੁਣ ਤੱਕ ਕਮੇਟੀ ਦੀਆਂ ਹੋਈਆਂ ਮੀਟਿੰਗਾਂ ਵਿਚ ਵਿਚਾਰ ਚਰਚਾ ਦੇ ਦੌਰ ਹੀ ਚੱਲੇ ਹਨ। ਚੇਤੇ ਰਹੇ ਕਿ ਕੇਂਦਰੀ ਖੇਤੀ ਮੰਤਰਾਲੇ ਨੇ ਪਿਛਲੇ ਸਾਲ 12 ਜੁਲਾਈ ਨੂੰ ਸੰਜੇ ਅਗਰਵਾਲ ਦੀ ਅਗਵਾਈ ਹੇਠ 29 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ ਜਿਸ ਵੱਲੋਂ ਫਸਲਾਂ ਦੀ ਸਰਕਾਰੀ ਭਾਅ 'ਤੇ ਖਰੀਦ, ਕੁਦਰਤੀ ਖੇਤੀ ਤੇ ਖੇਤੀ ਵਿਭਿੰਨਤਾ ਦੇ ਮੁੱਦੇ ਵਿਚਾਰੇ ਜਾਣੇ ਸਨ। ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਕਮੇਟੀ ਦੀ ਸਰਗਰਮੀ ਤੇਜ਼ ਹੋਈ ਹੈ। ਉੱਚ ਪੱਧਰੀ ਕਮੇਟੀ ਤਹਿਤ ਅੱਗੇ ਪੰਜ ਸਬ ਗਰੁੱਪ ਬਣਾਏ ਗਏ ਸਨ ਜਿਨ੍ਹਾਂ ਵੱਖ-ਵੱਖ ਮਾਮਲਿਆਂ 'ਤੇ ਵਿਚਾਰ ਕਰਨਾ ਹੈ। ਇਨ੍ਹਾਂ ਵਿਚ ਐਮ.ਐਸ.ਪੀ. ਦਾ ਮਾਮਲਾ, ਕੁਦਰਤੀ ਖੇਤੀ, ਖੇਤੀ ਵਿਭਿੰਨਤਾ, ਖੇਤੀ ਮਾਰਕੀਟਿੰਗ ਅਤੇ ਬੁਨਿਆਦੀ ਢਾਂਚੇ ਬਾਰੇ ਸਬ ਗਰੁੱਪ ਸ਼ਾਮਲ ਹਨ। ਵੱਖ ਵੱਖ ਮਾਹਿਰਾਂ ਨੂੰ ਇਨ੍ਹਾਂ ਸਬ ਗਰੁੱਪਾਂ ਵਿਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਸਬ ਗਰੁੱਪਾਂ ਦੀਆਂ ਮੀਟਿੰਗਾਂ ਤੇਜ਼ੀ ਨਾਲ ਹੋਈਆਂ ਹਨ। ਮਈ 2019 ਵਿਚ ਜਦੋਂ ਲੋਕ ਸਭਾ ਚੋਣਾਂ ਹੋਈਆਂ ਸਨ ਤਾਂ ਉਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ' ਐਲਾਨੀ ਸੀ ਜਿਸ ਤਹਿਤ ਕਿਸਾਨਾਂ ਨੂੰ ਸਾਲਾਨਾ ਛੇ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਸੂਤਰਾਂ ਮੁਤਾਬਕ ਕਰਨਾਟਕ ਚੋਣਾਂ 'ਚ ਭਾਜਪਾ ਨੂੰ ਮਿਲੀ ਕਰਾਰੀ ਹਾਰ ਮਗਰੋਂ ਕੇਂਦਰੀ ਲੀਡਰਸ਼ਿਪ ਆਗਾਮੀ ਚੋਣਾਂ ਤੋਂ ਪਹਿਲਾਂ ਖੇਤੀ ਤੇ ਕਿਸਾਨੀ ਨੂੰ ਲੈ ਕੇ ਕੁਝ ਐਲਾਨ ਕਰਨ ਦੇ ਰੌਂਅ ਵਿਚ ਹੈ। ਹਰ ਸਬ ਗਰੁੱਪ ਵੱਲੋਂ ਜਲਦੀ ਹੀ ਆਪਣੀ ਰਿਪੋਰਟ ਮੁੱਖ ਕਮੇਟੀ ਨੂੰ ਦਿੱਤੀ ਜਾਵੇਗੀ। ਡਰਾਫਟ ਰਿਪੋਰਟ 'ਤੇ ਵਿਚਾਰ ਚਰਚਾ ਕਰਨ ਮਗਰੋਂ ਫਾਈਨਲ ਰਿਪੋਰਟ ਤਿਆਰੀ ਹੋਣੀ ਹੈ ਜੋ ਕੇਂਦਰ ਸਰਕਾਰ ਨੂੰ ਸੌਂਪੀ ਜਾਵੇਗੀ।

ਪਿਛਾਂਹ ਦੇਖੀਏ ਤਾਂ ਜਦੋਂ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਬਣਾਏ ਸਨ ਤਾਂ ਪੰਜਾਬ ਦੀ ਅਗਵਾਈ ਵਿਚ 26 ਨਵੰਬਰ, 2020 ਨੂੰ ਦਿੱਲੀ ਵਿਖੇ ਅੰਦੋਲਨ ਸ਼ੁਰੂ ਹੋਇਆ ਸੀ। ਸੰਯੁਕਤ ਕਿਸਾਨ ਮੋਰਚੇ ਨੇ ਇਸ ਅੰਦੋਲਨ ਦੀ ਅਗਵਾਈ ਕੀਤੀ ਸੀ।

ਆਖਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 19 ਨਵੰਬਰ, 2021 ਨੂੰ ਤਿੰਨੋਂ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ ਸੀ। ਉਸ ਵਕਤ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ਲਈ ਕਮੇਟੀ ਬਣਾਉਣ ਦੀ ਮੁੱਖ ਮੰਗ ਵੀ ਰੱਖੀ ਗਈ ਸੀ।



## ਸੰਯੁਕਤ ਕਿਸਾਨ ਮੋਰਚੇ ਨੂੰ ਨਿਆਂ ਦੀ ਕੋਈ ਉਮੀਦ ਨਹੀਂ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਉਨ੍ਹਾਂ ਦੀ ਮੰਗ ਸਰਕਾਰੀ ਖਰੀਦ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣ ਦੀ ਸੀ ਪਰ ਕੇਂਦਰ ਸਰਕਾਰ ਨੇ 29 ਮੈਂਬਰੀ ਕਮੇਟੀ ਵਿਚ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਵਜੋਂ ਵਿਚਾਰਨ ਤੋਂ ਪਾਸਾ ਹੀ ਵੱਟ ਲਿਆ ਜਿਸ ਦੇ ਰੋਸ ਵਜੋਂ ਮੋਰਚੇ ਨੇ ਇਸ ਕਮੇਟੀ ਵਿਚ ਸ਼ਮੂਲੀਅਤ ਨਹੀਂ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਸਰਕਾਰੀ ਕਮੇਟੀ ਹੈ ਤੇ ਕਾਰਪੋਰੇਟਾਂ ਦੇ ਪੱਖ ਵਿਚ ਭੁਗਤੇਗੀ ਜਿਸ ਤੋਂ ਕਿਸਾਨਾਂ ਨੂੰ ਕੋਈ ਵੀ ਨਿਆਂ ਹੋਣ ਦੀ ਉਮੀਦ ਨਹੀਂ ਹੈ। 29 ਮੈਂਬਰੀ ਕਮੇਟੀ ਦੇ 'ਟਰਮਜ਼ ਆਫ ਰੈਫਰੈਂਸ' ਵਿਚ ਕਿਧਰੇ ਵੀ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣ ਦੀ ਗੱਲ ਨਹੀਂ ਹੈ ਬਲਕਿ ਇਸ ਦੀ ਥਾਂ 'ਤੇ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਨੂੰ ਪ੍ਰਭਾਵੀ ਤੇ ਪਾਰਦਰਸ਼ੀ ਬਣਾਏ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਉੱਚ ਪੱਧਰੀ ਕਮੇਟੀ ਵਿਚ ਤਿੰਨ ਮੈਂਬਰ ਸੰਯੁਕਤ ਕਿਸਾਨ ਮੋਰਚੇ ਦੀ ਨੁਮਾਇੰਦਗੀ ਵਾਸਤੇ ਰਾਖਵੇਂ ਸਨ ਪਰ ਮੋਰਚੇ ਨੇ ਰੋਸ ਵਜੋਂ ਇਸ ਵਿਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

## ਇੰਡੋਨੇਸ਼ੀਆ 'ਚ ਫਾਂਸੀ ਦੀ ਸਜ਼ਾਯਾਫਤਾ ਨੌਜਵਾਨਾਂ ਦੀ ਮਦਦ ਕਰੇਗੀ ਸਰਕਾਰ

**ਅਜਨਾਲਾ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਇਥੇ ਇੰਡੋਨੇਸ਼ੀਆ ਵਿਚ ਕਤਲ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪਿੰਡ ਗੱਗੋਮਾਹਲ ਦੇ ਦੋ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇ। ਉਨ੍ਹਾਂ ਭਰੋਸਾ ਦਿੱਤਾ ਕਿ ਦੋਵੇਂ ਨੌਜਵਾਨਾਂ ਨੂੰ ਵਤਨ ਵਾਪਸ ਲਿਆਉਣ ਲਈ ਪੰਜਾਬ ਸਰਕਾਰ ਹਰ ਸੰਭਵ ਮਦਦ ਕਰੇਗੀ।

ਜਾਣਕਾਰੀ ਅਨੁਸਾਰ ਟਰੈਵਲ ਏਜੰਟ ਦੀ ਠੱਗੀ ਕਾਰਨ ਇੰਡੋਨੇਸ਼ੀਆ ਵਿਚ ਫਸੇ ਇਨ੍ਹਾਂ ਨੌਜਵਾਨਾਂ ਨੂੰ ਇਸ ਵੇਲੇ ਕਤਲ ਦੇ ਦੋਸ਼ ਹੇਠ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਸ੍ਰੀ ਧਾਲੀਵਾਲ ਨੇ ਪੀੜਤ ਪਰਿਵਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਵੇਰ ਤੋਂ ਹੀ ਇਸ ਮਾਮਲੇ ਦੇ ਪ੍ਰਿੰਸੀਪਲ ਸੈਕਟਰੀ ਜੇ.ਐਮ. ਬਾਲਾਮੁਰਗਨ (ਆਈ.ਏ.ਐਸ.) ਇੰਡੋਨੇਸ਼ੀਆ ਦੇ ਦੂਤ ਨਾਲ ਸੰਪਰਕ ਕਰ ਰਹੇ ਹਨ ਤੇ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲੈ ਕੇ ਇਨ੍ਹਾਂ ਨੌਜਵਾਨਾਂ ਨੂੰ ਵਾਪਸ ਵਤਨ ਲਿਆਂਦਾ ਜਾਵੇ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਠੱਗ ਟਰੈਵਲ ਏਜੰਟਾਂ ਕਾਰਨ ਦੋਵੇਂ ਨੌਜਵਾਨ ਇੰਡੋਨੇਸ਼ੀਆ ਵਿਚ ਫਸੇ ਹਨ, ਉਨ੍ਹਾਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜਿਹੜੇ ਵੀ ਏਜੰਟ ਅਜਿਹਾ ਮਨੁੱਖੀ ਤਸਕਰੀ ਦਾ ਧੰਦਾ ਕਰਦੇ ਹਨ, ਉਨ੍ਹਾਂ ਵਿਰੁਧ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਟੈਕਸ ਡਿਫਾਲਟਰਾਂ ਲਈ ਖਾਸ ਨੀਤੀ ਲਿਆਏਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਆਬਕਾਰੀ ਵਿਭਾਗ ਨੇ ਯਕਮੁਸ਼ਤ ਨਿਪਟਾਰਾ ਨੀਤੀ ਤਿਆਰ ਕਰ ਲਈ ਹੈ, ਜਿਸ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਵਾਨਗੀ ਮਿਲਣੀ ਬਾਕੀ ਹੈ। ਉਸ ਮਗਰੋਂ ਹੀ ਇਸ ਨੀਤੀ ਨੂੰ ਕੈਬਨਿਟ ਵਿਚ ਰੱਖਿਆ ਜਾਵੇਗਾ। ਇਸ ਨੀਤੀ ਨਾਲ ਵੈਟ ਅਤੇ ਕੇਂਦਰੀ ਸੇਲ ਟੈਕਸ ਦੇ 44 ਹਜ਼ਾਰ ਤੋਂ ਵੱਧ ਡਿਫਾਲਟਰਾਂ ਨੂੰ ਲਾਭ ਪੁੱਜੇਗਾ। ਪੰਜਾਬ ਸਰਕਾਰ ਨੇ ਇਨ੍ਹਾਂ 'ਚੋਂ 27 ਹਜ਼ਾਰ ਡਿਫਾਲਟਰਾਂ ਨੂੰ ਛੱਡਣ ਲਈ ਕੇਸ ਤਿਆਰ ਕੀਤੇ ਹਨ। ਇਨ੍ਹਾਂ 'ਚੋਂ ਕਾਫੀ ਉਹ ਹਨ ਜਿਨ੍ਹਾਂ ਵੱਲ ਪਿਛਲੇ ਕਈ ਵਰ੍ਹਿਆਂ ਤੋਂ ਬਹੁਤ ਘੱਟ ਰਕਮ ਬਕਾਇਆ ਹੈ।

ਪੰਜਾਬ ਸਰਕਾਰ ਵੱਡੇ ਡਿਫਾਲਟਰਾਂ ਤੋਂ ਟੈਕਸ ਵਸੂਲੀ ਲਈ ਜ਼ਿਆਦਾ ਧਿਆਨ ਕੇਂਦਰਿਤ ਕਰੇਗੀ। ਵੇਰਵਿਆਂ ਅਨੁਸਾਰ ਪੰਜਾਬ ਵੈਟ ਐਕਟ 2005 ਦੇ ਤਹਿਤ ਟੈਕਸ ਦਾ ਭੁਗਤਾਨ ਨਾ ਕਰਨ ਵਾਲੇ ਸਭ ਤੋਂ ਵੱਧ ਡਿਫਾਲਟਰ ਹਨ। ਇਨ੍ਹਾਂ 'ਚ 21,734 ਡਿਫਾਲਟਰਾਂ ਵੱਲ ਟੈਕਸ, ਵਿਆਜ ਤੇ ਜੁਰਮਾਨੇ ਵਜੋਂ 11810 ਕਰੋੜ ਦੇ ਬਕਾਏ ਖੜ੍ਹੇ ਹਨ। ਇਸੇ ਤਰ੍ਹਾਂ ਕੇਂਦਰੀ ਵਿਕਰੀ ਟੈਕਸ ਐਕਟ ਦੇ 19,026 ਡਿਫਾਲਟਰ ਹਨ ਜਿਨ੍ਹਾਂ ਵੱਲ 2573 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਖੜ੍ਹੀ ਹੈ। ਇਸ ਤੋਂ ਇਲਾਵਾ ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਤੇ ਰੈਗੂਲੇਸ਼ਨ) ਐਕਟ ਤਹਿਤ 1952 ਡਿਫਾਲਟਰ ਹਨ ਜਿਨ੍ਹਾਂ ਵੱਲ 690 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ। ਪੰਜਾਬ ਜਨਰਲ ਸੇਲਜ਼ ਟੈਕਸ ਐਕਟ ਦੇ 689 ਡਿਫਾਲਟਰਾਂ ਵੱਲ 297 ਕਰੋੜ ਦੇ ਬਕਾਏ ਖੜ੍ਹੇ ਹਨ। ਕੁੱਲ ਅੰਕੜਾ ਦੇਖੀਏ ਤਾਂ ਟੈਕਸ ਨਾ ਭਰਨ ਵਾਲੇ 44,313 ਵਿਅਕਤੀ ਹਨ ਜਿਨ੍ਹਾਂ ਵੱਲ 15,410 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ। ਜ਼ਿਆਦਾ ਬਕਾਏ ਜੀਐਸਟੀ ਲਾਗੂ ਹੋਣ ਤੋਂ ਪਹਿਲਾਂ ਦੇ ਹੀ ਹਨ।



ਪੰਜਾਬ ਸਰਕਾਰ ਵੱਲੋਂ ਯਕਮੁਸ਼ਤ ਨਿਪਟਾਰਾ ਨੀਤੀ ਬਣਾਉਣ ਲਈ ਇਕ ਕੈਬਨਿਟ ਸਬ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਦੀ ਅਗਵਾਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕਰ ਰਹੇ ਹਨ। ਕਮੇਟੀ ਵਿਚ ਹਰਜੋਤ ਬੈਂਸ ਅਤੇ ਗੁਰਮੀਤ ਸਿੰਘ ਮੀਤ ਹੇਅਰ ਵੀ ਸ਼ਾਮਿਲ ਹਨ। ਸੂਤਰਾਂ ਅਨੁਸਾਰ ਇਸ ਸਬ ਕਮੇਟੀ ਨੇ ਯਕਮੁਸ਼ਤ ਨਿਪਟਾਰਾ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਇਸ ਨੀਤੀ ਵਿਚ ਵੱਡੀਆਂ ਰਕਮਾਂ 'ਤੇ ਫੋਕਸ ਕੀਤਾ ਗਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਇਸ ਨੀਤੀ ਦੇ ਖਰੜੇ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਅਤੇ ਜਲਦ ਇਸ ਨੂੰ ਕੈਬਨਿਟ ਵਿਚ ਰੱਖਿਆ ਜਾਵੇਗਾ।

# ਪੰਜਾਬ ਰੋਡਵੇਜ਼ ਦੀ ਪੁਰਾਣੀ ਸ਼ਾਨ ਬਹਾਲ ਹੋਵੇਗੀ

**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਵਿਭਾਗ ਦੀ ਰੀੜ੍ਹ ਦੀ ਹੱਡੀ ਪੰਜਾਬ ਰੋਡਵੇਜ਼ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਨਬੱਸ ਦੀਆਂ ਕਰਜ਼ਾ-ਮੁਕਤ ਬੱਸਾਂ ਨੂੰ ਪੰਜਾਬ ਰੋਡਵੇਜ਼ ਵਿਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ।

ਪਨਬੱਸ ਦੀਆਂ ਤਕਰੀਬਨ 587 ਬੱਸਾਂ ਦੇ ਰਲੇਵੇਂ ਮਗਰੋਂ ਪੰਜਾਬ ਰੋਡਵੇਜ਼ ਦੇ ਬੇੜੇ ਵਿਚ ਬੱਸਾਂ ਦੀ ਗਿਣਤੀ 790 ਹੋ ਜਾਵੇਗੀ। ਕੈਬਨਿਟ ਸਬ ਕਮੇਟੀ, ਜਿਸ ਵਿਚ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਰੁਜ਼ਗਾਰ ਉਤਪਤੀ ਮੰਤਰੀ ਅਮਨ ਅਰੋੜਾ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਸ਼ਾਮਲ ਹਨ, ਨੇ ਟਰਾਂਸਪੋਰਟ ਵਿਭਾਗ ਨੂੰ ਪੰਜਾਬ ਰੋਡਵੇਜ਼ ਵਿਚ ਪਨਬੱਸ ਦੀਆਂ ਕਰਜ਼ਾ-ਮੁਕਤ ਬੱਸਾਂ ਦੇ ਰਲੇਵੇਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਕਿਹਾ। ਇਥੇ ਪੰਜਾਬ ਭਵਨ ਵਿਖੇ ਪੰਜਾਬ ਰੋਡਵੇਜ਼/ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਸਬ ਕਮੇਟੀ ਨੇ ਨਿਰਦੇਸ਼ ਦਿੱਤੇ ਕਿ ਸਾਰੀਆਂ ਸਰਕਾਰੀ ਬੱਸਾਂ ਦਾ ਆਪਣੇ ਨਿਰਧਾਰਤ ਬੱਸ ਸਟਾਪਾਂ ਉਤੇ ਰੁਕਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਯਾਤਰੀਆਂ ਖਾਸ ਕਰਕੇ ਮਹਿਲਾਵਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਪੰਜਾਬ ਰੋਡਵੇਜ਼/ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਦੀਆਂ ਮੰਗਾਂ ਉਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਕੈਬਨਿਟ ਮੰਤਰੀਆਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਸਰਕਾਰ ਦੇ ਵਿਚਾਰ ਅਧੀਨ ਹਨ ਅਤੇ ਇਸ ਸਬੰਧੀ ਜਲਦੀ ਕੋਈ ਫੈਸਲਾ ਲਿਆ ਜਾਵੇਗਾ।




## ਸਿੱਧੂ ਮੂਸੇਵਾਲਾ ਦਾ ਹੋਲੋਗ੍ਰਾਮ ਜਲਦੀ ਤਿਆਰ ਹੋਵੇਗਾ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਨੇ ਕਿਹਾ ਕਿ ਉਹ ਆਪਣੇ ਪੁੱਤ ਦੇ 29 ਮਈ ਦੇ ਬਰਸੀ ਸਮਾਗਮ ਲਈ ਕੁਝ ਵੱਖਰਾ ਕਰਨ ਦਾ ਯਤਨ ਕਰਨਗੇ। ਉਨ੍ਹਾਂ ਦੱਸਿਆ ਕਿ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੀ ਯਾਦ ਨੂੰ ਸਮਰਪਿਤ ਰੱਖੇ ਬਰਸੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਵਿਦੇਸ਼ ਗਏ ਹੋਏ ਹਨ ਅਤੇ ਮੂਸੇਵਾਲਾ ਦੇ ਹੋਲੋਗ੍ਰਾਮ ਪ੍ਰੋਗਰਾਮ ਵੀ ਜਲਦ ਰਿਲੀਜ਼ ਹੋਣਗੇ। ਉਨ੍ਹਾਂ ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕੀਤਾ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਆਪਣੀ ਤਕਰੀਰ ਦੌਰਾਨ ਸੋਸ਼ਲ ਮੀਡੀਆ 'ਤੇ ਸਿੱਧੂ ਮੂਸੇਵਾਲਾ ਦੇ ਖ਼ਿਲਾਫ਼ ਬੋਲਣ ਵਾਲੇ ਲੋਕਾਂ ਨੂੰ ਨਸੀਹਤ ਵੀ ਦਿੱਤੀ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਪੰਜਾਬ ਸਰਕਾਰ ਤੋਂ ਇਨਸਾਫ ਦੀ ਕੋਈ ਉਮੀਦ ਨਹੀਂ ਹੈ।

# ਕੇਂਦਰ ਦੇ ਨੌਂ ਸਾਲ ਪੂਰੇ ਹੋਣ 'ਤੇ 'ਮਹਾਂ ਜਨ ਸੰਪਰਕ ਅਭਿਆਨ' ਚਲਾਏਗੀ ਭਾਜਪਾ

**ਸੰਗਰੂਰ:** ਭਾਰਤੀ ਜਨਤਾ ਪਾਰਟੀ ਦੀ ਸੂਬਾ ਕਾਰਜਕਾਰਨੀ ਦੀ ਇਕ ਰੋਜ਼ਾ ਅਹਿਮ ਮੀਟਿੰਗ ਇਥੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੂਬਾ ਸਹਿ ਇੰਚਾਰਜ ਡਾ. ਨਰੇਂਦਰ ਰਾਣਾ, ਸੰਗਠਨ ਮਹਾਂਮੰਤਰੀ ਨਿਵਾਸਲੂ, ਭਾਜਪਾ ਹਰਿਆਣਾ ਦੇ ਸਾਬਕਾ ਪ੍ਰਧਾਨ ਸੁਭਾਸ਼ ਬਰਾਲਾ, ਭਾਜਪਾ ਦੇ ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ, ਰਾਜੇਸ਼ ਬਾਘਾ, ਮੋਨਾ ਜੈਸਵਾਲ, ਗੁਰਪ੍ਰੀਤ ਸਿੰਘ ਕਾਂਗੜ, ਅਰਵਿੰਦ ਖੰਨਾ, ਕੇਵਲ ਸਿੰਘ ਢਿੱਲੋਂ ਅਤੇ ਜ਼ਿਲ੍ਹਾ ਪ੍ਰਧਾਨ ਰਣਦੀਪ ਸਿੰਘ ਦਿਉਲ ਸ਼ਾਮਲ ਹੋਏ।

ਭਾਜਪਾ ਦੇ ਬੁਲਾਰੇ ਅਨਿਲ ਸਰੀਨ ਨੇ ਦੱਸਿਆ ਕਿ ਕੇਂਦਰ ਵਿਚ ਭਾਜਪਾ ਸਰਕਾਰ ਦੇ 9 ਸਾਲ ਪੂਰੇ ਹੋਣ ਜਾ ਰਹੇ ਹਨ। ਇਸ ਸਬੰਧੀ 9 ਸਾਲਾਂ ਦਾ ਰਿਪੋਰਟ ਕਾਰਡ ਲੈ ਕੇ ਲੋਕਾਂ ਕੋਲ ਜਾਵਾਂਗੇ। ਇਸ ਸਬੰਧ ਵਿਚ ਭਾਜਪਾ ਵੱਲੋਂ 30 ਮਈ ਤੋਂ 30 ਜੂਨ ਤੱਕ ਪੂਰੇ ਦੇਸ਼ ਵਿਚ 'ਮਹਾਂ ਜਨ ਸੰਪਰਕ ਅਭਿਆਨ' ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਵਿਚ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ।

ਸੂਬਾ ਕਾਰਜਕਾਰਨੀ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ ਭਾਜਪਾ ਦਾ ਵੋਟ ਪ੍ਰਤੀਸ਼ਤ 2022 ਦੀਆਂ ਵਿਧਾਨ ਸਭਾ ਚੋਣਾਂ ਨਾਲੋਂ 4 ਪ੍ਰਤੀਸ਼ਤ ਵਧਣਾ ਇਕ ਚੰਗਾ ਸੰਕੇਤ ਦੱਸਿਆ ਹੈ। ਵਿਧਾਨ ਸਭਾ ਚੋਣਾਂ 'ਚ ਜਲੰਧਰ ਦੇ 9 ਹਲਕਿਆਂ 'ਚੋਂ ਭਾਜਪਾ ਗੱਠਜੋੜ ਨੂੰ ਕਰੀਬ 11 ਫੀਸਦੀ ਵੋਟਾਂ ਮਿਲੀਆਂ ਸਨ ਜਦਕਿ ਜਲੰਧਰ ਜ਼ਿਮਨੀ ਚੋਣ 'ਚ 15.2 ਫੀਸਦੀ ਵੋਟ ਮਿਲੀਆਂ ਹਨ। ਉਨ੍ਹਾਂ ਜ਼ਿਮਨੀ ਚੋਣ ਵਿਚ 'ਆਪ' ਵੱਲੋਂ ਧੱਕੇਸ਼ਾਹੀ ਕਰਨ ਦੀ ਨਿਖੇਧੀ ਕੀਤੀ। ਬੁਲਾਰਿਆਂ ਵੱਲੋਂ ਪੰਜਾਬ ਵਿਚ ਨਗਰ ਨਿਗਮਾਂ, ਨਗਰ ਪਰਿਸ਼ਦਾਂ ਅਤੇ ਨਗਰ ਪੰਚਾਇਤਾਂ ਦੀਆਂ ਕਈ ਮਹੀਨਿਆਂ ਤੋਂ ਪੈਂਡਿੰਗ ਚੋਣਾਂ ਨਾ ਕਰਵਾਉਣ ਦਾ ਦੋਸ਼ ਲਾਉਂਦਿਆਂ ਪੰਜਾਬ ਸਰਕਾਰ 'ਤੇ ਸਵਾਲ ਉਠਾਏ ਗਏ। ਸੂਬਾ ਕਾਰਜਕਾਰਨੀ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਲੰਘੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਦੇ ਰਸਤੇ 'ਤੇ ਹੋਏ ਵੱਖ-ਵੱਖ ਤਿੰਨ ਧਮਾਕਿਆਂ ਨੂੰ ਮੰਦਭਾਗਾ ਅਤੇ ਚਿੰਤਾਜਨਕ ਕਰਾਰ ਦਿੰਦਿਆਂ ਕਿਹਾ ਕਿ ਭਾਵੇਂ ਪੰਜਾਬ ਪੁਲਿਸ ਵਲੋਂ ਘਟਨਾ ਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਇਸ ਪਿੱਛੇ ਦੀ ਗਹਿਰੀ ਸਾਜ਼ਿਸ਼ ਦਾ ਪਰਦਾਫਾਸ਼ ਹੋਣਾ ਵੀ ਬਹੁਤ ਜ਼ਰੂਰੀ ਹੈ।

ਭਾਜਪਾ ਨੇ ਮੰਗ ਕੀਤੀ ਕਿ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ। ਕਾਰਜਕਾਰਨੀ ਵਲੋਂ ਪਿਛਲੇ ਕੁਝ ਮਹੀਨਿਆਂ ਦੌਰਾਨ ਬੇਅਦਬੀ ਦੀਆਂ ਵਾਪਰ ਰਹੀਆਂ ਘਟਨਾਵਾਂ 'ਤੇ ਗਹਿਰਾ ਦੁੱਖ ਅਤੇ ਚਿੰਤਾ ਪ੍ਰਗਟ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੀ ਕੁੰਭਕਰਨੀ ਨੀਂਦ ਤੋਂ ਜਾਗਣ ਅਤੇ ਸੂਬੇ ਵਿਚ ਕਾਨੂੰਨ ਦਾ ਰਾਜ ਸਥਾਪਿਤ ਕਰਨ।



# ਜ਼ੀਰਾ ਸ਼ਰਾਬ ਫੈਕਟਰੀ ਨੇ ਘੋਲਿਆ ਪਾਣੀਆਂ ਵਿਚ ਜ਼ਹਿਰ

## ਨੇੜਲੇ ਪਿੰਡਾਂ ਦੇ ਪਾਣੀ ‘ਚ ਸਾਇਨਾਈਡ ਹੋਣ ਦੇ ਸਬੂਤ ਮਿਲੇ

**ਫ਼ਿਰੋਜ਼ਪੁਰ:** ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਨੇ ਜ਼ੀਰਾ ਦੇ ਪਿੰਡ ਮਨਸੂਰਵਾਲ ਕਲਾਂ ਵਿਚ ਲੱਗੀ ਮਾਲਬਰੋਜ਼ ਸ਼ਰਾਬ ਫੈਕਟਰੀ ਖ਼ਿਲਾਫ਼ ਪ੍ਰਦੂਸ਼ਣ ਫੈਲਾਉਣ ਦਾ ਦੋਸ਼ ਲਾ ਰਹੇ ਇਲਾਕਾ ਵਾਸੀਆਂ ਦੇ ਖਦਸ਼ੇ ‘ਤੇ ਮੋਹਰ ਲਾ ਦਿੱਤੀ ਹੈ। ਫੈਕਟਰੀ ਤੋਂ ਇਕ ਕਿਲੋਮੀਟਰ ਦੀ ਦੂਰੀ ‘ਤੇ ਪੈਂਦੇ ਪਿੰਡ ਰਟੌਲ ਰੋਹੀ ਦੀ ਜਮੀਨ ਹੇਠਲੇ ਪਾਣੀ ਵਿਚ ਸਾਇਨਾਈਡ ਹੋਣ ਦੇ ਸਬੂਤ ਮਿਲੇ ਹਨ।

ਮਨਸੂਰਵਾਲ ਕਲਾਂ ਵਿਚ ਦਸ ਮਹੀਨਿਆਂ ਤੋਂ ਪ੍ਰਦਰਸ਼ਨ ਕਰ ਰਹੇ ਇਲਾਕਾ ਵਾਸੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਨੂੰ ਹੁਣ ਬੂਰ ਪੈਂਦਾ ਨਜ਼ਰ ਆਉਣ ਲੱਗ ਪਿਆ ਹੈ। ਜਾਂਚ ਅਧਿਕਾਰੀਆਂ ਦੀ ਰਿਪੋਰਟ ਨੇ ਫੈਕਟਰੀ ਨੂੰ ਪੱਕੇ ਤੌਰ ‘ਤੇ ਬੰਦ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ 17 ਮਈ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਸੱਤ ਬਿੰਦੂਆਂ ‘ਤੇ ਧਿਆਨ ਕੇਂਦਰਿਤ ਕਰਕੇ 45 ਦਿਨਾਂ ਦੇ ਅੰਦਰ ਕਾਰਵਾਈ ਰਿਪੋਰਟ ਮੰਗੀ



ਹੈ। ਦੂਜੇ ਪਾਸੇ ਸਾਂਝੇ ਮੋਰਚਾ ਦੀ ਅਗਵਾਈ ਹੇਠ ਫੈਕਟਰੀ ਦੇ ਬਾਹਰ ਲੱਗਾ ਧਰਨਾ ਅਜੇ ਵੀ ਜਾਰੀ ਹੈ ਤੇ ਪ੍ਰਦਰਸ਼ਨਕਾਰੀ ਇਸ ਨੂੰ ਮੁਕੰਮਲ ਬੰਦ ਕਰਨ ਲਈ ਪੰਜਾਬ ਸਰਕਾਰ ਪਾਸੋਂ ਲਿਖਤੀ ਹੁਕਮ ਜਾਰੀ ਕਰਨ ਦੀ ਮੰਗ ਕਰ ਰਹੇ ਹਨ। ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੂੰ ਸੌਂਪੀ ਰਿਪੋਰਟ ਵਿਚ ਸੀ.ਪੀ.ਸੀ.ਬੀ. ਨੇ ਸੰਕੇਤ ਦਿੱਤਾ ਹੈ ਕਿ ਜ਼ੀਰਾ ਈਥਾਨੌਲ ਪਲਾਂਟ ਅੰਦਰ ਤੇ ਉਸ ਦੇ ਆਲੇ ਦੁਆਲੇ ਤੋਂ ਲਏ ਗਏ ਪਾਣੀ ਦੇ 29 ਨਮੂਨਿਆਂ ਵਿਚੋਂ ਕੋਈ ਵੀ ਪਾਣੀ ਮਨੁੱਖਾਂ ਦੇ ਪੀਣਯੋਗ ਨਹੀਂ ਹੈ।

ਜਾਂਚ ਦੌਰਾਨ ਇਸ ਦੇ ਇੱਕ ਦਰਜਨ ਬੋਰਾਂ ਵਿਚੋਂ ਬਦਬੂਦਾਰ ਪਾਣੀ ਜਦਕਿ ਪੰਜਾਂ ਵਿਚੋਂ ਗਰੇਅ ਰੰਗ ਦਾ ਪਾਣੀ ਮਿਲਿਆ ਹੋਣ ਦੀ ਪ੍ਰਸ਼ਟੀ ਹੋਈ। ਪਾਣੀ ਵਿਚ ਭਾਰੇ ਰਸਾਇਣਿਕ ਤੱਤ ਵੀ ਵੱਡੀ ਮਾਤਰਾ ਵਿਚ ਮੌਜੂਦ ਪਾਏ ਗਏ ਹਨ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਸਬੰਧਤ ਅਧਿਕਾਰੀਆਂ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਈਥਾਨੌਲ ਪਲਾਂਟ ਦੇ ਅੰਦਰ ਦਸ ਬੋਰਵੈੱਲ ਅਤੇ ਛੇ ਪੀਜ਼ੋਮੀਟਰ ਸਥਾਪਤ ਕੀਤੇ ਗਏ ਸਨ। ਸੀ.ਪੀ.ਸੀ.ਬੀ. ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਫੈਕਟਰੀ ਪ੍ਰਬੰਧਕਾਂ ਨੇ ਫੈਕਟਰੀ ਅੰਦਰ 25 ਡੂੰਘੇ ਬੋਰਵੈੱਲਾਂ ਨੂੰ ਜ਼ਹਿਰੀਲੇ ਪਾਣੀ ਨਾਲ ਭਰ ਦਿੱਤਾ ਸੀ, ਜਿਸ ਕਾਰਨ ਪੰਦਰਾਂ ਕਿਲੋਮੀਟਰ ਦੇ ਦਾਇਰੇ ਵਿਚ ਪਾਣੀ ਪ੍ਰਦੂਸ਼ਿਤ ਹੋ ਗਿਆ ਜਿਸ ਨਾਲ ਲੋਕਾਂ ਨੂੰ ਪੀਣ ਵਾਲੇ ਪਾਣੀ ਅਤੇ ਸਿੰਚਾਈ ਵਾਸਤੇ ਪਾਣੀ ਵਰਤਣ ਵਿੱਚ ਦਿੱਕਤ ਖੜ੍ਹੀ ਹੋ ਗਈ।

## ਦੋ ਮਾਸੂਮ ਪੁੱਤਰਾਂ ਨੂੰ ਜ਼ਹਿਰ ਦਿੱਤੀ, ਇਕ ਦੀ ਮੌਤ




**ਰੂਪਨਗਰ:** ਪਿੰਡ ਪਥਰੇੜੀ ਰਾਜਪੂਤਾਂ ‘ਚ ਰਹਿੰਦੇ ਬਿੰਦਰ ਸਿੰਘ ਨਾਂ ਦੇ ਵਿਅਕਤੀ ਨੇ ਆਪਣੇ ਦੋ ਮਾਸੂਮ ਪੁੱਤਰਾਂ ਨੂੰ ਜ਼ਹਿਰ ਪਿਆ ਦਿੱਤੀ, ਜਿਸ ਕਾਰਨ ਇਕ ਬੱਚੇ ਦੀ ਮੌਤ ਹੋ ਗਈ ਤੇ ਦੂਜਾ ਇਸ ਵੇਲੇ ਜੇਰੇ ਇਲਾਜ ਹੈ। ਐਸ.ਐਸ.ਓ. ਹਰਪ੍ਰੀਤ ਸਿੰਘ ਮਾਹਲ ਨੇ ਦੱਸਿਆ ਕਿ ਮੁਲਜ਼ਮ ਦੇ ਭਰਾ ਧਰਮਪਾਲ ਸਿੰਘ ਅਨੁਸਾਰ ਜਦੋਂ ਉਹ ਕੰਮ ਤੋਂ ਘਰ ਪਰਤਿਆ ਤਾਂ ਉਸ ਦੇ ਭਤੀਜੇ ਗੁਰਤੇਜ ਸਿੰਘ (7) ਤੇ ਯੁਵਰਾਜ ਸਿੰਘ (5) ਦੌੜਦੇ ਹੋਏ ਉਸ ਕੋਲ ਆਏ ਤੇ ਦੱਸਿਆ ਕਿ ਬਿੰਦਰ ਸਿੰਘ ਨੇ ਪਾਣੀ ਵਿਚ ਮਿਲਾ ਕੇ ਉਨ੍ਹਾਂ ਨੂੰ ਜ਼ਹਿਰ ਪਿਲਾ ਦਿੱਤੀ ਹੈ। ਬੱਚਿਆਂ ਨੂੰ ਪਹਿਲਾਂ ਸੈਕਟਰ-16 ਚੰਡੀਗੜ੍ਹ ਤੇ ਬਾਅਦ ਵਿਚ ਪੀ.ਜੀ.ਆਈ. ਰੈਫਰ ਕੀਤਾ ਗਿਆ ਜਿੱਥੇ ਗੁਰਤੇਜ ਸਿੰਘ ਦੀ ਮੌਤ ਹੋ ਗਈ, ਜਦਕਿ ਯੁਵਰਾਜ ਸਿੰਘ ਜੇਰੇ ਇਲਾਜ ਹੈ।

# ਪਰਲਜ਼ ਧੋਖਾਧੜੀ: ਪੰਜਾਬ ਸਰਕਾਰ ਨੇ ਵਿਜੀਲੈਂਸ ਹਵਾਲੇ ਕੀਤੀ ਜਾਂਚ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਲ ਗਰੁੱਪ ਦੀ ਕਰੋੜਾਂ ਰੁਪਏ ਦੀ ਧੋਖਾਧੜੀ ਦੀ ਜਾਂਚ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ ਹੈ। ਨਵੇਂ ਹੁਕਮਾਂ ਅਨੁਸਾਰ ਫ਼ਿਰੋਜ਼ਪੁਰ ਦੇ ਜ਼ੀਰਾ ਥਾਣੇ ਵਿਚ ਪਰਲ ਗਰੁੱਪ ਦੇ ਘਪਲੇ ਦੇ ਸਬੰਧ ਵਿਚ ਸਾਲ 2020 ਵਿਚ ਦਰਜ ਐਫ.ਆਈ.ਆਰ. ਨੰਬਰ 79 ਅਤੇ ਸਾਲ 2023 ਵਿਚ ਮੁਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿਚ ਦਰਜ ਐਫ.ਆਈ.ਆਰ. ਨੰਬਰ ਇਕ ਦੀ ਜਾਂਚ ਹੁਣ ਵਿਜੀਲੈਂਸ ਨੂੰ ਟਰਾਂਸਫ਼ਰ ਕਰ ਦਿੱਤੀ ਗਈ ਹੈ। ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਇਸ ਦੀ ਪੜਤਾਲ ਕਰੇਗੀ।

ਮੁੱਖ ਮੰਤਰੀ ਭਗਵੰਤ ਮਾਨ ਪਰਲ ਗਰੁੱਪ



ਦੀ ਧੋਖਾਧੜੀ ਮਾਮਲੇ ਦੀ ਪੜਤਾਲ ਕਿਸੇ ਤਣ ਪੱਤਣ ਲਾ ਕੇ ਇਸ ਗਰੁੱਪ ਤੋਂ ਪੀੜਤ ਨਿਵੇਸ਼ਕਾਂ ਦੀ ਰਾਸ਼ੀ ਵਾਪਸ ਕਰਾਉਣ ਦੇ ਇੱਛੁਕ ਹਨ ਅਤੇ ਉਹ ਕਈ ਵਾਰ ਟਵੀਟ ਕਰਕੇ ਨਿਵੇਸ਼ਕਾਂ ਨਾਲ ਵਾਅਦਾ ਵੀ ਕਰ ਚੁੱਕੇ ਹਨ। ਜਾਣਕਾਰੀ ਅਨੁਸਾਰ ਸਰਕਾਰ ਨੇ ਗੁੰਝਲਦਾਰ ਆਰਥਿਕ ਅਪਰਾਧ ਹੋਣ ਕਰਕੇ ਇਸ ਦੀ ਜਾਂਚ ਵਿਜੀਲੈਂਸ ਨੂੰ ਸੌਂਪੀ ਹੈ। ਮੁੱਖ ਮੰਤਰੀ ਇਹ ਵੀ ਚਾਹੁੰਦੇ ਹਨ ਕਿ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣੀਆਂ ਕਮੇਟੀਆਂ ਪਰਲ ਗਰੁੱਪ ਦੀਆਂ ਜਾਇਦਾਦਾਂ ਨੂੰ ਨਿਲਾਮ ਕਰਕੇ ਨਿਵੇਸ਼ਕਾਂ ਨੂੰ ਪੈਸੇ ਵਾਪਸ ਕਰਨ ਪਰ ਇਸ ਦੇ ਅੱਗੇ ਕਾਫੀ ਕਾਨੂੰਨੀ ਅੜਚਣਾਂ ਵੀ ਹਨ। ਸਰਕਾਰ ਨੇ ਕਿਹਾ ਹੈ ਕਿ ਇਸ ਘੁਟਾਲੇ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਨਿਵੇਸ਼ਕਾਂ ਦੇ ਪੈਸੇ ਵਾਪਸ ਕਰਾਉਣ ਦੇ ਯਤਨ ਕੀਤੇ ਜਾਣਗੇ।

## ਥਾਣੇਦਾਰ ਦੇ ਘਰੋਂ ਸੋਨਾ ਤੇ ਲੱਖਾਂ ਦੀ ਨਗਦੀ ਚੋਰੀ

**ਪੱਟੀ:** ਕਸਬਾ ਹਰੀਕੇ ਪੱਤਣ ‘ਚ ਥਾਣੇਦਾਰ ਨਛੱਤਰ ਸਿੰਘ ਦੇ ਘਰੋਂ ਚੋਰਾਂ ਨੇ 26 ਤੋਲੇ ਸੋਨਾ ਤੇ ਦੋ ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ ਹੈ। ਜ਼ਿਲ੍ਹਾ ਪਟਿਆਲਾ ਵਿਚ ਤਾਇਨਾਤ ਥਾਣੇਦਾਰ ਨਛੱਤਰ ਸਿੰਘ ਦੇ ਪੁੱਤਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਰਾਤ ਚੋਰਾਂ ਨੇ ਉਸ ਦੇ ਘਰ ਦੇ ਦਰਵਾਜੇ ਤੋੜ ਕੇ ਚੋਰੀ ਕੀਤੀ। ਇਸ ਵਾਰਦਾਤ ਤੋਂ ਇਕ ਹਫ਼ਤਾ ਪਹਿਲਾਂ ਦਿਨ ਦਿਹਾੜੇ ਇਕ ਘਰ ਅੰਦਰੋਂ 85 ਤੋਲੇ ਸੋਨਾ, 13 ਲੱਖ ਰੁਪਏ ਦੀ ਨਗਦੀ ਤੇ ਲਾਇਸੈਂਸੀ ਪਿਸਤੌਲ ਚੋਰੀ ਕਰਨ ਵਾਲੇ ਵਿਅਕਤੀ ਦੀ ਵੀਡੀਓ ਵੀ ਨਸ਼ਰ ਹੋ ਚੁੱਕੀ ਹੈ। ਇਨ੍ਹਾਂ ਵਾਰਦਾਤਾਂ ਤੋਂ ਇਲਾਵਾ ਕਸਬਾ ਹਰੀਕੇ ਅੰਦਰ ਰਾਹਗੀਰਾਂ ਤੋਂ ਦਿਨ ਦਿਹਾੜੇ ਹਥਿਆਰਾਂ ਦੀ ਨੋਕ ‘ਤੇ ਪਿਛਲੇ 13 ਦਿਨਾਂ ਦੌਰਾਨ 12 ਲੁੱਟ ਖੋਹ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ ਜਿਸ ਕਾਰਨ ਇਲਾਕਾ ਵਾਸੀਆਂ ਵਿਚ ਦਹਿਸ਼ਤ ਫੈਲ ਗਈ ਹੈ। ਕਸਬਾ ਹਰੀਕੇ ਤੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਵਰਨ ਸਿੰਘ ਖਹਿਰਾ ਨੇ ਕਿਹਾ ਕਿ ਇਲਾਕੇ ਅੰਦਰ ਰੋਜ਼ਾਨਾ ਲੁੱਟ ਖੋਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ ਪੁਲਿਸ ਇਨ੍ਹਾਂ ਚੋਰਾਂ ਨੂੰ ਕਾਬੂ ਕਰਨ ਵਿਚ ਨਾਕਾਮ ਰਹੀ ਹੈ।

## ਈਸਾਈਆਂ ਤੇ ਨਿਹੰਗ ਸਿੰਘਾਂ ਦਰਮਿਆਨ ਤਕਰਾਰ

**ਜੰਡਿਆਲਾ ਗੁਰੂ:** ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇਅ ‘ਤੇ ਸਥਿਤ ਪਿੰਡ ਰਾਜੇਵਾਲ ਨੇੜੇ ਈਸਾਈ ਧਰਮ ਦੇ ਪ੍ਰਚਾਰ ਦੌਰਾਨ ਈਸਾਈ ਭਾਈਚਾਰੇ ਅਤੇ ਨਿਹੰਗ ਸਿੰਘਾਂ ਦਰਮਿਆਨ ਤਕਰਾਰ ਹੋ ਗਈ। ਇਸ ਦੌਰਾਨ ਮਾਹੌਲ ਉਦੋਂ ਤਣਾਅਪੂਰਨ ਹੋ ਗਿਆ ਜਦੋਂ ਈਸਾਈ ਭਾਈਚਾਰੇ ਦੇ ਲੋਕਾਂ ਨੇ ਮਾਨਾਂਵਾਲਾ-ਤਰਨ ਤਾਰਨ ਰੋਡ ‘ਤੇ ਆਵਾਜਾਈ ਰੋਕ ਕੇ ਵਾਹਨਾਂ ਦੀ ਭੰਨਤੋੜ ਕੀਤੀ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਵੱਡੀ ਗਿਣਤੀ ਵਿਚ ਪੁਲਿਸ ਸਥਿਤੀ ‘ਤੇ ਕਾਬੂ ਪਾਉਣ ਲਈ ਪਹੁੰਚੀ। ਜਾਣਕਾਰੀ ਅਨੁਸਾਰ ਈਸਾਈ ਭਾਈਚਾਰੇ ਵੱਲੋਂ ਪਿੰਡ ਰਾਜੇਵਾਲ ਨੇੜੇ ਸਥਿਤ ਸੁਖਪਾਲ ਰਾਣਾ ਮਨਿਸਟਰੀਜ ਚਰਚ ਵਿਚ ਆਪਣਾ ਧਰਮ ਪ੍ਰਚਾਰ ਕੀਤਾ ਜਾ ਰਿਹਾ ਸੀ ਅਤੇ ਇਸ ਦੌਰਾਨ ਉਥੇ ਕੁਝ ਨਿਹੰਗ ਸਿੰਘ ਆਏ ਪਰ ਉਨ੍ਹਾਂ ਨੇ ਚਰਚ ਵਿਚ ਸਿੰਘਾਂ ਦੇ ਜਾਣ ‘ਤੇ ਇਤਰਾਜ਼ ਕਰਦਿਆਂ ਉਨ੍ਹਾਂ ਨੂੰ ਰੋਕਿਆ ਜਿਸ ਤੋਂ ਬਾਅਦ ਦੋਵਾਂ ਭਾਈਚਾਰਿਆਂ ਦੇ ਲੋਕਾਂ ਵਿਚ ਤਕਰਾਰ ਹੋ ਗਿਆ। ਚਰਚ ਵਿਚ ਈਸਾਈ ਭਾਈਚਾਰੇ ਦੇ ਲੋਕਾਂ ਦੀ ਗਿਣਤੀ ਵੱਧ ਹੋਣ ਕਰਕੇ ਨਿਹੰਗ ਸਿੰਘ ਮੌਕੇ ਤੋਂ ਚਲੇ ਗਏ। ਇਸ ਦੌਰਾਨ ਈਸਾਈ ਭਾਈਚਾਰੇ ਦੇ ਲੋਕਾਂ ਵੱਲੋਂ ਨਿਹੰਗ ਸਿੰਘਾਂ ਉੱਪਰ ਹਮਲਾ ਕਰ ਦਿੱਤਾ ਗਿਆ ਅਤੇ ਇਸ ਦੌਰਾਨ ਦੋਵਾਂ ਧਿਰਾਂ ਵੱਲੋਂ ਇਕ-ਦੂਜੇ ਦੀਆਂ ਗੱਡੀਆਂ ਦੀ ਭੰਨ-ਤੋੜ ਕੀਤੀ ਗਈ। ਨਿਹੰਗ ਸਿੰਘਾਂ ਦੇ ਜਾਣ ਤੋਂ ਬਾਅਦ ਈਸਾਈ ਭਾਈਚਾਰੇ ਦੇ ਲੋਕਾਂ ਵੱਲੋਂ ਨੈਸ਼ਨਲ ਹਾਈਵੇਅ ਉੱਪਰ ਜਾਮ ਲਾ ਕੇ ਨਿੱਜੀ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ।

# ਆਮਦਨ ਕਰ ਵਿਭਾਗ ਵੱਲੋਂ ਦੀਪ ਮਲਹੋਤਰਾ ਦੇ ਟਿਕਾਣਿਆਂ ‘ਤੇ ਛਾਪੇ



**ਫ਼ਰੀਦਕੋਟ:** ਸ਼ਰਾਬ ਦੇ ਉੱਘੇ ਕਾਰੋਬਾਰੀ ਦੀਪ ਮਲਹੋਤਰਾ ਦੇ ਘਰ ਪਿਛਲੇ ਦਿਨਾਂ ਤੋਂ ਇਨਕਮ ਟੈਕਸ ਵਿਭਾਗ ਦੀ ਚੱਲ ਰਹੀ ਕਾਰਵਾਈ ਸਮਾਪਤ ਹੋ ਗਈ। ਆਮਦਨ ਕਰ ਵਿਭਾਗ ਨੇ 18 ਮਈ ਸਵੇਰੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਦੀਪ ਮਲਹੋਤਰਾ ਦੇ ਘਰ, ਦਫ਼ਤਰ ਅਤੇ ਫੈਕਟਰੀਆਂ ਵਿਚ ਛਾਪੇ ਮਾਰਨੇ ਸ਼ੁਰੂ ਕੀਤੇ ਸਨ। ਸੂਚਨਾ ਅਨੁਸਾਰ ਸਾਬਕਾ ਵਿਧਾਇਕ ਦੇ ਛੇ ਟਿਕਾਣਿਆਂ ‘ਤੇ ਛਾਪੇ ਮਾਰੇ ਗਏ। ਆਮਦਨ ਕਰ ਵਿਭਾਗ ਦੀ ਟੀਮ ਨੇ ਦੀਪ ਮਲਹੋਤਰਾ ਦੀ ਜ਼ੀਰਾ ਸਥਿਤ ਸ਼ਰਾਬ ਫੈਕਟਰੀ ਵਿਚੋਂ ਅਹਿਮ ਰਿਕਾਰਡ ਆਪਣੇ ਕਬਜ਼ੇ ਵਿਚ ਲਿਆ ਹੈ। ਆਮਦਨ ਕਰ ਵਿਭਾਗ ਨੇ ਜਾਂਚ ਦੌਰਾਨ ਛਾਪੇ ਵਾਲਿਆਂ ਥਾਵਾਂ ਤੋਂ ਕਿਸੇ ਵੀ ਵਿਅਕਤੀ ਨੂੰ ਬਾਹਰ ਨਹੀਂ ਜਾਣ ਦਿੱਤਾ। ਇਸੇ ਤਰ੍ਹਾਂ ਫ਼ਰੀਦਕੋਟ ਦੇ ਆਦਰਸ਼ ਨਗਰ ਵਿਚ ਵੀ ਛਾਪੇ ਮਾਰੇ ਗਏ ਜਿੱਥੇ ਦੀਪ ਮਲਹੋਤਰਾ ਦੀ ਰਿਹਾਇਸ਼ ਹੈ। ਸ਼ਹਿਰ ਦੇ ਮੁਹੱਲਾ ਖੋਖਰਾਂ ਵਿਚ ਜਿੱਥੇ ਸ਼ਰਾਬ ਦੀ ਵੰਡ ਲਈ ਦਫ਼ਤਰ ਬਣਾਇਆ ਗਿਆ ਹੈ, ਉੱਥੇ ਵੀ ਇਨਕਮ ਟੈਕਸ ਵਿਭਾਗ ਦੇ ਅਧਿਕਾਰੀਆਂ ਨੇ ਛਾਪੇ ਮਾਰੇ। ਦੀਪ ਮਲਹੋਤਰਾ ਤੋਂ ਇਲਾਵਾ ਉਸ ਦੇ ਦੋ ਹਿੱਸੇਦਾਰਾਂ ਦੇ ਘਰ ਵੀ ਛਾਪੇ ਮਾਰੇ ਗਏ।


# ਸਰੋਵਰ ਵਿਚ ਡੁੱਬਣ ਕਾਰਨ ਦੋ ਵਿਦਿਆਰਥੀਆਂ ਦੀ ਮੌਤ

**ਭਵਾਨੀਗੜ੍ਹ:** ਨੇੜਲੇ ਪਿੰਡ ਫੱਗੂਵਾਲਾ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਦੇ ਸਰੋਵਰ ਵਿਚ ਇਸ਼ਨਾਨ ਕਰਨ ਵੇਲੇ ਡੁੱਬਣ ਕਾਰਨ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਰੇਤਗੜ੍ਹ, ਕਪਿਆਲ, ਨਾਗਰਾ ਅਤੇ ਝਨੇੜੀ ਤੋਂ ਘਰਾਚੋਂ ਪਿੰਡਾਂ ਦੇ ਅੱਠ ਵਿਦਿਆਰਥੀ 10ਵੀਂ ਜਮਾਤ ਵਿਚੋਂ ਪਾਸ ਹੋਏ ਸਨ ਅਤੇ ਭਵਾਨੀਗੜ੍ਹ ਵਿਚ ਪਾਰਟੀ ਕਰਨ ਆਏ ਸਨ। ਉਹ ਰਸਤੇ ਵਿਚ ਪੈਂਦੇ ਪਿੰਡ ਫੱਗੂਵਾਲਾ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਦੇ ਸਰੋਵਰ ਵਿਚ ਇਸ਼ਨਾਨ ਕਰਨ ਲਈ ਰੁਕ ਗਏ। ਇਹ ਵਿਦਿਆਰਥੀ ਜਦੋਂ ਸਰੋਵਰ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਦੋ ਲੜਕੇ ਸਰੋਵਰ ਵਿਚ ਡੁੱਬ ਗਏ। ਬਾਕੀ ਲੜਕਿਆਂ ਵੱਲੋਂ ਰੌਲਾ ਪਾਉਣ ‘ਤੇ ਪਿੰਡ ਵਾਸੀ ਉਨ੍ਹਾਂ ਨੂੰ ਬਚਾਉਣ ਲਈ ਆਏ। ਜਦੋਂ ਸਰੋਵਰ ਵਿਚੋਂ ਜਸਕਰਨ ਸਿੰਘ ਰੇਤਗੜ੍ਹ ਅਤੇ ਅਕਸ਼ੈ ਨੁਟਿਆਰ ਵਾਸੀ ਉਤਰਾਖੰਡ ਹਾਲ ਅਬਾਦ ਕਪਿਆਲ ਨੂੰ ਬਾਹਰ ਕੱਢਿਆ ਗਿਆ ਤਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਲੜਕਿਆਂ ਦੇ ਡੁੱਬਣ ਦੀ ਸੀ.ਸੀ.ਟੀ.ਵੀ. ਫੁਟੇਜ ਵੀ ਸਾਹਮਣੇ ਆਈ ਹੈ। ਭਵਾਨੀਗੜ੍ਹ ਪੁਲਿਸ ਵੱਲੋਂ ਮ੍ਰਿਤਕ ਦੇਹਾਂ ਨੂੰ ਪਹਿਲਾਂ ਸਿਵਲ ਹਸਪਤਾਲ ਭਵਾਨੀਗੜ੍ਹ ਲਿਆਂਦਾ ਗਿਆ ਅਤੇ ਬਾਅਦ ਵਿਚ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਸੰਗਰੂਰ ਭੇਜ ਦਿੱਤਾ ਗਿਆ। ਗੁਰਦੁਆਰੇ ਦੇ ਮੈਨੇਜਰ ਦਵਿੰਦਰ ਸਿੰਘ ਅਤੇ ਕਰਮਜੀਤ ਸਿੰਘ ਸਰਪੰਚ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬੱਚਿਆਂ ਨੂੰ ਬਚਾਉਣ ਦਾ ਕਾਫੀ ਯਤਨ ਕੀਤਾ ਗਿਆ।

# ਨਸ਼ਾ ਤਸਕਰੀ: ਮਜੀਠੀਆ ਖਿਲਾਫ ਜਾਂਚ ਵਿਚ ਤੇਜ਼ੀ ਲਿਆਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਨਸ਼ਿਆਂ ਦੇ ਮਾਮਲੇ ‘ਤੇ ਵਿਸ਼ੇਸ਼ ਧਿਆਨ ਦੇਣ ਲੱਗੀ ਹੈ। ਪੰਜਾਬ ਪੁਲਿਸ ਨੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਨੂੰ ਬਦਲ ਦਿੱਤਾ ਹੈ ਅਤੇ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਮੁੜ ਗਠਨ ਕੀਤਾ ਹੈ। ਪਿਛਲੇ ਦਿਨਾਂ ਵਿਚ ਜਲੰਧਰ ਜ਼ਿਮਨੀ ਚੋਣ ਸਮੇਂ ਮਜੀਠੀਆ ਵੱਲੋਂ ਆਪ ਸਰਕਾਰ ਨੂੰ ਲਗਾਤਾਰ ਨਿਸ਼ਾਨੇ ‘ਤੇ ਰੱਖਿਆ ਗਿਆ ਸੀ।

ਡੀ.ਜੀ.ਪੀ. ਗੌਰਵ ਯਾਦਵ ਦੀ ਪ੍ਰਵਾਨਗੀ ਨਾਲ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਹੁਣ ਪਟਿਆਲਾ ਜ਼ੋਨ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਕਰਨਗੇ। ਪਹਿਲਾਂ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਰਾਹੁਲ ਐਸ ਸਨ ਜੋ ਕਿ ਵਿਜੀਲੈਂਸ ਦੇ ਡਾਇਰੈਕਟਰ ਵੀ ਹਨ। ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਮੁਖਵਿੰਦਰ ਸਿੰਘ ਛੀਨਾ ਬਠਿੰਡਾ ਜ਼ੋਨ ਦੇ ਆਈ.ਜੀ. ਵਜੋਂ ਤਾਇਨਾਤ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨੇ ਤਲਵੰਡੀ ਸਾਬੋ ਵਿਚ 2018 ਦੀ ਵਿਸਾਖੀ ਕਾਨਫਰੰਸ ਮੌਕੇ




ਮੁਖਵਿੰਦਰ ਸਿੰਘ ਛੀਨਾ ਨੂੰ ਸਿੱਧਾ ਨਿਸ਼ਾਨੇ ‘ਤੇ ਲਿਆ ਸੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਬਠਿੰਡਾ ਰਿਫਾਈਨਰੀ ਦਾ ਗੁੰਡਾ ਟੈਕਸ ਦਾ ਰੌਲਾ ਪਿਆ ਸੀ। ਸੁਖਬੀਰ ਸਿੰਘ ਬਾਦਲ ਨੇ ਉਸ ਮਗਰੋਂ ਵੀ ਲਾਲ ਡਾਇਰੀ ਦਾ ਜ਼ਿਕਰ ਕਰਦਿਆਂ ਛੀਨਾ ‘ਤੇ ਨਿਸ਼ਾਨੇ ਸੇਧੇ ਸਨ।

ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਰਾਹੁਲ ਐਸ ਕਾਫੀ ਵਿਜੀਲੈਂਸ ਕੇਸਾਂ ਦੀ ਦੇਖਰੇਖ ਕਰ ਰਹੇ ਹਨ, ਇਸ ਕਰ ਕੇ ਪ੍ਰਸ਼ਾਸਕੀ ਆਧਾਰ ‘ਤੇ ਮਜੀਠੀਆ ਮਾਮਲੇ ਦੀ ਜਾਂਚ ਕਰ ਰਹੀ ਸਿਟ ਦਾ ਨਵਾਂ ਮੁਖੀ ਮੁਖਵਿੰਦਰ ਸਿੰਘ ਛੀਨਾ ਨੂੰ ਲਗਾਇਆ ਗਿਆ ਹੈ। ਬਾਕੀ ਮੈਂਬਰਾਂ ਵਜੋਂ ਏ.ਆਈ.ਜੀ. ਰਣਜੀਤ ਸਿੰਘ ਢਿੱਲੋਂ, ਡੀ.ਐਸ.ਪੀ. (ਐਸ.ਟੀ.ਐਫ. ਰੋਪੜ) ਰਘਬੀਰ ਸਿੰਘ ਅਤੇ ਡੀ.ਐਸ.ਪੀ. ਖਰੜ-2 ਅਮਰਪ੍ਰੀਤ ਸਿੰਘ ਪਹਿਲਾਂ ਦੀ ਤਰ੍ਹਾਂ ਸਿਟ ਵਿਚ ਕਾਇਮ ਰਹਿਣਗੇ।

ਚੇਤੇ ਰਹੇ ਕਿ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਚੰਨੀ ਸਰਕਾਰ ਸਮੇਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਮੁਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿਚ 20 ਦਸੰਬਰ 2021 ਨੂੰ ਐਫ.ਆਈ.ਆਰ. ਨੰਬਰ-2 ਦਰਜ ਕੀਤੀ ਗਈ ਸੀ ਜਿਸ ਵਿਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਾਮ ਸ਼ਾਮਲ ਸੀ। ਇਸ ਕੇਸ ਵਿਚ ਮਜੀਠੀਆ ਕਰੀਬ ਛੇ ਮਹੀਨੇ ਜੇਲ੍ਹ ‘ਚ ਰਹੇ ਅਤੇ ਸੁਪਰੀਮ ਕੋਰਟ ਤੋਂ ਉਨ੍ਹਾਂ ਨੂੰ ਜ਼ਮਾਨਤ ਮਿਲੀ ਸੀ।

# ਪੰਜਾਬ 'ਚ ਬੰਪਰ ਫਸਲ ਤੋਂ ਕੇਂਦਰ ਵੀ ਹੈਰਾਨ, ਸਰਕਾਰ ਤੋਂ ਜਵਾਬ-ਤਲਬੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਹੁਣ ਕਣਕ ਦੀ ਬੰਪਰ ਫਸਲ ਨੂੰ ਲੈ ਕੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਹੈ। ਭਾਰਤ ਸਰਕਾਰ ਇਹ ਨੁਕਤਾ ਜਾਣਨ ਦੀ ਇੱਛੁਕ ਹੈ ਕਿ ਪੰਜਾਬ 'ਚ ਅਚਨਚੇਤ ਕਣਕ ਦੇ ਝਾੜ ਵਿਚ ਕਿਸ ਤਰ੍ਹਾਂ ਵਾਧਾ ਹੋ ਗਿਆ ਹੈ ਜਦੋਂ ਕਿ ਪੰਜਾਬ ਸਰਕਾਰ ਨੇ ਤਾਂ ਮੁੱਢਲੇ ਪੜਾਅ 'ਤੇ ਕਣਕ ਦਾ ਔਸਤ ਝਾੜ ਘੱਟ ਨਿਕਲਣ ਦੀ ਰਿਪੋਰਟ ਭੇਜੀ ਸੀ। ਪੰਜਾਬ ਦੇ ਖ਼ਰੀਦ ਕੇਂਦਰਾਂ 'ਚ ਪੁੱਜੀ ਕਣਕ ਦਾ ਝਾੜ ਛੇ ਤੋਂ ਸੱਤ ਕੁਇੰਟਲ ਵੱਧ ਨਿਕਲਿਆ ਹੈ।



ਖੇਤੀ ਵਿਭਾਗ ਨੇ ਸੂਬੇ ਵਿਚ ਕਣਕ ਦੀ ਵਾਢੀ ਤੇ ਮੁੱਢਲੇ ਪੜਾਅ 'ਤੇ ਪੁੱਜੀ ਫ਼ਸਲ ਦੇ ਤਜਰਬੇ ਦੇ ਆਧਾਰ 'ਤੇ ਭਾਰਤ ਸਰਕਾਰ ਨੂੰ ਸੂਚਨਾ ਭੇਜੀ ਸੀ ਕਿ ਕਣਕ ਦਾ ਔਸਤ ਝਾੜ 47.25 ਕੁਇੰਟਲ ਪ੍ਰਤੀ ਹੈਕਟੇਅਰ (19 ਕੁਇੰਟਲ ਪ੍ਰਤੀ ਏਕੜ) ਹੋਵੇਗਾ। ਦੂਸਰੀ ਤਰਫ਼ ਜੋ ਪੰਜਾਬ ਦੀਆਂ ਮੰਡੀਆਂ ਵਿਚ ਹੁਣ ਤੱਕ ਫ਼ਸਲ ਪੁੱਜੀ ਹੈ, ਉਹ ਸੂਬੇ ਵਿਚ ਬੰਪਰ ਫ਼ਸਲ ਹੋਣ ਦੀ ਗਵਾਹ ਹੈ। ਖ਼ਰੀਦ ਕੇਂਦਰਾਂ ਵਿਚ ਹੁਣ ਤੱਕ 125 ਲੱਖ ਮੀਟਰਿਕ ਟਨ ਫ਼ਸਲ ਪੁੱਜ ਚੁੱਕੀ ਹੈ ਜਦੋਂ ਕਿ ਪਿਛਲੇ ਵਰ੍ਹੇ ਇਹ ਅੰਕੜਾ 96 ਲੱਖ ਮੀਟਰਿਕ ਟਨ ਦੇ ਕਰੀਬ ਸੀ।

ਭਾਰਤ ਸਰਕਾਰ ਨੇ ਪੰਜਾਬ ਦੇ ਖ਼ਾਸ ਕਰ ਕੇ ਤਿੰਨ ਜ਼ਿਲ੍ਹਿਆਂ ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮੋਗਾ ਬਾਰੇ ਜਾਣਕਾਰੀ ਮੰਗੀ ਹੈ ਅਤੇ ਇਨ੍ਹਾਂ ਜ਼ਿਲ੍ਹਿਆਂ ਵਿਚ ਕਣਕ ਦੀ ਅਸਲ ਪੈਦਾਵਾਰ 55-57 ਕੁਇੰਟਲ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਹੈ ਜੋ ਕਿ ਪ੍ਰਤੀ ਏਕੜ ਦੇ ਲਿਹਾਜ਼ ਨਾਲ 24 ਕੁਇੰਟਲ ਬਣਦੀ ਹੈ। ਜਾਣਕਾਰੀ ਅਨੁਸਾਰ ਮੌਜੂਦਾ ਸੀਜ਼ਨ ਵਿਚ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ 7.88 ਲੱਖ ਮੀਟਰਿਕ ਟਨ, ਫ਼ਰੀਦਕੋਟ ਵਿਚ 4.60 ਲੱਖ ਮੀਟਰਿਕ ਟਨ ਅਤੇ ਮੋਗਾ ਜ਼ਿਲ੍ਹੇ ਵਿਚ 6.92 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ। ਸੂਤਰਾਂ ਮੁਤਾਬਕ ਭਾਰਤ ਸਰਕਾਰ ਇਸ ਨਜ਼ਰੀਏ ਤੋਂ ਪੰਜਾਬ ਤੋਂ ਬੰਪਰ ਫ਼ਸਲ ਬਾਰੇ ਜਾਣਨਾ ਚਾਹੁੰਦੀ ਹੈ ਤਾਂ ਜੋ ਕਣਕ ਦੀ ਬਰਾਮਦ 'ਤੇ ਲੱਗੀ ਪਾਬੰਦੀ ਹਟਾਈ ਜਾਵੇ ਜਾਂ ਜਾਰੀ ਰੱਖੀ ਜਾਵੇ। ਭਾਰਤ ਸਰਕਾਰ ਨੇ ਕਣਕ ਦੀ ਬਰਾਮਦ 'ਤੇ ਪਾਬੰਦੀ ਲਗਾਈ ਹੋਈ ਹੈ ਜਦੋਂ ਕਿ ਆਲਮੀ ਮਾਰਕਿਟ ਵਿਚ ਕਣਕ ਦੀ ਮੰਗ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਵਿਚ ਐਤਕੀਂ ਆਖਰੀ ਪੜਾਅ 'ਤੇ ਕਣਕ ਦੀ ਫ਼ਸਲ ਬੇਮੌਸਮੇ ਮੀਂਹ ਅਤੇ ਝੱਖੜ ਦੀ ਮਾਰ ਹੇਠ ਆ ਗਈ ਸੀ ਜਿਸ ਕਰਕੇ ਕਣਕ ਦੀ ਗੁਣਵੱਤਾ ਵੀ ਪ੍ਰਭਾਵਿਤ ਹੋਈ ਸੀ। ਮੀਂਹ ਤੇ ਝੱਖੜ ਨੇ ਸਭ ਤੋਂ ਵੱਧ ਨੁਕਸਾਨ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਕੀਤਾ ਸੀ ਅਤੇ ਇਸ ਜ਼ਿਲ੍ਹੇ ਵਿਚ ਕਣਕ ਦੀ ਕੁੱਲ ਆਮਦ ਹੁਣ ਤੱਕ 7.41 ਲੱਖ ਟਨ ਹੋ ਚੁੱਕੀ ਹੈ। ਕਈ ਥਾਵਾਂ 'ਤੇ ਫਸਲ ਦਾ ਝਾੜ ਘਟਿਆ ਵੀ ਹੈ।

# ਕੇਂਦਰ ਵੱਲੋਂ ਖਾਦਾਂ ਲਈ 38 ਹਜ਼ਾਰ ਕਰੋੜ ਦੀ ਸਬਸਿਡੀ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਫਾਸਫੇਟਿਕ ਤੇ ਪੋਟਾਸਿਕ (ਪੀ ਐਂਡ ਕੇ) ਖਾਦਾਂ 'ਤੇ 38000 ਕਰੋੜ ਰੁਪਏ ਦੀ ਸਬਸਿਡੀ ਮਨਜ਼ੂਰ ਕੀਤੀ ਹੈ। ਇਸ ਨਾਲ ਸਾਉਣੀ ਦੇ ਮੌਜੂਦਾ ਸੀਜ਼ਨ ਵਿਚ ਕਿਸਾਨਾਂ ਨੂੰ ਕਿਫਾਇਤੀ ਦਰਾਂ 'ਤੇ ਮਿੱਟੀ ਦੇ ਤੱਤਾਂ ਦੀ ਉਪਲਬਧਤਾ ਯਕੀਨੀ ਬਣਾਉਣ ਵਾਸਤੇ ਦਿੱਤੀ ਜਾਣ ਵਾਲੀ ਕੁੱਲ ਖਾਦ ਸਬਸਿਡੀ 1.08 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਇਹ ਜਾਣਕਾਰੀ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਖਾਦ ਮੰਤਰੀ ਮਨਸੁੱਖ ਮਾਂਡਵੀਆ ਨੇ ਮੀਡੀਆ ਨੂੰ ਦਿੱਤੀ।




ਇਸ ਕੁੱਲ ਰਾਸ਼ੀ ਵਿਚ ਉਹ 70,000 ਕਰੋੜ ਰੁਪਏ ਵੀ ਸ਼ਾਮਲ ਹਨ ਜੋ ਕਿ 2023-24 ਦੇ ਕੇਂਦਰੀ ਬਜਟ ਵਿਚ ਯੂਰੀਆ 'ਤੇ ਸਬਸਿਡੀ ਲਈ ਰੱਖੇ ਗਏ ਸਨ। 38,000 ਕਰੋੜ ਰੁਪਏ ਦੀ ਸਬਸਿਡੀ ਦਾ ਐਲਾਨ ਕਰਦੇ ਹੋਏ ਸਰਕਾਰ ਨੇ ਕਿਹਾ ਕਿ ਖਾਦਾਂ ਦੇ ਵੱਧ ਤੋਂ ਵੱਧ ਵਿਕਰੀ ਮੁੱਲ (ਐਮ.ਆਰ.ਪੀ.) ਵਿਚ ਕੋਈ ਬਦਲਾਅ ਨਹੀਂ ਆਵੇਗਾ। ਸਾਉਣੀ ਦਾ ਸੀਜ਼ਨ ਅਪਰੈਲ ਤੋਂ ਸਤੰਬਰ ਤੱਕ ਹੁੰਦਾ ਹੈ।

ਸਾਉਣੀ ਦੇ ਮੌਜੂਦਾ ਸੀਜ਼ਨ ਦੌਰਾਨ ਸਰਕਾਰ 'ਤੇ ਪੈਣ ਵਾਲਾ ਪੀ ਐਂਡ ਕੇ ਖਾਦਾਂ ਦੀ ਸਬਸਿਡੀ ਦਾ ਭਾਰ ਇਸ ਵਾਸਤੇ ਘੱਟ ਗਿਆ ਹੈ ਕਿਉਂਕਿ ਪਿਛਲੇ ਕੁਝ ਮਹੀਨਿਆਂ 'ਚ ਆਲਮੀ ਪੱਧਰ 'ਤੇ ਕੀਮਤਾਂ ਘਟੀਆਂ ਹਨ। ਸਮੁੱਚੇ 2023-24 ਵਿੱਤੀ ਵਰ੍ਹੇ ਲਈ ਖਾਦਾਂ ਦਾ ਬਿੱਲ 2.25 ਲੱਖ ਕਰੋੜ ਰੁਪਏ ਤੱਕ ਪਹੁੰਚ ਸਕਦਾ ਸੀ।

ਸ੍ਰੀ ਮਾਂਡਵੀਆ ਨੇ ਕਿਹਾ ਕਿ ਕੇਂਦਰੀ ਕੈਬਨਿਟ ਨੇ 2023-24 ਦੇ ਸਾਉਣੀ ਦੇ ਸੀਜ਼ਨ ਲਈ ਪੀ ਐਂਡ ਕੇ ਖਾਦਾਂ ਵਾਸਤੇ ਤੱਤ ਆਧਾਰਤ ਸਬਸਿਡੀ ਰੇਟ ਮਨਜ਼ੂਰ ਕੀਤੇ ਹਨ। ਮੰਤਰੀ ਮੰਡਲ ਨੇ ਨਾਈਟਰੋਜਨ (ਐੱਨ) ਲਈ 76 ਰੁਪਏ ਪ੍ਰਤੀ ਕਿਲੋ ਸਬਸਿਡੀ, ਫਾਸਫੋਰਸ (ਪੀ) ਵਾਸਤੇ 41 ਰੁਪਏ ਪ੍ਰਤੀ ਕਿੱਲੋ, ਪੋਟਾਸ਼ (ਕੇ) ਵਾਸਤੇ 15 ਰੁਪਏ ਪ੍ਰਤੀ ਕਿੱਲੋ ਅਤੇ ਸਲਫਰ (ਐੱਸ) ਲਈ 2.8 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਸਬਸਿਡੀ ਨੂੰ ਮਨਜ਼ੂਰੀ ਦਿੱਤੀ ਹੈ। ਮੰਤਰੀ ਮੁਤਾਬਕ ਪਿਛਲੇ ਤਿੰਨ ਮਹੀਨਿਆਂ 'ਚ ਆਲਮੀ ਪੱਧਰ 'ਤੇ ਐਨ.ਪੀ.ਕੇ. ਦੀਆਂ ਕੀਮਤਾਂ ਹੇਠਾਂ ਆਉਣ ਕਾਰਨ ਸਬਸਿਡੀ ਘਟੀ ਹੈ।

## ਜ਼ਮਾਨਤ ਮਿਲਣ ਮਗਰੋਂ ਜੇਲ੍ਹ 'ਚੋਂ ਰਿਹਾਅ ਹੋਏ ਧਰਮਸੋਤ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਜ਼ਮਾਨਤ ਮਿਲਣ ਤੋਂ ਬਾਅਦ ਜੇਲ੍ਹ ਵਿਚੋਂ ਬਾਹਰ ਆ ਗਏ। ਉਨ੍ਹਾਂ ਦੀ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿਚੋਂ ਰਿਹਾਈ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਵਕੀਲ ਮੌਜੂਦ ਸਨ ਜਿਨ੍ਹਾਂ ਨਾਲ ਉਹ ਆਪਣੀ ਅਮਲੋਹ ਸਥਿਤ ਰਿਹਾਇਸ਼ 'ਤੇ ਚਲੇ ਗਏ। ਗੌਰਤਲਬ ਹੈ ਕਿ ਸਾਧੂ ਸਿੰਘ ਧਰਮਸੋਤ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ਮਾਨਤ ਦਿੱਤੀ ਸੀ ਪਰ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ 'ਚ ਦਸਤਾਵੇਜ਼ ਨਾ ਪਹੁੰਚਣ ਕਰਕੇ ਧਰਮਸੋਤ ਅਗਲੇ ਦਿਨ ਹੀ ਰਿਹਾਅ ਹੋ ਸਕੇ। ਧਰਮਸੋਤ ਨੇ ਜੇਲ੍ਹ ਤੋਂ ਬਾਹਰ ਆਉਣ 'ਤੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਸਾਰਾ ਸੱਚ ਸਭ ਦੇ ਸਾਹਮਣੇ ਆ ਜਾਵੇਗਾ।

# ਝੋਨਾ ਬਿਜਾਈ ਬਾਰੇ ਫੂਲਕਾ ਵੱਲੋਂ ਮੁੱਖ ਮੰਤਰੀ ਨੂੰ ਚਿੱਠੀ

**ਅੰਮ੍ਰਿਤਸਰ:** ਸੁਪਰੀਮ ਕੋਰਟ ਦੇ ਵਕੀਲ ਅਤੇ ਸਾਬਕਾ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਝੋਨੇ ਦੀ ਸਿੱਧੀ ਬਿਜਾਈ ਲਈ ਸਰਕਾਰ ਵੱਲੋਂ ਕਿਸਾਨਾਂ ਲਈ ਰੱਖੀ ਰਕਮ 1500 ਰੁਪਏ ਤੋਂ ਵਧਾ ਕੇ 4000 ਰੁਪਏ ਪ੍ਰਤੀ ਏਕੜ ਕੀਤੀ ਜਾਵੇ।



ਇਸ ਸਬੰਧੀ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਕ ਪੱਤਰ ਵੀ ਭੇਜਿਆ ਹੈ। ਐਡਵੋਕੇਟ ਫੂਲਕਾ ਨੇ ਸਰਕਾਰ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਦੇ ਹਨ, ਉਹ ਨਾ ਸਿਰਫ ਵਿੱਤੀ ਬੱਚਤ ਕਰਦੇ ਹਨ, ਸਗੋਂ ਜ਼ਮੀਨ ਨੂੰ ਬੰਜਰ ਹੋਣ ਤੋਂ ਵੀ ਬਚਾ ਰਹੇ ਹਨ, ਜਿਸ ਨਾਲ ਸਰਕਾਰ ਨੂੰ ਪ੍ਰਤੀ ਏਕੜ 4 ਤੋਂ 5 ਹਜ਼ਾਰ ਰੁਪਏ ਦਾ ਮੁਨਾਫਾ ਹੁੰਦਾ ਹੈ। ਉਨ੍ਹਾਂ ਨੇ ਇਕ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਹਰ ਮੋਟਰ ਦੇ ਬਿਜਲੀ ਕੁਨੈਕਸ਼ਨ ਪਿੱਛੇ ਸਰਕਾਰ ਵੱਲੋਂ ਲਗਭਗ 54 ਹਜ਼ਾਰ ਰੁਪਏ ਔਸਤਨ ਸਾਲਾਨਾ ਸਬਸਿਡੀ ਦਿੱਤੀ ਜਾ ਰਹੀ ਹੈ ਤੇ ਜੇਕਰ ਇਕ ਮੋਟਰ ਪਿੱਛੇ 7 ਏਕੜ ਰਕਬਾ ਲਿਆ ਜਾਵੇ ਤਾਂ ਇਹ ਰਕਮ ਸਾਲਾਨਾ ਲਗਭਗ 7,685 ਪ੍ਰਤੀ ਏਕੜ ਬਣਦੀ ਹੈ।

ਸਿੱਧੀ ਬਿਜਾਈ ਨਾਲ 80 ਫੀਸਦ ਪਾਣੀ ਦੀ ਬੱਚਤ ਹੁੰਦੀ ਹੈ ਤੇ ਇਸ ਨਾਲ 4 ਤੋਂ 5 ਹਜ਼ਾਰ ਰੁਪਏ ਦਾ ਮੁਨਾਫਾ ਹੁੰਦਾ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਇਹ ਮੁਨਾਫਾ ਕਿਸਾਨਾਂ ਨੂੰ ਵੰਡੇ ਤਾਂ ਜੋ ਉਨ੍ਹਾਂ ਦੀ ਆਰਥਿਕ ਮਦਦ ਵੀ ਹੋ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਜਿਨ੍ਹਾਂ ਕਿਸਾਨਾਂ ਨੇ ਪਿਛਲੇ ਵਰ੍ਹੇ ਏਐਸਆਰ ਵਿਧੀ ਨਾਲ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ, ਉਨ੍ਹਾਂ ਦੀ ਲਗਭਗ 10 ਹਜ਼ਾਰ ਰੁਪਏ ਪ੍ਰਤੀ ਏਕੜ ਬੱਚਤ ਹੋਈ ਹੈ।

## ਮਾਂ ਨੂੰ ਕੁੱਟਣ ਵਾਲੇ ਨਸ਼ੇੜੀ ਭਰਾ ਦਾ ਕਤਲ

**ਮੋਗਾ:** ਜ਼ਿਲ੍ਹੇ ਵਿਚਲੇ ਧਰਮਕੋਟ ਦੇ ਪਿੰਡ ਲੋਹਗੜ੍ਹ ਵਿਚ ਨੌਜਵਾਨ ਨੇ ਆਪਣੇ ਵੱਡੇ ਭਰਾ ਦਾ ਕਤਲ ਕਰ ਦਿੱਤਾ। ਜਾਣਕਾਰੀ ਅਨੁਸਾਰ ਵੱਡਾ ਭਰਾ ਨਸ਼ੇੜੀ ਸੀ ਅਤੇ ਅਕਸਰ ਆਪਣੀ ਮਾਂ ਨੂੰ ਕੁੱਟਦਾ ਸੀ। ਇਸੇ ਕਾਰਨ ਨੌਜਵਾਨ ਨੇ ਕਥਿਤ ਤੌਰ 'ਤੇ ਉਸ ਦੇ ਭਰਾ 'ਤੇ ਤਲਵਾਰ ਨਾਲ ਹਮਲਾ ਕਰਕੇ ਉਸ ਦੀ ਹੱਤਿਆ ਕਰ ਦਿੱਤੀ।

ਮ੍ਰਿਤਕ ਦੀ ਪਛਾਣ ਸੁਖਜੀਤ ਸਿੰਘ ਵਜੋਂ ਹੋਈ ਹੈ। ਉਸ ਦੀ ਪਤਨੀ ਨੇ ਪੁਲਿਸ ਨੂੰ ਦੱਸਿਆ ਕਿ ਜਸਵੰਤ ਸਿੰਘ ਨੇ ਸੁਖਜੀਤ ਉਤੇ ਤਲਵਾਰ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਜਸਵੰਤ ਖਿਲਾਫ ਆਈ.ਪੀ.ਸੀ. ਦੀ ਧਾਰਾ 302 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ

**ਚੰਡੀਗੜ੍ਹ:** ਪੰਜਾਬ 'ਚ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ ਹੋ ਗਈ ਹੈ। ਪਹਿਲੇ ਦਿਨ ਬਹੁਤ ਘੱਟ ਥਾਵਾਂ 'ਤੇ ਕਿਸਾਨਾਂ ਨੇ ਸਿੱਧੀ ਬਿਜਾਈ ਸ਼ੁਰੂ ਕੀਤੀ ਹੈ। ਉਧਰ ਪੰਜਾਬ ਸਰਕਾਰ ਨੇ ਸਿੱਧੀ ਬਿਜਾਈ (ਡੀ.ਐਸ.ਆਰ.) ਤਕਨੀਕ ਲਈ ਅੱਠ ਘੰਟੇ ਰੋਜ਼ਾਨਾ ਬਿਜਲੀ ਸਪਲਾਈ 31 ਮਈ ਤੱਕ ਯਕੀਨੀ ਬਣਾਉਣ ਦਾ ਫੈਸਲਾ ਕੀਤਾ ਹੈ। ਉਂਜ ਸੂਬੇ 'ਚ ਝੋਨੇ ਦੀ ਪੜਾਅਵਾਰ ਲੁਆਈ 10 ਜੂਨ ਤੋਂ ਸ਼ੁਰੂ ਹੋਵੇਗੀ। ਸਰਕਾਰ ਨੇ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪਿਛਲੇ ਸਾਲ ਵਾਂਗ 1500 ਰੁਪਏ ਪ੍ਰਤੀ ਏਕੜ ਸਨਮਾਨ ਰਾਸ਼ੀ ਦੇਣ ਦਾ ਫੈਸਲਾ ਕੀਤਾ ਹੈ। ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਲਈ ਹਰੇਕ ਖੇਤੀਬਾੜੀ ਫੀਡਰ ਨੂੰ ਬਦਲਵੇਂ ਦਿਨ ਅਨੁਸਾਰ 8 ਘੰਟੇ ਰੋਜ਼ਾਨਾ ਬਿਜਲੀ ਸਪਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਹੱਦ 'ਤੇ ਕੰਡਿਆਲੀ ਤਾਰ ਦੇ ਪਾਰ ਵਾਲੇ ਖੇਤਰਾਂ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ 8 ਘੰਟੇ ਬਿਜਲੀ ਸਪਲਾਈ ਮਿਲੇਗੀ ਜਦਕਿ ਡੀ.ਐਸ.ਆਰ. ਤਕਨੀਕ ਰਾਹੀਂ ਬਿਜਾਈ ਕਰਨ ਵਾਲੇ ਇਲਾਕਿਆਂ ਨੂੰ ਗਰੁੱਪਾਂ 'ਚ ਵੰਡਿਆ ਗਿਆ ਹੈ ਜਿੱਥੇ ਸਵੇਰੇ 7 ਤੋਂ ਸ਼ਾਮ 5 ਵਜੇ ਤੱਕ 8 ਘੰਟੇ ਸਪਲਾਈ ਦਿੱਤੀ ਜਾਵੇਗੀ। ਮੰਤਰੀ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਗੌਰਤਲਬ ਹੈ ਕਿ ਝੋਨੇ ਦੀ ਲੁਆਈ ਲਈ ਪੰਜਾਬ ਨੂੰ ਚਾਰ ਹਿੱਸਿਆ ਵਿਚ ਵੰਡਿਆ ਗਿਆ ਹੈ। ਸਭ ਤੋਂ ਪਹਿਲਾਂ ਬਾਰਡਰ 'ਤੇ ਤਾਰ ਦੇ ਪਾਰਲੇ ਖੇਤਾਂ 'ਚ ਝੋਨੇ ਦੀ ਲੁਆਈ 10 ਜੂਨ ਤੋਂ ਸ਼ੁਰੂ ਕੀਤੀ ਜਾਵੇਗੀ। ਤਾਰ ਦੇ ਪਾਰਲੇ ਪਾਸੇ ਦਿਨ ਸਮੇਂ ਬਿਜਲੀ ਦੀ ਸਪਲਾਈ ਦਿੱਤੀ ਜਾਵੇਗੀ। ਦੂਜੇ ਜ਼ੋਨ 'ਚ ਸੱਤ ਜ਼ਿਲ੍ਹਿਆਂ ਫਿਰੋਜ਼ਪੁਰ, ਫਰੀਦਕੋਟ, ਪਠਾਨਕੋਟ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਸ਼ਹੀਦ ਭਗਤ ਸਿੰਘ ਨਗਰ ਅਤੇ ਤਰਨ ਤਾਰਨ 'ਚ ਝੋਨੇ ਦੀ ਲੁਆਈ 16 ਜੂਨ ਤੋਂ ਸ਼ੁਰੂ ਹੋਵੇਗੀ। ਤੀਜੇ ਜ਼ੋਨ ਤਹਿਤ ਰੂਪਨਗਰ, ਰੋਪੜ, ਮੁਹਾਲੀ, ਕਪੂਰਥਲਾ, ਲੁਧਿਆਣਾ, ਫਾਜ਼ਿਲਕਾ, ਬਠਿੰਡਾ ਤੇ ਅੰਮ੍ਰਿਤਸਰ 'ਚ 19 ਜੂਨ ਤੋਂ ਲੁਆਈ ਸ਼ੁਰੂ ਹੋਵੇਗੀ। ਚੌਥਾ ਜ਼ੋਨ 21 ਜੂਨ ਤੋਂ ਸ਼ੁਰੂ ਹੋਵੇਗਾ। ਉਸ ਸਮੇਂ ਪਟਿਆਲਾ, ਜਲੰਧਰ, ਮੁਕਤਸਰ, ਹੁਸ਼ਿਆਰਪੁਰ, ਸੰਗਰੂਰ, ਮਾਲੇਰਕੋਟਲਾ, ਬਰਨਾਲਾ ਤੇ ਮਾਨਸਾ ਵਿਚ ਝੋਨੇ ਦੀ ਲੁਆਈ ਹੋਵੇਗੀ। ਇਸ ਦੌਰਾਨ ਨਹਿਰੀ ਪਾਣੀ ਵੀ ਦਿੱਤਾ ਜਾਵੇਗਾ।



# ਬਾਸਕਟਬਾਲ ਦੀ ਕੌਮਾਂਤਰੀ ਖਿਡਾਰਨ ਕਿਰਨ ਅਜੀਤ ਪਾਲ ਸਿੰਘ ਦਾ ਦੇਹਾਂਤ

**ਚੰਡੀਗੜ੍ਹ:** ਬਾਸਕਟਬਾਲ ਦੀ ਕੌਮਾਂਤਰੀ ਖਿਡਾਰਨ ਅਤੇ ਓਲੰਪੀਅਨ ਅਜੀਤ ਪਾਲ ਸਿੰਘ ਦੀ ਪਤਨੀ ਕਿਰਨ ਅਜੀਤ ਪਾਲ ਸਿੰਘ (69) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਉਨ੍ਹਾਂ ਨਵੀਂ ਦਿੱਲੀ ਵਿਚ ਆਖਰੀ ਸਾਹ ਲਿਆ।

ਉਨ੍ਹਾਂ ਦੇ ਪਰਿਵਾਰ ਵਿਚ ਪਤੀ ਤੇ ਦੋ ਪੁੱਤਰ ਹਨ। ਕਿਰਨ ਅਜੀਤ ਪਾਲ ਸਿੰਘ ਨੂੰ ਕਿਰਨ ਗਰੇਵਾਲ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਕਿਰਨ ਗਰੇਵਾਲ ਵਿਸ਼ਵ ਹਾਕੀ ਕੱਪ 1975 'ਚ ਭਾਰਤੀ ਟੀਮ ਦੇ ਕਪਤਾਨ ਰਹੇ ਪਦਮਸ੍ਰੀ ਤੇ ਓਲੰਪੀਅਨ ਅਜੀਤ ਪਾਲ ਸਿੰਘ ਦੀ ਪਤਨੀ ਸਨ। ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਹਾਕੀ ਓਲੰਪੀਅਨ ਅਜੀਤ ਪਾਲ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

ਉਨ੍ਹਾਂ ਕਿਹਾ ਕਿ ਅਜੀਤ ਪਾਲ ਸਿੰਘ ਤੇ ਉਨ੍ਹਾਂ ਦੀ ਪਤਨੀ ਕਿਰਨ ਅਜੀਤ ਪਾਲ ਸਿੰਘ ਦੋਵਾਂ ਨੇ ਕੌਮਾਂਤਰੀ ਪੱਧਰ 'ਤੇ ਖੇਡਾਂ ਦੇ ਖੇਤਰ 'ਚ ਭਾਰਤੀ ਦੀ ਨੁਮਾਇੰਦਗੀ ਕਰਦਿਆਂ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ।

ਮੀਤ ਹੇਅਰ ਨੇ ਅਜੀਤ ਪਾਲ ਸਿੰਘ ਨਾਲ ਡੂੰਘਾ ਦੁੱਖ ਜ਼ਾਹਿਰ ਕਰਦਿਆਂ ਵਿੱਛੜੀ ਹੋਈ ਰੂਹ ਦੀ ਆਤਮਿਕ ਸ਼ਾਂਤੀ ਦੀ ਕਾਮਨਾ ਕੀਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ।

# ਦਸ ਸਾਲਾਂ ਦਾ ਤਜਰਬਾ ਰੱਖਣ ਵਾਲੇ ਮੁਲਾਜ਼ਮ ਹੋਣਗੇ ਪੱਕੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰਦਿਆਂ ਕੈਬਨਿਟ ਸਬ-ਕਮੇਟੀ ਵਿਚ ਸ਼ਾਮਲ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਰੁਜ਼ਗਾਰ ਉਤਪਤੀ ਮੰਤਰੀ ਅਮਨ ਅਰੋੜਾ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ।

ਇਥੇ ਪੰਜਾਬ ਭਵਨ ਵਿਚ ਹੋਈਆਂ ਲੜੀਵਾਰ ਮੀਟਿੰਗਾਂ ਦੌਰਾਨ ਨਸ਼ਾ ਛੁਡਾਊ ਤੇ ਮੁੜ ਵਸੇਬਾ ਯੂਨੀਅਨ, ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ, ਪੰਜਾਬ ਰੋਡਵੇਜ਼ ਪਨਬੱਸ ਸਟੇਟ ਟਰਾਂਸਪੋਰਟ ਵਰਕਰਜ਼ ਯੂਨੀਅਨ, ਓਵਰਏਜ਼ ਬੇਰੁਜ਼ਗਾਰ ਯੂਨੀਅਨ, ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਤੇ ਪੰਜਾਬ-ਚੰਡੀਗੜ੍ਹ ਯੂਟੀ ਪੈਨਸ਼ਨਰ ਫਰੰਟ ਨੇ ਆਪਣੇ ਮਸਲੇ ਸਾਹਮਣੇ ਰੱਖੇ ਤੇ ਮੰਗ ਪੱਤਰ ਵੀ ਸੌਂਪੇ।



ਵੱਖ-ਵੱਖ ਵਿਭਾਗਾਂ ਵਿਚ ਠੇਕੇ 'ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੇ ਸਾਂਝੇ ਮੁੱਦਿਆਂ ਦੇ ਜਵਾਬ ਵਿਚ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਦਸ ਸਾਲਾਂ ਦਾ ਤਜਰਬਾ ਰੱਖਣ ਵਾਲੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਨੀਤੀ ਨੋਟੀਫਾਈ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜੇ ਮੁਲਾਜ਼ਮ ਇਸ ਨੀਤੀ ਅਧੀਨ ਨਹੀਂ ਆ ਸਕਣਗੇ, ਉਨ੍ਹਾਂ ਦੇ ਮਾਮਲੇ ਵੀ ਅਗਲੇ ਪੜਾਅ ਦੌਰਾਨ ਹਮਦਰਦੀ ਨਾਲ ਵਿਚਾਰੇ ਜਾਣਗੇ। ਕਮੇਟੀ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਆਊਟ ਸੋਰਸ ਕਰਮਚਾਰੀਆਂ ਲਈ ਵੀ ਵਿਸ਼ੇਸ਼ ਨੀਤੀ ਬਣਾਉਣ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

# ਜ਼ਿਮਨੀ ਜਿੱਤ ਤੋਂ ਬਾਗੋ-ਬਾਗ ਪੰਜਾਬ ਕੈਬਨਿਟ ਵੱਲੋਂ ਜਲੰਧਰ ਨੂੰ ਗਰਾਂਟਾਂ ਦੇ ਗੱਫੇ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਇਥੇ ਪੀ.ਏ.ਪੀ. ਕੈਂਪਸ ਵਿਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਕਈ ਅਹਿਮ ਫੈਸਲੇ ਲਏ ਗਏ ਹਨ। ਜਲੰਧਰ ਸੰਸਦੀ ਹਲਕੇ ਵਿਚ ਮਿਲੀ ਸ਼ਾਨਦਾਰ ਜਿੱਤ ਤੋਂ ਬਾਗੋ-ਬਾਗ ਪੰਜਾਬ ਕੈਬਨਿਟ ਨੇ ਗਰਾਂਟ ਦੇ ਖੁੱਲ੍ਹੇ ਗੱਫੇ ਵੰਡਦਿਆਂ ਜਲੰਧਰ ਸ਼ਹਿਰ ਲਈ 95.16 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕੀਤੀ ਹੈ। ਹੋਰਨਾਂ ਫੈਸਲਿਆਂ ਵਿਚ ਆਬਕਾਰੀ ਵਿਭਾਗ ਵਿੱਚ 17 ਆਸਾਮੀਆਂ ਲਈ ਭਰਤੀ ਨੂੰ ਪ੍ਰਵਾਨਗੀ ਦੇਣ ਦੇ ਨਾਲ ਪਟਵਾਰੀਆਂ ਦੀ ਸਿਖਲਾਈ ਦਾ ਸਮਾਂ ਡੇਢ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤਾ ਹੈ।

ਪੰਜਾਬ ਕੈਬਨਿਟ ਵਿਚ ਲਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਜਲੰਧਰ ਦੇ ਲੋਕਾਂ ਨੇ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫਰਕ ਨਾਲ ਜਿਤਾ ਕੇ ਲੋਕ ਸਭਾ ਭੇਜਿਆ ਹੈ, ਜਿਸ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਬਣਦਾ ਹੈ। ਉਨ੍ਹਾਂ ਕਿਹਾ ਕਿ ਰਿੰਕੂ ਦੇ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਹੀ 'ਆਪ' ਸਰਕਾਰ ਜਲੰਧਰ ਦੇ ਲੋਕਾਂ ਨਾਲ ਕੀਤਾ ਪਹਿਲਾ ਵਾਅਦਾ ਪੂਰਾ ਕਰ ਰਹੀ ਹੈ। ਆਦਮਪੁਰ ਫਲਾਈ ਓਵਰ ਦੇ 6 ਸਾਲ ਤੋਂ ਰੁਕੇ ਕੰਮ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਆਦਮਪੁਰ ਵਾਲੀ ਸੜਕ ਬਣਾਉਣ ਦਾ ਕੰਮ ਸਤੰਬਰ ਤੱਕ ਮੁਕੰਮਲ ਹੋ



ਜਾਵੇਗਾ। ਇਸੇ ਤਰ੍ਹਾਂ ਜੰਡਿਆਲਾ ਤੋਂ ਗੁਰਾਇਆ ਜਾਣ ਵਾਲੀ 17 ਕਿਲੋਮੀਟਰ ਲੰਮੀ ਸੜਕ ਵੀ ਸਤੰਬਰ ਤੱਕ ਬਣ ਜਾਵੇਗੀ।

ਉਨ੍ਹਾਂ ਕਿਹਾ ਕਿ ਜਲੰਧਰ ਨੂੰ ਸਮਾਰਟ ਸਿਟੀ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਮਗਰੋਂ 'ਸਰਕਾਰ ਆਪ ਕੇ ਦੁਆਰ' ਪ੍ਰੋਗਰਾਮ ਤਹਿਤ ਨਿੱਜੀ ਹੋਟਲ ਵਿਚ ਲੋਕਾਂ ਦੀਆਂ ਸ਼ਿਕਾਇਤਾਂ ਵੀ ਸੁਣੀਆਂ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀਆਂ ਕੋਲ ਹੁਣ ਕੋਈ ਕੰਮ ਨਹੀਂ ਬਚਿਆ ਤੇ ਉਹ ਜਲੰਧਰ ਦੇ ਨਤੀਜੇ ਤੋਂ ਬਾਅਦ ਹੁਣ ਆਰਾਮ ਕਰਨ। ਉਨ੍ਹਾਂ ਨਾਲ ਬੈਠੇ ਨਵੇਂ ਚੁਣੇ ਐਮ.ਪੀ. ਸੁਸ਼ੀਲ ਰਿੰਕੂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਜਲੰਧਰ ਤੋਂ ਹੁਣ ਚਾਰ ਐਮ.ਪੀ. (ਤਿੰਨ ਰਾਜ ਸਭਾ ਤੇ ਇਕ ਲੋਕ ਸਭਾ) ਹੋ ਗਏ ਹਨ। ਇਨ੍ਹਾਂ ਵਿਚ ਬਲਬੀਰ ਸਿੰਘ ਸੀਚੇਵਾਲ, ਅਸ਼ੋਕ ਮਿੱਤਲ, ਸਾਬਕਾ ਕ੍ਰਿਕਟਰ ਹਰਭਜਨ ਸਿੰਘ ਅਤੇ ਸੁਸ਼ੀਲ ਰਿੰਕੂ ਸ਼ਾਮਲ ਹਨ। ਇਨ੍ਹਾਂ ਚਾਰਾਂ ਨੂੰ ਇਕ ਸਾਲ ਦੇ ਐਮਪੀਲੈਡ ਵਜੋਂ 20 ਕਰੋੜ ਦੀ ਗਰਾਂਟ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ ਨੂੰ ਸਮਾਰਟ ਸਿਟੀ ਬਣਾਉਣ ਲਈ ਕੂੜੇ ਦੇ ਢੇਰ ਖਤਮ ਕੀਤੇ ਜਾਣਗੇ।

ਮੁੱਖ ਮੰਤਰੀ ਨੇ ਦੱਸਿਆ ਕਿ ਕੈਬਨਿਟ ਮੀਟਿੰਗ ਵਿਚ ਗੁਰੂ ਅੰਗਦ ਦੇਵ ਵੈਟਰਨਰੀ ਸਾਇੰਸਜ਼ ਯੂਨੀਵਰਸਿਟੀ (ਗਡਵਾਸੂ) ਦੇ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਲਈ ਯੂ.ਜੀ.ਸੀ. ਸਕੇਲ ਲਾਗੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਫੈਸਲੇ ਦਾ ਉਦੇਸ਼ ਪ੍ਰਮੁੱਖ ਵੈਟਰਨਰੀ ਯੂਨੀਵਰਸਿਟੀ ਦੇ ਸਟਾਫ ਨੂੰ ਆਪਣੀ ਡਿਊਟੀ ਕੁਸ਼ਲਤਾ ਨਾਲ ਨਿਭਾਉਣ ਲਈ ਉਤਸ਼ਾਹਿਤ ਕਰਨਾ ਹੈ। ਹੋਰਨਾਂ ਫੈਸਲਿਆਂ ਵਿਚ ਪੰਜਾਬ ਕੈਬਨਿਟ ਨੇ ਨਵੇਂ ਲੱਗਣ ਵਾਲੇ ਪਟਵਾਰੀਆਂ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦਾ ਪਰਖ ਕਾਲ ਦਾ ਸਮਾਂ ਡੇਢ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤਾ ਹੈ। ਉਹ ਪਰਖ ਕਾਲ ਦੌਰਾਨ ਹੀ ਆਪਣੀ ਸਿਖਲਾਈ ਪੂਰੀ ਕਰਨ ਦੇ ਯੋਗ ਹੋਣਗੇ। ਵਜ਼ਾਰਤ ਨੇ ਕਰ ਤੇ ਆਬਕਾਰੀ ਵਿਭਾਗ ਵਿਚ ਐੱਸ.ਏ.ਐੱਸ. ਕਾਡਰ ਦੀਆਂ 18 ਆਸਾਮੀਆਂ ਸਿਰਜਣ ਦੀ ਮਨਜ਼ੂਰੀ ਵੀ ਦਿੱਤੀ। ਸਰਕਾਰੀ ਆਯੁਰਵੈਦਿਕ ਕਾਲਜ ਪਟਿਆਲਾ/ਸਰਕਾਰੀ ਆਯੁਰਵੈਦਿਕ ਹਸਪਤਾਲ ਪਟਿਆਲਾ ਤੇ ਸਰਕਾਰੀ ਆਯੁਰਵੈਦਿਕ ਫਾਰਮੇਸੀ ਪਟਿਆਲਾ ਨੂੰ ਗੁਰੂ ਰਵਿਦਾਸ ਆਯੁਰਵੈਦਾ ਯੂਨੀਵਰਸਿਟੀ ਹੁਸ਼ਿਆਰਪੁਰ ਅਧੀਨ ਕਰਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ।

## ਆਬਕਾਰੀ ਵਿਭਾਗ 'ਚ ਭਰਤੀ ਦਾ ਐਲਾਨ

**ਜਲੰਧਰ:** ਮੰਤਰੀ ਮੰਡਲ ਦੀ ਮੀਟਿੰਗ ਵਿਚ ਹੋਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਆਬਕਾਰੀ ਵਿਭਾਗ ਵਿਚ 17 ਆਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਪਟਵਾਰੀਆਂ ਦੀ ਸਿਖਲਾਈ ਦਾ ਸਮਾਂ ਡੇਢ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤਾ ਹੈ ਤੇ ਇਕ ਸਾਲ ਵੀ ਉਨ੍ਹਾਂ ਦੀ ਨੌਕਰੀ ਵਿਚ ਮੰਨਿਆ ਜਾਵੇਗਾ। ਗੁਰੂ ਅੰਗਦ ਦੇਵ ਯੂਨੀਵਰਸਿਟੀ ਮਾਸਟਰ ਕੇਡਰ ਵਾਲਿਆਂ ਨੂੰ ਯੂ.ਜੀ.ਸੀ. ਵਾਲੇ ਸੋਧੇ ਹੋਏ ਸਕੇਲਾਂ ਅਨੁਸਾਰ ਤਨਖਾਹ ਦਿੱਤੀ ਜਾਵੇਗੀ। ਵਿਰੋਧੀਆਂ 'ਤੇ ਨਿਸ਼ਾਨਾ ਲਾਉਂਦਿਆਂ ਉਨ੍ਹਾਂ ਕਿਹਾ ਕਿ ਉਹ ਜਲੰਧਰ ਦੇ ਨਤੀਜੇ ਤੋਂ ਬਾਅਦ ਹੁਣ ਅਰਾਮ ਕਰਨ।

## ਬਹਿਬਲ ਗੋਲੀ ਕਾਂਡ ਦੀ ਸੁਣਵਾਈ ਟਲੀ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਦੇ ਕੇਸ ਦੀ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਸੁਣਵਾਈ ਹੋਣੀ ਸੀ ਪਰ ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਸੈਸ਼ਨ ਕੋਰਟ ਵਿਚ ਨਾ ਪੁੱਜਣ ਕਾਰਨ ਅਦਾਲਤ ਨੇ ਇਸ ਕੇਸ ਦੀ ਸੁਣਵਾਈ ਪਹਿਲੀ ਜੁਲਾਈ ਤੱਕ ਮੁਲਤਵੀ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਸੁਣਵਾਈ ਦੌਰਾਨ ਮੁਲਜ਼ਮ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ ਤੇ ਅਦਾਲਤ ਨੇ ਸਾਰੇ ਮੁਲਜ਼ਮਾਂ ਦੀ ਹਾਜ਼ਰੀ ਮੁਆਫ ਕਰ ਦਿੱਤੀ। ਕੋਟਕਪੂਰਾ ਗੋਲੀ ਕਾਂਡ ਵਿਚ ਜਾਂਚ ਟੀਮ ਨੇ ਚਲਾਨ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ ਪਰ ਇਲਾਕਾ ਮਜਿਸਟਰੇਟ ਨੇ ਫਾਈਲ ਸੈਸ਼ਨ ਕੋਰਟ ਵਿਚ ਨਹੀਂ ਭੇਜੀ ਕਿਉਂਕਿ ਮੁਲਜ਼ਮਾਂ ਨੇ ਅਦਾਲਤ 'ਚ ਅਰਜ਼ੀ ਦਿੱਤੀ ਹੈ ਕਿ ਉਨ੍ਹਾਂ ਨੂੰ ਕੋਟਕਪੂਰਾ ਗੋਲੀਕਾਂਡ ਵਿੱਚ ਚਲਾਨ ਦੀਆਂ ਨਕਲਾਂ ਪੂਰੀਆਂ ਨਹੀਂ ਦਿੱਤੀਆਂ ਗਈਆਂ ਹਨ।

# ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਤੋਂ ਮੂੰਹ ਫੇਰਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਇਸ ਵਾਰ ਮੁੜ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ 1500 ਰੁਪਏ ਪ੍ਰਤੀ ਏਕੜ ਦੇ ਐਲਾਨ ਦੇ ਬਾਵਜੂਦ ਕਿਸਾਨਾਂ ਨੇ ਇਸ ਪਾਸੇ ਦਿਲਚਸਪੀ ਨਹੀਂ ਦਿਖਾਈ। ਰਾਜ ਵਿਚ ਝੋਨੇ ਦੀ ਸਿੱਧੀ ਬਿਜਾਈ ਭਾਵੇਂ ਸ਼ੁਰੂ ਹੋ ਚੁੱਕੀ ਹੈ ਪਰ ਮਾਲਵਾ ਖੇਤਰ ਦੇ ਕਿਸੇ ਵੀ ਜ਼ਿਲ੍ਹੇ ਵਿਚ ਸਿੱਧੀ ਬਿਜਾਈ ਲਈ ਨਾ ਨਹਿਰਾਂ ਵਿਚ ਪਾਣੀ ਹੈ ਅਤੇ ਨਾ ਹੀ ਖੇਤੀ ਟਿਊਬਵੈਲਾਂ ਰਾਹੀਂ 8 ਘੰਟੇ ਬਿਜਲੀ ਛੱਡੀ ਜਾਣੀ ਸ਼ੁਰੂ ਹੋਈ ਹੈ। ਕਿਸਾਨਾਂ ਵੱਲੋਂ ਸਿੱਧੀ ਬਿਜਾਈ ਦੇ ਉਲਟ ਬਹੁਤੇ ਪਿੰਡਾਂ ਵਿਚ ਪਨੀਰੀ ਨਾਲ ਬਿਜਾਈ ਸ਼ੁਰੂ ਕੀਤੀ ਗਈ ਹੈ।



ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਆਗੂ ਦਰਸ਼ਨ ਸਿੰਘ ਗੁਰਨੇ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਸਿੱਧੀ ਬਿਜਾਈ ਬਦਲੇ ਪ੍ਰਤੀ ਏਕੜ 1500 ਰੁਪਏ ਦੇਣ ਦਾ ਲਾਲਚ ਕਾਮਯਾਬ ਨਹੀਂ ਹੋਇਆ ਕਿਉਂਕਿ ਇੱਥੋਂ ਦੀ ਜ਼ਿਆਦਾਤਰ ਜ਼ਮੀਨ ਡਾਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਮਾਲਵਾ ਇਲਾਕੇ ਵਿਚ ਚੂਹਿਆਂ ਦੀ ਬਹੁਤ ਭਰਮਾਰ ਹੈ, ਜੋ ਉਗਦੇ ਝੋਨੇ ਨੂੰ ਹੀ ਕੁਤਰਨਾ ਸ਼ੁਰੂ ਕਰ ਦਿੰਦੇ ਹਨ।

ਕਿਸਾਨਾਂ ਦਾ ਕਹਿਣਾ ਹੈ ਕਿ ਭਾਵੇਂ ਖੇਤੀਬਾੜੀ ਮਾਹਿਰ ਸਿੱਧੀ ਬਿਜਾਈ ਸਬੰਧੀ ਪਾਣੀ ਦੀ ਬੱਚਤ ਦੀ ਗੱਲ ਕਰਦੇ ਹਨ, ਪਰ ਇਹ ਵੀ ਪੂਰੀ ਤਰਕਸੰਗਤ ਨਹੀਂ ਜਾਪਦੀ, ਕਿਉਂਕਿ ਜਦੋਂ ਕਿਸਾਨ ਝੋਨੇ ਨੂੰ ਕੱਦੂ ਕਰਕੇ ਲਗਾਉਂਦੇ ਹਨ ਤਾਂ ਜ਼ਮੀਨ ਵਿਚ ਪਾਣੀ ਜ਼ਿਆਦਾ ਦਿਨ ਖੜ੍ਹਾ ਰਹਿੰਦਾ ਹੈ, ਜਦਕਿ ਸਿੱਧੀ ਬਿਜਾਈ ਵਾਲੇ ਖੇਤ ਨੂੰ ਥੋੜ੍ਹਾ-ਥੋੜ੍ਹਾ ਦਿੰਦੇ ਰਹਿਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸਿੱਧੀ ਬਿਜਾਈ ਲਈ ਨਦੀਨਾਂ ਅਤੇ ਚੂਹਿਆਂ ਦੀ ਮਾਰ ਲਈ ਸਰਕਾਰ ਨੂੰ ਮੁਫ਼ਤ ਦਵਾਈ ਦੇਣੀ ਚਾਹੀਦੀ ਹੈ।

ਸਰਕਾਰ ਝੋਨੇ ਦੇ ਬਦਲ ਵਜੋਂ ਹੋਰ ਫਸਲਾਂ ਦੀ ਖਰੀਦ ਅਤੇ ਐਮ.ਐਸ.ਪੀ. ਦੇਣੀ ਯਕੀਨੀ ਬਣਾਏ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਪਹਿਲਾਂ ਵੀ ਕਿਸਾਨ ਸਿੱਧੀ ਬਿਜਾਈ ਕਰਦੇ ਰਹੇ ਹਨ ਪਰ ਝੋਨੇ ਦੇ ਝਾੜ ਵਿਚ ਕਾਫ਼ੀ ਘਾਟਾ ਪਿਆ ਹੈ।

## ਕਾਂਗਰਸ ਪੰਜਾਬ ਸਿਰ 2.73 ਲੱਖ ਕਰੋੜ ਦਾ ਕਰਜ਼ਾ ਛੱਡ ਕੇ ਗਈ: ਕੰਗ

**ਚੰਡੀਗੜ੍ਹ:** ਕਾਂਗਰਸੀ ਆਗੂ ਨਵਜੋਤ ਸਿੱਧੂ ਨੂੰ 'ਆਪ' ਨੇ ਮੋੜਵਾਂ ਜਵਾਬ ਦਿੱਤਾ ਹੈ। ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਟਵੀਟ ਕਰ ਕੇ ਕਿਹਾ ਕਿ ਕਾਂਗਰਸ ਸਰਕਾਰ ਪੰਜਾਬ ਸਿਰ ਵਿਰਾਸਤ 'ਚ 2.73 ਲੱਖ ਕਰੋੜ ਰੁਪਏ ਦਾ ਕਰਜ਼ਾ ਛੱਡ ਕੇ ਗਈ ਸੀ, ਜਿਸ ਦਾ ਸਾਲਾਨਾ ਵਿਆਜ ਹੀ ਲਗਭਗ 20 ਹਜ਼ਾਰ ਕਰੋੜ ਰੁਪਏ ਬਣਦਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਵਰ੍ਹੇ ਨਾ ਸਿਰਫ 20,100 ਕਰੋੜ ਰੁਪਏ ਦਾ ਵਿਆਜ ਉਤਾਰਿਆ, ਬਲਕਿ 15,946 ਕਰੋੜ ਰੁਪਏ ਮੂਲ ਵੀ ਮੋੜਿਆ ਹੈ। ਇਸ ਤੋਂ ਇਲਾਵਾ ਪਾਵਰਕੌਮ ਦੇ 20,200 ਕਰੋੜ ਰੁਪਏ ਦਾ ਸਬਸਿਡੀ ਬਿੱਲ ਵੀ ਕਲੀਅਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੈਸਾ ਕਿੱਥੋਂ ਤੇ ਕਿਵੇਂ ਆਵੇਗਾ ਇਹ ਸਵਾਲ ਰਾਹੁਲ ਗਾਂਧੀ ਤੋਂ ਪੁੱਛੋ ਜੋ ਹਿਮਾਚਲ ਤੇ ਕਰਨਾਟਕ 'ਚ 200 ਯੂਨਿਟ ਮੁਫਤ ਦੇਣ ਦਾ ਐਲਾਨ ਕਰਕੇ ਆਏ ਹਨ।

# ਐਤਕੀਂ ਗਰਮੀ ਦਾ ਰਿਕਾਰਡ ਟੁੱਟੇਗਾ

**ਸਿਡਨੀ:** ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਨਵੀਂ ਰਿਪੋਰਟ 'ਚ ਇਹ ਪੇਸ਼ੀਨਗੋਈ ਕੀਤੀ ਗਈ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਇਕ ਲਾਜ਼ਮੀ ਤੌਰ 'ਤੇ ਸਭ ਤੋਂ ਵੱਧ ਗਰਮ ਹੋਵੇਗਾ ਅਤੇ ਪੂਰੀ ਸੰਭਾਵਨਾ ਹੈ ਕਿ ਇਸ ਇਕ ਸਾਲ ਦਾ ਤਾਪਮਾਨ ਸਨਅਤੀ ਯੁੱਗ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਵਧ ਕੇ ਗਲੋਬਲ ਵਾਰਮਿੰਗ ਦੀ ਹੱਦ ਨੂੰ ਪਾਰ ਕਰ ਜਾਵੇਗਾ। ਇਹ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਜੇਕਰ ਮਨੁੱਖ ਨੇ ਜ਼ਹਿਰੀਲੀਆਂ ਗੈਸਾਂ (ਗਰੀਨ ਹਾਊਸ ਗੈਸਾਂ) ਦੀ ਨਿਕਾਸੀ ਪੂਰੀ ਤਰ੍ਹਾਂ ਨਾ ਤਾਂ ਇਸ ਦਹਾਕੇ ਵਿਚ ਭਿਆਨਕ ਗਰਮੀ ਦੇ ਰਿਕਾਰਡ ਟੁੱਟਣਗੇ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਅਗਲੇ ਪੰਜ ਸਾਲਾਂ 'ਚ ਅੰਦਰ ਔਸਤ ਤਾਪਮਾਨ 1.5 ਡਿਗਰੀ ਤਕ ਵੱਧ ਜਾਵੇਗਾ। ਤਾਪਮਾਨ ਵਧੇ ਦੀ ਸੰਭਾਵਨਾ 2015 ਤੋਂ ਲਗਾਤਾਰ ਵਧੀ ਹੈ ਜਦੋਂ ਇਹ ਜ਼ੀਰੋ ਦੇ ਕਰੀਬ ਸੀ। 2017 ਅਤੇ 2021 ਵਿਚਾਲੇ ਇਹ ਸੰਭਾਵਨਾ 10 ਫੀਸਦ ਸੀ।

# ਗੰਢਣ ਚਮੜੀ ਰੋਗ ਮੁੜ ਫੈਲਣ ਲੱਗਾ

**ਨਵੀਂ ਦਿੱਲੀ:** ਹਫਤੇ 'ਚ 1000 ਤੋਂ ਵੱਧ ਤਾਜ਼ਾ ਕੇਸਾਂ ਅਤੇ 100 ਪਸ਼ੂਆਂ ਦੀ ਮੌਤ ਤੋਂ ਬਾਅਦ ਲੰਪੀ ਸਕਿਨ ਬਿਮਾਰੀ (ਐਲ.ਐਸ.ਡੀ.) ਇਕ ਵਾਰ ਫਿਰ ਦੇਸ ਵਿਚ ਫੈਲਣੀ ਸ਼ੁਰੂ ਹੋ ਗਈ ਹੈ। ਪਿਛਲੇ ਸਾਲ ਇਸ ਬਿਮਾਰੀ ਨੇ ਦੇਸ ਭਰ ਵਿਚ ਡੇਢ ਲੱਖ ਤੋਂ ਵੱਧ ਪਸ਼ੂਆਂ ਦੀ ਜਾਨ ਲੈ ਕੇ ਤਬਾਹੀ ਮਚਾਈ ਸੀ।

ਹੁਣ ਤੱਕ ਦੇਸ ਵਿਚ ਐਲ.ਐਸ.ਡੀ. ਦੇ ਕੇਸ 10000 ਹਨ। ਕੇਂਦਰ ਸਰਕਾਰ ਨੇ ਹਾਲਾਂਕਿ ਦਾਅਵਾ ਕੀਤਾ ਹੈ ਕਿ ਸਥਿਤੀ ਫਿਲਹਾਲ ਕਾਬੂ ਹੇਠ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰਾਖੰਡ, ਕਰਨਾਟਕ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ ਸਭ ਤੋਂ ਵੱਧ ਪ੍ਰਭਾਵਿਤ ਰਾਜ ਹਨ। ਰਾਜਸਥਾਨ, ਪੰਜਾਬ ਅਤੇ ਹਰਿਆਣਾ, ਜੋ ਪਿਛਲੇ ਸਾਲ ਸਭ ਤੋਂ ਵੱਧ ਪ੍ਰਭਾਵਿਤ ਰਾਜਾਂ ਵਿਚੋਂ ਇਕ ਸਨ, ਵਿਚ ਹੁਣ ਤੱਕ ਕੋਈ ਕੇਸ ਸਾਹਮਣੇ ਨਹੀਂ



ਆਇਆ ਹੈ। ਕੇਂਦਰ ਸਰਕਾਰ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਸਾਰੇ ਰਾਜਾਂ ਨੂੰ ਮੌਨਸੂਨ ਸੀਜ਼ਨ ਦੌਰਾਨ ਬਿਮਾਰੀ ਦੇ ਫੈਲਣ ਦੀ ਸੰਭਾਵਨਾ ਬਾਰੇ ਪਹਿਲਾਂ ਹੀ ਚੌਕਸ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਟੀਕਾਕਰਨ ਵਿਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ।

# ਪਹਿਲਵਾਨਾਂ ਦੇ ਹੱਕ 'ਚ ਸੰਸਦ ਅੱਗੇ ਔਰਤਾਂ ਦੀ ਪੰਚਾਇਤ 28 ਨੂੰ

**ਨਵੀਂ ਦਿੱਲੀ:** ਖਾਪ ਮਹਾਪੰਚਾਇਤ ਨੇ ਐਲਾਨ ਕੀਤਾ ਹੈ ਕਿ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਹਮਾਇਤ ਕਰ ਰਹੀਆਂ ਔਰਤਾਂ 28 ਮਈ ਨੂੰ ਸੰਸਦ ਦੀ ਨਵੀਂ ਇਮਾਰਤ ਦੇ ਅੱਗੇ ਪੰਚਾਇਤ ਕਰਨਗੀਆਂ।

ਇਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਇਮਾਰਤ ਦਾ ਉਦਘਾਟਨ ਕਰਨਾ ਹੈ। ਦੱਸਣਯੋਗ ਹੈ ਕਿ ਰੋਹਤਕ ਵਿਚ ਖਾਪ ਪੰਚਾਇਤਾਂ ਦੇ ਆਗੂਆਂ ਦੀ ਇਕ ਬੈਠਕ ਰੱਖੀ ਗਈ ਸੀ ਜਿਸ ਵਿਚ 'ਕੋਈ ਵੱਡਾ ਫੈਸਲਾ' ਹੋਣ ਦੀ ਸੰਭਾਵਨਾ ਸੀ, ਪਰ ਕਈ ਘੰਟਿਆਂ ਦੀ ਵਿਚਾਰ-ਚਰਚਾ ਤੋਂ ਬਾਅਦ ਸੰਸਦ ਵੱਲ ਕੂਚ ਕਰਨ ਦਾ ਫੈਸਲਾ ਲਿਆ ਗਿਆ। ਮੁਜ਼ਾਹਰਾਕਾਰੀ ਪਹਿਲਵਾਨਾਂ ਵਿਚੋਂ




ਸਾਕਸ਼ੀ ਮਲਿਕ ਤੇ ਉਸ ਦੇ ਪਤੀ ਸੱਤਿਆਵਰਤ ਕਾਦਿਆਂ ਨੇ ਮਹਾਪੰਚਾਇਤ ਵਿਚ ਹਿੱਸਾ ਲਿਆ ਜਦਕਿ ਬਜਰੰਗ ਪੂਨੀਆ ਤੇ ਵਿਨੇਸ਼ ਫੋਗਾਟ ਜੰਤਰ-ਮੰਤਰ 'ਤੇ ਧਰਨੇ ਵਾਲੀ ਥਾਂ ਡਟੇ ਰਹੇ। ਪੂਨੀਆ ਨੇ ਦੱਸਿਆ ਕਿ ਉਨ੍ਹਾਂ ਚਾਰ ਫੈਸਲੇ ਲਏ ਹਨ ਜਿਸ ਵਿਚ 28 ਮਈ ਨੂੰ ਸੰਸਦ ਅੱਗੇ ਪੰਚਾਇਤ ਕਰਨ ਦਾ ਫੈਸਲਾ ਵੀ ਸ਼ਾਮਲ ਹੈ।

ਮਹਾਪੰਚਾਇਤ ਨੇ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਮੁੜ ਦੁਹਰਾਈ ਤੇ ਵਾਅਦਾ ਕੀਤਾ ਕਿ ਪਹਿਲਵਾਨਾਂ ਦੇ ਸੱਦੇ ਉਤੇ ਖਾਪਾਂ ਮੁਜ਼ਾਹਰੇ ਵਾਲੀ ਥਾਂ ਪੰਜ ਘੰਟਿਆਂ ਦੇ ਅੰਦਰ-ਅੰਦਰ ਪਹੁੰਚ ਜਾਣਗੀਆਂ। ਪੂਨੀਆ ਨੇ ਕਿਹਾ ਕਿ ਪੰਚਾਇਤ ਲਈ ਮਹਿਲਾਵਾਂ ਦੇ ਨਾਲ ਪੁਰਸ਼ਾਂ ਦੇ ਜਾਣ ਸਬੰਧੀ ਫੈਸਲਾ ਹਾਲੇ ਰੁਕ ਕੇ ਲਿਆ ਜਾਵੇਗਾ। ਇਸ ਫੈਸਲੇ ਦਾ ਮਤਲਬ ਇਹ ਕੱਢਿਆ ਜਾ ਰਿਹਾ ਹੈ ਕਿ ਪਹਿਲਵਾਨਾਂ ਨੇ ਹੁਣ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਵਿਰੁੱਧ ਆਪਣੀ ਲੜਾਈ ਦੇ ਵਿਸਤਾਰ ਦਾ ਮਨ ਬਣਾ ਲਿਆ ਹੈ। ਜ਼ਿਕਰਯੋਗ ਹੈ ਕਿ ਮਹਿਲਾ ਪਹਿਲਵਾਨ ਬ੍ਰਿਜ ਭੂਸ਼ਣ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾ ਰਹੀਆਂ ਹਨ। ਭਾਰਤੀ ਉਲੰਪਿਕ ਐਸੋਸੀਏਸ਼ਨ, ਜਿਸ ਨੂੰ ਕੁਸ਼ਤੀ ਫੈਡਰੇਸ਼ਨ ਦੇ ਪ੍ਰਬੰਧ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਵੱਲੋਂ 20 ਜੂਨ ਨੂੰ ਏਸ਼ੀਅਨ ਖੇਡਾਂ ਦੇ ਟਰਾਇਲ ਲਏ ਜਾਣ ਦੀ ਸੰਭਾਵਨਾ ਹੈ। ਮੁਜ਼ਾਹਰਾਕਾਰੀ ਪਹਿਲਵਾਨਾਂ ਨੂੰ ਅਭਿਆਸ ਲਈ ਬਿਲਕੁਲ ਵੀ ਸਮਾਂ ਨਹੀਂ ਮਿਲਿਆ ਹੈ ਤੇ ਜੇਕਰ ਉਹ ਟਰਾਇਲ ਵਿਚ ਹਿੱਸਾ ਲੈਣ ਦਾ ਫੈਸਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਆਪੋ-ਆਪਣੇ ਵਰਗਾਂ ਵਿਚ ਮੁਕਾਬਲੇਬਾਜ਼ਾਂ ਨੂੰ ਟੱਕਰ ਦੇਣੀ ਬਹੁਤ ਔਖੀ ਹੋਵੇਗੀ।

## ਸ਼੍ਰੋਮਣੀ ਕਮੇਟੀ ਵੱਲੋਂ ਹਮਾਇਤ ਦੇਣ ਦਾ ਐਲਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਦਿੱਲੀ ਸਥਿਤ ਜੰਤਰ ਮੰਤਰ 'ਤੇ ਧਰਨੇ 'ਤੇ ਬੈਠੇ ਪਹਿਲਵਾਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਵਫ਼ਦ ਜਲਦੀ ਹੀ ਦਿੱਲੀ ਜਾਵੇਗਾ ਅਤੇ ਧਰਨਾਕਾਰੀਆਂ ਨੂੰ ਮਿਲੇਗਾ। ਮੀਟਿੰਗ ਵਿਚ ਵਿਚਾਰੇ ਮੁੱਦਿਆਂ ਬਾਰੇ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਸਿੱਖ ਧਰਮ, ਕਕਾਰਾਂ ਅਤੇ ਗੁਰੂ ਸਾਹਿਬਾਨ ਬਾਰੇ ਕੀਤੀ ਜਾ ਰਹੀ ਬਿਆਨਬਾਜ਼ੀ ਅਤੇ ਗੁਰਦੁਆਰਿਆਂ ਵਿਚ ਹੋ ਰਹੀਆਂ ਬੇਅਦਬੀਆਂ ਸ਼੍ਰੋਮਣੀ ਕਮੇਟੀ ਲਈ ਵੱਡੀ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਬੰਧੀ ਸਰਕਾਰਾਂ ਵੱਲੋਂ ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ ਜਾ ਰਹੀ।

# ਤਕਨੀਕੀ ਕੰਪਨੀਆਂ ਵੱਲੋਂ ਦੋ ਲੱਖ ਮੁਲਾਜ਼ਮਾਂ ਦੀ ਛਾਂਟੀ

**ਨਵੀਂ ਦਿੱਲੀ:** ਤਕਨੀਕੀ ਕੰਪਨੀਆਂ ਦੇ ਮੁਲਾਜ਼ਮਾਂ ਲਈ ਸਾਲ 2023 ਬਹੁਤ ਮਾੜਾ ਸਾਬਤ ਹੋਇਆ ਹੈ ਤੇ ਹੁਣ ਤੱਕ ਕਰੀਬ ਦੋ ਲੱਖ ਕਰਮੀ ਆਪਣੀ ਨੌਕਰੀ ਗੁਆ ਚੁੱਕੇ ਹਨ। ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਵਾਲੀਆਂ ਕੰਪਨੀਆਂ ਵਿਚ ਵੱਡੀਆਂ ਫਰਮਾਂ ਤੋਂ ਲੈ ਕੇ ਸਟਾਰਟਅੱਪ ਤੱਕ ਸ਼ਾਮਲ ਹਨ। ਮੈਟਾ, ਬੀਟੀ ਤੇ ਵੋਡਾਫੋਨ ਵਰਗੀਆਂ ਕੰਪਨੀਆਂ ਨੇ ਆਉਣ ਵਾਲੇ ਮਹੀਨਿਆਂ ਵਿਚ ਹੋਰ ਛਾਂਟੀ ਦਾ ਐਲਾਨ ਕੀਤਾ ਹੈ।



ਇਕ ਵੈੱਬਸਾਈਟ ਮੁਤਾਬਕ 695 ਕੰਪਨੀਆਂ ਨੇ ਇਸ ਸਾਲ ਹੁਣ ਤੱਕ 1.98 ਲੱਖ ਮੁਲਾਜ਼ਮਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਹੈ। ਇਸ ਦੇ ਮੁਕਾਬਲੇ ਸਾਲ 2022 ਵਿਚ 1046 ਤਕਨੀਕੀ ਕੰਪਨੀਆਂ ਨੇ 1.61 ਲੱਖ ਮੁਲਾਜ਼ਮ ਨੌਕਰੀ ਤੋਂ ਬਾਹਰ ਕੀਤੇ ਸਨ। ਇਸ ਸਾਲ ਇਕੱਲੇ ਜਨਵਰੀ ਵਿਚ ਹੀ ਕੌਮਾਂਤਰੀ ਪੱਧਰ ਉਤੇ 1 ਲੱਖ ਨੌਕਰੀਆਂ ਖਤਮ ਹੋਈਆਂ ਹਨ। ਐਮਾਜ਼ੋਨ, ਗੂਗਲ, ਮਾਈਕਰੋਸੌਫਟ, ਸੇਲਜ਼ਫੋਰਸ ਤੇ ਹੋਰਾਂ ਨੇ ਵੱਡੇ ਪੱਧਰ ਉਤੇ ਛਾਂਟੀ ਕੀਤੀ ਹੈ। ਪਿਛਲੇ ਸਾਲ ਤੋਂ ਲੈ ਕੇ ਇਸ ਸਾਲ ਮਈ ਤੱਕ ਕੁੱਲ 3.6 ਲੱਖ ਮੁਲਾਜ਼ਮ ਆਪਣੀਆਂ ਨੌਕਰੀਆਂ ਗੁਆ ਚੁੱਕੇ ਹਨ। ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਲਈ ਕੰਪਨੀਆਂ ਲੋੜ ਤੋਂ ਵੱਧ ਮੁਲਾਜ਼ਮ ਹੋਣ, ਆਲਮੀ ਪੱਧਰ ਉਤੇ ਵਿੱਤੀ ਬੇਯਕੀਨੀ ਦੇ ਮਾਹੌਲ, ਮਹਾਮਾਰੀ ਦੇ ਅਸਰ ਜਿਹੇ ਕਾਰਨਾਂ ਦਾ ਹਵਾਲਾ ਦੇ ਰਹੀਆਂ ਹਨ। ਮੈਟਾ (ਫੇਸਬੁੱਕ) ਵੱਲੋਂ ਅਗਲੇ ਹਫਤੇ ਤੋਂ ਛਾਂਟੀਆਂ ਦਾ ਅਗਲਾ ਗੇੜ ਅਰੰਭੇ ਜਾਣ ਦੀ ਸੰਭਾਵਨਾ ਹੈ। ਕੰਪਨੀ ਵੱਲੋਂ ਛੇ ਹਜ਼ਾਰ ਕਰਮੀਆਂ ਨੂੰ ਕੱਢੇ ਜਾਣ ਦੇ ਅਸਾਰ ਹਨ। ਐਮਾਜ਼ੋਨ ਨੇ ਆਪਣੀ ਕਲਾਊਡ ਡਿਵੀਜ਼ਨ ਵਿਚੋਂ 400-500 ਮੁਲਾਜ਼ਮਾਂ ਦੀ ਛਾਂਟੀ ਕੀਤੀ ਹੈ। ਹਾਲ ਹੀ ਵਿਚ ਯੂਕੇ ਦੀ ਟੈਲੀਕਾਮ ਕੰਪਨੀ ਬੀਟੀ ਗਰੁੱਪ ਨੇ ਐਲਾਨ ਕੀਤਾ ਸੀ ਕਿ ਉਹ ਇਸ ਦਹਾਕੇ ਦੇ ਅੰਤ ਤੱਕ 55 ਹਜ਼ਾਰ ਕਰਮੀਆਂ ਦੀ ਛਾਂਟੀ ਕਰੇਗਾ। ਵੋਡਾਫੋਨ ਅਗਲੇ ਤਿੰਨ ਸਾਲਾਂ ਵਿਚ 11 ਹਜ਼ਾਰ ਮੁਲਾਜ਼ਮਾਂ ਨੂੰ ਕੱਢ ਰਹੀ ਹੈ।

## ਬਰਤਾਨੀਆ ਦੀ ਕੰਪਨੀ ਨੇ 55000 ਨੌਕਰੀਆਂ ਖਤਮ ਕਰਨ ਦੀ ਯੋਜਨਾ ਬਣਾਈ

**ਲੰਡਨ:** ਬਰਤਾਨੀਆ ਦੀ ਦੂਰਸੰਚਾਰ ਕੰਪਨੀ ਬੀਟੀ ਗਰੁੱਪ ਨੇ ਦਹਾਕੇ ਦੇ ਅੰਤ ਤੱਕ 55,000 ਨੌਕਰੀਆਂ ਦੀ ਕਟੌਤੀ ਕਰਨ ਦੀ ਯੋਜਨਾ ਬਣਾਈ ਹੈ। ਕੰਪਨੀ ਖਰਚਿਆਂ ਨੂੰ ਘੱਟ ਕਰਨ ਲਈ ਇਹ ਕਦਮ ਚੁੱਕ ਰਹੀ ਹੈ। ਬੀਟੀ ਵਿਚ ਨਿਯਮਤ ਅਤੇ ਠੇਕੇ 'ਤੇ ਰੱਖੇ ਕਰਮਚਾਰੀਆਂ ਦੀ ਗਿਣਤੀ 1,30,000 ਹੈ। ਕੰਪਨੀ ਨੇ ਆਪਣੀ ਹਾਲੀਆ ਕਮਾਈ ਰਿਪੋਰਟ 'ਚ ਕਿਹਾ ਹੈ ਕਿ 2030 ਤੱਕ ਉਸ ਦੇ ਕਰਮਚਾਰੀ 75,000 ਤੋਂ 90,000 ਤੱਕ ਰਹਿ ਜਾਣਗੇ।

## ਗ੍ਰੀਨ ਕਾਰਡ ਲਈ ਲੰਮੀ ਉਡੀਕ ਦਾ ਕਾਰਨ ਹਰ ਦੇਸ਼ ਲਈ ਤੈਅ ਕੋਟਾ ਨੀਤੀ

**ਵਾਸ਼ਿੰਗਟਨ:** ਅਮਰੀਕਾ ਦੇ ਅਧਿਕਾਰੀ ਨੇ ਦੱਸਿਆ ਹੈ ਕਿ ਭਾਰਤ, ਚੀਨ, ਮੈਕਸੀਕੋ ਅਤੇ ਫਿਲੀਪੀਨਜ਼ ਦੇ ਲੋਕਾਂ ਲਈ ਗ੍ਰੀਨ ਕਾਰਡਾਂ ਦੀ ਲੰਮੀ ਉਡੀਕ ਦੇਸ਼ਾਂ ਲਈ ਵਿਸ਼ੇਸ਼ ਕੋਟੇ ਕਾਰਨ ਹੈ।

ਇਸ ਨੀਤੀ ਨੂੰ ਸਿਰਫ ਸੰਸਦ ਵੱਲੋਂ ਹੀ ਬਦਲਿਆ ਜਾ ਸਕਦਾ ਹੈ। ਗ੍ਰੀਨ ਕਾਰਡ ਨੂੰ ਅਧਿਕਾਰਤ ਤੌਰ ਉਤੇ ਸਥਾਈ ਨਿਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ। ਗ੍ਰੀਨ ਕਾਰਡ ਸੰਯੁਕਤ ਰਾਜ ਅਮਰੀਕਾ ਵਿਚ ਪਰਵਾਸੀਆਂ ਨੂੰ ਜਾਰੀ ਕੀਤਾ ਗਿਆ ਦਸਤਾਵੇਜ਼ ਹੈ ਜੋ ਇਸ ਗੱਲ ਦਾ ਸਬੂਤ ਹੈ ਕਿ ਗ੍ਰੀਨ ਕਾਰਡ ਧਾਰਕ ਨੂੰ ਸਥਾਈ ਤੌਰ ਉਤੇ ਦੇਸ਼ ਵਿਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ। ਇਮੀਗ੍ਰੇਸ਼ਨ ਕਾਨੂੰਨ ਤਹਿਤ ਹਰ ਸਾਲ 140,000 ਰੁਜ਼ਗਾਰ-ਅਧਾਰਤ ਗ੍ਰੀਨ ਕਾਰਡ ਜਾਰੀ ਕੀਤੇ ਜਾਂਦੇ ਹਨ। ਹਾਲਾਂਕਿ ਹਰ ਸਾਲ ਇਨ੍ਹਾਂ ਵਿਚੋਂ ਸਿਰਫ ਇਕ ਦੇਸ਼ ਨੂੰ ਸਿਰਫ ਸੱਤ ਫੀਸਦ ਗ੍ਰੀਨ ਕਾਰਡ ਮਿਲ ਸਕਦੇ ਹਨ।

## ਸਟੇਡੀਅਮ 'ਚ ਭਾਜੜ ਦੌਰਾਨ 12 ਹਲਾਕ

**ਸਾਂ ਸਲਵਾਡੋਰ:** ਸਲਵਾਡੋਰ ਫੁਟਬਾਲ ਲੀਗ ਦੇ ਕੁਆਟਰ ਫਾਈਨਲ ਮੁਕਾਬਲੇ ਦੌਰਾਨ ਸਟੇਡੀਅਮ ਦੇ ਇਕ ਗੇਟ 'ਤੇ ਧੱਕਾ-ਮੁੱਕੀ ਮਗਰੋਂ ਮਚੀ ਭਗਦੜ 'ਚ 12 ਮੌਤਾਂ ਹੋ ਗਈਆਂ ਅਤੇ ਦਰਜਨਾਂ ਲੋਕ ਜ਼ਖ਼ਮੀ ਹੋ ਗਏ। ਕਸਕੈਟਲਾਨ ਦੇ ਮੋਨਿਊਮੈਂਟਲ ਸਟੇਡੀਅਮ 'ਚ ਕਲੱਬ ਏਲੀਆਂਜ਼ਾ ਤੇ ਐਫ.ਏ.ਐਸ. ਵਿਚਾਲੇ ਮੈਚ 'ਚ 12 ਜਣਿਆਂ ਦੀ ਜਾਨ ਜਾਣ ਦੀ ਪੁਸ਼ਟੀ ਹੋਈ ਹੈ। ਪੁਲਿਸ ਨੇ ਦੱਸਿਆ ਹਸਪਤਾਲ ਲਿਜਾਏ ਗਏ ਜ਼ਖ਼ਮੀਆਂ 'ਚੋਂ ਘੱਟ ਤੋਂ ਘੱਟ ਦੋ ਜਣਿਆਂ ਦੀ ਹਾਲਤ ਗੰਭੀਰ ਹੈ। ਫਸਟ ਏਡ ਗਰੁੱਪ ਰੈਸਕਿਊ ਕਮਾਂਡੋਜ਼ ਦੇ ਬੁਲਾਰੇ ਕਾਰਲੋਸ ਫਿਊਂਟੇਸ ਨੇ ਦੱਸਿਆ, 'ਅਸੀਂ 12 ਜਣਿਆਂ ਦੀ ਮੌਤ ਹੋਣ ਦੀ ਪੁਸ਼ਟੀ ਕਰ ਸਕਦੇ ਹਾਂ ਜਿਨ੍ਹਾਂ 'ਚ ਸੱਤ ਪੁਰਸ਼ ਤੇ ਦੋ ਮਹਿਲਾਵਾਂ ਸ਼ਾਮਲ ਹਨ। ਅਸੀਂ 500 ਤੋਂ ਵੱਧ ਲੋਕਾਂ ਦਾ ਇਲਾਜ ਕੀਤਾ ਅਤੇ ਸੌ ਤੋਂ ਵੱਧ ਲੋਕਾਂ ਨੂੰ ਹਸਪਤਾਲ ਪਹੁੰਚਾਇਆ ਜਿਨ੍ਹਾਂ 'ਚੋਂ ਕੁਝ ਦੀ ਹਾਲਤ ਕਾਫੀ ਗੰਭੀਰ ਹੈ।

# ਵਿਰੋਧੀ ਧਿਰਾਂ 'ਆਪ' ਦੀ ਹਮਾਇਤ ਲਈ ਅੱਗੇ ਆਈਆਂ

**ਨਵੀਂ ਦਿੱਲੀ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਦਿੱਲੀ ਦੇ ਆਪਣੇ ਹਮਰੁਤਬਾ ਅਰਵਿੰਦ ਕੇਜਰੀਵਾਲ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਕੇ ਕੌਮੀ ਰਾਜਧਾਨੀ ਵਿਚ ਪ੍ਰਸ਼ਾਸਨਿਕ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਕੇਂਦਰ ਨਾਲ ਚੱਲ ਰਹੇ ਟਕਰਾਅ ਵਿਚ 'ਆਪ' ਸਰਕਾਰ ਨੂੰ ਪੂਰੀ ਹਮਾਇਤ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਨਾਲ ਆਰ.ਜੇ.ਡੀ. ਆਗੂ ਅਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਵੀ ਹਾਜ਼ਰ ਸਨ। ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਉਹ ਕੇਂਦਰ ਨਾਲ ਪ੍ਰਸ਼ਾਸਨਿਕ ਸੇਵਾਵਾਂ ਦੇ ਕੰਟਰੋਲ ਬਾਰੇ ਚੱਲ ਰਹੇ ਟਕਰਾਅ ਦੇ ਮੁੱਦੇ 'ਤੇ ਸਾਰੀਆਂ ਵਿਰੋਧੀ ਪਾਰਟੀਆਂ ਦੀ ਹਮਾਇਤ ਲੈਣ ਲਈ ਉਨ੍ਹਾਂ ਦੇ ਮੁਖੀਆਂ ਕੋਲ ਨਿੱਜੀ ਤੌਰ 'ਤੇ ਪਹੁੰਚ ਬਣਾਉਣਗੇ ਤਾਂ ਜੋ ਕੇਂਦਰ ਵੱਲੋਂ ਆਰਡੀਨੈਂਸ ਨੂੰ ਬਦਲਣ ਲਈ ਲਿਆਂਦਾ ਗਿਆ ਕੋਈ ਵੀ ਬਿੱਲ ਰਾਜ ਸਭਾ 'ਚ ਪਾਸ ਨਾ ਹੋਵੇ। ਕੇਜਰੀਵਾਲ ਨੇ ਕਿਹਾ ਕਿ ਜੇਕਰ ਬਿੱਲ ਰਾਜ ਸਭਾ 'ਚ ਪਾਸ ਨਾ ਹੋਇਆ ਤਾਂ ਇਸ ਨਾਲ ਸੁਨੇਹਾ ਜਾਵੇਗਾ ਕਿ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਹਾਰੇਗੀ। 'ਆਪ' ਕਨਵੀਨਰ ਨੇ ਕਿਹਾ ਕਿ ਇਹ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੈਮੀਫਾਈਨਲ ਹੋਵੇਗਾ। ਉਧਰ, ਨਿਤੀਸ਼ ਕੁਮਾਰ ਨੇ ਵੀ ਆਰਡੀਨੈਂਸ ਲਿਆਉਣ ਲਈ ਕੇਂਦਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ,"ਤੁਸੀਂ ਚੁਣੀ ਹੋਈ ਸਰਕਾਰ ਦੇ ਹੱਥੋਂ ਤਾਕਤ ਕਿਵੇਂ ਖੋਹ ਸਕਦੇ ਹੋ। ਸੰਵਿਧਾਨ ਮੁਤਾਬਕ ਜੋ ਸਹੀ ਹੈ, ਉਸ ਫੈਸਲੇ ਨੂੰ ਲਾਗੂ ਕਰੋ। ਕੇਜਰੀਵਾਲ ਜੋ ਆਖ ਰਹੇ ਹਨ, ਉਹ ਬਿਲਕੁਲ ਸਹੀ ਹੈ। ਅਸੀਂ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹਾਂ।" ਜਨਤਾ ਦਲ (ਯੂਨਾਈਟਿਡ) ਦੇ ਆਗੂ ਨੇ ਕਿਹਾ ਕਿ ਕੇਜਰੀਵਾਲ ਦਿੱਲੀ 'ਚ ਬਹੁਤ ਵਧੀਆ ਕੰਮ ਕਰ ਰਹੇ ਹਨ ਅਤੇ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਕੰਮ ਕਰਨ ਤੋਂ ਰੋਕਿਆ ਜਾ ਰਿਹਾ ਹੈ। 'ਇਸੇ ਕਰ ਕੇ ਅਸੀਂ ਆਖ ਰਹੇ ਹਾਂ ਕਿ ਮੁਲਕ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ।' ਬਿਹਾਰ ਦੇ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਉਹ ਕੇਜਰੀਵਾਲ ਦੇ ਪੱਖ 'ਚ ਵਿਰੋਧੀ ਧਿਰਾਂ ਨੂੰ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਕਰਨਗੇ। ਉਨ੍ਹਾਂ ਕਿਹਾ ਕਿ ਲੋਕਾਂ 'ਚ ਟਕਰਾਅ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਅਜਿਹੀਆਂ ਗੱਲਾਂ ਰੁਕਣੀਆਂ ਚਾਹੀਦੀਆਂ ਹਨ। ਨਿਤੀਸ਼ ਨੇ ਕਿਹਾ ਕਿ ਉਹ ਆਰਡੀਨੈਂਸ ਦੇ ਮੁੱਦੇ 'ਤੇ ਕਾਂਗਰਸ ਆਗੂਆਂ ਨਾਲ ਵੀ ਗੱਲ ਕਰਨਗੇ।




# ਜੀ-7: ਸੰਯੁਕਤ ਰਾਸ਼ਟਰ ਮੁਖੀ ਵੱਲੋਂ ਸਲਾਮਤੀ ਪ੍ਰੀਸ਼ਦ ਵਿਚ ਸੁਧਾਰਾਂ ਦੀ ਵਕਾਲਤ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੇ ਕਿਹਾ ਹੈ ਕਿ ਸਲਾਮਤੀ ਪਰਿਸ਼ਦ ਸੰਨ 1945 ਦੀਆਂ ਆਲਮੀ ਸ਼ਕਤੀਆਂ ਦੇ ਸਬੰਧਾਂ ਨੂੰ ਦਰਸਾਉਂਦਾ ਹੈ, ਤੇ ਵਰਤਮਾਨ ਸਮਿਆਂ ਦੀ ਅਸਲੀਅਤ ਮੁਤਾਬਕ ਹੁਣ ਤਾਕਤਾਂ ਦੀ ਮੁੜ ਵੰਡ ਦੀ ਲੋੜ ਵਧਦੀ ਜਾ ਰਹੀ ਹੈ।

ਉਨ੍ਹਾਂ ਜੋਰ ਦੇ ਕੇ ਕਿਹਾ ਕਿ ਇਹ ਇਸ 'ਆਲਮੀ ਇਕਾਈ ਵਿਚ ਸੁਧਾਰਾਂ ਦਾ ਸਮਾਂ ਹੈ।' ਜੀ-7 ਮੀਟਿੰਗ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮਹਾਮਾਰੀ ਦੇ ਮਾਰੂ ਅਸਰਾਂ, ਜਲਵਾਯੂ ਸੰਕਟ, ਯੂਕਰੇਨ 'ਤੇ ਰੂਸ ਦੇ ਹਮਲੇ, ਕਰਜ਼ਿਆਂ ਦੀ ਪੰਡ ਭਾਰੀ ਹੋਣ, ਵਿਆਜ ਦਰਾਂ ਵਧਣ ਤੇ ਮਹਿੰਗਾਈ ਵਿਚ ਵਾਧੇ ਨੇ ਵਿਕਾਸਸ਼ੀਲ ਤੇ ਉੱਭਰ ਰਹੇ ਅਰਥਚਾਰਿਆਂ ਨੂੰ ਝੰਬ ਦਿੱਤਾ ਹੈ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਤਾਕਤਾਂ ਦੀ ਵੰਡ ਨਾਲ ਜੁੜੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ 1945 ਤੋਂ ਬਾਅਦ ਬਹੁਤ ਕੁਝ ਬਦਲ ਗਿਆ ਹੈ, ਵਿੱਤੀ ਢਾਂਚਾ ਆਪਣੀ ਮਿਆਦ ਪੁਗਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਭਾਰਤ ਵੀ ਕਾਫੀ ਸਮੇਂ ਤੋਂ ਸਲਾਮਤੀ ਪਰਿਸ਼ਦ ਵਿਚ ਸੁਧਾਰਾਂ ਦੀ ਮੰਗ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਜੀ-7 ਸੰਮੇਲਨ ਦੌਰਾਨ ਸੰਯੁਕਤ ਰਾਸ਼ਟਰ ਵਿਚ ਸੁਧਾਰਾਂ ਦੀ ਗੱਲ ਕੀਤੀ ਹੈ।



## ਮੋਦੀ ਵੱਲੋਂ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਦੇ ਸਤਿਕਾਰ ਦਾ ਸੱਦਾ

**ਹੀਰੋਸ਼ੀਮਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਪਾਨ ਦੇ ਹੀਰੋਸ਼ੀਮਾ ਸ਼ਹਿਰ ਵਿਚ ਹੋ ਰਹੇ ਜੀ-7 ਸਿਖਰ ਸੰਮੇਲਨ ਦੇ ਇਕ ਸੈਸ਼ਨ ਵਿਚ ਕਿਹਾ ਕਿ ਉਹ ਯੂਕਰੇਨ ਵਿਚ ਵਰਤਮਾਨ ਹਾਲਾਤ ਨੂੰ ਰਾਜਨੀਤੀ ਜਾਂ ਅਰਥਚਾਰੇ ਦਾ ਨਹੀਂ, ਬਲਕਿ ਮਨੁੱਖਤਾ ਜਾਂ ਮਨੁੱਖੀ ਕਦਰਾਂ-ਕੀਮਤਾਂ ਦਾ ਮੁੱਦਾ ਮੰਨਦੇ ਹਨ। ਉਨ੍ਹਾਂ ਸਾਰੇ ਦੇਸ਼ਾਂ ਨੂੰ ਕੌਮਾਂਤਰੀ ਕਾਨੂੰਨਾਂ, ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੇ ਸਤਿਕਾਰ ਦਾ ਸੱਦਾ ਦਿੱਤਾ। ਮੋਦੀ ਨੇ ਜੀ-7 ਬੈਠਕ ਦੇ ਇਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਸਥਿਤੀਆਂ ਨੂੰ ਬਦਲਣ ਦੇ ਇਕਪਾਸੜ ਯਤਨਾਂ ਖਿਲਾਫ਼ ਸਾਰਿਆਂ ਨੂੰ ਮਿਲ ਕੇ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਦੇਸ਼ਾਂ ਨੂੰ ਸੰਯੁਕਤ ਰਾਸ਼ਟਰ ਚਾਰਟਰ, ਕੌਮਾਂਤਰੀ ਕਾਨੂੰਨਾਂ ਤੇ ਇਕ-ਦੂਜੇ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨਾ ਚਾਹੀਦਾ ਹੈ।

# ਦੋ ਹਜ਼ਾਰ ਦਾ ਨੋਟ ਵਾਪਸ ਲੈਣ ਦਾ ਫੈਸਲਾ ਦੂਜੀ ਨੋਟਬੰਦੀ ਕਰਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਦੋ ਹਜ਼ਾਰ ਰੁਪਏ ਦਾ ਕਰੰਸੀ ਨੋਟ ਸਰਕੂਲੇਸ਼ਨ ਵਿਚੋਂ ਵਾਪਸ ਲੈਣ ਦੇ ਲਏ ਫੈਸਲੇ ਦੀ ਕਈ ਵਿਰੋਧੀ ਧਿਰਾਂ ਨੇ ਆਲੋਚਨਾ ਕੀਤੀ ਹੈ ਤੇ ਸਵਾਲ ਖੜ੍ਹੇ ਕੀਤੇ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਵਾਲ ਕੀਤਾ ਕਿ ਕੀ 'ਦੂਜੀ ਨੋਟਬੰਦੀ' ਪਹਿਲਾਂ ਲਏ ਗਏ ਗਲਤ ਫੈਸਲੇ ਉਤੇ ਪਰਦਾ ਪਾਉਣ ਦਾ ਯਤਨ ਹੈ।



ਖੜਗੇ ਨੇ ਨੋਟਬੰਦੀ ਦੀ ਇਸ ਪੂਰੀ ਪ੍ਰਕਿਰਿਆ ਦੀ ਨਿਰਪੱਖ ਜਾਂਚ ਦਾ ਸੱਦਾ ਦਿੱਤਾ। ਹਿੰਦੀ ਵਿਚ ਇਕ ਟਵੀਟ ਕਰਦਿਆਂ ਖੜਗੇ ਨੇ ਕਿਹਾ, 'ਪਹਿਲੀ ਨੋਟਬੰਦੀ ਨਾਲ ਤੁਸੀਂ ਅਰਥਚਾਰੇ ਨੂੰ ਡੂੰਘਾ ਜ਼ਖ਼ਮ ਦਿੱਤਾ। ਇਸ ਕਾਰਨ ਸਾਰਾ ਗੈਰ-ਸੰਗਠਿਤ ਖੇਤਰ ਤਬਾਹ ਹੋ ਗਿਆ ਸੀ। ਛੋਟੇ, ਲਘੂ ਤੇ ਦਰਮਿਆਨੇ ਉਦਯੋਗ ਬੰਦ ਹੋ ਗਏ ਸਨ ਤੇ ਕਰੋੜਾਂ ਨੌਕਰੀਆਂ ਖਤਮ ਹੋ ਗਈਆਂ। ਹੁਣ ਦੂਜੀ ਨੋਟਬੰਦੀ ਨਾਲ 2000 ਦਾ ਨੋਟ ਬੰਦ ਕੀਤਾ ਜਾ ਰਿਹਾ ਹੈ...ਕੀ ਇਹ ਪਹਿਲਾਂ ਲਏ ਗਲਤ ਫੈਸਲੇ ਉਤੇ ਪਰਦਾ ਪਾਉਣ ਦਾ ਯਤਨ ਹੈ?' ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਾਂ ਨੂੰ 'ਪਰੇਸ਼ਾਨ' ਕਰ ਰਹੇ ਹਨ। ਖੜਗੇ ਨੇ ਵਿਅੰਗ ਕਸਦਿਆਂ ਕਿਹਾ ਕਿ ਜਦ ਵੀ ਪ੍ਰਧਾਨ ਮੰਤਰੀ ਜਪਾਨ ਜਾਂਦੇ ਹਨ, ਨੋਟਬੰਦੀ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜਦ ਉਹ ਪਿਛਲੀ ਵਾਰ ਜਪਾਨ ਗਏ ਸਨ ਤਾਂ ਇਕ ਹਜ਼ਾਰ ਦਾ ਨੋਟ ਬੰਦ ਕਰ ਦਿੱਤਾ ਸੀ। ਕਾਂਗਰਸ ਪ੍ਰਧਾਨ ਨੇ ਕਿਹਾ, 'ਉਹ (ਪ੍ਰਧਾਨ ਮੰਤਰੀ) ਇਹ ਜਾਣਦੇ ਹੀ ਨਹੀਂ ਹਨ ਕਿ ਇਸ ਨਾਲ ਦੇਸ਼ ਦਾ ਫਾਇਦਾ ਹੋਵੇਗਾ ਜਾਂ ਨੁਕਸਾਨ।' ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਵੀ ਮੋਦੀ ਸਰਕਾਰ ਦੇ ਫੈਸਲੇ ਦੀ ਨਿਖੇਧੀ ਕੀਤੀ। ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਕਿਹਾ, 'ਕੋਈ ਵੀ ਸਭਿਅਕ ਮੁਲਕ ਆਪਣੇ ਦੇਸ਼ ਦੇ ਲੋਕਾਂ ਨੂੰ ਹਮੇਸ਼ਾ ਇਸ ਭੈਅ ਵਿਚ ਨਹੀਂ ਪਾਈ ਰੱਖਦਾ ਕਿ ਇਕ ਦਿਨ ਨਗਦੀ 'ਟਾਇਲਟ ਪੇਪਰ' ਵਿਚ ਬਦਲ ਜਾਵੇਗੀ। ਅਸੀਂ ਇਸੇ ਤਣਾਅ ਵਿਚ ਰਹਿੰਦੇ ਹਾਂ ਕਿ ਕੁਝ ਸਾਲਾਂ ਬਾਅਦ ਸਾਡੇ ਬਟੂਏ ਖਾਲੀ ਹੋ ਜਾਣਗੇ।' ਟੀ.ਐਮ.ਸੀ. ਆਗੂ ਨੇ ਕਿਹਾ ਕਿ 'ਭਾਜਪਾ ਤੇ ਮੋਦੀ ਵੱਲੋਂ ਲੋਕਾਂ ਨੂੰ ਭਟਕਾਉਣ ਦੇ ਯਤਨ ਕਾਮਯਾਬ ਨਹੀਂ ਹੋਣਗੇ, ਉਹ ਕਰਨਾਟਕ ਹਾਰ ਗਏ ਹਨ, ਹੋਰ ਸੂਬੇ ਵੀ ਹਾਰਨਗੇ, ਅਡਾਨੀ ਨੂੰ ਵੀ ਨਹੀਂ ਬਚਾ ਸਕਣਗੇ।'

## ਵੱਡੇ ਨੋਟ ਨੇ ਕਾਲੇ ਧਨ ਵਾਲਿਆਂ ਦੀ ਮਦਦ ਕੀਤੀ: ਚਿਦੰਬਰਮ

**ਨਵੀਂ ਦਿੱਲੀ:** ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਨੇ 2016 ਵਿਚ 2000 ਰੁਪਏ ਦੇ ਨੋਟ ਪੇਸ਼ ਕਰਨ ਦੇ ਕਦਮ ਨੂੰ ਮੂਰਖਤਾਪੂਰਨ ਕਰਾਰ ਦਿੰਦੇ ਹੋਏ ਦਾਅਵਾ ਕੀਤਾ ਕਿ ਕਰੰਸੀ ਨੇ ਸਿਰਫ ਉਨ੍ਹਾਂ ਲੋਕਾਂ ਲਈ ਪੈਸਾ ਜਮ੍ਹਾਂ ਕਰਨਾ ਆਸਾਨ ਬਣਾਇਆ ਹੈ, ਜਿਹੜੇ ਕਾਲਾ ਧਨ ਰੱਖਦੇ ਹਨ। ਚਿਦੰਬਰਮ ਨੇ ਟਵੀਟ ਕੀਤਾ, 'ਬੈਂਕਾਂ ਨੇ ਸਪਸ਼ਟ ਕੀਤਾ ਹੈ ਕਿ 2000 ਰੁਪਏ ਦੇ ਨੋਟਾਂ ਨੂੰ ਬਦਲਣ ਲਈ ਕੋਈ ਪਛਾਣ ਪੱਤਰ ਦੇਣ, ਕੋਈ ਫਾਰਮ ਭਰਨ ਜਾਂ ਕੋਈ ਸਬੂਤ ਜਮ੍ਹਾਂ ਕਰਨ ਦੀ ਲੋੜ ਨਹੀਂ। ਕਾਲੇ ਧਨ ਦਾ ਪਤਾ ਲਗਾਉਣ ਲਈ 2000 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਦਾ ਭਾਜਪਾ ਦਾ ਦਾਅਵਾ ਬੇਕਾਰ ਹੋ ਗਿਆ ਹੈ।' ਉਨ੍ਹਾਂ ਕਿਹਾ ਕਿ ਆਮ ਲੋਕਾਂ ਕੋਲ 2,000 ਰੁਪਏ ਦੇ ਨੋਟ ਨਹੀਂ ਹਨ ਕਿਉਂਕਿ ਉਹ 2016 ਤੋਂ ਸ਼ੁਰੂ ਹੋਣ ਤੋਂ ਬਾਅਦ ਇਨ੍ਹਾਂ ਨੂੰ ਰੱਖਣ ਤੋਂ ਝਿਜਕਦੇ ਰਹੇ ਹਨ।

## ਦਿੱਲੀ ਹਾਈ ਕੋਰਟ ਨੇ ਬੀ.ਬੀ.ਸੀ. ਨੂੰ ਨੋਟਿਸ ਭੇਜਿਆ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਪਾਬੰਦੀਸ਼ੁਦਾ ਦਸਤਾਵੇਜ਼ੀ ਫਿਲਮ ਖਿਲਾਫ਼ ਮਾਣਹਾਨੀ ਦੇ ਮੁਕੱਦਮੇ 'ਚ ਬ੍ਰਿਟਿਸ਼ ਬ੍ਰੌਡਕਾਸਟਿੰਗ ਕੰਪਨੀ (ਬੀ.ਬੀ.ਸੀ.) ਨੂੰ ਨੋਟਿਸ ਜਾਰੀ ਕੀਤਾ ਹੈ। ਗੁਜਰਾਤ ਸਥਿਤ ਗੈਰ-ਸਰਕਾਰੀ ਸੰਗਠਨ (ਐਨ.ਜੀ.ਓ.) ਜਸਟਿਸ ਆਨ ਟ੍ਰਾਇਲ ਵੱਲੋਂ ਦਾਇਰ ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਦਸਤਾਵੇਜ਼ੀ ਫਿਲਮ ਨੇ ਦੇਸ਼, ਨਿਆਂਪਾਲਿਕਾ ਅਤੇ ਪ੍ਰਧਾਨ ਮੰਤਰੀ ਦੀ ਅਕਸ ਨੂੰ ਦਾਗਦਾਰ ਕੀਤਾ ਹੈ। ਜਸਟਿਸ ਸਚਿਨ ਦੱਤਾ ਨੇ ਮੁਕੱਦਮੇ ਵਿਚ ਸੰਮਨ ਜਾਰੀ ਕਰਦੇ ਹੋਏ ਮਾਮਲੇ ਦੀ ਅਗਲੀ ਸੁਣਵਾਈ 15 ਸਤੰਬਰ ਵਿਚ ਸੂਚੀਬੱਧ ਕਰ ਦਿੱਤੀ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 27 ਮਈ, 2023*

# ਨਾ-ਅਹਿਲੀਅਤ ਦਾ ਸਿਖਰ

ਸਰਕਾਰਾਂ ਅਤੇ ਪ੍ਰਸ਼ਾਸਨ ਦੇ ਪੱਧਰ 'ਤੇ ਅਣਗਹਿਲੀ ਅਤੇ ਨਾ-ਅਹਿਲੀਅਤ ਦੀਆਂ ਜਿਹੜੀਆਂ ਦੋ ਮਿਸਾਲਾਂ ਸਾਹਮਣੇ ਆਈਆਂ ਹਨ, ਉਨ੍ਹਾਂ ਤੋਂ ਸਾਫ ਜਾਪ ਰਿਹਾ ਹੈ ਕਿ ਇਸ ਮਾਮਲੇ ਵਿਚ ਅਜੇ ਕੁਝ ਖਾਸ ਨਹੀਂ ਕੀਤਾ ਜਾ ਰਿਹਾ ਸਗੋਂ ਮੌਕੇ ਮੁਤਾਬਿਕ ਲਿਪਾ-ਪੋਚੀ ਜ਼ਰੂਰ ਕੀਤੀ ਜਾ ਰਹੀ ਹੈ। ਪਹਿਲਾ ਮਸਲਾ ਭਾਰਤ ਵੱਲੋਂ ਦਵਾਈਆਂ ਦੀ ਬਰਾਮਦ ਨਾਲ ਸਬੰਧਿਤ ਹੈ। ਭਾਰਤ ਖੰਘ ਦੀਆਂ ਦਵਾਈਆਂ ਬਹੁਤ ਸਾਰੇ ਮੁਲਕਾਂ ਨੂੰ ਭੇਜਦਾ ਹੈ। ਹੁਣ ਕੁਝ ਦੇਸ਼ਾਂ 'ਚ ਇਨ੍ਹਾਂ ਦਵਾਈਆਂ ਦੇ ਗੈਰ-ਮਿਆਰੀ ਹੋਣ ਦਾ ਦੋਸ਼ ਲਾਇਆ ਹੈ। ਇਸੇ ਕਰ ਕੇ ਹੁਣ ਭਾਰਤ ਸਰਕਾਰ ਨੂੰ ਖੰਘ ਦੀਆਂ ਦਵਾਈਆਂ ਦੀ ਬਰਾਮਦ ਨੀਤੀ 'ਚ ਸੋਧ ਕਰਨੀ ਪਈਹੈ। ਇਨ੍ਹਾਂ ਦਵਾਈਆਂ ਦੀ ਬਰਾਮਦ ਲਈ ਹੁਣ ਸਰਕਾਰੀ ਲੈਬਾਰਟਰੀਆਂ ਤੋਂ ਸਰਟੀਫਿਕੇਟ ਲੈਣਾ ਲਾਜ਼ਮੀ ਕਰ ਦਿੱਤਾ ਹੈ। ਯਾਦ ਰਹੇ ਕਿ ਇਸ ਮਸਲੇ 'ਤੇ ਸੰਸਾਰ ਪੱਧਰ 'ਤੇ ਭਾਰਤ ਨੂੰਪਹਿਲਾਂ ਕਈ ਵਾਰ ਚਿਤਾਵਨੀ ਜਾਰੀ ਹੋ ਚੁੱਕੀ ਹੈ। ਪਿਛਲੇ ਸਾਲ ਸੰਸਾਰ ਸਿਹਤ ਸੰਸਥਾ ਨੇ ਉਦੋਂ ਚਿਤਾਵਨੀ ਜਾਰੀ ਕੀਤੀ ਸੀ ਜਦੋਂ ਸੋਨੀਪਤ ਦੀ ਮੇਡਨ ਫਾਰਮਾਸਿਊਟੀਕਲਜ਼ ਦੀ ਖੰਘ ਦੀ ਦਵਾਈ ਨਾਲ ਗਾਂਬੀਆਂ 'ਚ ਕਰੀਬ 70 ਬੱਚਿਆਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਨੋਇਡਾ (ਉੱਤਰ ਪ੍ਰਦੇਸ਼) ਦੀ ਮੈਰੀਅਨ ਬਾਇਓਟੈੱਕ ਦੀ ਬਣਾਈ ਖੰਘ ਦੀ ਦਵਾਈ ਨਾਲ ਉਜ਼ਬੇਕਿਸਤਾਨ 'ਚ ਘੱਟੋ-ਘੱਟ 18 ਬੱਚਿਆਂ ਦੀ ਜਾਨ ਚਲੀ ਗਈ ਸੀ। ਪਿਛਲੇ ਮਹੀਨੇ ਡੇਰਾਬਸੀ ਦੀ ਕਿਊਪੀ ਫਾਰਮਾਕੈਮ ਵਲੋਂ ਤਿਆਰ ਕੀਤੀ ਖੰਘ ਦੀ ਦਵਾਈ ਵਿਸ਼ਵ ਸਿਹਤ ਸੰਸਥਾ ਦੇ ਜਾਂਚ ਦੇ ਘੇਰੇ 'ਚ ਆਈ ਸੀ।

ਭਾਰਤ 'ਚ ਦਵਾਈਆਂ ਦੀ ਸਨਅਤ 41 ਅਰਬ ਡਾਲਰ ਦਾ ਕਾਰੋਬਾਰ ਕਰਦੀ ਹੈ ਅਤੇ ਸੰਸਾਰ ਦੀਆਂ ਵੱਡੀਆਂ ਸਨਅਤਾਂ 'ਚ ਸ਼ੁਮਾਰ ਹੈ। 2022-23 'ਚ ਭਾਰਤ ਨੇ 17.6 ਅਰਬ ਡਾਲਰ ਦੀਆਂ ਖੰਘ ਦੀਆਂ ਦਵਾਈਆਂ ਬਰਾਮਦ ਕੀਤੀਆਂ। ਸੰਸਾਰ ਸੰਸਥਾ ਦਾ ਦਾਅਵਾ ਹੈ ਕਿ ਭਾਰਤੀ ਕੰਪਨੀਆਂ ਵੱਲੋਂ ਬਣਾਈਆਂ ਖੰਘ ਦੀਆਂ ਦਵਾਈਆਂ 'ਚ ਐਥੇਲੀਨ ਗਲਾਈਕੋਲ ਅਤੇ ਡਾਇਥੇਲੀਨ ਗਲਾਈਕੋਲ ਨਾਮੀ ਜ਼ਹਿਰੀਲੇ ਤੱਤ ਸਨ। ਨਕਲੀ ਦਵਾਈਆਂ ਬਣਾਉਣਾ ਮਨੁੱਖਤਾ ਦੇ ਵਿਰੁੱਧ ਜੁਰਮ ਹੈ ਅਤੇ ਅਜਿਹਾ ਕਰਨ ਵਾਲਿਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਅਜਿਹੀਆਂ ਦਵਾਈਆਂ ਦਾ ਬਣਨਾ ਅਤੇ ਬਰਾਮਦ ਹੋਣਾ ਇਹ ਸੰਕੇਤ ਦਿੰਦਾ ਹੈ ਕਿ ਟੈਸਟ ਕਰਨ ਵਾਲੀਆਂ ਸੰਸਥਾਵਾਂ ਵਿਚਲੇ ਕਰਮਚਾਰੀਆਂ ਅਤੇ ਦਵਾਈਆਂ ਬਣਾਉਣ ਵਾਲਿਆਂ ਵਿਚ ਕਿਤੇ ਨਾ ਕਿਤੇ ਤਾਂ ਗੱਠਜੋੜ ਹੈ। ਇਹ ਦਵਾਈ ਨਿਰਮਾਤਾ ਜੇ ਵਿਦੇਸ਼ਾਂ ਜਿੱਥੇ ਦਵਾਈਆਂ ਦੇ ਦੁਬਾਰਾ ਟੈਸਟ ਹੁੰਦੇ ਹਨ, ਨੂੰ ਗੈਰ-ਮਿਆਰੀ ਦਵਾਈਆਂ ਭੇਜ ਸਕਦੇ ਹਨ ਤਾਂ ਉਨ੍ਹਾਂ ਦੁਆਰਾ ਆਪਣੇ ਦੇਸ਼ ਵਿਚ ਨਿਯਮਾਂ ਦੀ ਉਲੰਘਣਾ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਪਹਿਲਾਂ ਮੀਡੀਆ ਰਿਪੋਰਟਾਂ 'ਚ ਇਹ ਆ ਚੁੱਕਾ ਹੈ ਕਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਕਿਸ ਤਰ੍ਹਾਂ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ ਅਤੇ ਕਿਸ ਤਰ੍ਹਾਂ ਇਨ੍ਹਾਂ ਦੀ ਨਿਗਰਾਨੀ ਲਈ ਜ਼ਿੰਮੇਵਾਰ ਅਫਸਰ ਕੁਤਾਹੀ ਵਰਤਦੇ ਹਨ।

ਦੂਜਾ ਮਸਲਾ ਪ੍ਰਦੂਸ਼ਣ ਨਾਲ ਜੁੜਿਆ ਹੋਇਆ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜ਼ੀਰੇ ਨਜ਼ਦੀਕ ਪ੍ਰਾਈਵੇਟ ਖੇਤਰ ਦੀ ਸ਼ਰਾਬ ਬਣਾਉਣ ਦੀ ਡਿਸਟਿਲਰੀ ਦੇ ਸਰਵੇਖਣ ਅਤੇ ਧਰਤੀ ਹੇਠਲੇ ਪਾਣੀ ਦੇ ਟੈਸਟਾਂ ਤੋਂ ਇਹ ਸੰਕੇਤ ਦਿੱਤਾ ਹੈ ਕਿ ਡਿਸਟਿਲਰੀ ਪ੍ਰਦੂਸ਼ਤ ਪਾਣੀ ਮੋੜਵੇਂ-ਬੋਰਾਂ ਰਾਹੀਂ ਧਰਤੀ ਵਿਚ ਸੁੱਟ ਰਹੀ ਸੀ। ਇਸ ਫੈਕਟਰੀ ਖਿਲਾਫ ਅੰਦੋਲਨ ਚਲਾ ਰਹੇ ਨੇੜਲੇ ਪਿੰਡਾਂ ਦੇ ਲੋਕ ਵੀ ਅਜਿਹੇ ਹੀ ਦੋਸ਼ ਲਗਾਉਂਦੇ ਰਹੇ ਹਨ। ਬੀਤੇ ਸਾਲ ਜੁਲਾਈ ਮਹੀਨੇ ਅੰਦੋਲਨ ਭਖਿਆ ਜਿਸ ਦੀ ਮੰਗ ਸੀ ਕਿ ਨੇੜਲੇ ਪਿੰਡਾਂ ਦੇ ਧਰਤੀ ਹੇਠਲੇ ਪਾਣੀ ਨੂੰ ਕਥਿਤ ਤੌਰ 'ਤੇ ਪਲੀਤ ਕਰਨ ਤੇ ਹਵਾ ਪ੍ਰਦੂਸ਼ਣ ਫੈਲਾਉਣ ਬਦਲੇ ਇਥਾਨੌਲ ਯੂਨਿਟ ਨੂੰ ਬੰਦ ਕੀਤਾ ਜਾਵੇ। ਅੰਦੋਲਨਕਾਰੀਆਂ ਦਾ ਕਹਿਣਾ ਸੀ ਕਿ ਜ਼ਮੀਨ ਹੇਠਲਾ ਪਾਣੀ ਕੱਢਣ ਲਈ ਕੀਤੀ ਜਾਂਦੀ ਬੋਰਿੰਗ ਦੇ ਉਲਟ ਮੋੜਵੇਂ-ਬੋਰਾਂ ਰਾਹੀਂ ਗੰਦੇ/ਮੈਲੇ ਪਾਣੀ ਦਾ ਨਿਬੇੜਾ ਕਰਨ ਲਈ ਇਸ ਨੂੰ ਡੂੰਘੀ ਖਾਈ ਰਾਹੀਂ ਧਰਤੀ ਵਿਚ ਸੁੱਟਿਆ ਜਾਂਦਾ ਹੈ; ਗੰਦਾ ਪਾਣੀ ਧਰਤੀ ਹੇਠਲੇ ਪਾਣੀ ਵਿਚ ਮਿਲ ਕੇ ਉਸ ਨੂੰ ਪਲੀਤ ਕਰਦਾ ਹੈ। ਜਾਂਚ ਦੀਆਂ ਲੱਭਤਾਂ ਉਨ੍ਹਾਂ ਦਾਅਵਿਆਂ ਦੇ ਉਲਟ ਹਨ ਜਿਨ੍ਹਾਂ ਮੁਤਾਬਕ ਫੈਕਟਰੀ ਦੇ ਪ੍ਰਬੰਧਕ ਇਹ ਕਹਿੰਦੇ ਰਹੇ ਹਨ ਕਿ ਇਹ ਫੈਕਟਰੀ ਹਾਨੀਕਾਰਕ ਰਹਿੰਦ-ਖੂੰਹਦ ਪੈਦਾ ਨਹੀਂ ਕਰਦੀ।

ਕੌਮੀ ਗ੍ਰੀਨ ਟ੍ਰਿਬਿਊਨਲ ਨੂੰ ਸੌਂਪੀ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਜਾਂਚ ਰਿਪੋਰਟ ਮੁਤਾਬਕ ਫੈਕਟਰੀ ਦੇ ਅਹਾਤੇ ਦੇ ਅੰਦਰੋਂ ਦੋ ਬੋਰਾਂ ਵਿਚੋਂ ਲਏ ਪਾਣੀ ਦੇ ਨਮੂਨਿਆਂ 'ਚ ਭਾਰੀ ਧਾਤਾਂ ਦੀ ਭਰਵੀਂ ਮਾਤਰਾ ਸਾਬਤ ਹੋਈ ਹੈ। ਇਸੇ ਤਰ੍ਹਾਂ ਡਿਸਟਿਲਰੀ ਨੇੜਲੇ 29 ਬੋਰਾਂ 'ਚੋਂ ਲਿਆ ਗਿਆ ਪਾਣੀ ਵੀ ਪੀਣਯੋਗ ਨਹੀਂ ਸੀ ਜਿਸ ਤੋਂ ਦੋਸ਼ ਸਿੱਧ ਹੁੰਦੇ ਹਨ ਕਿ ਡਿਸਟਿਲਰੀ ਵਾਤਾਵਰਨਕ ਵਿਗਾੜ ਪੈਦਾ ਕਰ ਰਹੀ ਸੀ। ਰਿਪੋਰਟ ਮੁਤਾਬਕ ਜਾਂਚ ਟੀਮ ਨੇ ਜ਼ਮੀਨੀ ਪਾਣੀ ਦੇ ਜਿਹੜੇ ਢਾਂਚਿਆਂ ਦੀ ਸ਼ਨਾਖਤ ਕੀਤੀ, ਉਨ੍ਹਾਂ 'ਚੋਂ ਬਹੁਤੇ ਲੋੜੀਂਦੀਆਂ ਮਨਜ਼ੂਰੀਆਂ ਤੋਂ ਬਿਨਾ ਲਾਏ ਗਏ ਸਨ। ਦੋ ਸੀਲਬੰਦ ਬੋਰਵੈਲ ਇਕ-ਦੂਜੇ ਤੋਂ ਕੁਝ ਕੁ ਮੀਟਰ ਦੇ ਫਾਸਲੇ 'ਤੇ ਸਨ ਜਦੋਂਕਿ ਇਨ੍ਹਾਂ ਵਿਚਕਾਰ 200 ਮੀਟਰ ਦੀ ਵਿੱਥ ਹੋਣੀ ਲਾਜ਼ਮੀ ਹੈ। ਡਿਸਟਿਲਰੀਆਂ ਵਿਚ ਸੀਰੇ ਜਾਂ ਮੋਟੇ ਅਨਾਜਾਂ ਤੋਂ ਸ਼ਰਾਬ ਬਣਾਉਣ ਸਮੇਂ ਕਈ ਤਰ੍ਹਾਂ ਦੇ ਹਾਨੀਕਾਰਕ ਪਦਾਰਥ ਪੈਦਾ ਹੁੰਦੇ ਹਨ ਜਿਨ੍ਹਾਂ ਵਿਚੋਂ ਮਿਲੈਨੋਈਡਿਨਜ਼, ਥੈਲੇਟਸ, ਪੌਲੀਫਿਨੋਲ ਅਤੇ ਭਾਰੀ ਧਾਤਾਂ ਜ਼ਿਆਦਾ ਖਤਰਨਾਕ ਹੁੰਦੀਆਂ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਸੈਂਪਲ ਉਦੋਂ ਲਏ ਹਨ ਜਦੋਂ ਡਿਸਟਿਲਰੀ ਕਾਫੀ ਦੇਰ ਤੋਂ ਬੰਦ ਸੀ। ਇਨ੍ਹਾਂ ਸੈਂਪਲਾਂ ਵਿਚ ਭਾਰੀ ਧਾਤਾਂ ਦੇ ਨਿਕਲਣ ਤੋਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਧਰਤੀ ਹੇਠਲੇ ਪਾਣੀ ਵਿਚ ਹਾਨੀਕਾਰਕ ਪਦਾਰਥਾਂ ਦੀ ਮਾਤਰਾ ਡਿਸਟਿਲਰੀ ਦੇ ਚੱਲਣ ਸਮੇਂ ਕਿਤੇ ਜ਼ਿਆਦਾ ਹੋਵੇਗੀ। ਉਚ ਤਕਨੀਕੀ ਪੱਧਰ ਦੇ ਟਰੀਟਮੈਂਟ ਪਲਾਂਟ ਲਗਾਉਣ ਲਈ ਖਰਚਾ ਡਿਸਟਿਲਰੀ 'ਤੇ ਲੱਗੇ ਪੈਸੇ ਤੋਂ ਦੋ ਤੋਂ ਚਾਰ ਗੁਣਾ ਵੱਧ ਹੁੰਦਾ ਹੈ। ਇਸ ਕਾਰਨ ਬਹੁਤ ਸਾਰੀਆਂ ਡਿਸਟਿਲਰੀਆਂ ਪੈਦਾ ਹੁੰਦੇ ਮਵਾਦ ਨੂੰ ਨਦੀਆਂ, ਦਰਿਆਵਾਂ, ਨਾਲਿਆਂ ਆਦਿ ਵਿਚ ਸੁੱਟਣ ਦਾ ਉਪਰਾਲਾ ਕਰਦੀਆਂ ਹਨ ਅਤੇ ਕਈ ਇਸ ਨੂੰ ਮੋੜਵੇਂ-ਬੋਰਾਂ ਰਾਹੀਂ ਧਰਤੀ ਹੇਠ ਪਾਉਂਦੀਆਂ ਹਨ। ਅਜਿਹੀਆਂ ਹੋਰ ਫੈਕਟਰੀਆਂ ਵੀ ਜਾਂਚ ਦੇ ਘੇਰੇ 'ਚ ਆਉਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਕੀਤਾ ਜਾ ਰਿਹਾ ਖਿਲਵਾੜ ਬੰਦ ਹੋਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਾਟਕ ਕਰਨਾਟਕਾ ਵਿੱਚ!*

ਗਾਈ 'ਰਾਗਣੀ' ਵੰਡੀਆਂ ਪਾਉਣ ਵਾਲੀ, ਸੱਤਾ ਵਾਸਤੇ 'ਸੁਪਨਾ' ਜੋ ਪਾਲਿਆ ਸੀ।
ਬੇਰੁਜ਼ਗਾਰੀ ਮਹਿੰਗਾਈ ਵਿਕਾਸ ਦੇ ਜੋ, ਅਸਲ ਮੁੱਦਿਆਂ ਤਾਈਂ ਵੀ ਟਾਲਿਆ ਸੀ।
'ਉੱਤਰ' ਵਾਂਗ ਹੀ 'ਦੱਖਣ' ਦੇ ਵਿਚ ਜਾ ਕੇ, ਡਬਲ ਇੰਜਣ ਦਾ ਸ਼ੋਸ਼ਾ ਦਿਖਾਲਿਆ ਸੀ।
ਮਘਣ ਦਿੱਤੀ 'ਚਿੰਗਾੜੀ' ਨਹੀਂ ਵੋਟਰਾਂ ਨੇ, ਭੈੜੀ ਨਫਰਤ ਦੀ ਅੱਗ ਨੂੰ ਬਾਲਿਆ ਸੀ।
ਵੋਟਾਂ ਲੈਣ ਲਈ 'ਜੈ ਬਜਰੰਗ' ਕਹਿੰਦੇ, ਚੰਗੇ ਸਮਝੇ ਨਾ 'ਰਾਮ ਦੀ ਵਾਟਕਾ' ਨੇ
ਪਾਟੋ-ਧਾੜ ਦੇ 'ਨਾਟਕ' ਨਹੀਂ ਦੇਖਣੇ ਜੀ, ਦੇ'ਤਾ 'ਕਰਾਰਾ' ਜਵਾਬ ਕਰਨਾਟਕਾ ਨੇ!

# ਦਿੱਲੀ ਵਿਵਾਦ: ਫੈਡਰਲ ਢਾਂਚਾ ਬਨਾਮ ਕੇਂਦਰੀਕਰਨ

ਦਿੱਲੀ ਦੇ ਉੱਪ ਰਾਜਪਾਲ ਅਤੇ ਦਿੱਲੀ ਸਰਕਾਰ ਵਿਚਕਾਰ ਪਿਛਲੇ ਕਈ ਸਾਲਾਂ ਤੋਂ ਸੁਲਗ ਰਿਹਾ ਵਿਵਾਦ ਇਨ੍ਹੀਂ ਦਿਨੀਂ ਪੂਰਾ ਭਖਿਆ ਹੋਇਆ ਹੈ। ਇਸ ਮਸਲੇ ਵਿਚ ਦੇਸ਼ ਦੀ ਸਰਬਉੱਚ ਅਦਾਲਤ ਦੀ ਦਖਲਅੰਦਾਜ਼ੀ ਤੋਂ ਬਾਅਦ ਕੇਂਦਰ ਸਰਕਾਰ ਖੁੱਲ੍ਹ ਕੇ ਸਾਹਮਣੇ ਆ ਚੁੱਕੀ ਹੈ।

ਦਰਅਸਲ ਦੇਸ਼ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਵੱਲੋਂ ਲੰਘੀ 11 ਮਈ ਨੂੰ ਅਹਿਮ ਫੈਸਲਾ ਸੁਣਾਇਆ ਗਿਆ, ਫੈਸਲਾ ਕਹਿਣ ਨਾਲੋਂ ਵੀ 'ਸੰਵਿਧਾਨਿਕ ਵਿਆਖਿਆ ਕੀਤੀ' ਕਹਿਣਾ ਜਿਆਦਾ ਢੁੱਕਵਾਂ ਰਹੇਗਾ। ਚੀਫ਼ ਜਸਟਿਸ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਵੱਲੋਂ ਸਰਬਸੰਮਤੀ ਨਾਲ ਸਪੱਸ਼ਟ ਰੂਪ ਵਿਚ ਕਿਹਾ ਗਿਆ ਕਿ ਦਿੱਲੀ ਸਰਕਾਰ ਨੂੰ ਲੋਕ ਪ੍ਰਬੰਧ, ਪੁਲਿਸ ਅਤੇ ਜ਼ਮੀਨ ਤੋਂ ਬਿਨਾ ਬਾਕੀ ਸੇਵਾਵਾਂ ਉੱਤੇ ਵਿਧਾਨਕ ਤੇ ਕਾਰਜਕਾਰੀ ਅਖਤਿਆਰ ਹਾਸਲ ਹੈ। ਭਾਵ ਦਿੱਲੀ ਦੀ ਅਫਸਰਸ਼ਾਹੀ ਚੁਣੀ ਹੋਈ ਸਰਕਾਰ ਦੇ ਅਧੀਨ ਹੈ।



*ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ (ਸੱਜੇ) ਉਪ ਰਾਜਪਾਲ ਵੀ.ਕੇ. ਸਕਸੈਨਾ।*

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਜਿੱਥੇ 'ਆਪ' ਸਰਕਾਰ ਨੇ ਸੀਨੀਅਰ ਅਫਸਰ ਆਸ਼ੀਸ਼ ਮੋਰੇ ਦਾ ਤਬਾਦਲਾ ਕਰ ਕੇ ਖੁਸ਼ੀਆਂ ਮਨਾਈਆਂ ਉੱਥੇ ਹੀ ਕੇਂਦਰ ਸਰਕਾਰ ਨੇ ਆਪਣੀ ਪੂਰੀ ਤਾਕਤ ਇਸ ਫੈਸਲੇ ਦਾ 'ਬਦਲ' ਲੱਭਣ ਲਈ ਲਗਾ ਦਿੱਤੀ। ਸਭ ਤੋਂ ਪਹਿਲਾਂ ਤਾਂ ਕੇਂਦਰ ਸਰਕਾਰ ਨੇ ਸਰਬਉੱਚ ਅਦਾਲਤ ਵਿਚ ਫੈਸਲੇ ਉੱਤੇ ਮੁੜ ਵਿਚਾਰ ਕਰਨ ਲਈ ਅਪੀਲ ਦਾਇਰ ਕੀਤੀ ਤੇ ਉਸ ਤੋਂ ਬਾਅਦ ਸੁਪਰੀਮ ਕੋਰਟ ਦੇ ਫ਼ੈਸਲੇ ਦੇ 'ਬਦਲ' ਵਜੋਂ ਕੇਂਦਰ ਸਰਕਾਰ ਨੇ 'ਨੈਸ਼ਨਲ ਕੈਪੀਟਲ ਪਬਲਿਕ ਸਰਵਿਸ ਅਥਾਰਿਟੀ' ਕਾਇਮ ਕਰਨ ਵਾਸਤੇ ਆਰਡੀਨੈਂਸ ਜਾਰੀ ਕੀਤਾ। ਕਾਹਲੀ-ਕਾਹਲੀ ਲਿਆਂਦੇ ਇਸ ਆਰਡੀਨੈਂਸ ਦਾ ਸੌਖੇ ਸ਼ਬਦਾਂ ਵਿਚ ਤੱਤ ਇਹ ਹੈ ਕਿ ਅਧਿਕਾਰੀਆਂ ਦੇ ਤਬਾਦਲੇ ਅਤੇ ਤਾਇਨਾਤੀਆਂ ਬਾਰੇ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਉਪ ਰਾਜਪਾਲ ਨੂੰ ਵਾਪਸ ਕਰਨ ਵੱਲ ਕਦਮ ਪੁੱਟਿਆ ਗਿਆ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਇਸ ਆਰਡੀਨੈਂਸ ਤਹਿਤ 'ਨੈਸ਼ਨਲ ਕੈਪੀਟਲ ਪਬਲਿਕ ਸਰਵਿਸ ਅਥਾਰਟੀ' ਦੇ ਦਿੱਲੀ ਦੇ ਮੁੱਖ ਮੰਤਰੀ ਚੇਅਰਮੈਨ ਹੋਣਗੇ ਜਦਕਿ ਦਿੱਲੀ ਦੇ ਮੁੱਖ ਸਕੱਤਰ ਅਤੇ ਦਿੱਲੀ ਦੇ ਪ੍ਰਮੁੱਖ ਗ੍ਰਹਿ ਸਕੱਤਰ ਮੈਂਬਰ ਹੋਣਗੇ। ਇਸ ਕਮੇਟੀ ਕੋਲ ਆਈ.ਏ.ਐਸ. ਅਤੇ ਦੈਨਿਕਸ ਦੇ ਅਧਿਕਾਰੀਆਂ ਦੇ ਤਬਾਦਲੇ, ਨਿਯੁਕਤੀ ਅਤੇ ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦੇ ਅਧਿਕਾਰ ਤਾਂ ਹੋਣਗੇ ਪਰ ਅੰਤਿਮ ਫੈਸਲਾ ਉੱਪ ਰਾਜਪਾਲ ਦਾ ਹੀ ਹੋਵੇਗਾ; ਭਾਵ, ਜੇਕਰ ਉੱਪ ਰਾਜਪਾਲ ਨੂੰ ਅਥਾਰਟੀ ਦਾ ਫੈਸਲਾ ਨਾ ਜਚਿਆ ਤਾਂ ਉਹ ਉਸ ਨੂੰ ਬਦਲਣ ਲਈ ਵਾਪਸ ਭੇਜ ਸਕਦੇ ਹਨ।

ਕੇਂਦਰ ਸਰਕਾਰ ਨੇ ਆਰਡੀਨੈਂਸ ਜਾਰੀ ਕਰ ਕੇ ਅਦਾਲਤ ਦੇ ਫੈਸਲੇ ਦਾ 'ਬਦਲ' ਤਾਂ ਲੱਭ ਲਿਆ ਪਰ ਕੀ ਇਹ ਅਦਾਲਤ ਦੀ ਮਾਣ-ਮਰਿਆਦਾ ਦੀ ਉਲੰਘਣਾ ਨਹੀਂ ਕੀਤੀ ਗਈ ਹੈ। ਹੱਕੀ ਮੰਗਾਂ ਲਈ ਸਰਕਾਰ ਖਿਲਾਫ ਸੰਘਰਸ਼ ਕਰਨ ਵਾਲੇ ਕਾਫਲੇ ਜੇਕਰ ਅਦਾਲਤ ਦੇ ਕਿਸੇ ਫੈਸਲੇ 'ਤੇ ਬੋਲਣ ਤਾਂ ਉਸ ਨੂੰ ਅਦਾਲਤ ਦੀ ਤੌਹੀਨ ਮੰਨਿਆਂ ਜਾਂਦਾ ਹੈ। ਅਜਿਹੇ ਦਰਜਨਾਂ ਮਾਮਲਿਆਂ ਦੇ ਹਵਾਲੇ ਦਿੱਤੇ ਜਾ ਸਕਦੇ ਹਨ ਜਦ ਕਿਸੇ ਵਿਅਕਤੀ ਨੂੰ ਅਦਾਲਤ ਦੇ ਸਨਮਾਨ ਖਿਲਾਫ ਬੋਲਣ 'ਤੇ ਜੇਲ੍ਹ ਵਿਚ ਬੰਦ ਕੀਤਾ ਗਿਆ ਹੋਵੇ ਪਰ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਦੇ ਸਰਬਸੰਮਤੀ ਨਾਲ ਕੀਤੇ ਫੈਸਲੇ ਦਾ ਸੌਖਿਆਂ ਹੀ 'ਬਦਲ' ਬਣਾ ਲਿਆ ਹੈ। ਹਾਲਾਂਕਿ ਆਮ ਤੌਰ 'ਤੇ ਅਜਿਹੇ ਆਰਡੀਨੈਂਸ ਸੰਸਦ ਦੇ ਸੈਸ਼ਨ ਵਿਚ ਲਿਆਂਦੇ ਜਾਂਦੇ ਹਨ।

ਕੇਂਦਰ ਸਰਕਾਰ ਦਾ ਮੰਤਵ ਸਾਫ ਹੈ ਕਿ ਉੱਪ ਰਾਜਪਾਲ ਤੋਂ ਬਗੈਰ ਮੁੱਖ ਮੰਤਰੀ ਜਾਂ ਦਿੱਲੀ ਸਰਕਾਰ ਕੋਈ ਵੀ ਫੈਸਲਾ ਨਹੀਂ ਕਰ ਸਕਣਗੇ। ਕੀ ਇਸ ਤਰ੍ਹਾਂ ਕਰ ਕੇ ਕੇਂਦਰ ਸਰਕਾਰ ਦਿੱਲੀ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਉਸ ਦੇ ਬਣਦੇ ਹੱਕਾਂ ਤੋਂ ਵਾਂਝਾ ਕਰਦਿਆਂ ਫੈਸਲੇ ਕਰਨ ਵਾਲੀਆਂ ਤਾਕਤਾਂ ਆਪਣੇ ਹੱਥਾਂ ਵਿਚ ਨਹੀਂ ਲੈ ਰਹੀ ਹੈ। ਬੜਾ ਅਹਿਮ ਸਵਾਲ ਹੈ ਕਿ ਜੇਕਰ ਦਿੱਲੀ ਦੀ ਸੂਬਾ ਸਰਕਾਰ ਨੂੰ ਅਫਸਰਾਂ ਦੀ ਤਾਇਨਾਤੀ ਬਾਰੇ ਫੈਸਲੇ ਲੈਣ ਦਾ ਅਧਿਕਾਰ ਤੱਕ ਹੀ ਨਹੀਂ ਦੇਣਾ ਤਾਂ ਦਿੱਲੀ ਵਿਚ ਸਰਕਾਰ ਬਣਾਈ ਹੀ ਕਿਉਂ ਹੈ? ਇਸ ਤਰ੍ਹਾਂ ਦਾ ਦਿੱਲੀ ਦੇ ਮੁੱਖ ਮੰਤਰੀ ਦੀ ਹੈਸੀਅਤ ਕਿਸੇ ਵੱਡੇ ਸ਼ਹਿਰ ਦੇ ਮੇਅਰ ਤੋਂ ਵੱਧ ਨਹੀਂ ਹੈ।

ਕੇਂਦਰ ਸਰਕਾਰ ਤਰਕ ਦੇ ਰਹੀ ਹੈ ਕਿ ਦਿੱਲੀ ਦੇਸ਼ ਦੀ ਰਾਜਧਾਨੀ ਹੈ ਇਸ ਲਈ 'ਪੂਰੇ ਦੇਸ਼ ਦਾ ਇਸ 'ਤੇ ਹੱਕ ਹੈ'। ਕੇਂਦਰ ਸਰਕਾਰ ਕਹਿੰਦੀ ਹੈ ਕਿ ਕਈ ਮਹੱਤਵਪੂਰਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਰਾਸ਼ਟਰਪਤੀ ਭਵਨ, ਸੰਸਦ, ਸੁਪਰੀਮ ਕੋਰਟ ਦਿੱਲੀ ਵਿਚ ਹਨ। ਸਾਰੇ ਦੇਸ਼ਾਂ ਦੇ ਪ੍ਰਤੀਨਿਧ ਦਿੱਲੀ ਵਿਚ ਹੁੰਦੇ ਹਨ ਇਸ ਲਈ ਜੇਕਰ ਕੋਈ ਵੀ ਪ੍ਰਬੰਧਕੀ ਭੁੱਲ ਹੋਈ ਤਾਂ ਇਸਦਾ ਪੂਰੀ ਦੁਨੀਆ ਵਿਚ ਅਸਰ ਹੋਵੇਗਾ। ਕੇਂਦਰ ਸਰਕਾਰ ਦੀਆਂ ਇਹਨਾਂ ਦਲੀਲਾਂ ਵਿਚ ਭੋਰਾ ਵੀ ਦਮ ਨਹੀਂ ਹੈ ਕਿਉਂਕਿ ਸੁਪਰੀਮ ਕੋਰਟ ਦਾ ਫੈਸਲਾ ਲੋਕ ਪ੍ਰਬੰਧ, ਪੁਲਿਸ ਅਤੇ ਜ਼ਮੀਨ ਦੇ ਮਾਮਲੇ ਤੋਂ ਬਿਨਾ ਬਾਕੀ ਸੇਵਾਵਾਂ ਉੱਤੇ ਵਿਧਾਨਕ ਤੇ ਕਾਰਜਕਾਰੀ ਅਖਤਿਆਰ ਹੀ ਦਿੱਲੀ ਸਰਕਾਰ ਨੂੰ ਦੇ ਰਿਹਾ ਹੈ। ਦਿੱਲੀ ਦੀ ਪੁਲਿਸ ਤਾਂ ਕੇਂਦਰ ਸਰਕਾਰ ਅਧੀਨ ਹੀ ਰਹੇਗੀ। ਦੂਜਾ ਇਹ ਕਿ 'ਨੋਟਬੰਦੀ' ਅਤੇ ਕਰੋਨਾਵਾਇਰਸ ਦੌਰਾਨ ਲਗਾਏ ਸਖਤ ਲੌਕਡਾਊਨ ਜਿਹੇ ਫੈਸਲਿਆਂ ਨਾਲ ਦੁਨੀਆਂ ਵਿਚ ਜਿਹੜੀ 'ਭੱਲ' ਬਣੀ ਹੈ, ਉਸ ਦੀ ਜ਼ਿੰਮੇਵਾਰੀ ਕੌਣ ਲੈਂਦਾ ਹੈ।

ਇਹ ਸੱਚ ਹੈ ਕਿ ਰਾਜਾਂ ਦੇ ਅਧਿਕਾਰਾਂ 'ਤੇ ਕੈਂਚੀ ਪਿਛਲੀਆਂ ਕਾਂਗਰਸ ਸਰਕਾਰਾਂ ਨੇ ਵੀ ਫੇਰੀ ਹੈ। ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਹੁੰਦਿਆਂ ਸੂਬਾ ਸਰਕਾਰਾਂ ਨੂੰ ਟਿੱਚ ਜਾਣਿਆ ਸੀ ਪਰ ਉਸ ਸਮੇਂ ਵੀ ਬਹੁਤ ਸਾਰੀਆਂ ਖੇਤਰੀ ਪਾਰਟੀਆਂ, ਖੱਬੇ ਪੱਖੀ ਧਿਰਾਂ ਤੇ ਜਮਹੂਰੀ ਸ਼ਕਤੀਆਂ ਨੇ ਸਰਕਾਰ ਦੇ ਫੈਸਲਿਆਂ ਖਿਲਾਫ ਸੰਘਰਸ਼ ਵਿੱਢੇ ਸਨ। ਭਾਜਪਾ ਜਦ ਤੋਂ ਸੱਤਾ ਵਿਚ ਆਈ ਹੈ ਤਦ ਤੋਂ ਉਹ ਸੂਬਿਆਂ ਦੇ ਹਰ ਮਾਮਲੇ ਵਿਚ ਦਖਲਅੰਦਾਜ਼ੀ ਕਰ ਰਹੀ ਹੈ। ਐਨ.ਆਈ.ਏ. ਵਰਗੀਆਂ ਕੇਂਦਰੀ ਏਜੰਸੀਆਂ ਸੂਬਿਆਂ ਵਿਚ ਜਿਸ ਤਰੀਕੇ ਨਾਲ ਦਖਲਅੰਦਾਜ਼ੀ ਕਰ ਰਹੀਆਂ ਹਨ, ਉਹ ਸੂਬਿਆਂ ਨੂੰ ਟਿੱਚ ਜਾਨਣ ਵਾਲੀ ਨੀਤੀ ਤੋਂ ਵੀ ਅੱਗੇ ਸਾਰਾ ਕੁੱਝ ਮੁੱਠੀ ਵਿਚ ਕਰ ਲੈਣ ਵਾਲੀ ਨੀਅਤ ਹੈ।

ਜੀ.ਐਸ.ਟੀ. ਤਹਿਤ ਸੂਬਿਆਂ ਵਿਚੋਂ ਟੈਕਸਾਂ ਦਾ ਸਾਰਾ ਪੈਸਾ ਕੇਂਦਰ ਸਰਕਾਰ ਲੈ ਜਾਂਦੀ ਹੈ ਤੇ ਬਾਅਦ ਵਿਚ ਸੂਬੇ ਆਪਣਾ ਹਿੱਸਾ ਲੈਣ ਲਈ ਕੇਂਦਰੀ ਮੰਤਰੀਆਂ ਅੱਗੇ ਤਰਲੇ ਕੱਢਦੇ ਰਹਿੰਦੇ ਹਨ ਤੇ ਕੇਂਦਰ ਸੂਬਿਆਂ ਨੂੰ ਮਨਮਰਜ਼ੀ ਦੇ ਸਮੇਂ ਦਿੰਦਾ ਹੈ। ਪੰਜਾਬ ਦੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਦਾ ਹਜ਼ਾਰਾਂ ਕਰੋੜ ਰੁਪਿਆ ਕੇਂਦਰ ਵੱਲ ਫਸਿਆ ਪਿਆ ਹੈ। ਭਾਜਪਾ ਪੰਜਾਬ ਸਰਕਾਰ ਨੂੰ ਕਹਿ ਰਹੀ ਹੈ ਕਿ ਤੁਸੀਂ ਆਰ.ਡੀ.ਐਫ. ਦੀ ਸਹੀ ਥਾਂ ਨਾਲ ਵਰਤੋਂ ਨਹੀਂ ਕਰਦੇ, ਇਸ ਕਰਕੇ ਫੰਡ ਨਹੀਂ ਮਿਲ ਰਿਹਾ ਹੈ। ਹੁਣ ਭਲਾ ਸੂਬਾ ਸਰਕਾਰ ਨੇ ਆਪਣਾ ਫੰਡ ਕਿੱਥੇ ਵਰਤਣਾ ਹੈ, ਕੀ ਇਹ ਵੀ ਕੇਂਦਰ ਸਰਕਾਰ ਤੈਅ ਕਰਿਆ ਕਰੇਗੀ? ਫਿਰ ਜੇ ਇਸ ਤਰ੍ਹਾਂ ਦੇ ਫੈਸਲੇ ਕੇਂਦਰ ਸਰਕਾਰ ਕਰਿਆ ਕਰੇਗੀ ਤਾਂ ਸੂਬਾ ਸਰਕਾਰਾਂ ਸਿਰਫ 'ਸ਼ੋਅ ਪੀਸ' ਬਣ ਕੇ ਰਹਿ ਜਾਣਗੀਆਂ।

ਹਕੀਕਤ ਇਹ ਹੈ ਕਿ ਦਿੱਲੀ ਦੀ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦਾ ਕਿਰਦਾਰ ਵੀ ਫੈਡਰਲ ਢਾਂਚੇ ਦੇ ਪੱਖ ਵਿਚ ਨਹੀਂ ਰਿਹਾ ਹੈ। ਕੇਂਦਰ ਸਰਕਾਰ ਦਾ ਰਵੱਈਆ ਸੂਬਿਆਂ ਦੇ ਅਧਿਕਾਰਾਂ ਨੂੰ ਸੀਮਤ ਕਰ ਕੇ ਤਾਕਤਾਂ ਦੇ ਕੇਂਦਰੀਕਰਨ ਵਾਲਾ ਹੈ। ਕੇਂਦਰ ਸਰਕਾਰ ਨੇ ਇਸੇ ਨੀਤੀ ਦੇ ਚੱਲਦਿਆਂ ਜਦ ਜੰਮੂ ਕਸ਼ਮੀਰ ਵਿਚੋਂ ਧਾਰਾ 370 ਤੇ 35 ਏ ਮਨਸੂਖ ਕਰ ਕੇ ਉਸ ਨੂੰ ਯੂ.ਟੀ. ਵਿਚ ਤਬਦੀਲ ਕੀਤਾ ਤਾਂ ਇਹ ਆਮ ਆਦਮੀ ਪਾਰਟੀ ਕੇਂਦਰ ਸਰਕਾਰ ਦੇ ਪੱਖ ਵਿਚ ਖੜ੍ਹੀ ਸੀ। ਦਿੱਲੀ ਨੂੰ ਪੂਰਨ ਰਾਜ ਦਾ ਦਰਜ਼ਾ ਦੇਣ ਦੀ ਮੰਗ ਕਰ ਕੇ ਸੱਤਾ ਵਿਚ ਆਈ 'ਆਪ' ਨੇ ਵੱਧ ਅਧਿਕਾਰਾਂ ਵਾਲੇ ਸੂਬੇ ਨੂੰ ਯੂ.ਟੀ. ਵਿਚ ਤਬਦੀਲ ਕਰਨ ਸਮੇਂ ਭਾਜਪਾ ਦਾ ਪੱਖ ਪੂਰ ਕੇ ਸਿਰੇ ਦੀ ਮੌਕਾਪ੍ਰਸਤ ਪਾਰਟੀ ਹੋਣ ਦਾ ਸਬੂਤ ਦਿੱਤਾ ਸੀ।

ਦਿੱਲੀ ਸਰਕਾਰ ਦੇ ਹੱਕ ਸੀਮਤ ਕਰਨ ਦੇ ਮਾਮਲੇ ਵਿਚ ਬਣਦਾ ਤਾਂ ਇਹ ਹੈ ਕਿ 'ਆਪ' ਇਸ ਮਸਲੇ ਨੂੰ ਇਸ ਰੂਪ ਵਿਚ ਉਭਾਰੇ ਕਿ ਭਾਜਪਾ ਸਰਕਾਰ ਕਿਵੇਂ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਰਹੀ ਹੈ? ਫੈਡਰਲ ਢਾਂਚੇ ਕਿਵੇਂ ਤਬਾਹ ਕੀਤਾ ਜਾ ਰਿਹਾ ਹੈ? ਤੇ ਕੇਂਦਰ ਸਰਕਾਰ ਵੱਲੋਂ ਤਾਕਤਾਂ ਦੇ ਕਿਵੇਂ ਕੇਂਦਰੀਕਰਨ ਕੀਤਾ ਜਾ ਰਿਹਾ ਹੈ? ਪਰ ਕੇਜਰੀਵਾਲ ਤੇ ਉਸਦੀ ਟੀਮ ਜਾਣਬੁੱਝ ਕਿ ਇਸ ਸਿਆਸੀ ਮੁੱਦੇ ਨੂੰ ਕੇਜਰੀਵਾਲ ਬਨਾਮ ਉੱਪ ਰਾਜਪਾਲ ਤੇ ਕੇਜਰੀਵਾਲ ਬਨਾਮ ਮੋਦੀ ਦੇ ਰੂਪ ਵਿਚ ਵਿਅਕਤੀਗਤ ਬਣਾ ਰਹੇ ਹਨ। ਜਦ ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਦਿੱਲੀ ਦੀਆਂ ਚੋਣਾਂ ਲੜੀਆਂ ਸਨ ਤਾਂ ਕੇਜਰੀਵਾਲ ਨੂੰ ਪਤਾ ਸੀ ਕਿ ਦਿੱਲੀ ਦੇ ਮੁੱਖ ਮੰਤਰੀ ਦੀ ਹੈਸੀਅਤ ਕੀ ਹੁੰਦੀ ਹੈ, ਫਿਰ ਵੀ ਉਸ ਨੇ ਲੋਕਾਂ ਨੂੰ ਅਨੇਕਾਂ ਸਬਜ਼ਬਾਗ ਦਿਖਾਏ ਤੇ ਦਿੱਲੀ ਨੂੰ ਪੂਰਨ ਰਾਜ ਦਾ ਦਰਜ਼ਾ ਦੇਣ ਵਾਲੀ ਮੰਗ ਤੋਂ ਪਿਛਾਂਹ ਹਟ ਗਏ।

ਜਿਵੇਂ ਭਾਜਪਾ, ਮੀਡੀਆ ਅਤੇ 'ਆਪ' ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ; ਇਹ ਮਸਲਾ ਨਾ ਤਾਂ ਵਿਅਕਤੀਗਤ ਹੈ ਤੇ ਨਾ ਹੀ ਮਹਿਜ਼ ਦਿੱਲੀ ਦੀ ਅਫ਼ਸਰਸ਼ਾਹੀ ਉੱਤੇ ਕੰਟਰੋਲ ਤੱਕ ਸੀਮਤ ਹੈ ਬਲਕਿ ਇਹ ਮਸਲਾ ਸੰਘੀ ਢਾਂਚੇ ਅਤੇ ਤਾਕਤਾਂ ਦੇ ਕੇਂਦਰੀਕਰਨ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਵੱਖ-ਵੱਖ ਧਰਮਾਂ, ਜਾਤਾਂ, ਕੌਮੀਅਤਾਂ ਦੇ ਲੋਕ ਵੱਸਦੇ ਹਨ ਜਿਨ੍ਹਾਂ ਦਾ ਸੱਭਿਆਚਾਰ, ਬੋਲੀ, ਆਰਥਿਕਤਾ ਦੇ ਸਾਧਨ ਵੱਖ-ਵੱਖ ਹਨ। ਇਸ ਲਈ ਅਜਿਹਾ ਫੈਡਰਲ ਢਾਂਚਾ ਬਹੁਤ ਜ਼ਰੂਰੀ ਹੈ ਜਿੱਥੇ ਸੂਬਿਆਂ ਨੂੰ ਵੱਧ ਅਧਿਕਾਰ ਹੋਣ। ਦੇਸ਼ ਦੇ ਵੱਖ-ਵੱਖ ਸੂਬਿਆਂ ਦੀ ਸੱਤਾ ਦਾ ਹਿੱਸਾ ਰਹੀਆਂ ਮੁੱਖ ਧਾਰਾ ਨਾਲ ਸਬੰਧਤ ਜ਼ਿਆਦਤਰ ਖੇਤਰੀ ਪਾਰਟੀਆਂ ਦੇ ਆਗੂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸੇ ਹੋਣ ਕਾਰਨ ਕੇਂਦਰੀ ਏਜੰਸੀਆਂ ਦੇ ਡਰੋਂ ਸਭ ਕੁੱਝ ਦੇਖਦੇ ਹੋਏ ਵੀ ਅੱਖਾਂ ਮੀਚ ਰਹੇ ਹਨ।

# ਨਿਊਜ਼ਰੂਮ 'ਚ ਬੌਟਸ: ਭਵਿੱਖ ਦੀ ਪੱਤਰਕਾਰੀ ਦਾ ਭੈੜਾ ਸੁਪਨਾ

ਹੁਣ ਬੌਟਸ ਨੇ ਨਿਊਜ਼ਰੂਮ ਵਿਚ ਲੇਖ ਅਤੇ ਖ਼ਬਰਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਹਨ। ਆਟੋਮੇਟਿਡ ਪੱਤਰਕਾਰੀ ਦਾ ਜ਼ਮਾਨਾ ਆ ਗਿਆ ਹੈ। ਬਹੁਤ ਜਲਦੀ ਨਿਊਜ਼ਰੂਮ ਦੇ ਡੈਸਕਾਂ ਉੱਪਰ ਇਨਸਾਨ ਨਹੀਂ, ਬੌਟਸ ਹੀ ਬੌਟਸ ਬੈਠੇ ਨਜ਼ਰ ਆਉਣਗੇ। ਕੀ ਇਹ ਸੱਚਮੁੱਚ ਭਵਿੱਖ ਅਜਿਹਾ ਦਿਸਣ ਵਾਲਾ ਹੈ? ਸ਼ੁਰੂਆਤ ਤਾਂ ਹੋ ਗਈ ਹੈ ਪਰ ਬੌਟਸ ਨੇ ਅਜੇ ਤੱਕ ਨਿਊਜ਼ਰੂਮਾਂ ਵਿਚ ਪੂਰੀ ਤਰ੍ਹਾਂ ਮਨੁੱਖਾਂ ਦੀ ਜਗ੍ਹਾ ਨਹੀਂ ਲਈ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਨਵੇਂ ਰੂਪ ਚੈਟਜੀ.ਪੀ.ਟੀ. ਦੇ ਆਉਣ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਸਭ ਤੋਂ ਵੱਡਾ ਖ਼ਤਰਾ ਪੱਤਰਕਾਰਾਂ ਨੂੰ ਹੋਵੇਗਾ। ਸਭ ਤੋਂ ਜ਼ਿਆਦਾ ਨੌਕਰੀਆਂ ਪੱਤਰਕਾਰਾਂ ਦੀਆਂ ਹੀ ਜਾਣ ਵਾਲੀਆਂ ਹਨ।

ਪੱਤਰਕਾਰੀ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ (ਨਕਲੀ ਬੁੱਧੀ) ਹੁਣ ਹਕੀਕਤ ਹੈ। ਡਿਜੀਟਲ ਮੀਡੀਆ ਦੇ ਵਧਦੇ ਪ੍ਰਸਾਰ ਕਾਰਨ ਅਸੀਂ ਜਾਣੇ-ਅਣਜਾਣੇ ਵਿਚ ਹੀ ਆਪਣੀ ਕਬਰ ਪੱਟ

**ਸਤੀਸ਼ ਵਰਮਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਲਈ ਹੈ। ਇਸੇ ਡਿਜੀਟਲ ਮੀਡੀਆ ਦੇ ਕਾਰਨ ਅੱਜ ਅਸੀਂ ਆਪਣੀ ਡਿਜੀਟਲ ਫੀਡ ਵਿਚ ਆਰਟੀਫਿਸੀਅਲ ਇੰਟੈਲੀਜੈਂਸ ਅਧਾਰਤ ਖ਼ਬਰਾਂ ਅਤੇ ਇਸ਼ਤਿਹਾਰ ਸਮੱਗਰੀ ਦੀ ਖ਼ਪਤ ਸ਼ੁਰੂ ਕਰ ਦਿੱਤੀ ਹੈ। ਚਾਹੇ ਇਹ ਯੂਟਿਊਬ ਦੇ ਸਿਫ਼ਾਰਿਸ਼ ਕੀਤੇ ਵੀਡੀਓ ਹੋਣ ਜਾਂ ਸਾਡੀ ਫੇਸਬੁੱਕ ਫੀਡ ਜਾਂ ਫਿਰ ਤੁਸੀਂ ਵੈੱਬਸਾਈਟਾਂ ਉੱਪਰ ਜਿਸ ਤਰ੍ਹਾਂ ਦੇ ਇਸ਼ਤਿਹਾਰ ਦੇਖਦੇ ਹੋ, ਉਹ ਸਾਰੇ ਖ਼ਾਸ ਤੌਰ 'ਤੇ ਏ.ਆਈ. ਦੀ ਵਰਤੋਂ ਕਰਕੇ ਹੀ ਤੁਹਾਡੇ ਲਈ ਬਣਾਏ ਜਾ ਰਹੇ ਹਨ। ਪਰ ਜੇਕਰ ਗੱਲ ਇੱਥੋਂ ਤੱਕ ਹੀ ਰਹਿੰਦੀ ਤਾਂ ਹੋਰ ਗੱਲ ਸੀ। ਆਰਟੀਫਿਸ਼ੀਅਲ ਇੰਟੈਲੀਜੈਂਸ ਤਾਂ ਹੁਣ ਪੱਤਰਕਾਰੀ ਦੇ ਖੇਤਰ ਵਿਚ ਵੀ ਪ੍ਰਵੇਸ਼ ਕਰ ਰਹੀ ਹੈ। ਸੋਸ਼ਲ ਮੀਡੀਆ ਦੇ ਪ੍ਰਭਾਵ ਨਾਲ ਪੱਤਰਕਾਰੀ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਕਾਫ਼ੀ ਵਧ ਗਈ ਹੈ। ਇਸ ਲਈ ਹੁਣ ਵੱਡੀਆਂ ਮੀਡੀਆ ਕੰਪਨੀਆਂ ਆਪਣੀ ਸਮੱਗਰੀ ਨੂੰ ਪ੍ਰਮੋਟ ਕਰਨ ਲਈ ਏ.ਆਈ. ਦੀ ਮੱਦਦ ਲੈ ਰਹੀਆਂ ਹਨ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਜਿਸ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਚੈਟਜੀ.ਪੀ.ਟੀ. ਦੇ ਹਊਏ ਤੋਂ ਅਸੀਂ ਭਾਰਤੀ ਅੱਜ ਡਰ ਰਹੇ ਹਾਂ ਉਸਦਾ ਕਾਫ਼ੀ ਹੱਦ ਤੱਕ ਸਫ਼ਲ ਤਜਰਬਾ ਨਾਰਵੇ ਵਿਚ 2016 ਵਿਚ ਹੀ ਦਰ ਲਿਆ ਗਿਆ ਸੀ। ਨਾਰਵੇ ਦੀ ਨਿਊਜ਼ ਏਜੰਸੀ (ਐੱਨ.ਟੀ.ਬੀ.) ਨੇ 2015 ਵਿਚ ਹੀ ਫੁੱਟਬਾਲ ਮੈਚਾਂ ਦੀ ਕਵਰੇਜ ਲਈ ਆਟੋਮੇਟਿਡ ਨਿਊਜ਼ ਸਟੋਰੀ ਪ੍ਰੋਜੈਕਟ ਉੱਪਰ ਕੰਮ ਸ਼ੁਰੂ ਕਰ ਦਿੱਤਾ ਸੀ, ਜਿਸ ਨੂੰ ਇਕ ਸਾਲ ਬਾਅਦ ਯਾਨੀ 2016 'ਚ ਲਾਂਚ ਵੀ ਕੀਤਾ ਗਿਆ। ਇਸ ਪ੍ਰੋਜੈਕਟ ਵਿਚ ਏ.ਆਈ. ਦੇ ਮਾਹਰਾਂ ਦੇ ਨਾਲ ਪੱਤਰਕਾਰਾਂ ਦੇ ਇਕ ਸਮੂਹ ਨੂੰ ਏ.ਆਈ. ਦੀ ਮੁਹਾਰਤ ਸਿਖਾਈ ਗਈ ਸੀ ਅਤੇ ਬੌਟਸ ਨੂੰ ਸਿਖਲਾਈ ਦਿੱਤੀ ਗਈ ਸੀ, ਪਰ ਐਲਗੋਰਿਦਮ ਦੇ ਸੰਬੰਧ ਵਿਚ ਸਹੀ ਫ਼ੈਸਲਾ ਲੈਣਾ ਇਸ ਪ੍ਰੋਜੈਕਟ ਵਿਚ ਸ਼ਾਮਲ ਸਾਰੇ ਹਿੱਸੇਦਾਰਾਂ ਲਈ ਇਕ ਚੁਣੌਤੀ ਬਣ ਕੇ ਉੱਭਰਿਆ। ਇਸ ਪ੍ਰੋਜੈਕਟ ਵਿਚ ਬੌਟਸ ਨੂੰ ਸਹੀ ਖ਼ਬਰਾਂ ਅਤੇ ਲੇਖ ਲਿਖਣ ਲਈ ਬਹੁਤ ਸਾਰੀ ਸੰਪਾਦਕੀ ਇਨਪੁੱਟ ਦੀ ਮੱਦਦ ਦੀ ਲੋੜ ਪਈ। ਸੁਭਾਵਿਕ ਹੈ ਕਿ ਇਹ ਸਾਰੀ ਇਨਪੁੱਟ ਮਨੁੱਖਾਂ ਨੇ ਦਿੱਤੀ। ਨਿਊਜ਼ਰੂਮ ਵਿਚ ਏ.ਆਈ. ਦੀ ਇਸ ਸਿੱਖਣ ਦੀ ਪ੍ਰਕਿਰਿਆ ਵਿਚ ਆਟੋਮੇਸ਼ਨ ਅਤੇ ਆਟੋਮੇਟਿਡ ਖ਼ਬਰਾਂ ਬਾਰੇ ਬਹੁਤ ਸਾਰੇ ਨਵੇਂ ਵਿਚਾਰ ਆਏ। ਮੌਸਮ ਦੀ ਭਵਿੱਖਬਾਣੀ ਨਾਲ ਸੰਬੰਧਤ ਖ਼ਬਰਾਂ ਅਤੇ ਬਜ਼ਾਰ ਦੀਆਂ ਵਸਤੂਆਂ ਅਤੇ ਸਟਾਕਾਂ ਦੀ ਕੀਮਤ ਨਾਲ ਸੰਬੰਧਤ ਖ਼ਬਰਾਂ ਨੂੰ ਕਿਵੇਂ ਸਵੈਚਾਲਤ ਕਰਨਾ ਹੈ ਇਸ ਬਾਰੇ ਕਈ ਪ੍ਰਯੋਗ ਵੀ ਕੀਤੇ ਗਏ। ਇੰਨਾ ਹੀ ਨਹੀਂ, ਚੋਣਾਂ ਦੌਰਾਨ ਕਵਰੇਜ ਅਤੇ ਅੰਕੜਿਆਂ ਨੂੰ ਕਿਵੇਂ ਫਟਾਫਟ ਅੰਦਾਜ਼ 'ਚ ਆਟੋਮੇਟਿਡ ਨਿਊਜ਼ ਪੈਕੇਜ ਬਣਾਇਆ ਜਾਵੇ ਇਸ ਨੂੰ ਲੈ ਕੇ ਵੀ ਕਈ ਤਜਰਬੇ ਕੀਤੀ ਗਏ।

ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਪਿਛਲੇ ਸਾਲਾਂ ਦੌਰਾਨ ਨਿਊਜ਼ਰੂਮਾਂ ਦੀ ਬਹੁਤ ਮੱਦਦ ਕੀਤੀ ਹੈ। ਕਈ ਮੀਡੀਆ ਕੰਪਨੀਆਂ ਕੋਲ ਇਨ-ਹਾਊਸ ਸਾਫਟਵੇਅਰ ਹਨ ਜੋ ਸਕਿੰਟਾਂ ਵਿਚ ਨਹੀਂ ਤਾਂ ਮਿੰਟਾਂ ਵਿਚ ਖ਼ਬਰਾਂ ਅਤੇ ਲੇਖ ਤਿਆਰ ਕਰ ਰਹੇ ਹਨ। ਇੰਨਾ ਹੀ ਨਹੀਂ ਹੁਣ ਤਾਂ ਬੌਟਸ ਲਾਈਵ ਕਵਰੇਜ ਵੀ ਕਰ ਰਹੇ ਹਨ। ਬੌਟਸ ਭਾਵ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਸਿਰਫ਼ ਡੇਟਾ ਦੀ ਲੋੜ ਹੁੰਦੀ ਹੈ। ਇਹ ਡੇਟਾ ਅੰਕੜੇ, ਗ੍ਰਾਫ਼ਿਕਸ, ਆਡੀਓ ਜਾਂ ਵੀਡੀਓ ਦੇ ਰੂਪ ਵਿਚ ਹੋ ਸਕਦਾ ਹੈ। ਸਾਫਟਵੇਅਰ ਅਜਿਹੇ ਡੇਟਾ (ਅੰਕੜਿਆਂ, ਆਡੀਓ ਅਤੇ ਵੀਡੀਓ) ਉੱਪਰ ਖ਼ਬਰਾਂ ਅਤੇ ਲੇਖ ਲਿਖ ਰਹੇ ਹਨ ਅਤੇ ਵੀਡੀਓ ਬਣਾ ਰਹੇ ਹਨ। ਵਾਸ਼ਿੰਗਟਨ ਪੋਸਟ, ਬੀ.ਬੀ.ਸੀ. ਅਤੇ ਬਲੂਮਬਰਗ ਵਰਗੇ ਪ੍ਰਮੁੱਖ ਮੀਡੀਆ ਆਉਟਲੈਟ ਅਜਿਹੇ ਸਾਫਟਵੇਅਰ ਦੀ ਮੱਦਦ ਨਾਲ ਖ਼ਬਰਾਂ ਅਤੇ ਲੇਖ ਪ੍ਰਕਾਸ਼ਿਤ ਕਰਨ ਲਈ ਏ.ਆਈ. ਦੀ ਵਰਤੋਂ ਕਰ ਰਹੇ ਹਨ।

ਕੁਝ ਦਿਨ ਪਹਿਲਾਂ, ਇਕ ਅਮਰੀਕੀ ਤਕਨੀਕੀ ਵੈੱਬਸਾਈਟ ਸੀਨੈੱਟ ਨਾਲ ਜੁੜੇ ਇੰਟਰਨੈੱਟ ਦੇ ਧੱਕੜ ਜਾਸੂਸਾਂ ਨੇ ਚੁੱਪ-ਚੁਪੀਤੇ ਹੀ ਏ.ਆਈ. (ਬੌਟਸ) ਦੀ ਮੱਦਦ ਨਾਲ ਲਿਖੇ ਗਏ ਇਕ ਦਰਜਨ ਤੋਂ ਵੱਧ ਫੀਚਰ ਲੇਖ ਛਾਪੇ ਪਰ ਪੱਤਰਕਾਰੀ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਦੀ ਇਹ ਸਭ ਤੋਂ ਵੱਡੀ ਮਸ਼ੀਨ ਦੁਆਰਾ ਤਿਆਰ ਕੀਤੀ ਆਫ਼ਤ (ਅਸਫ਼ਲਤਾ) ਸਾਬਤ ਹੋਈ। ਜਦੋਂ ਪੋਲ ਖੁੱਲ੍ਹੀ ਤਾਂ ਵੈੱਬਸਾਈਟ ਨੇ ਇਸ ਨੂੰ ਸੱਚ ਤਾਂ ਮੰਨਿਆ ਪਰ ਪਾਠਕਾਂ ਨੂੰ ਕਿਹਾ ਕਿ ਇਹ ਤਾਂ ਸਿਰਫ਼ ਇਕ ਤਜਰਬਾ ਸੀ। ਹਾਲਾਂਕਿ, ਵੈੱਬਸਾਈਟ ਦਾ ਇਹ ਕਹਿਣਾ ਬਿਲਕੁਲ ਸਾਇੰਸ ਫ਼ਿਕਸ਼ਨ ਵਰਗਾ ਹੀ ਸੀ ਜਦੋਂ ਸਭ ਕੁਝ ਕਾਬੂ ਤੋਂ ਬਾਹਰ ਹੋ ਜਾਂਦਾ ਹੈ। ਭਾਵ ਬੌਟਸ ਮਨੁੱਖ ਧੋਖਾ ਦੇ ਗਏ। ਇਸ ਨੂੰ ਵਧੇਰੇ ਠੋਸ ਅਤੇ ਸਪਸ਼ਟ ਤੌਰ 'ਤੇ ਕਹਿਣਾ ਹੋਵੇ ਤਾਂ ਬੌਟਸ ਕਦੇ ਵੀ ਪੱਤਰਕਾਰ (ਮਨੁੱਖ) ਨਾਲੋਂ ਬਿਹਤਰ ਅਤੇ ਸਹੀ ਕੰਮ ਨਹੀਂ ਕਰ ਸਕਦਾ। ਅਮਰੀਕੀ ਤਕਨੀਕੀ ਵੈੱਬਸਾਈਟ ਸੀਨੈੱਟ ਵਿਚ ਛਪੀਆਂ ਇਨ੍ਹਾਂ ਏ.ਆਈ. ਜੈਨਰੇਟਿਡ ਖ਼ਬਰਾਂ ਨੂੰ ਇਕ ਹੋਰ ਤਕਨੀਕੀ ਵੈੱਬਸਾਈਟ ਫਿਊਚਰਿਜ਼ਮ ਨੇ ਮੂਰਖ਼ਤਾਪੂਰਨ ਗ਼ਲਤੀ ਕਰਾਰ ਦਿੱਤਾ। ਜਦੋਂ ਏ.ਆਈ. ਜਨਰੇਟਿਡ ਖ਼ਬਰਾਂ ਦਾ ਬਹੁਤ ਮਜ਼ਾਕ ਬਣ ਗਿਆ ਤਾਂ ਸੀਨੈੱਟ ਨੇ ਇਸ ਨੂੰ ਦੁਬਾਰਾ ਸੁਧਾਰ ਕੇ ਆਪਣੇ ਬਿਹਤਰ ਟੈੱਕ ਪੱਤਰਕਾਰ ਦੇ ਨਾਮ ਹੇਠ ਛਾਪਿਆ। ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਤਿਆਰ ਕੀਤੇ ਲੇਖਾਂ ਵਿਚ ਇੰਨੀਆਂ ਭਿਆਨਕ ਗ਼ਲਤੀਆਂ ਸਨ ਜਿਸ ਨੂੰ ਦੇਖਕੇ ਸ਼ਾਇਦ ਮਸ਼ੀਨ ਉੱਪਰ ਤੁਹਾਡਾ ਜੋ ਯਕੀਨ ਹੈ ਉਹ ਹਮੇਸ਼ਾ ਲਈ ਡਗਮਗਾ ਜਾਵੇ।

ਅਜਿਹੀ ਹੀ ਇਕ ਮੂਰਖ਼ਤਾਪੂਰਨ ਗ਼ਲਤੀ ਇਕ ਆਟੋਮੇਟਿਡ ਲੇਖ ਵਿਚ ਹੋਈ ਜਿਸ ਵਿਚ ਮਸ਼ੀਨ ਨੇ ਮਿਸ਼ਰਿਤ (ਚਕਰਵਿਧੀ) ਵਿਆਜ ਹੀ ਗ਼ਲਤ ਜੋੜ ਦਿੱਤਾ। ਮਸ਼ੀਨ ਨੇ ਦੱਸਿਆ ਕਿ 10 ਹਜ਼ਾਰ ਡਾਲਰ ਦੇ ਮੂਲਧਨ ਉੱਪਰ 3 ਫ਼ੀਸਦੀ ਸਲਾਨਾ ਵਿਆਜ ਦੀ ਦਰ 'ਤੇ ਪਹਿਲੇ ਸਾਲ ਤੋਂ ਬਾਅਦ ਗਾਹਕ ਨੂੰ 10,300 ਡਾਲਰ ਮਿਲਣਗੇ ਜਦਕਿ ਅਸਲ ਵਿਚ ਗਾਹਕ ਨੂੰ ਸਿਰਫ਼ 300 ਡਾਲਰ ਹੀ ਮਿਲਣੇ ਸਨ।

ਇੰਨਾ ਹੀ ਨਹੀਂ ਸੀਨੈੱਟ ਅਤੇ ਉਸ ਦੀ ਸਹਿਯੋਗੀ ਪ੍ਰਕਾਸ਼ਨ ਬੈਂਕਰੇਟ, ਜੋ ਬੌਟਸ ਦੀ ਮੱਦਦ ਨਾਲ ਲਗਾਤਾਰ ਸਟੋਰੀਆਂ ਛਾਪਦੀ ਰਹਿੰਦੀ ਹੈ, ਦੋਵੇਂ ਪ੍ਰਕਾਸ਼ਨ ਸੰਸਥਾਵਾਂ ਨੇ ਮਸ਼ੀਨ ਦੀ ਮੱਦਦ ਨਾਲ ਆਟੋਮੇਟਿਡ ਸਟੋਰੀ ਦੀ ਸ਼ੁੱਧਤਾ ਬਾਰੇ ਖ਼ੁਲਾਸਾ ਕਰਦੇ ਹੋਏ ਕਿਹਾ ਹੈ ਕਿ ਅਸੀਂ ਆਪਣੀ ਆਟੋਮੇਟਿਡ ਸਟੋਰੀ ਦੀ ਸਮੀਖਿਆ ਕਰਦੇ ਹਾਂ ਅਤੇ ਜੇਕਰ ਇਸ ਵਿਚ ਗ਼ਲਤੀਆਂ ਸਾਹਮਣੇ ਆ ਜਾਂਦੀਆਂ ਹਨ ਤਾਂ ਅਸੀਂ ਉਨ੍ਹਾਂ ਨੂੰ ਦਰੁਸਤ ਕਰ ਕੇ ਦੁਬਾਰਾ ਅੱਪਡੇਟ ਕੀਤੀ ਸਟੋਰੀ ਛਾਪਦੇ ਹਨ।


ਨਕਲੀ ਬੁੱਧੀ ਦੀ ਵਰਤੋਂ ਚਿਹਰੇ ਦੀ ਪਛਾਣ, ਫੀਡ ਵਿਚ ਆਉਣ ਵਾਲੀਆਂ ਸਿਫ਼ਾਰਿਸ਼ ਕੀਤੀਆਂ ਫਿਲਮਾਂ ਅਤੇ ਵੀਡੀਓਜ਼ ਅਤੇ ਇਸ ਤੋਂ ਜ਼ਿਆਦਾ ਸਵੈਚਾਲਿਤ ਟਾਈਪਿੰਗ ਲਈ ਕੀਤੀ ਜਾਣੀ ਸੀ ਪਰ ਜਿਸ ਤਰ੍ਹਾਂ ਸੀਨੈੱਟ ਵਰਗੀਆਂ ਵੈੱਬਸਾਈਟਾਂ ਨੇ ਪੂਰੀ ਖ਼ਬਰ ਅਤੇ ਲੇਖ ਤਿਆਰ ਕਰਨ ਲਈ ਇਸਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ, ਇਹ ਨਿਊਜ਼ ਮੀਡੀਆ ਉਦਯੋਗ ਲਈ ਇਕ ਚੇਤਾਵਨੀ ਅਤੇ ਗੰਭੀਰ ਖ਼ਤਰਾ ਬਣਦੀ ਜਾ ਰਹੀ ਹੈ। ਬੌਟਸ ਦੇ ਦਿਮਾਗ ਅਤੇ ਚੈਟਜੀਪੀਟੀ ਨਾਲ ਹੋਏ ਸੰਵਾਦ ਦੇ ਆਧਾਰ 'ਤੇ ਜੋ ਕਾਪੀ (ਖ਼ਬਰ ਅਤੇ ਲੇਖ) ਤਿਆਰ ਕੀਤੇ ਜਾਂਦੇ ਹਨ, ਉਸ ਵਿਚ ਬੌਟਸ ਨਾ ਤਾਂ ਵਾਸ਼ਰੂਮ ਜਾਣ ਲਈ ਬਰੇਕ ਲੈਂਦਾ ਹੈ ਅਤੇ ਨਾ ਹੀ ਹਫ਼ਤਾਵਾਰੀ ਛੁੱਟੀ ਲੈਂਦਾ ਹੈ। ਹੁਣ ਪਿਛਲੇ ਦਿਨਾਂ ਦੀ ਇਕ ਘਟਨਾ ਵੇਖੋ- ਸੀਨੈੱਟ ਨੇ ਆਪਣੀ ਇਕ ਸਟੋਰੀ ਨੂੰ ਜੋ ਪੂਰੀ ਤਰ੍ਹਾਂ ਮਸ਼ੀਨ ਦੁਆਰਾ ਤਿਆਰ ਕੀਤੀ ਗਈ ਸੀ, ਸੀਨੈੱਟ ਮਨੀ ਸਟਾਫ਼ ਦੇ ਨਾਮ ਨਾਲ ਬਾਈਲਾਈਨ ਛਾਪਿਆ ਪਰ ਜਦੋਂ ਪਾਠਕ ਉਸ ਸਟੋਰੀ ਉੱਪਰ ਕਲਿੱਕ ਕਰਦੇ ਹਨ ਤਾਂ ਦੱਸਿਆ ਜਾਂਦਾ ਹੈ ਕਿ ਇਹ ਸਟੋਰੀ ਆਟੋਮੇਸ਼ਨ ਤਕਨਾਲੋਜੀ ਦੀ ਮੱਦਦ ਨਾਲ ਛਾਪੀ ਗਈ ਹੈ। ਇਹ ਇਕ ਤਰ੍ਹਾਂ ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਭੱਦਾ ਮਜ਼ਾਕ ਤਾਂ ਹੈ ਹੀ, ਨਾਲ ਹੀ ਇਹ ਮਨੁੱਖੀ ਦਿਮਾਗ ਨਾਲ ਇਕ ਮਸ਼ੀਨੀ ਧੋਖਾ ਵੀ ਹੈ। ਜਦੋਂ ਇਸ ਸਟੋਰੀ ਨੂੰ ਲੈ ਕੇ ਟਵਿੱਟਰ 'ਤੇ ਟ੍ਰੋਲਿੰਗ ਵਧਣ ਲੱਗੀ ਤਾਂ ਟਵੀਟ ਕਰ ਕੇ ਸਫ਼ਾਈ ਦਿੱਤੀ ਗਈ ਕਿ ਇਸ ਸਟੋਰੀ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਸਿਰਫ਼ ਸਹਿਯੋਗ ਲਿਆ ਗਿਆ ਸੀ। ਬਾਕੀ ਸੰਪਾਦਨ ਸੰਪਾਦਕ ਨੇ ਅਤੇ ਤੱਥਾਂ ਦੀ ਜਾਂਚ ਕਰਨ ਵਾਲੇ ਸੰਪਾਦਕੀ ਅਮਲੇ ਨੇ ਕੀਤਾ ਸੀ। ਹੁਣ ਇਸ ਨੂੰ ਸੰਪਾਦਕੀ ਅਸਫ਼ਲਤਾ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ।

ਇਹ ਦੱਸਣ ਦੀ ਲੋੜ ਨਹੀਂ ਕਿ ਬੌਟਸ ਦੁਆਰਾ ਲਿਖੀ ਗਈ ਕਾਪੀ ਅਤੇ ਮਨੁੱਖ ਦੁਆਰਾ ਲਿਖੀ ਗਈ ਕਾਪੀ ਵਿਚ ਜ਼ਮੀਨ-ਆਸਮਾਨ ਦਾ ਅੰਤਰ ਹੁੰਦਾ ਹੈ। ਬੌਟਸ ਦੁਆਰਾ ਲਿਖੀਆਂ ਗਈਆਂ ਖ਼ਬਰਾਂ ਵਿਚ ਨਾ ਤਾਂ ਮਨੁੱਖੀ ਦਿਮਾਗ ਵਾਲਾ ਤਰਕ ਨਜ਼ਰ ਆਵੇਗਾ ਅਤੇ ਨਾ ਹੀ ਕੋਈ ਤਿੱਖਾਪਨ ਅਤੇ ਮਿਜਾਜ਼। ਰੋਬੋਟਿਕ ਖ਼ਬਰ ਅਤੇ ਲੇਖ ਪਾਠਕਾਂ ਨੂੰ ਪੂਰੀ ਤਰ੍ਹਾਂ ਰੁੱਖੇ, ਰੁਕੇ ਹੋਏ ਦਰਿਆ ਵਰਗੇ ਪ੍ਰਤੀਤ ਹੁੰਦੇ ਹਨ ਜਿਸ ਨੂੰ ਪੜ੍ਹ ਕੇ ਪਾਠਕ ਦੇ ਮਨ ਵਿਚ ਨਾ ਤਾਂ ਕੋਈ ਚਕਾਚੌਂਦ ਪੈਦਾ ਹੁੰਦੀ ਹੈ ਅਤੇ ਨਾ ਹੀ ਕੋਈ ਸੰਵੇਦਨਾ। ਬੌਟਸ ਦੁਆਰਾ ਲਿਖੀਆਂ ਸਟੋਰੀ ਭਾਵਹੀਣ ਹੁੰਦੀਆਂ ਹਨ। ਪਰ ਜਿਸ ਰਫ਼ਤਾਰ ਨਾਲ ਅਸੀਂ ਦੌੜ ਰਹੇ ਹਾਂ, ਉਸ ਬਨਾਉਟੀ ਦੁਨੀਆ ਵਿਚ ਤਰਕ, ਮਿਜਾਜ਼ ਅਤੇ ਭਾਵਨਾ ਦਾ ਕੋਈ ਮੁੱਲ ਨਹੀਂ ਹੈ। ਜਿਸ ਤਰ੍ਹਾਂ ਹਰ ਸਕਿੰਟ ਵਿਚ ਸੂਚਨਾ ਦੀ ਸੁਨਾਮੀ ਆ ਰਹੀ ਹੈ ਉਸ ਵਿਚ ਸਮਾਂ ਅਤੇ ਰਫ਼ਤਾਰ ਮਹੱਤਵ ਰੱਖਦੀ ਹੈ ਨਾ ਕਿ ਤਰਕ, ਤਿੱਖਾਪਣ ਅਤੇ ਮਿਜਾਜ਼। ਨਿਊਜ਼ਰੂਮ ਵਿਚ ਵਿਸ਼ਲੇਸ਼ਣ ਦਾ ਕੋਈ ਮਤਲਬ ਨਹੀਂ ਰਹਿ ਗਿਆ। ਬੱਸ ਕਿਸੇ ਤਰ੍ਹਾਂ ਮੋਬਾਈਲ ਸਕ੍ਰੀਨ ਉੱਪਰ, ਟੈਲੀਵਿਜ਼ਨ ਸਕ੍ਰੀਨ ਉੱਪਰ, ਤੁਹਾਡੇ ਸੋਸ਼ਲ ਮੀਡੀਆ ਦੀ ਨਿਊਜ਼ ਫੀਡ ਵਿਚ ਜਿੰਨੀ ਛੇਤੀਂ ਹੋ ਸਕੇ ਪਹੁੰਚ ਜਾਣੀ ਚਾਹੀਦੀ ਹੈ ਅਤੇ ਇਸ ਲਈ ਨਿਊਜ਼ ਰੂਮ ਵਿਚ ਹੁਣ ਬੌਟਸ ਦੀ ਮੱਦਦ ਲਈ ਜਾਣ ਲੱਗੀ ਹੈ। ਰਫ਼ਤਾਰ ਅਤੇ ਸਮੇਂ ਦੀ ਖ਼ਾਤਰ।

ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਇਸ ਤੋਂ ਵੀ ਵੱਡੀ ਦੁਰਦਸ਼ਾ ਤਾਂ ਇਹ ਹੈ ਕਿ ਇਸ ਵਿਚ ਸਾਹਿਤਕ ਚੋਰੀ ਦਾ 99ਫ਼ੀਸਦੀ ਖ਼ਤਰਾ ਹੈ ਅਤੇ ਨਿਊਜ਼ਰੂਮ ਲਈ ਇਹ ਸਭ ਤੋਂ ਚਿੰਤਾਜਨਕ ਹੈ, ਖ਼ਾਸ ਕਰਕੇ ਕਾਪੀਰਾਈਟ ਨੂੰ ਲੈ ਕੇ। ਇਸ ਨੂੰ ਰੋਬੋਟ ਸਾਹਿਤਕ ਚੋਰੀ ਕਿਹਾ ਜਾ ਸਕਦਾ ਹੈ। ਬੌਟਸ ਦੀ ਸਭ ਤੋਂ ਬੁਰੀ ਆਦਤ ਇਹ ਹੈ ਕਿ ਉਹ ਅੱਖ਼ਰ-ਅੱਖ਼ਰ ਕਾਪੀ ਕਰਦੇ ਹਨ ਬਿਨਾ ਫੁੱਲਸਟਾਪ, ਕੌਮਾ ਦੇ। ਉਸ ਕੋਲ ਨਾ ਤਾਂ ਵਾਕ ਬਣਤਰ ਨੂੰ ਬਦਲਣ ਦੀ ਤਰਕਪੂਰਨ ਕਾਬਲੀਅਤ ਹੈ ਅਤੇ ਨਾ ਹੀ ਵਾਕ-ਅੰਸ਼ਾਂ ਨੂੰ ਮਿਲਾ ਦੇਣ ਦੀ ਕਾਬਲੀਅਤ। ਜਦੋਂ ਅਸੀਂ ਬੌਟ ਦੁਆਰਾ ਲਿਖਿਆ ਲੇਖ ਪੜ੍ਹਦੇ ਹਾਂ ਤਾਂ ਅਜਿਹਾ ਲੱਗੇਗਾ ਕਿ ਅਸੀਂ ਇਸ ਨੂੰ ਪਹਿਲਾਂ ਹੀ ਕਿਤੇ ਹੋਰ ਪੜ੍ਹ ਚੁੱਕੇ ਹਾਂ। ਉਹੀ ਟੈਕਸਟ, ਉਹੀ ਵਾਕ ਅਤੇ ਉਹੀ ਸਿਰਲੇਖ। ਹੁਣ ਇੱਥੇ ਸੰਪਾਦਕੀ ਅਮਲਾ ਕੰਮ ਕਰਦਾ ਹੈ ਜੋ ਆਰਟੀਫਿਸ਼ੀਅਲ ਇੰਟੈਲੀਜੈਂਸ ਇੰਜਣ ਨੂੰ ਇਸ ਤਰੀਕੇ ਨਾਲ ਇਨਪੁਟ ਦਿੰਦੇ ਹਨ ਕਿ ਕੋਈ ਵੀ ਖ਼ਬਰ ਜਾਂ ਲੇਖ ਕਿਸੇ ਦੀ ਕਾਪੀ ਨਾ ਲੱਗੇ; ਭਾਵ ਮਨੁੱਖ ਤੋਂ ਬਿਨਾ ਤੁਸੀਂ ਕੋਈ ਵੀ ਖ਼ਬਰ ਜਾਂ ਲੇਖ ਇਕਦਮ ਸਹੀ ਤਿਆਰ ਨਹੀਂ ਕਰ ਸਕਦੇ ਜਿਸ ਉੱਪਰ ਪਾਠਕ ਭਰੋਸਾ ਕਰ ਸਕੇ ਕਿ ਉਹ ਮੌਲਿਕ ਹੈ। ਬੌਟਸ ਦੀ ਨਕਲ ਕਰਨ ਦੀ ਆਦਤ ਅਜਿਹੀ ਹੈ ਜਿਵੇਂ ਮੇਲਾਨੀਆ ਟਰੰਪ ਮਿਸ਼ੇਲ ਓਬਾਮਾ ਦਾ ਭਾਸ਼ਣ ਚੋਰੀ ਕਰਕੇ ਪੜ੍ਹ ਰਹੀ ਹੋਵੇ।

ਸਮਕਾਲੀ ਰਾਜਨੀਤਕ ਇਤਿਹਾਸ ਉੱਪਰ ਇਕ ਹਜ਼ਾਰ ਸਾਲ ਬਾਅਦ ਇਕ ਕਲਾਸ ਵਿਚ ਵਿਦਿਆਰਥੀ-ਰੋਬੋ ਸੰਵਾਦ ਬਾਕਸ ਵਿਚ ਦੱਸੇ ਗਏ ਸਾਰੇ ਏ.ਆਈ. ਟੂਲ ਸਹੀ ਵਰਤੋਂ ਵਿਚ ਬਹੁਤ ਉਪਯੋਗੀ ਹਨ ਕਿਉਂਕਿ ਇਨ੍ਹਾਂ ਨਾਲ ਸਿਰਫ਼ ਸਮੇਂ ਦੀ ਬਚਤ ਹੀ ਨਹੀਂ ਹੁੰਦੀ ਸਗੋਂ ਪੱਤਰਕਾਰਾਂ ਅਤੇ ਲੇਖਕਾਂ ਨੂੰ ਵੀ ਡੂੰਘੇ ਵਿਸ਼ਿਆਂ ਵਿਚ ਦਿਲਚਸਪੀ ਲੈਣ ਅਤੇ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ ਜਿਸ ਨਾਲ ਉਹ ਮਨੁੱਖ ਹੋਣ ਦੇ ਆਪਣੇ ਅਰਥ ਨੂੰ ਤਲਾਸ਼ ਸਕਣ। ਕਿਉਂਕਿ ਏ.ਆਈ. ਇੰਜਣ ਕਦੇ ਵੀ ਏਨੇ ਉਨਤ ਅਤੇ ਖ਼ਰੇ ਨਹੀਂ ਹੋ ਸਕਦੇ ਕਿ ਉਹ ਆਪਣੇ ਤਰਕ, ਦਿਮਾਗ ਅਤੇ ਵਿਸ਼ਲੇਸ਼ਣ ਦੀ ਵਰਤੋਂ ਖ਼ਬਰ ਜਾਂ ਲੇਖ ਵਿਚ ਕਰ ਸਕਣ। ਇਸ ਲਈ ਪੱਤਰਕਾਰੀ ਦਾ ਉਹ ਹਿੱਸਾ ਪੱਤਰਕਾਰਾਂ ਲਈ ਹੀ ਛੱਡ ਦਿੱਤਾ ਗਿਆ ਹੈ।

ਖ਼ੈਰ, ਪੱਤਰਕਾਰੀ ਵਿਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਲਗਾਤਾਰ ਹਾਂਪੱਖੀ ਹੁੰਦੀ ਜਾ ਰਹੀ ਹੈ ਅਤੇ ਦੁਨੀਆ ਨੂੰ ਤੁਰੰਤ ਅੱਪਡੇਟ ਰਹਿਣ ਵਿਚ ਮੱਦਦ ਕਰ ਰਹੀ ਹੈ। ਜਾਂਦੇ-ਜਾਂਦੇ ਇਹ ਵੀ ਦੱਸ ਦਿੱਤਾ ਜਾਵੇ ਕਿ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਏ.ਆਈ. ਇੰਜਣ ਨੇ ਬੱਚਿਆਂ ਨੂੰ ਨਕਾਰਾ ਅਤੇ ਆਲਸੀ ਬਣਾ ਦਿੱਤਾ ਹੈ। ਬੱਚੇ ਸਕੂਲ ਛੱਡ ਰਹੇ ਹਨ, ਏ.ਆਈ. ਇੰਜਣਾਂ ਨਾਲ ਆਪਣਾ ਹੋਮਵਰਕ ਕਰਵਾ ਰਹੇ ਹਨ। ਪ੍ਰੋਜੈਕਟ ਵੀ ਬੌਟਸ ਤੋਂ ਤਿਆਰ ਕਰਵਾ ਰਹੇ ਹਨ। ਭਾਵ ਹੁਣ ਆਉਣ ਵਾਲੀ ਦੁਨੀਆ ਵਿਚ ਸਿੱਖਿਆ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ। ਹੁਣ ਮਾਪੇ ਆਪਣੇ ਬੱਚਿਆਂ ਨੂੰ ਕਹਿਣਗੇ- ਮਸ਼ੀਨ-ਮਸ਼ੀਨ ਕੰਮ ਕਰੋਗੇ ਤਾਂ ਨਵਾਬ ਬਣੋਗੇ, ਪੜ੍ਹੋ-ਲਿਖੋਗੇ ਤਾਂ ਬਣੋਗੇ ਖ਼ਰਾਬ।



## ਆਡੀਓ ਅਤੇ ਵੀਡੀਓ ਏ.ਆਈ. ਟੂਲ

ਇਸ ਨਵੀਂ ਇਕਰਸ ਦੁਨੀਆ ਵਿਚ ਜਦੋਂ ਮਸ਼ੀਨ ਦੁਆਰਾ ਤਿਆਰ ਕੀਤੀਆਂ ਖ਼ਬਰਾਂ ਅਤੇ ਵਿਸ਼ਲੇਸ਼ਣ ਹਕੀਕਤ ਹੈ ਤਾਂ ਇਹ ਜਾਣਨਾ ਵੀ ਜਰੂਰੀ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਉਹ ਕਿਹੜੇ ਟੂਲ ਅਤੇ ਸਾਫਟਵੇਅਰ ਹਨ ਜਿਨ੍ਹਾਂ ਦੀ ਮੱਦਦ ਨਾਲ ਅਸੀਂ ਆਟੋਮੇਟਿਡ ਖ਼ਬਰਾਂ, ਲੇਖ ਲਿਖ ਸਕਦੇ ਹਾਂ ਅਤੇ ਵੀਡੀਓ ਬਣਾ ਸਕਦੇ ਹਾਂ।

**ੳ.** **VoicePen AI:** ਇਸ ਆਰਟੀਫਿਸ਼ੀਅਲ ਇੰਟੈਲੀਜੈਂਸ ਟੂਲ ਦੀ ਮੱਦਦ ਨਾਲ ਤੁਸੀਂ ਆਡੀਓ ਸਮੱਗਰੀ ਨੂੰ ਬਲੌਗ ਪੋਸਟ ਵਿਚ ਬਦਲ ਸਕਦੇ ਹੋ।

**ਅ.** **Krisp**: ਇਸ ਏ.ਆਈ. ਟੂਲ ਦੀ ਮੱਦਦ ਨਾਲ ਬੈਕਗਰਾਊਂਡ ਤੋਂ ਆਉਣ ਵਾਲੀ ਆਵਾਜ਼, ਸ਼ੋਰ ਅਤੇ ਕਾਲ ਤੋਂ ਆਉਣ ਵਾਲੀ ਈਕੋ ਸਾਊਂਡ ਨੂੰ ਹਟਾਇਆ ਜਾ ਸਕਦਾ ਹੈ।

**ੲ.** **Beatoven**: ਇਸ ਏ.ਆਈ. ਟੂਲ ਨਾਲ ਤੁਸੀਂ ਰਾਇਲਟੀ ਦਾ ਭੁਗਤਾਨ ਕੀਤੇ ਬਿਨਾਂ ਕਸਟਮਾਈਜ਼ਡ ਮਿਊਜ਼ਕ ਨੂੰ ਵੈੱਬਸਾਈਟ ਉੱਪਰ ਪਾ ਸਕਦੇ ਹੋ ਅਤੇ ਇਸਨੂੰ ਆਪਣੀ ਵੀਡੀਓ ਵਿਚ ਪਾ ਸਕਦੇ ਹੋ।

**ਸ.** **Cleanvoice**: ਇਸ ਏ.ਆਈ. ਟੂਲ ਦੀ ਮੱਦਦ ਨਾਲ ਤੁਸੀਂ ਆਪਣੇ ਪੌਡਕਾਸਟ ਨੂੰ ਆਟੋਮੇਟਿਡ ਐਡਿਟ ਕਰ ਸਕਦੇ ਹੋ।

**ਹ.** **Podcastle**: ਇਸ ਏ.ਆਈ. ਟੂਲ ਦੀ ਮੱਦਦ ਨਾਲ ਤੁਸੀਂ ਆਪਣੇ ਕੰਪਿਊਟਰ ਉੱਪਰ ਬਿਲਕੁਲ ਸਟੂਡੀਓ ਗੁਣਵੱਤਾ ਵਾਲੀ ਰਿਕਾਰਡਿੰਗ ਕਰ ਸਕਦੇ ਹੋ।

**ਹ.** **Vidyo**: ਇਸ ਏ.ਆਈ. ਟੂਲ ਦੀ ਮੱਦਦ ਨਾਲ ਤੁਸੀਂ ਲੰਮੇ ਲਿਖੇ ਕੰਟੈਂਟ (ਸਕ੍ਰਿਪਟ) ਨੂੰ ਛੋਟੇ ਰੂਪ ਦੇ ਵੀਡੀਓ ਫਾਰਮੈਟ ਵਿਚ ਬਦਲ ਸਕਦੇ ਹੋ।

**ਕ.** **Maverick**: ਇਸ ਟੂਲ ਦੀ ਮੱਦਦ ਨਾਲ ਤੁਸੀਂ ਪਰਸਨਲਾਈਜ਼ਡ ਵੀਡੀਓ ਸਟੋਰੀਆਂ ਤਿਆਰ ਕਰ ਸਕਦੇ ਹੋ।

**ਖ.** **Soundraw** : ਇਸ ਏ.ਆਈ. ਟੂਲ ਦੀ ਮੱਦਦ ਨਾਲ ਤੁਸੀਂ ਮੌਲਿਕ ਸੰਗੀਤ ਤਿਆਰ ਕਰ ਸਕਦੇ ਹੋ।

ਡਿਜ਼ਾਈਨਿੰਗ ਏ.ਆਈ. ਟੂਲ:

1. **Flair**: ਇਹ ਬ੍ਰਾਂਡਿਡ ਸਮੱਗਰੀ ਨੂੰ ਡਿਜ਼ਾਈਨ ਕਰਨ ਲਈ ਇਕ ਪ੍ਰਭਾਵਸ਼ਾਲੀ ਏ.ਆਈ. ਟੂਲ ਹੈ।
2. **Illustroke**: ਟੈਕਸਟ ਨੂੰ ਵੈਕਟਰ ਚਿੱਤਰਾਂ ਵਿਚ ਬਦਲਣ ਲਈ ਇਹ ਇਕ ਪ੍ਰਭਾਵਸ਼ਾਲੀ ਏ.ਆਈ. ਟੂਲ ਹੈ।
3. **Patterned**: ਇਹ ਵੱਖ-ਵੱਖ ਕਿਸਮਾਂ ਦੇ ਪੈਟਰਨ ਬਣਾਉਣ ਲਈ ਇਕ ਪ੍ਰਭਾਵਸ਼ਾਲੀ ਏ.ਆਈ. ਟੂਲ ਹੈ।
4. **Stockimg** : ਸਟੀਕ ਸਟਾਕ ਫੋਟੋ ਤਿਆਰ ਕਰਨ ਲਈ ਇਹ ਪ੍ਰਭਾਵਸ਼ਾਲੀ ਏ.ਆਈ. ਟੂਲ ਹੈ।

ਕਾਪੀ ਅਤੇ ਕੰਟੈਂਟ ਏ.ਆਈ. ਟੂਲ

**ੳ.** **Copy**: ਸੰਵਾਦ ਨੂੰ ਨਿਊਜ਼ ਕਾਪੀ ਵਿਚ ਜਨਰੇਟ ਕਰਨ ਲਈ ਇਕ ਕਾਰਗਰ ਏ.ਆਈ. ਟੂਲ ਹੈ।

**ਅ.** **CopyMonkey**: ਇਸ ਏ.ਆਈ. ਟੂਲ ਦੀ ਮੱਦਦ ਨਾਲ ਤੁਸੀਂ ਅਮੇਜਨ ਉਤਪਾਦਾਂ ਦੀ ਸੂਚੀ ਸਕਿੰਟਾਂ ਵਿਚ ਤਿਆਰ ਕਰ ਸਕਦੇ ਹੋ।

**ੲ.** **Ocoya**: ਇਹ ਸੋਸ਼ਲ ਮੀਡੀਆ ਸਮੱਗਰੀ ਨੂੰ ਬਣਾਉਣ ਅਤੇ ਸ਼ਡਿਊਲ ਕਰਨ ਲਈ ਕਾਰਗਰ ਏ.ਆਈ. ਟੂਲ ਹੈ।

**ਸ.** **Unbounce Smart Copy**: ਇਸ ਏ.ਆਈ. ਟੂਲ ਦੀ ਮੱਦਦ ਨਾਲ ਵੱਡੇ ਪੱਧਰ 'ਤੇ ਬਿਹਤਰ ਸੰਵਾਦ ਅਤੇ ਨਤੀਜੇ ਦੇਣ ਵਾਲੀਆਂ ਈਮੇਲਾਂ ਭੇਜੀਆਂ ਜਾ ਸਕਦੀਆਂ ਹਨ।

**ਹ.** **Puzzle**: ਇਹ ਤੁਹਾਡੇ ਲਈ ਆਪਣੀ ਟੀਮ ਦੇ ਮੈਂਬਰਾਂ ਅਤੇ ਗਾਹਕਾਂ ਦਾ ਗਿਆਨ ਅਧਾਰ (ਨਾਲਿਜ ਬੇਸ) ਤਿਆਰ ਲਈ ਇਕ ਪ੍ਰਭਾਵਸ਼ਾਲੀ ਏ.ਆਈ. ਟੂਲ ਹੈ।

**ਕ.** **Thundercontent**: ਇਹ ਇਮੇਜ ਤੋਂ ਕੰਟੈਂਟ ਤਿਆਰ ਕਰਨ ਲਈ ਇਕ ਪ੍ਰਭਾਵਸ਼ਾਲੀ ਏ.ਆਈ. ਟੂਲ ਹੈ।

# 'ਜਦੋਂ ਅਸੀਂ ਰੱਬ ਨੂੰ ਪਿਆਰੇ ਹੋ ਗਏ'

## ਵਿਅੰਗ

ਇਕ ਦਿਨ ਅਸੀਂ ਰੱਬ ਨੂੰ ਪਿਆਰੇ ਹੋ ਗਏ! ਦੂਜਿਆਂ ਦੀਆਂ ਖਬਰਾਂ ਦਿੰਦੇ ਦਿੰਦੇ ਆਪ ਖਬਰ ਬਣ ਗਏ! ਕਈਆਂ ਨੇ ਸਥਾਨਕ ਸਫਿਆਂ ਵਿਚ ਸਾਡੀ ਖਬਰ ਛਾਪੀ-'ਸੀਨੀਅਰ ਪੱਤਰਕਾਰ ਪ੍ਰੋ. ਜਸਵੰਤ ਸਿੰਘ ਗੰਡਮ ਨਹੀਂ ਰਹੇ।' ਅਸੀਂ ਬੜੇ ਖੁਸ਼ ਹੋਏ ਕਿ ਚਲੋ ਬੇਸ਼ਕ ਸਥਾਨਕ ਸਫੇ 'ਤੇ ਹੀ ਸਹੀ, ਸਤਿਕਾਰ ਸਹਿਤ ਖਬਰ ਤਾਂ ਛਪੀ। ਸਾਡੀ ਔਕਾਤ ਵੀ ਲੋਕਲ ਐਡੀਸ਼ਨਾਂ ਵਾਲੀ ਹੀ ਹੈ, ਪੰਜਾਬ ਪੇਜ ਵਾਲੀ ਨਹੀਂ। ਕੁਝ ਕੁ ਨੇ ਲਿਖਿਆ-

ਪ੍ਰੋ.ਜਸਵੰਤ ਸਿੰਘ ਗੰਡਮ
ਫੋਨ: 98766-55055

'ਸ਼ਰਧਾਂਜਲੀਆਂ ਦੇਣ ਬਾਲਾ ਗੰਡਮ ਖੁਦ ਸ਼ਰਧਾਂਜਲੀ ਬਣਿਆ।'

ਕਈਆਂ ਨੇ ਸਾਡੇ ਜਾਣ 'ਤੇ ਖੂਬ ਕੱਛਾਂ ਵਜਾਈਆਂ ਕਿ ਚਲੋ ਚੰਗਾ ਹੋਇਆ, ਸ਼ਰੀਕ ਮਰਿਆ 'ਤੇ ਵਿਹੜਾ ਮੋਕਲਾ ਹੋਇਆ। ਉਂਜ ਉਹ ਸਾਡੇ ਜਨਾਜ਼ੇ ਵਿਚ ਬੜੇ 'ਗਮਗੀਨ' ਲਹਿਜੇ ਵਿਚ, ਧੌਣ ਸੁਟ ਕੇ ਬਾਕੀਆਂ ਨਾਲੋਂ ਅਗੇ ਅਗੇ ਚਲ ਰਹੇ ਸਨ। ਸਾਨੂੰ ਮਰਿਆਂ ਮਰਿਆਂ ਨੂੰ ਵੀ ਸ਼ਿਵ ਬਟਾਲਵੀ ਦਾ ਲਿਖਿਆ ਅਤੇ ਆਸਾ ਸਿੰਘ ਮਸਤਾਨਾ ਦਾ ਗਾਇਆ ਗੀਤ ਯਾਦ ਆ ਗਿਆ-'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ/ਮੇਰੇ ਯਾਰ ਸਭ ਹੁਮ ਹੁਮਾ ਕੇ ਚੱਲਣਗੇ। ਚੱਲਣਗੇ ਮੇਰੇ ਨਾਲ ਦੁਸ਼ਮਣ ਵੀ ਮੇਰੇ/ਇਹ ਵੱਖਰੀ ਹੈ ਗਲ ਮੁਸਕਰਾ ਕੇ ਚੱਲਣਗੇ।' ਅਸੀਂ ਤਾਂ ਇਹ ਗਾਣਾ ਗਾਉਣ ਹੀ ਲਗੇ ਸਾਂ ਕਿ ਸਾਨੂੰ ਅਚਾਨਕ ਯਾਦ ਆ ਗਿਆ ਕਿ ਅਰਥੀ ਉਪਰ ਲੇਟ ਕੇ ਗਾਈਦਾ ਨਹੀਂ।

ਅਸੀਂ ਇਹ ਦੇਖ ਕੇ ਬੜੇ ਖੁਸ਼ ਹੋਏ ਕਿ ਕਈ ਜਣੇ ਸਾਡੇ ਤੁਰ ਜਾਣ 'ਤੇ ਰੋ ਰਹੇ ਸਨ। ਕਈ ਸਿੱਧੜ ਬੀਬੀਆਂ ਤਾਂ ਉਚੀ ਉਚੀ ਵੈਣ ਪਾ ਰਹੀਆਂ ਸਨ-'ਹੈ ਹਾ ਵੇ ਸ਼ੇਰਾ ਤੂੰ ਸਾਨੂੰ ਛਡ ਕੇ ਕਿਉਂ ਚਲਾ ਗਿਉਂ?' ਸਾਥੋਂ ਉਨ੍ਹਾਂ ਦਾ ਦੁਖ ਜਰਿਆ ਨਹੀਂ ਸੀ ਜਾ ਰਿਹਾ। ਇਕ ਵਾਰ ਤਾਂ ਅਸੀਂ ਸੋਚਿਆ ਕਿ ਕੋਈ ਵਿਧ ਬਣਾਈਏ ਤੇ ਉਠ ਕੇ ਖੜ੍ਹ ਜਾਈਏ। ਪਰ ਫਿਰ ਪਤਾ ਲਗਾ ਕਿ ਅਜਿਹੇ ਸਮੇਂ ਕੋਈ ਵੀ ਵਿਧ ਨਹੀਂ ਬਣਾਈ ਜਾ ਸਕਦੀ। ਅਸੀਂ ਇਸ ਗੱਲੋਂ ਵੀ ਹੈਰਾਨ-ਪ੍ਰੇਸ਼ਾਨ ਸਾਂ ਕਿ ਸਾਡੇ ਵਰਗਾ ਕਮਜ਼ੋਰਾ ਜਿਹਾ ਬੰਦਾ ਮਰਦੇ ਸਾਰ 'ਸ਼ੇਰ' ਕਿਵੇਂ ਬਣ ਗਿਆ!

ਇਕ ਸੱਜਣ ਦੀਆਂ ਅੱਖਾਂ 'ਚੋਂ ਤਾਂ ਪਰਲ ਪਰਲ ਹੰਝੂ ਵਗ ਰਹੇ ਸਨ। ਵੈਸੇ ਇਹ ਸੱਜਣ ਸਾਡੇ ਤੁਰ ਜਾਣ ਤੇ ਐਨਾਂ ਦੁਖੀ ਹੋਣ ਵਾਲਿਆਂ ਦੀ ਸ਼੍ਰੇਣੀ ਵਿਚ ਨਹੀਂ ਸੀ ਆਉਂਦਾ। ਸਾਡੀ ਗਹਿਰੀ ਖੋਜ ਉਪਰੰਤ ਇਹ ਪਤਾ ਲਗਾ ਕਿ ਉਸ ਦੀਆਂ ਅੱਖਾਂ ਵੀ ਸਾਡੇ ਵਾਂਗ 'ਵੈੱਟ' ਹਨ, ਭਾਵ ਅੱਖਾਂ ਗਿੱਲੀਆਂ/ਸਿਲ੍ਹੀਆਂ ਹੀ ਰਹਿੰਦੀਆਂ ਹਨ ਅਤੇ ਕਦੇ ਕਦੇ ਤਾਂ 'ਟੱਪ ਟੱਪ ਗਿਰਤਾ ਪਾਣੀ' ਵਾਲੀ ਅਵਸਥਾ ਬਣ ਜਾਂਦੀ ਹੈ। ਸੋ, 'ਇਹ ਜੋ ਸਿਲ੍ਹੀ ਸਿਲ੍ਹੀ ਆਉਂਦੀ ਏ ਹਵਾ' ਜ਼ਰੂਰੀ ਨਹੀਂ ਕਿ 'ਕਿਤੇ ਕੋਈ ਰੋਂਦਾ ਹੋਵੇਗਾ'!

ਅੰਗਰੇਜ਼ੀ ਦੇ ਪ੍ਰਾ-ਅਧਿਆਪਕ ਰਹੇ ਹੋਣ ਕਰਕੇ ਸਾਨੂੰ ਅੰਗਰੇਜ਼ੀ ਦੀ ਇਕ ਕਵਿਤਾ ਯਾਦ ਆ ਗਈ-'ਆਹ! ਆਰ ਯੂ ਡਿਗਿੰਗ ਮਾਈ ਗਰੇਵ'('ਹਾਏ! ਤੂੰ ਮੇਰੀ ਕਬਰ ਤੇ ਪੁਟਾਈ ਕਰ ਰਿਹੈਂ"-1914 ਵਿਚ ਟਾਮਸ ਹਾਰਡੀ ਵਲੋਂ ਲਿਖੀ ਇਹ ਕਵਿਤਾ ਕਬਰ 'ਚ ਦਫਨਾਈ ਇਕ ਮ੍ਰਿਤਕ ਔਰਤ ਬਾਰੇ ਹੈ ਜੋ ਕਬਰ ਉਪਰ ਠੱਕ ਠੱਕ ਦੀ ਆਵਾਜ਼ ਆਉਣ 'ਤੇ ਇਹ ਭਰਮ ਪਾਲਦੀ ਹੈ ਕਿ ਸ਼ਾਇਦ ਉਸ ਦਾ ਪਰਿਵਾਰ ਉਸ ਨੂੰ 'ਮਿਸ' ਕਰ ਰਿਹੈ ਤੇ ਉਸ ਦੀ ਕਬਰ 'ਤੇ ਪੁਟਾਈ ਕਰ ਰਿਹੈ। ਪਰ ਉਸ ਦਾ ਭਰਮ-ਭੁਲੇਖਾ ਕਫੂਰ ਹੋ ਜਾਂਦੈ ਜਦ ਉਸ ਦਾ ਪਾਲਤੂ ਵੀ ਇਹ ਕਹਿੰਦੈ ਕਿ ਉਹ ਉਸ ਨੂੰ ਮਿਲਣ ਖਾਤਰ ਨਹੀਂ ਸਗੋਂ ਦੱਬੀ ਹੋਈ ਹੱਡੀ ਕੱਢਣ ਖਾਤਰ ਕਬਰ 'ਤੇ ਪੁਟਾਈ ਕਰ ਰਿਹੈ)

ਸਾਨੂੰ ਸਭ ਤੋਂ ਵਧੇਰੇ ਦੁੱਖ ਤਾਂ ਉਦੋਂ ਹੋਇਆ ਜਦ ਸਾਡੀ 'ਮਾਸ਼ੂਕਾ', ਸਾਡੀ 'ਜਾਨੇ-ਮਨ' ਸਾਡੇ ਮਰਦੇ ਸਾਰ ਹੀ ਆਪਣੇ ਕਿਸੇ ਹੋਰ ਮਹਿਬੂਬ ਦੀਆਂ ਬਾਹਵਾਂ ਵਿਚ ਬਾਹਵਾਂ ਪਾ ਕੇ 'ਗਰੀਸ' ਵਾਲੇ ਟਸੂਏ ਕੇਰਦੀ ਹੋਈ ਦੇਖੀ। ਗਰੀਸ ਦਾ ਇਥੇ ਅਰਥ ਯੂਨਾਨ ਤੋਂ ਨਹੀਂ ਸਗੋਂ ਨਕਲੀ ਹੰਝੂ ਵਹਾਉਣ ਲਈ ਅੱਖਾਂ ਵਿਚ ਪਾਈ ਜਾਣ ਵਾਲੀ ਵਸਤੂ ਤੋਂ ਹੈ। ਸਾਡਾ ਦਿਲ ਤਾਂ ਕੀਤਾ ਕਿ ਇਕਬਾਲ ਮਤੀਨ ਦਾ ਸ਼ੇਅਰ ਉਸ ਦੇ ਸਿਰ 'ਚ ਦੇ ਮਾਰਾਂ ਕਿ 'ਰਾਤ ਖਵਾਬ ਮੇਂ ਮੈਨੇ ਅਪਨੀ ਮੌਤ ਦੇਖੀ ਥੀ/ਇਤਨੇ ਰੋਨੇ ਵਾਲੋਂ ਮੇਂ ਤੁਮ ਨਜ਼ਰ ਨਹੀਂ ਆਏ', ਪਰ ਮੈਂ ਸਬਰ ਦਾ ਘੁੱਟ ਭਰ ਕੇ 'ਦੜ ਵਟ ਜ਼ਮਾਨਾਂ ਕਟ' ਦੇ ਸਿਧਾਂਤ ਉਪਰ ਚੱਲਣਾ ਬਿਹਤਰ ਸਮਝਿਆ।

ਵੈਸੇ ਹਰ ਜਾਣ ਵਾਲਾ ਚਾਹੁੰਦਾ ਤਾਂ ਹੈ ਕਿ ਕੋਈ ਉਸ ਲਈ ਰੋਣ ਵਾਲਾ ਹੋਵੇ! ਬਸ ਮਨੁੱਖੀ ਫਿਤਰਤ ਹੀ ਸਮਝ ਲਉ। ਜਾਣ ਵਾਲੇ ਨੇ ਦੇਖਣ ਤਾਂ ਆਉਣਾ ਨਹੀਂ ਕਿ ਉਸ ਦੇ ਚਲਾਣੇ ਉਪਰੰਤ ਕੌਣ ਰੋ ਰਿਹੈ ਅਤੇ ਕੌਣ ਹੱਸ ਰਿਹੈ? ਉਂਝ 'ਦੁਸ਼ਮਣ ਮਰੇ ਤਾਂ ਖੁਸ਼ੀ ਨਾ ਕਰੀਏ, ਸੱਜਣਾ ਵੀ ਮਰ ਜਾਣਾ।'

ਖੈਰ ਗੱਲ ਰੋਣ ਦੀ ਹੋ ਰਹੀ ਸੀ। ਸਾਨੂੰ ਸੁਭਾਅ ਮੁਤਾਬਕ ਫਿਰ ਇਕ ਹੋਰ ਅੰਗਰੇਜ਼ੀ ਦੀ ਕਵਿਤਾ ਯਾਦ ਆ ਗਈ। ਇਹ ਟਾਮਸ ਗਰੇ ਦੀ 'ਐਲੇਜੀ ਰਿਟਨ ਇੰਨ ਏ ਕੰਟਰੀ ਚਰਚਯਾਰਡ' (ਗਿਰਜਾ ਘਰ ਦੇ ਪ੍ਰਾਂਗਣ ਵਿਚ ਲਿਖਿਆ ਮਰਸੀਆ) ਹੈ। 1751 ਵਿਚ ਪਹਿਲੀ ਵਾਰ ਛਪੀ ਇਸ ਕਵਿਤਾ ਵਿਚ ਮੌਤ ਅਤੇ ਉਸ ਬਾਅਦਲੇ ਪ੍ਰਤੀਕਰਮਾਂ ਬਾਰੇ ਬੜੀ ਖੂਬਸੂਰਤ ਚਰਚਾ ਹੈ। ਇਕ ਥਾਂ ਕਵੀ ਇਹ ਵੀ ਕਹਿੰਦੈ ਕਿ ਹਰ ਵਿੱਛੜਨ ਵਾਲੀ ਰੂਹ ਕੋਈ ਵਹਿੰਦਾ ਹੰਝੂ ਲੋੜਦੀ ਐ ਅਤੇ ਹਰ ਰੋਂਦੀ ਅੱਖ ਕੋਈ ਮੋਢਾ!

ਮੋਢੇ ਤਾਂ ਸਾਨੂੰ ਕਈ ਮਿਲ ਜਾਣੇ ਸਨ ਜੇ ਸਾਡੀ ਮ੍ਰਿਤਕ ਦੇਹ 'ਮ੍ਰਿਤਕ ਢੋਹਕ ਵਾਹਨ' ਵਿਚ ਲੱਦ ਕੇ ਨਾ ਲਿਜਾਂਦੇ। ਖੈਰ, ਮੋਢਾ ਦੇਣ ਵਾਲੇ ਕਿੱਥੇ ਹਟਦੇ ਐ। ਸ਼ਮਸ਼ਾਨ ਘਾਟ ਵਿਚ ਪ੍ਰਵੇਸ਼ ਉਪਰੰਤ ਹੀ ਥੋੜੀ ਜਿਹੀ ਤਾਂ ਅਰਥੀ ਚੁੱਕ ਕੇ ਲਿਜਾਣ ਵੇਲੇ ਸਾਨੂੰ ਠਾਹ ਮੋਢੇ 'ਤੇ ਮੋਢਾ ਮਿਲਿਆ! ਜਿੰਨ੍ਹਾ ਨੂੰ ਮੋਢਾ ਦੇਣ ਦਾ ਮੌਕਾ ਨਾ ਮਿਲਿਆ ਉਨ੍ਹਾਂ ਨੇ ਅਰਥੀ ਨੂੰ ਹੱਥ ਲਾ ਕੇ ਆਪਣਾ ਝੱਸ ਪੂਰਾ ਕਰ ਲਿਆ।

ਘਮਸਾਨ ਤਾਂ ਮਚਿਆ ਸਾਡੇ ਉਪਰ ਲੱਕੜਾਂ ਧਰਨ ਵੇਲੇ। ਹਰ ਕੋਈ ਐਨਾਂ ਰੌਲਾ ਪਾ ਰਿਹਾ ਸੀ ਕਿ ਲੱਗੇ, ਇਹ ਸਾਰੇ ਮੁਰਦੇ ਜਾਲਣ ਦੇ ਵਿਸ਼ੇਸ਼ੱਗ ਹਨ! ਬਸ ਮੱਛੀ ਮਾਰਕਿਟ ਈ ਬਣੀ ਹੋਈ ਸੀ। ਹਰ ਜਣਾ ਹਰ ਗਲ ਹੀ ਕਹੀ ਜਾਵੇ ਤੇ ਇਕੋ ਵੇਲੇ ਹੀ ਕਹੀ ਜਾਵੇ-'ਮੋਟੀ ਲੱਕੜੀ ਫਲਾਨੇ ਥਾਂ ਰਖੋ ਤੇ ਪਤਲੀ ਲੱਕੜੀ ਧਿਮਕੜੇ ਥਾਂ, ਨਹੀਂ ਨਹੀਂ ਇਥੇ ਨਹੀਂ, ਛਾਤੀ ਉਪਰ ਟਿਕਾਉ, ਨਾਂ ਨਾਂ ਪੈਰਾਂ ਵਲ ਰਖੋ।' ਮਰਨ ਮਗਰੋਂ ਵੀ ਐਨਾਂ ਸ਼ੋਰ-ਸ਼ਰਾਬਾ ਸੁਣ ਕੇ ਅਸੀਂ ਤਾਂ ਅੱਕ ਗਏ। ਭੱਜ ਸਕਦੇ ਨਹੀਂ ਸੀ, ਬਸ 'ਫਸੀ ਨੂੰ ਫਟਕਣ ਕੀ' ਦੀ ਸਥਿਤੀ ਭੋਗਦੇ ਰਹੇ।

ਸ਼ੁਕਰ ਕੀਤਾ ਜਦ ਸਾਨੂੰ ਅਗਨ-ਭੇਟ ਕੀਤਾ ਗਿਆ। ਸੇਕ ਤੋਂ ਡਰਦੇ ਸਾਰੇ ਜਣੇ ਦੂਰ ਦੂਰ ਭੱਜੇ! ਸਾਨੂੰ ਮਸੀਂ ਮਸੀਂ ਸੁੱਖ ਦਾ ਸਾਹ ਆਇਆ!

ਰੱਬ ਨੂੰ ਤਾਂ ਅਸੀਂ ਪਿਆਰੇ ਇਹ ਸਭ ਗੱਲਾਂ ਤੋਂ ਪਹਿਲਾਂ ਹੀ ਹੋ ਗਏ ਸਾਂ, ਉਦੋਂ ਈਂ ਜਦੋਂ ਆਖਰੀ ਸਾਹ ਆਇਆ ਸੀ। ਪਰ ਰੱਬ ਨੂੰ ਪਿਆਰੇ ਹੋ ਕੇ ਵੀ ਅਸੀਂ ਰੱਬ ਨੂੰ ਪਿਆਰੇ ਨਹੀਂ ਸਾਂ ਹੋਏ।

ਜਦ ਰੱਬ ਜੀ ਨੂੰ ਪਤਾ ਲਗਾ ਕਿ ਅਸੀਂ ਪੱਤਰਕਾਰ ਹਾਂ, ਤਾਂ ਉਹ ਭੜਕ ਉਠੇ। ਅਖੇ ਤੇਰੇ ਲਈ ਇਥੇ ਕੋਈ ਥਾਂ ਨਹੀਂ। ਅਸੀਂ ਪੁੱਛਿਆ, 'ਮਹਾਰਾਜ! ਸਾਡੇ ਲਈ ਭਲਾ ਇਥੇ ਕਿਉਂ ਥਾਂ ਨਹੀਂ? ਹਰ ਲੰਡੀ-ਬੁੱਚੀ, ਲੱਲੀ-ਛੱਲੀ, ਲੁੱਚਾ-ਲਫੰਗਾ, ਚੋਰ-ਉਚੱਕਾ, ਗੁੰਡਾ-ਬਦਮਾਸ਼ ਇਥੇ ਸਮਾ ਸਕਦੈ ਤਾਂ ਫਿਰ ਅਸੀਂ ਕਿਉਂ ਨਹੀਂ? ਅਸੀਂ ਤਾਂ ਲੋਕਾਂ ਦੀ ਆਵਾਜ਼ ਉਠਾਉਂਦੇ ਹਾਂ, ਖਤਰੇ ਮੁੱਲ ਲੈਂਦੇ ਹਾਂ।'

ਰੱਬ ਜੀ ਨੇ ਪਟਾਕ ਜਵਾਬ ਦਿਤਾ-'ਤੇਰੀ ਪ੍ਰਜਾਤੀ ਦੇ ਬੰਦੇ ਧਰਤੀ ਉਪਰ ਵੀ ਖਬਰਾਂ ਘੜਦੇ ਰਹਿੰਦੇ ਐ, 'ਪਲਾਂਟਡ' ਖਬਰਾਂ ਛਾਪਦੇ ਰਹਿੰਦੇ ਐ, ਸੁੰਦਰ ਕੰਨਿਆਂਵਾਂ ਬਾਰੇ ਮਿਰਚ-ਮਸਾਲਾ ਰਲਵੀਆਂ ਕਹਾਣੀਆਂ ਘੜਦੇ ਰਹਿੰਦੇ ਐ, ਸਾਡੇ ਇਥੇ ਜੱਨਤ ਵਿਚ ਹੂਰਾਂ ਦਾ ਵਾਸ ਹੈ, ਤੂੰ ਤਾਂ ਉਨ੍ਹਾਂ ਬਾਰੇ 'ਗਾਸਿਪਾਂ' ਛਾਪਦਿਆਂ ਕਰੇਂਗਾ, ਇਸ ਲਈ ਚਲ ਥੱਲੇ, ਅਜੇ ਇਥੇ ਤੇਰੇ ਜੋਗੀ ਵੱਖਰੀ 'ਸਪੇਸ' ਨਹੀਂ ਬਣੀ।'

ਅਸੀਂ ਕਿਹਾ, 'ਮਹਾਰਾਜ! ਅਜੇ ਵੀ ਬੜੇ ਨਿਰਪੱਖ ਪੱਤਰਕਾਰ ਹਨ ਜੋ ਤੱਥ-ਆਧਾਰਤ ਖਬਰਾਂ ਅਤੇ ਹੱਕ-ਸੱਚ 'ਤੇ ਪਹਿਰਾ ਦਿੰਦੇ ਹਨ।'

'ਪਰ ਗੋਦੀ ਮੀਡੀਆ ਕੀ ਕਰਦੈ? ਆਪਣੇ ਆਕਾਵਾਂ ਦੇ ਡੋਰੂ ਪਿੱਟ ਕੇ ਮੁਰਗ-ਮੁਸੱਲਮ, ਮਾਲ-ਮਲਾਈ ਛਕਦੈ। ਨਿਰਪੱਖ ਪੱਤਰਕਾਰ ਤਾਂ ਨੰਗ-ਭੁੱਖ ਨਾਲ ਈ ਘੁਲਦੇ ਐ' ਰੱਬ ਜੀ ਬੋਲੇ।

ਅਸੀਂ ਕਹਿ ਬੈਠੇ ਕਿ 'ਮਹਾਰਾਜ! ਇਹ ਵੀ ਤੁਹਾਡਾ ਈ ਕਸੂਰ ਐ ਕਿ ਤੁਸੀਂ ਰੱਬ ਹੋ ਕੇ ਵੀ ਅਜਿਹੇ ਅਨਰਥ ਉਪਰ ਚੁੱਪ ਧਾਰੀ ਹੋਈ ਹੈ।'

ਰੱਬ ਜੀ ਨੇ ਪਹਿਲਾਂ ਮੱਥੇ 'ਤੇ ਤਿਊੜੀ ਪਾਈ, ਫਿਰ ਸਾਡੇ ਵਲ ਘੂਰਿਆ ਅਤੇ ਉਪਰੰਤ ਆਪਣੇ ਦਰਬਾਨਾਂ ਵਲ ਐਂ ਦੇਖਿਆ ਜਿਵੇਂ ਕਹਿ ਰਹੇ ਹੋਣ ਕਿ ਇਹ ਖਰ ਦਿਮਾਗ ਪ੍ਰਾਣੀ ਕਿਹੜੇ ਗ੍ਰਹਿ ਤੋਂ ਆਇਆ।

ਅਸੀਂ ਰੱਬ ਜੀ ਨੂੰ ਅੱਗ ਬਗੂਲਾ ਹੋਇਆ ਦੇਖ ਕੇ ਘਬਰਾ ਗਏ ਤੇ 'ਮੋਤੀਆਂ ਵਾਲੀ ਸਰਕਾਰ' ਨੂੰ ਭਰਮਾਉਣ ਲਈ ਇਕ ਸ਼ੇਅਰ ਜੜ'ਤਾ, ਜਿਸ ਨੇ ਓਨਾਂ ਭੈੜਾ ਅਸਰ ਕੀਤਾ, ਜਿੰਨਾ ਕਿਸੇ ਸ਼ਾਦੀ 'ਤੇ ਸ਼ਰਧਾਂਜਲੀ ਦੇ ਦਈਏ ਤਾਂ ਹੁੰਦੈ। ਸ਼ੇਅਰ ਸੀ-"ਮੇਰਾ ਸ਼ੁਕਰ ਕਰ ਖੁਦਾਇਆ/ਤੁਝੇ ਮੈਂ ਖੁਦਾ ਬਨਾਇਆ/ਤੁਝੇ ਕੌਨ ਪੂਜਤਾ ਥਾ/ਮੇਰੀ ਬੰਦਗੀ ਸੇ ਪਹਿਲੇ।"

ਰੱਬ ਜੀ ਨੇ ਕ੍ਰੋਧਿਤ ਹੋ ਕੇ ਸਾਡੇ ਅਜਿਹੀ ਲੱਤ ਮਾਰੀ ਕਿ ਅਸੀਂ ਪਟਾਕ ਦੇ ਕੇ ਧਰਤੀ ਉਪਰ ਡਿਗੇ! ਧੜੰਮ ਡਿਗਣ ਕਾਰਨ ਸਾਡੀ ਅੱਖ ਖੁੱਲ੍ਹ ਗਈ ਤੇ ਅਸੀਂ ਜਾਗਦਿਆਂ ਸਾਰ ਆਦਤ ਦੀ ਮਜਬੂਰੀ ਵਸ ਇਕ ਸ਼ੇਅਰ ਹੋਰ ਠੋਕ ਮਾਰਿਆ-

"ਨਿਕਲਨਾ *ਖੁਲਦ (ਜੱਨਤ) ਸੇ ਆਦਮ ਕਾ ਸੁਨਤੇ ਆਏ ਥੇ ਲੇਕਿਨ

ਬਹੁਤ ਬੇ-ਆਬਰੂ ਹੋ ਕੇ ਤੇਰੇ ਕੂਚੇ ਸੇ ਹਮ ਨਿਕਲੇ"-ਮਿਰਜ਼ਾ ਗਾਲਿਬ

# ਵਰਲਡ ਕੱਪ ਦਾ ਹੱਕਦਾਰ

## ਦੁਨੀਆ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਇਨਸਾਨ - ਡਾ. ਹਰਦਿਆਲ ਸਿੰਘ ਸੈਂਭੀ

ਹਰ ਕੋਈ ਜਾਣਦਾ ਹੈ ਕਿ ਦੁਨੀਆ ਵਿਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਵਿਅਕਤੀ ਪੰਜਾਬ ਦਾ ਸਿੱਖ ਹੈ।

ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਵਿਅਕਤੀ ਪੰਜਾਬ ਦਾ ਸਿੱਖ ਹੈ?

ਪ੍ਰੋ. ਅਮਾਨਤ ਅਲੀ ਮੁਸਾਫ਼ਰ
ਫੋਨ: 0092-30049-69513

ਕੀ ਤੁਹਾਨੂੰ ਲੱਗਦਾ ਹੈ ਕਿ ਦੁਨੀਆ ਦਾ ਸਭ ਤੋਂ ਵੱਧ ਪੜ੍ਹਿਆ-ਲਿਖਿਆ ਇਨਸਾਨ ਪੰਜਾਬ ਦਾ ਸਿੱਖ ਹੈ?

ਜਗਰਾਉਂ, ਜ਼ਿਲ੍ਹਾ ਲੁਧਿਆਣਾ, ਪੰਜਾਬ (ਭਾਰਤ) ਦੇ ਇਕ ਕਸਬੇ ਦਾ ਰਹਿਣ ਵਾਲਾ, ਡਾ. ਹਰਦਿਆਲ ਸਿੰਘ ਸੈਂਭੀ, ਧਰਤੀ ਦਾ ਸਭ ਤੋਂ ਪੜ੍ਹਿਆ-ਲਿਖਿਆ ਵਿਅਕਤੀ ਹੈ। 10 ਜੂਨ, 1942 ਨੂੰ ਪਿੰਡ ਅਖਾੜਾ, ਜ਼ਿਲ੍ਹਾ ਲੁਧਿਆਣਾ ਵਿਚ ਜਨਮੇ, ਉਹ ਹੇਠਾਂ ਸੂਚੀਬੱਧ 17 ਪੋਸਟ ਗ੍ਰੈਜੂਏਟ ਡਿਗਰੀਆਂ ਸਮੇਤ 35 ਡਿਗਰੀਆਂ ਰੱਖਦਾ ਹੈ।

1. ਐਮ.ਏ. (ਅੰਗਰੇਜ਼ੀ)
2. ਐਮ.ਏ (ਪੰਜਾਬੀ)
3. ਐਮ.ਏ (ਅਰਥ ਸ਼ਾਸਤਰ)
4. ਐਮ.ਏ. (ਲੋਕ ਪ੍ਰਸ਼ਾਸਨ)
5. ਐਮ.ਏ. (ਫਿਲਾਸਫੀ)
6. ਐਮ.ਏ. (ਗਾਂਧੀ ਐਂਡ ਪੀਸ ਸਟੱਡੀਜ਼)
7. ਐਮ.ਏ (ਰਾਜਨੀਤੀ)
8. ਐਮ.ਏ. (ਇਤਿਹਾਸ)
9. ਐਮ.ਏ. (ਰੱਖਿਆ ਅਤੇ ਰਣਨੀਤੀ)
10. ਐਮ.ਏ. (ਪ੍ਰਾਚੀਨ ਇਤਿਹਾਸ, ਸੱਭਿਆਚਾਰ ਅਤੇ ਪੁਰਾਤੱਤਵ)
11. ਐਮ.ਏ (ਸਮਾਜ ਸ਼ਾਸਤਰ)
12. ਐਮ.ਏ (ਸਿੱਖ ਸਟੱਡੀਜ਼)
13. ਐਮ.ਏ. (ਧਾਰਮਿਕ ਅਧਿਐਨ)
14. ਐਮ.ਏ. (ਮਹਿਲਾ ਅਧਿਐਨ)
15. ਐਮ.ਏ. (ਹਿੰਦੀ)
16. ਐਮ.ਏ (ਪੱਤਰਕਾਰੀ ਅਤੇ ਜਨ ਸੰਚਾਰ)
17. ਗਾਂਧੀਅਨ ਸਟੱਡੀਜ਼ ਵਿਚ ਪੋਸਟ ਗ੍ਰੈਜੂਏਟ ਡਿਪਲੋਮਾ (PGD)
18. ਆਦਿ ਗ੍ਰੰਥ ਅਚਾਰੀਆ ਵਿਚ ਪੀ.ਜੀ.ਡੀ.
19. ਜਨਸੰਖਿਆ ਸਿੱਖਿਆ ਵਿਚ ਪੀ.ਜੀ.ਡੀ.
20. ਮਾਸ ਕਮਿਊਨੀਕੇਸ਼ਨ ਵਿਚ ਪੀ.ਜੀ.ਡੀ
21. ਮਨੁੱਖੀ ਅਧਿਕਾਰਾਂ ਅਤੇ ਕਰਤੱਵਾਂ ਵਿਚ ਪੀ.ਜੀ.ਡੀ
22. ਐਲ.ਐਲ.ਬੀ
23. ਗੁਰੂ ਗ੍ਰੰਥ ਅਧਿਐਨ ਵਿਚ ਡਿਪਲੋਮਾ,
24. ਦਫਤਰ ਸੰਗਠਨ ਅਤੇ ਪ੍ਰਕਿਰਿਆਵਾਂ ਵਿਚ ਡਿਪਲੋਮਾ
25. ਸਿਵਲ ਇੰਜੀਨੀਅਰਿੰਗ ਵਿਚ ਡਿਪਲੋਮਾ
26. AMIE
27. AMISE
28. ਸਿੱਖਿਆ ਵਿਜ਼ਰਡ (ਬੀ.ਐਡ ਦੇ ਬਰਾਬਰ)
29. ਮੈਡੀਸਨ ਅਤੇ ਹੋਮਿਓਪੈਥੀ ਵਿਚ ਡਿਪਲੋਮਾ (ਗੋਲਡ ਮੈਡਲਿਸਟ)
30. RMP (ਹੋਮਿਓਪੈਥੀ)
31. RMP (ਤੀਰ ਵਾਲਾ)
32. ਆਯੁਰਵੇਦ ਰਤਨ (BAMS ਦੇ ਬਰਾਬਰ)
33. ਗਿਆਨੀ
34. ਵਿਦਵਾਨ
35. ਜੂਨੀਅਰ ਮੈਨੇਜਮੈਂਟ ਕੋਰਸ



ਉਨ੍ਹਾਂ ਕੋਲ ਨਾ ਸਿਰਫ 21 ਪੋਸਟ ਗ੍ਰੈਜੂਏਟ ਡਿਗਰੀਆਂ/ਡਿਪਲੋਮੇ ਹਨ ਬਲਕਿ 14 ਗ੍ਰੈਜੂਏਟ ਪੱਧਰ ਦੀਆਂ ਡਿਗਰੀਆਂ ਵੀ ਹਨ। ਇਹ ਵਰਣਨਯੋਗ ਹੈ ਕਿ ਉਹ ਉੱਚ ਦਰਜੇ ਦਾ ਨੌਕਰਸ਼ਾਹ ਸੀ। ਭਾਰਤ ਵਿਚ ਆਈ.ਏ.ਐਸ. ਜਾਂ ਆਈ.ਪੀ.ਐਸ ਅਧਿਕਾਰੀ ਬਣਨ ਲਈ, ਕਿਸੇ ਕੋਲ ਸਿਰਫ ਗ੍ਰੈਜੂਏਟ ਪੱਧਰ ਦੀ ਡਿਗਰੀ ਹੋਣੀ ਚਾਹੀਦੀ ਹੈ, ਅਤੇ ਕਿਸੇ ਯੂਨੀਵਰਸਿਟੀ ਵਿਚ ਮਾਹਿਰ ਜਾਂ ਪ੍ਰੋਫੈਸਰ ਦੀ ਨੌਕਰੀ ਪ੍ਰਾਪਤ ਕਰਨ ਲਈ, ਕਿਸੇ ਕੋਲ ਪੀਜੀ ਡਿਗਰੀ ਹੋਣੀ ਚਾਹੀਦੀ ਹੈ ਪਰ ਇਸ ਤਰ੍ਹਾਂ 35 ਡਿਗਰੀਆਂ ਪ੍ਰਾਪਤ ਕਰਨਾ ਕੋਈ ਬੱਚਿਆਂ ਦੀ ਖੇਡ ਨਹੀਂ ਹੈ, ਖਾਸ ਕਰਕੇ ਕਿਸੇ ਅਜਿਹੇ ਵਿਅਕਤੀ ਲਈ ਜਿਸ ਦੇ ਮਾਪੇ ਅਨਪੜ੍ਹ ਹਨ, ਅਤੇ ਜੋ ਕਾਲਜ ਜਾਣ ਦੀ ਹਿੰਮਤ ਕਰਕੇ ਆਪਣੇ ਮਾਪਿਆਂ ਦੇ ਗੁੱਸੇ ਦਾ ਸਾਹਮਣਾ ਕਰਦਾ ਹੈ! ਪੇਂਡੂ ਪਿਛੋਕੜ ਵਾਲੇ, ਅਤੇ ਬਹੁਤ ਹੀ ਨਿਮਰ ਆਰਥਿਕ ਰੁਤਬੇ ਦੇ, ਸੁਪਰਹੀਰੋ ਡਾ. ਐਚ.ਐਸ. ਸੈਂਭੀ ਨੇ ਡਿਗਰੀ ਤੋਂ ਬਾਅਦ ਡਿਗਰੀ ਹਾਸਲ ਕੀਤੀ ਅਤੇ ਪਹਿਲਾਂ ਜ਼ਿਲ੍ਹੇ ਵਿਚ, ਫਿਰ ਪੰਜਾਬ ਰਾਜ ਵਿਚ, ਫਿਰ ਆਪਣੇ ਦੇਸ਼ ਭਾਰਤ ਵਿਚ ਅਤੇ ਫਿਰ ਵਿਸ਼ਵ ਵਿਚ ਸਭ ਤੋਂ ਵੱਧ ਡਿਗਰੀ ਧਾਰਕ ਬਣ ਗਿਆ। ਉਸ ਨੇ ਆਪਣੀ ਪੂਰੀ ਲਗਨ, ਨਿਰੰਤਰ ਫੋਕਸ ਅਤੇ ਦਲੇਰ ਰਵੱਈਏ ਕਾਰਨ ਡਿਗਰੀਆਂ ਦੀ ਦੁਨੀਆ ਨੂੰ ਜਿੱਤ ਲਿਆ। ਉਸਨੇ ਨਾ ਸਿਰਫ ਆਪਣੀ ਪੱਗ ਵਿਚ ਬਹੁਤ ਸਾਰੇ ਅਕਾਦਮਿਕ ਖੰਭ ਜੋੜਨ ਵਿਚ ਕਾਮਯਾਬ ਰਿਹਾ, ਸਗੋਂ ਭਾਰਤ ਵਿਚ ਮਿਲਟਰੀ ਇੰਜੀਨੀਅਰਿੰਗ ਸਰਵਿਸ (ਐਮ ਈ ਐਸ) ਵਿਚ ਕਰਨਲ-ਰੈਂਕ ਦੇ ਅਧਿਕਾਰੀ ਵਜੋਂ ਰੁਜ਼ਗਾਰ ਕਮਾਇਆ। ਉਹ ਸਾਹਿਤਕਾਰ ਨੂੰ ਰਾਗ ਤੋਂ ਅਮੀਰੀ ਵੱਲ ਵਧਿਆ ਅਤੇ ਡਿਗਰੀਆਂ, ਦਰਜੇ ਅਤੇ ਦਰਜੇ ਪ੍ਰਾਪਤ ਕੀਤੇ। ਅੱਜ, ਉਹ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨਾਲ ਖੁਸ਼ਹਾਲ, ਸੇਵਾਮੁਕਤ ਜੀਵਨ ਬਤੀਤ ਕਰ ਰਿਹਾ ਹੈ। ਉਸਦੀ ਧੀ ਇੱਕ ਕਾਲਜ ਵਿਚ ਪ੍ਰੋਫੈਸਰ ਹੈ, ਜਦੋਂਕਿ ਉਸਦੇ ਵੱਡੇ, ਵਿਚਕਾਰਲੇ ਅਤੇ ਛੋਟੇ ਪੁੱਤਰ ਡੀਐਮ (ਆਨਕੋਲੋਜੀ) ਹਨ। ਕੈਂਸਰ ਰੋਗ ਦੇ ਖੇਤਰ ਵਿਚ ਸੁਪਰ ਸਪੈਸ਼ਲਿਸਟ, ਪੀਸੀਐਸ (ਏ) ਅਤੇ ਇਕ ਐਡਵੋਕੇਟ ਕ੍ਰਮਵਾਰ।

ਵਾਹਿਗੁਰੂ ਉਸਨੂੰ ਚੰਗੀ ਸਿਹਤ ਦੇਵੇ ਜੀ

ਵੇਖੋ! ਅਸੀਂ ਆਪਸ ਵਿਚ ਭਾਵੇਂ ਸੌ ਵਾਰੀ ਵੰਡੇ ਜਾਈਏ ਪਰ ਸਾਡਾ ਸਮਾਜ 'ਤੇ ਨਹੀਂ ਵੰਡਿਆ ਗਿਆ ਸਾਡੀ ਮਨੁੱਖਤਾ ਤੇ ਨਹੀਂ ਵੰਡੀ ਗਈ। ਸਾਡੇ ਦਿਲਾਂ ਵਿਚ ਪਿਆਰ ਹੋਰ ਵਧ ਗਿਆ ਏ। ਪੰਜਾਬੀ ਖੋਜਕਾਰੀ ਨੂੰ ਫਰੋਲਦਿਆਂ ਹੋਇਆਂ ਜਦੋਂ ਮੈਂ ਡਾ. ਹਰਦਿਆਲ ਸਿੰਘ ਸੈਂਭੀ ਦੇ ਬਾਰੇ ਪੜ੍ਹਿਆ ਤੇ ਮੇਰਿਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਖੁਸ਼ੀ ਦਾ ਅੰਤ ਨਾ ਰਿਹਾ। ਉਹ! ਤੇਰੇ ਖ਼ੈਰ ਹੋਵੇ ਸਰਦਾਰਾ।

# ਸੇਵਾ ਦਾ ਸਖ਼ਤ ਪਹਿਰਾ




ਦੇਵਿੰਦਰ ਕੌਰ ਧਾਲੀਵਾਲ

ਮੈਂ 2019 ਵਿਚ ਭਾਰਤ ਗਈ ਤਾਂ ਕਈ ਦਿਨ ਅੰਮ੍ਰਿਤਸਰ ਰਹੀ ਤੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ।

ਇਕ ਦਿਨ ਸੰਗਤ ਵਿਚ ਸ਼ਾਮਲ ਮਾਂ-ਧੀ ਸਰੋਵਰ ਦੇ ਨੇੜੇ ਫੋਟੋ ਖਿੱਚਣ ਲੱਗ ਪਈਆਂ ਤੇ ਉਨ੍ਹਾਂ ਕੋਲ ਸਾਲ ਕੁ ਦਾ ਬੱਚਾ ਸੀ ਜੋ ਉਨ੍ਹਾਂ ਗੋਦੀ ਚੁੱਕਿਆ ਹੋਇਆ ਸੀ। ਜਦੋਂ ਉਹ ਬੱਚੇ ਨਾਲ ਫੋਟੋ ਖਿਚਵਾਉਣ ਲੱਗੀਆਂ ਤਾਂ ਸਰੋਵਰ ਦੇ ਕੰਢੇ ਪਹਿਰੇਦਾਰ ਸਰਦਾਰ ਜੀ ਆ ਗਏ ਅਤੇ ਉਨ੍ਹਾਂ ਨੂੰ ਆਖਣ ਲੱਗੇ ਕਿ ਬੀਬੀ ਜੀ ਤੁਸੀਂ ਬੱਚੇ ਨੂੰ ਲੈ ਕੇ ਇੱਥੇ ਫੋਟੋ ਨਹੀਂ ਖਿੱਚ ਸਕਦੇ। ਉਹ ਬੀਬੀਆਂ ਪਹਿਰੇਦਾਰ ਨਾਲ ਬਹਿਸ ਕਰਨ ਲੱਗ ਪਈਆਂ। ਮਾਂ ਜ਼ਿਆਦਾ ਪਹਿਰੇਦਾਰ ਨੂੰ ਵੱਧ ਘੱਟ ਬੋਲ ਰਹੀ ਸੀ। ਜਦੋਂ ਉਹ ਬੋਲਣੋਂ ਨਾ ਰੁਕੀਆਂ ਤਾਂ ਪਹਿਰੇਦਾਰ ਸਿੱਖ ਸਰਦਾਰ ਜੀ ਕਹਿੰਦੇ, 'ਤੁਹਾਨੂੰ ਮੇਰੇ ਨਾਲ ਦਫਤਰ 'ਚ ਜਾਣਾ ਪਵੇਗਾ। ਉੱਥੇ ਤੁਹਾਨੂੰ ਇੱਥੋਂ ਦੇ ਨਿਯਮ ਸਮਝਾ ਦਿੱਤੇ ਜਾਣਗੇ।' ਅਖੀਰ ਜਿੱਤ ਪਹਿਰਾ ਦੇ ਰਹੇ ਸਰਦਾਰ ਜੀ ਦੀ ਹੋਈ। ਉਹ ਮਾਂ ਧੀ ਨੂੰ ਦਰਬਾਰ ਸਾਹਿਬ ਦੇ ਦਫਤਰ (ਨੰਬਰ ਹੁਣ ਯਾਦ ਨਹੀਂ) ਲੈ ਕੇ ਚਲੇ ਗਏ। ਉੱਥੇ ਉਹ ਉਨ੍ਹਾਂ ਨੂੰ ਸਮਝਾਉਣ ਲੱਗੇ ਕਿ ਸਰੋਵਰ ਦੀਆਂ ਪੌੜੀਆਂ ਜਿੱਥੇ ਪਾਣੀ ਹੁੰਦਾ ਉੱਥੇ ਛੋਟੇ ਬੱਚੇ ਚੁੱਕ ਕੇ ਫੋਟੋ ਨਹੀਂ ਖਿੱਚ ਸਕਦੇ। ਕੀ ਪਤਾ ਹੁੰਦਾ ਬੱਚਾ ਪਾਣੀ 'ਚ ਡਿਗ ਪਵੇ।

ਹਾਂ, ਵੈਸੇ ਤੁਸੀਂ ਬੱਚੇ ਦੀਆਂ ਹੋਰ ਥਾਂਵਾਂ 'ਤੇ ਤਸਵੀਰਾਂ ਲੈ ਸਕਦੇ ਹੋ।

ਮੈਂ ਇਸ ਸੇਵਾਦਾਰ ਨੂੰ ਇਸ ਤਰ੍ਹਾਂ ਪਰਿਕਰਮਾ ਵਿਚ ਸਰੋਵਰ ਦੇ ਆਲੇ ਦੁਆਲੇ ਕੋਈ ਘਟਨਾ ਨਾ ਵਾਪਰੇ ਦਾ ਸਖ਼ਤ



ਪਹਿਰਾ ਦਿੰਦੇ ਦੇਖ ਤੇ ਉਨ੍ਹਾਂ ਦੇ ਵਤੀਰੇ ਤੋਂ ਬਹੁਤ ਪ੍ਰਭਾਵਿਤ ਹੋਈ। ਮੇਰੇ ਦਾਦਾ ਜੀ ਵੀ ਕਹਿੰਦੇ ਹੁੰਦੇ ਸਨ ਕਿ ਕਦੇ ਵੀ ਬੱਚੇ ਨੂੰ ਖੂਹ ਦੀ ਮੌਣ ਕੋਲ ਲੈ ਕੇ ਖੜੇ ਨਾ ਹੋਵੋ।

ਪਾਣੀ ਤੇ ਅੱਗ ਵਾਲੀਆਂ ਥਾਵਾਂ ਤੋਂ ਵੀ ਬੱਚੇ ਨੂੰ ਦੂਰ ਰੱਖੋ ਕਿਉਂਕਿ ਛੋਟਾ ਬੱਚਾ ਬਹੁਤੀ ਵਾਰ ਹੁੱਬਸਲੀ ਮਾਰਦਾ ਪਾਣੀ 'ਚ ਡਿੱਗ ਸਕਦਾ ਹੈ।

ਸਿਰਫ ਪਹਿਰੇਦਾਰ ਸਿੱਖ ਸਰਦਾਰ ਜੋ ਸੰਗਤ ਦੀ ਸੇਵਾ ਵਿਚ ਖੜੇ ਪਹਿਰਾ ਦਿੰਦੇ ਹਨ, ਨੂੰ ਹੀ ਪਤਾ ਹੈ ਕਿ ਸੰਗਤਾਂ ਕਿਸ ਤਰ੍ਹਾਂ ਘਟਨਾਵਾਂ ਦਾ ਸ਼ਿਕਾਰ ਹੋ ਸਕਦੀਆਂ ਜਾਂ ਹੁੰਦੀਆਂ ਹਨ। ਸਰੋਵਰ ਦੀ ਸਫਾਈ ਤਾਂ ਨਿਰੰਤਰ ਚਲਦੀ ਰਹਿੰਦੀ ਹੈ ਫਿਰ ਵੀ ਪੌੜੀਆਂ ਵਿਚ ਹਮੇਸ਼ਾ ਪਾਣੀ ਖੜਾ ਹੁੰਦਾ ਹੈ, ਜਿਸ ਕਰਕੇ ਕੁਦਰਤੀ ਹਰਿਆਈ ਤੇ ਤਿਲਕਣ ਪੈਦਾ ਹੋ ਜਾਂਦੀ ਹੈ ਜੋ ਆਪਾਂ ਨੂੰ ਦਿਸਦੀ ਨਹੀਂ।

ਸਰੋਵਰ ਦੀਆਂ ਪੌੜੀਆਂ 'ਤੇ ਖੜ ਕੇ ਸੰਗਤਾਂ ਅਕਸਰ ਫੋਟੋ ਖਿਚਾਉਂਦੀਆਂ ਹਨ। ਕਈ ਵਾਰ ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ ਪੌੜੀ ਦੇ ਸਿਰੇ ਤੋਂ ਤਿਲਕ ਕੇ ਪਿੱਛੇ ਨੂੰ ਡਿਗ ਪੈਂਦੇ ਹਨ ਜੋ ਕਾਫ਼ੀ ਖ਼ਤਰਨਾਕ ਹੈ। ਕਈ ਵਾਰ ਅਚਾਨਕ ਡਿੱਗਣ ਨਾਲ ਗਰਦਨ ਦਾ ਮਣਕਾ ਜਾਂ ਰੀੜ੍ਹ ਦੀ ਹੱਡੀ 'ਤੇ ਗੰਭੀਰ ਸੱਟਾਂ ਲੱਗ ਸਕਦੀਆਂ ਹਨ ਜੋ ਲੱਖ ਇਲਾਜ ਦੇ ਬਾਵਜੂਦ ਵੀ ਠੀਕ ਹੋਣੀਆਂ ਅਸੰਭਵ ਹੋ ਜਾਂਦੀਆਂ ਹਨ।

ਮੈਨੂੰ ਇਹ ਵੇਖ ਕੇ ਖੁਸ਼ੀ ਹੋਈ ਕਿ ਇਹ ਸੇਵਾਦਾਰ ਆਪਣੇ ਅਸੂਲ 'ਤੇ ਡਟੇ ਰਹੇ ਤੇ ਆਪਣੇ ਫਰਜ਼ ਨੂੰ ਬਾਖੂਬੀ ਨਿਭਾਇਆ।

## 3 ਸਾਲ ਦੇ ਬੱਚੇ ਨੇ ਚਲਾਈ ਗੋਲੀ, ਮਾਂ ਸਮੇਤ 2 ਜ਼ਖਮੀ

**ਇੰਡੀਆਨਾ:** ਇੱਥੇ ਲਫੇਅਟ ਵਿਖੇ ਇਕ 3 ਸਾਲ ਦੇ ਬੱਚੇ ਨੇ ਗੋਲੀ ਚਲਾ ਕੇ ਆਪਣੀ ਮਾਂ ਤੇ ਇਕ ਹੋਰ ਵਿਅਕਤੀ ਨੂੰ ਜ਼ਖਮੀ ਕਰ ਦਿੱਤਾ। ਲਫੇਅਟ ਪੁਲਿਸ ਵਿਭਾਗ ਦੇ ਲੈਫਟੀਨੈਂਟ ਜਸਟਿਨ ਹਾਰਟਮੈਨ ਨੇ ਕਿਹਾ ਕਿ ਜ਼ਖਮੀ ਹੋਇਆ ਵਿਅਕਤੀ ਇਕ ਕਤਲ ਦੇ ਮਾਮਲੇ ਵਿਚ ਲੋੜੀਂਦਾ ਸੀ, ਜਿਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬੱਚੇ ਕੋਲ ਗੰਨ ਕਿੱਥੋਂ ਆਈ ਜਾਂ ਕਿਸ ਕਿਸਮ ਦਾ ਹਥਿਆਰ ਬੱਚੇ ਨੇ ਵਰਤਿਆ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਹਾਰਟਮੈਨ ਅਨੁਸਾਰ ਜ਼ਖਮੀ ਵਿਅਕਤੀ 23 ਸਾਲਾ ਟਰੇਸ਼ੌਨ ਸਮਿੱਥ ਬੱਚੇ ਦੀ ਮਾਂ ਦਾ ਦੋਸਤ ਸੀ ਜੋ ਉਨ੍ਹਾਂ ਦੇ ਘਰ ਆਉਂਦਾ-ਜਾਂਦਾ ਰਹਿੰਦਾ ਸੀ। ਉਸ ਵਿਰੁੱਧ ਕੁੱਕ ਕਾਊਂਟੀ, ਇਲੀਨੋਇ ਵੱਲੋਂ ਕਤਲ ਦੇ ਮਾਮਲੇ ਵਿਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹੋਏ ਸਨ।





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com


www.thebainsfirm.com



Homeopathicvibes

Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening

Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

# ਅੱਗ ਦੀ ਲਾਟ ਚਿਮਟੇ ਨਾਲ ਫੜਨ ਵਾਲਾ - ਸੰਪੂਰਨ ਸਿੰਘ ਉਰਫ਼ ਗੁਲਜ਼ਾਰ

***ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰ ਨੇ ਉਘੇ ਸ਼ਾਇਰ ਅਤੇ ਫਿਲਮੀ ਹਸਤੀ ਗੁਲਜ਼ਾਰ ਦੇ ਕਲਾ ਦੇ ਵਿਹੜੇ ਝਾਤੀ ਮਾਰੀ ਹੈ; ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਖਾਸ ਤੇ ਅਣਛੋਹੇ ਵਰਕੇ ਫਰੋਲੇ ਹਨ। ਇਸ ਲਿਖਤ ਵਿਚ ਅਜੈ ਤਨਵੀਰ ਪਾਠਕ ਨੂੰ ਗੁਲਜ਼ਾਰ ਦੀ ਮਹਿਕ ਨਾਲ ਹੀ ਸਰਸ਼ਾਰ ਨਹੀਂ ਕਰਦਾ ਸਗੋਂ ਜ਼ਿੰਦਗੀ ਦੀਆਂ ਉਨ੍ਹਾਂ ਸਚਾਈਆਂ ਦੇ ਰੂਬਰੂ ਵੀ ਕਰਦਾ ਹੈ ਜੋ ਇਨ੍ਹਾਂ ਦੋਹਾਂ ਨੇ ਆਪਣੇ ਅਨੁਭਵ ਵਿਚੋਂ ਕਮਾਈਆਂ ਹਨ। ਅਸੀਂ ਗੁਲਜ਼ਾਰ ਬਾਰੇ ਇਹ ਲੰਮਾ ਲੇਖ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦੀ ਛੇਵੀਂ ਤੇ ਆਖ਼ਰੀ ਕਿਸ਼ਤ ਹਾਜ਼ਰ ਹੈ।***

ਗੁਲਜ਼ਾਰ ਅੰਦਰ ਇਕ ਦਰਦ ਹਰ ਪਲ ਰਿਸਦਾ ਰਹਿੰਦਾ ਸੀ। ਉਹ ਸੀ ਭਾਰਤ ਦਾ ਬਟਵਾਰਾ। ਉਸ ਨੇ ਇਸ ਦੁਖਾਂਤ ਨੂੰ ਆਪਣੀਆਂ ਅੱਖਾਂ ਨਾਲ ਇਸ ਤਰ੍ਹਾਂ ਵੇਖਿਆ ਸੀ ਜੋ ਅਜੇ ਤੀਕਰ ਉਸ ਨੂੰ ਯਾਦ ਹੈ। ਧਰਮ ਦੇ ਨਾਮ ਉੱਤੇ ਹੋਈ ਵੱਢ-ਟੁੱਕ ਉਹ ਕਿਵੇਂ ਭੁੱਲ ਸਕਦਾ ਹੈ। ਇਹ ਦਰਦ ਅਜੇ ਅੱਲ੍ਹਾ ਸੀ, ਇਕ ਹੋਰ ਦਰਦ ਨੇ ਉਸ ਨੂੰ ਹਿਲਾ ਕੇ ਰੱਖ ਦਿੱਤਾ-ਉਹ ਸੀ, ਪੰਜਾਬ ਦਾ ਦਰਦ। 1984 ਦਾ ਦਰਦ। ਇਸ ਤੋਂ ਬਾਅਦ




**ਅਜੈ ਤਨਵੀਰ**
**ਫੋਨ : +15 593 092 031**

ਕਿਵੇਂ ਪੰਜਾਬ ਨੂੰ ਸਿਆਸਤ ਨੇ ਅਤਿਵਾਦ ਦੀ ਭੇਟ ਚਾੜ੍ਹਿਆ। ਕਿਸ ਤਰ੍ਹਾਂ ਪੁਲਸੀਆਂ ਨੇ ਮਾਵਾਂ ਦੇ ਪੁੱਤਰਾਂ ਦੇ ਮੁਕਾਬਲੇ ਬਣਾ-ਬਣਾ ਆਪਣੇ ਮੋਢਿਆਂ 'ਤੇ ਸਟਾਰ ਸਜਾਏ। ਹਕੂਮਤ ਕਿਸ ਤਰ੍ਹਾਂ ਦਸਤਾਰ ਦੀ ਦੁਸ਼ਮਣ ਬਣੀ। ਇਹ ਅਸਹਿ ਪੀੜ ਗੁਲਜ਼ਾਰ ਨਾ ਸਹਾਰ ਸਕਿਆ। ਉਹ ਇਸ ਦਰਦ ਨੂੰ ਕਿਸੇ ਨਾ ਕਿਸੇ ਤਰ੍ਹਾਂ ਲੋਕਾਂ ਵਿਚ ਲਿਆਉਣਾ ਚਾਹੁੰਦਾ ਸੀ। ਇਕ ਹੀ ਸਾਧਨ ਸੀ ਪਰਦਾ। ਉਸ ਨੇ 'ਮਾਚਿਸ' ਫ਼ਿਲਮ ਬਣਾਉਣ ਦੀ ਤਿਆਰੀ ਆਰੰਭ ਦਿੱਤੀ। ਇਹ ਫ਼ਿਲਮ ਤਿਆਰ ਹੋ ਕੇ ਜਦ ਸਿਨੇਮੇ ਵਿਚ ਆਈ, ਲੋਕਾਂ ਨੇ ਰੱਜ ਕੇ ਪਿਆਰ ਦਿੱਤਾ। ਹਰ ਕਿਸੇ ਦੀ ਜ਼ੁਬਾਨ ਉੱਤੇ ਗੁਲਜ਼ਾਰ ਦੀ 'ਮਾਚਿਸ' ਦਾ ਨਾਮ ਸੀ। ਗੁਲਜ਼ਾਰ ਨੂੰ ਆਰ. ਡੀ. ਬਰਮਨ ਦੀ ਘਾਟ ਰੜਕਦੀ ਸੀ। ਉਹ ਘਾਟ ਉਸ ਦੇ ਪੁੱਤਰਾਂ ਵਰਗੇ ਦੋਸਤ ਵਿਸ਼ਾਲ ਭਾਰਦਵਾਜ ਨੇ ਪੂਰੀ ਕਰ ਦਿੱਤੀ ਸੀ। 'ਚੱਪਾ ਚੱਪਾ ਚਰਖਾ ਚਲੇ', 'ਛੋੜ ਆਏ ਹਮ ਵੋਹ ਗਲੀਆਂ' ਗੀਤ ਅੱਜ ਵੀ ਤਰੋਤਾਜ਼ਾ ਹਨ। ਇਸ ਫ਼ਿਲਮ ਨੂੰ ਦੋ ਨੈਸ਼ਨਲ ਐਵਾਰਡ ਮਿਲੇ। ਚੰਦਰਚੂੜ ਸਿੰਘ ਦੀ ਇਹ ਪਹਿਲੀ ਫ਼ਿਲਮ ਸੀ। ਚੰਦਰਚੂੜ ਸਿੰਘ ਦੀ ਵਧੀ ਹੋਈ ਦਾੜ੍ਹੀ ਗੁਲਜ਼ਾਰ ਦੀ ਧੀ ਅਤੇ ਨਿਰਮਾਤਾ ਨੂੰ ਪਸੰਦ ਨਹੀਂ ਸੀ। ਪਰ ਉਨ੍ਹਾਂ ਨੂੰ ਸ਼ਾਇਦ ਇਹ ਪਤਾ ਨਹੀਂ ਸੀ ਕਿ ਗੁਲਜ਼ਾਰ ਦੀਆਂ ਸਾਰੀਆਂ ਹੀ ਫ਼ਿਲਮਾਂ ਵਿਚ ਹੀਰੋ ਮੁੱਛਾਂ ਵਾਲੇ ਹੀ ਹੁੰਦੇ ਸਨ। 'ਮਾਚਿਸ' ਵਿਚ ਅਮਰੀਕ ਗਿੱਲ ਦਾ ਰੋਲ ਭਾਵੇਂ ਛੋਟਾ ਸੀ ਪਰ ਹਰ ਪੰਜਾਬੀ ਦੇ ਅੰਦਰ ਘਰ ਕਰ ਗਿਆ। ਅਮਰੀਕ ਗਿੱਲ ਦਾ ਇਸ ਫ਼ਿਲਮ ਵਿਚ ਚਰਵਾਹੇ ਦਾ ਰੋਲ ਸੀ। 'ਮਾਚਿਸ' ਫ਼ਿਲਮ ਵਿਚ ਹੀ ਗੁਲਜ਼ਾਰ ਨੇ ਜਿੰਮੀ ਸ਼ੇਰਗਿੱਲ ਨੂੰ ਬਰੇਕ ਦਿੱਤੀ ਸੀ। ਫ਼ਿਲਮ ਇੰਡਸਟਰੀ ਵਿਚ ਗੁਲਜ਼ਾਰ ਐਸਾ ਇਨਸਾਨ ਹੈ, ਪਤਾ ਨਹੀਂ ਉਸ ਨੇ ਕਿੰਨੇ ਨਵੇਂ ਮੁੰਡਿਆਂ ਨੂੰ ਬਰੇਕ ਦਿੱਤੀ। ਗੁਲਜ਼ਾਰ ਬਣਨ ਲਈ ਹਰ ਰੁੱਤ ਵਿਚ ਖਿੜਨਾ ਪੈਂਦਾ। ਹਰ ਤਰ੍ਹਾਂ ਦੇ ਮੌਸਮ ਵਿਚ 'ਆਂਧੀ' ਅੱਗੇ ਖੜ੍ਹਨਾ ਪੈਂਦਾ। ਇਹ ਸਭ ਗੁਲਜ਼ਾਰ ਦੇ ਹਿੱਸੇ ਹੀ ਆਇਆ। ਜਿਨ੍ਹਾਂ ਨੇ ਠੋਕਰਾਂ ਕੋਲੋਂ ਤੁਰਨਾ ਸਿੱਖਿਆ ਹੋਵੇ ਉਹ ਨੰਗੇ ਪੈਰੀਂ ਵੀ ਸਫ਼ਰ ਕਰ ਲੈਂਦੇ ਹਨ।

ਗੁਲਜ਼ਾਰ ਨੇ ਹਮੇਸ਼ਾ ਆਪਣੀਆਂ ਫ਼ਿਲਮਾਂ ਅਤੇ ਆਪਣੇ ਗੀਤਾਂ ਵਿਚ ਬੱਚਿਆਂ ਦਾ ਜ਼ਿਕਰ ਬਹੁਤ ਹੀ ਸ਼ਿੱਦਤ ਨਾਲ ਕੀਤਾ ਹੈ। 'ਕਿਤਾਬ' ਫ਼ਿਲਮ ਇਸ ਗੱਲ ਦੀ ਗਵਾਹ ਹੈ। ਆਸ਼ਾ ਭੌਸਲੇ ਕਈ ਵਾਰ ਹਾਸੇ ਨਾਲ ਵੀ ਕਹਿ ਦਿੰਦੀ ਹੈ- 'ਗੁਲਜ਼ਾਰ ਸਾਹਿਬ, ਤੁਸੀਂ ਬੰਗਾਲ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੋ ਤੇ ਬੰਗਾਲੀ ਭਾਸ਼ਾ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਹੋ।' ਜਦੋਂ ਵੀ ਆਸ਼ਾ ਭੌਸਲੇ ਇਸ ਤਰ੍ਹਾਂ ਸਵਾਲ ਕਰਦੀ, ਜਿਸ ਵਿਚ ਬੰਗਾਲ ਦਾ ਜ਼ਿਕਰ ਆਉਂਦਾ ਤਾਂ ਗੁਲਜ਼ਾਰ ਵਿਚੋਂ ਟੋਕ ਕੇ ਕਹਿ ਦਿੰਦੇ-ਆਸ਼ਾ ਜੀ, ਮੇਰੀ ਬੀਵੀ ਬਾਰੇ ਕੋਈ ਸਵਾਲ ਕਰਨਾ ਚਾਹੁੰਦੇ ਹਨ। ਆਸ਼ਾ ਨੇ ਕਹਿਣਾ-ਨਹੀਂ ਮੈਂ ਤੇਰੀ ਬੀਵੀ ਬਾਰੇ ਨਹੀਂ, ਮੈਂ ਤੇਰੀ ਬੀਵੀ ਅਤੇ ਤੇਰੀ ਬੇਟੀ ਬੋਸਕੀ ਦੋਵਾਂ ਬਾਰੇ ਸਵਾਲ ਕਰਨਾ ਚਾਹੁੰਦੀ ਹਾਂ। ਆਸ਼ਾ ਕਹਿਣ ਲੱਗੀ-ਜੋ ਤੁਸੀਂ ਗੀਤ ਲਿਖਿਆ ਹੈ 'ਲਕੜੀ ਕੀ ਕਾਠੀ ਕਾਠੀ ਕਾ ਘੋੜਾ', ਕੀ ਇਹ ਗੀਤ ਆਪਣੀ ਪਿਆਰੀ ਧੀ ਬੋਸਕੀ ਲਈ ਲਿਖਿਆ ਹੈ? ਗੁਲਜ਼ਾਰ ਕਹਿਣ ਲੱਗਾ-ਹਾਂ ਆਸ਼ਾ ਜੀ, ਜਦੋਂ ਬੋਸਕੀ ਛੋਟੀ ਸੀ ਉਸ ਲਈ ਮੈਂ ਗੀਤ ਅਤੇ ਕਈ ਕਵਿਤਾਵਾਂ ਵੀ ਲਿਖੀਆਂ। ਜਿਸ ਤਰ੍ਹਾਂ ਬੋਸਕੀ ਵੱਡੀ ਹੁੰਦੀ ਗਈ, ਮੈਂ ਹਰ ਸਾਲ ਉਸ ਲਈ ਕੁਝ ਨਾ ਕੁਝ ਜ਼ਰੂਰ ਲਿਖਦਾ। ਮੇਰਾ ਵੈਸੇ ਵੀ ਦਿਲ ਬਹੁਤ ਕਰਦਾ ਸੀ ਕਿ ਮੈਂ ਬੱਚਿਆਂ ਲਈ ਕੁਝ ਨਾ ਕੁਝ ਲਿਖ ਸਕਾਂ, ਕੁਝ ਨਾ ਕੁਝ ਕਰ ਸਕਾਂ। ਮੈਂ ਇਕ ਸਾਲ ਦੇ ਬੱਚੇ ਲਈ ਵੀ ਲਿਖਿਆ, ਪੰਜ ਸਾਲ ਦੇ ਬੱਚੇ ਲਈ ਵੀ ਲਿਖਿਆ। 'ਕਿਤਾਬ' ਫ਼ਿਲਮ ਨਿਰਮਾਣ ਕਰਨਾ ਬੱਚਿਆਂ ਨਾਲ ਮੋਹ ਮੁਹੱਬਤ ਕਰਨਾ ਸੀ। ਮੈਂ ਚਾਹੁੰਦਾ ਸੀ, ਮੈਂ ਬੱਚਿਆਂ ਲਈ ਐਸੇ ਗੀਤ, ਐਸੀਆਂ ਨਜ਼ਮਾਂ ਲਿਖਾਂ ਜਿਨ੍ਹਾਂ ਨੂੰ ਸੁਣ ਕੇ ਬੱਚੇ ਬੋਰ ਨਾ ਹੋਣ। ਮੈਂ ਬੱਚਿਆਂ ਨੂੰ ਉਦਾਸ ਨਹੀਂ ਵੇਖ ਸਕਦਾ। ਇਕ ਗੀਤ ਲਿਖਿਆ ਸੀ, 'ਆਪਾ ਜੀ ਕੀ ਆਪੜੀ ਪਾਨੀ ਮੇਂ ਜਾ ਪੜੀ'। ਇਸ ਤਰ੍ਹਾਂ ਦੇ ਅਨੇਕ ਗੀਤ ਸਨ, ਜੋ ਮੈਂ ਬੱਚਿਆਂ ਲਈ ਲਿਖੇ। ਮੇਰੇ ਲਿਖੇ ਗੀਤ ਹੀ ਬੱਚਿਆਂ ਲਈ ਬੋਲ ਸਨ, ਖਿਡੌਣੇ ਸਨ, ਜਿਨ੍ਹਾਂ ਨਾਲ ਬੱਚੇ ਖੇਡਦੇ ਅਤੇ ਮੈਨੂੰ ਸਕੂਨ ਮਿਲਦਾ। ਇਹ ਹੀ ਮੇਰੀ ਖ਼ੁਸ਼ੀ ਹੈ। 'ਲਕੜੀ ਕੀ ਕਾਠੀ' ਵਾਲਾ ਗੀਤ ਐਨਾ ਪਾਪੂਲਰ ਹੋ ਗਿਆ ਸੀ ਕਿ ਜਦੋਂ ਬੱਚੇ ਮਾਂ ਨਾਲ ਰੁੱਸ ਜਾਂਦੇ, ਫਿਰ ਉਨ੍ਹਾਂ ਨੂੰ ਇਹ ਗੀਤ ਹੀ ਸੁਣਾਇਆ ਜਾਂਦਾ ਸੀ। ਅੱਜ ਦੇ ਸਮੇਂ ਵਿਚ ਤਾਂ ਬੱਚਿਆਂ ਨੂੰ ਗੇਮਾਂ ਤੋਂ ਵਿਹਲ ਨਹੀਂ, ਉਹ ਗੀਤ ਕੀ ਸੁਣਨਗੇ। ਪਰ ਹੁਣ ਬੱਚਿਆਂ 'ਤੇ ਫ਼ਿਲਮਾਂ ਵੀ ਨਹੀਂ ਬਣਦੀਆਂ। ਗੁਲਜ਼ਾਰ ਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਹੈ। ਅਸੀਂ ਆਪਣੇ ਬੱਚਿਆਂ ਤੋਂ ਬਹੁਤ ਦੂਰ ਜਾ ਰਹੇ ਹਾਂ। ਕਦੇ ਕਿਹਾ ਜਾਂਦਾ ਸੀ, ਬੱਚੇ ਦੇਸ਼ ਦਾ ਭਵਿੱਖ ਹਨ। ਹੁਣ ਐਨਾ ਫ਼ਿਕਰ ਕਰਨ ਵਾਲਾ ਕਿਤੇ ਵੀ ਨਜ਼ਰ ਨਹੀਂ ਆਉਂਦਾ। ਗੁਲਜ਼ਾਰ ਇਸ ਉਮਰ ਵਿਚ ਵੀ ਬੱਚਿਆਂ ਲਈ ਲਿਖ ਰਹੇ ਹਨ। ਉਹ ਆਪਣੀ ਧੀ ਬੋਸਕੀ ਨੂੰ ਜਿਸ ਤਰ੍ਹਾਂ ਪਿਆਰ ਕਰਦੇ ਸਨ, ਉਸ ਤਰ੍ਹਾਂ ਹੀ ਆਪਣੇ ਦੋਹਤੇ ਭਾਵ ਬੋਸਕੀ ਦੇ ਮੁੰਡੇ 'ਸਮਯ ਸੰਧੂ' ਨੂੰ ਪਿਆਰ ਕਰਦੇ ਹਨ। ਗੁਲਜ਼ਾਰ ਅੰਦਰ ਕਿਤੇ ਨਾ ਕਿਤੇ ਬੱਚਿਆਂ ਪ੍ਰਤੀ ਮੁਹੱਬਤ ਦਾ ਦਰਿਆ ਠਾਠਾਂ ਮਾਰਦਾ ਹੈ। ਉਹ ਵੀ ਸਮਾਂ ਸੀ, ਜਦੋਂ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਸਾਰੇ ਚਾਚਾ ਨਹਿਰੂ ਕਹਿ ਕੇ ਬੁਲਾਉਂਦੇ ਸਨ। ਉਸ ਦਾ ਵੀ ਬੱਚਿਆਂ ਨਾਲ ਪਿਆਰ ਹੀ ਸੀ, ਜੋ ਬੱਚਿਆਂ ਦੀ ਜ਼ੁਬਾਨ 'ਤੇ ਚਾਚਾ ਨਹਿਰੂ ਸ਼ਬਦ ਆਇਆ। 'ਕਿਤਾਬ' ਫ਼ਿਲਮ ਵਿਚ ਜਿਸ ਬੱਚੇ ਨੇ ਅਦਾਕਾਰੀ ਕੀਤੀ ਸੀ, ਬਾਕਮਾਲ ਹੈ। ਅੱਜ ਵੀ ਇਸ ਫ਼ਿਲਮ ਦਾ ਉਹ ਹੀ ਰੰਗ ਹੈ, ਜੋ ਪਹਿਲਾਂ ਸੀ। ਮੇਰੀ ਧੀ ਸੁੰਦਰੀ ਨੇ ਵੀ ਇਹ ਫ਼ਿਲਮ ਵੇਖੀ ਹੈ। ਜਦੋਂ ਸ਼ਬਦ ਬੱਚਿਆਂ ਲਈ ਖਿਡੌਣੇ ਬਣ ਜਾਣ, ਫਿਰ ਕਾਹਦਾ ਘਾਟਾ।




ਆਸ਼ਾ ਹਮੇਸ਼ਾ ਹੀ ਗੁਲਜ਼ਾਰ ਅਤੇ ਆਰ.ਡੀ. ਬਰਮਨ ਨਾਲ ਗ਼ਿਲਾ ਕਰਦੀ ਕਿ ਤੁਸੀਂ ਦੋਵੇਂ ਜੋ ਵੀ ਵਧੀਆ ਗੀਤ ਬਣਾਉਂਦੇ ਹੋ, ਦੀਦੀ (ਲਤਾ ਮੰਗੇਸ਼ਕਰ) ਨੂੰ ਦੇ ਦਿੰਦੇ ਹੋ। ਗੁਲਜ਼ਾਰ ਆਸ਼ਾ ਦੀ ਸਾਰੀ ਗੱਲ ਸੁਣ ਕੇ ਬੋਲੇ-ਦੀਦੀ 'ਖ਼ੁਸ਼ਬੂ' ਫ਼ਿਲਮ ਦਾ ਗੀਤ 'ਘਰ ਜਾਏਗੀ ਡਰ ਜਾਏਗੀ' ਬਾਰੇ ਮੈਂ ਕਿਹਾ ਸੀ ਕਿ ਇਹ ਗੀਤ ਆਸ਼ਾ ਦੀਦੀ ਗਾਵੇਗੀ। ਆਰ. ਡੀ. ਬਰਮਨ ਕਹਿਣ ਲੱਗੇ, ਨਹੀਂ ਇਹ ਗੀਤ ਲਤਾ ਮੰਗੇਸ਼ਕਰ ਗਾਏਗੀ। ਹੁਣ ਦੱਸੋ ਇਸ ਵਿਚ ਮੇਰਾ ਕੀ ਕਸੂਰ ਹੈ। ਪਰ ਦੀਦੀ ਇਕ ਗੱਲ ਹੈ, ਤੁਹਾਡੇ ਤੇ ਲਤਾ ਦੀਦੀ ਵਿਚ ਰਤਾ ਵੀ ਫ਼ਰਕ ਨਹੀਂ। ਤੁਹਾਡੇ ਦੋਵਾਂ ਵਿਚ ਫ਼ਰਕ ਹੈ ਤਾਂ ਉਹ ਨਾਵਾਂ ਦਾ ਹੀ ਹੈ। ਆਵਾਜ਼ ਦਾ ਕੋਈ ਫ਼ਰਕ ਨਹੀਂ। ਦੀਦੀ ਪਹਿਲਾ ਪੁਲਾੜ ਯਾਤਰੀ ਨੀਲ ਆਰਮਸਟਰਾਂਗ ਸੀ। ਦੂਜਾ ਸੀ ਐਡਵਿਨ ਈ. ਐਲਡਰਿਨ। ਐਡਵਿਨ ਨੀਲ ਤੋਂ ਸਿਰਫ਼ ਇਕ ਕਦਮ ਪਿੱਛੇ ਰਹਿ ਗਿਆ। ਪਰ ਦੋਵਾਂ ਦਾ ਨਾਮ ਇਕੱਠੇ ਹੀ ਲਿਆ ਜਾਂਦਾ ਹੈ। ਇਸ ਤਰ੍ਹਾਂ ਲਤਾ ਦੀਦੀ ਅਤੇ ਤੁਹਾਡਾ ਨਾਮ ਇਕੱਠੇ ਹੀ ਲਿਆ ਜਾਂਦਾ ਹੈ। ਤੁਸੀਂ ਦੋਵੇਂ ਹੀ ਸਾਡੇ ਲਈ ਨੀਲ ਅਤੇ ਐਡਵਿਨ ਹੋ। ਰਹੀ ਗੱਲ ਲਤਾ ਦੀਦੀ ਦੀ, ਉਹ ਉਮਰ ਵਿਚ ਵੀ ਆਪ ਤੋਂ ਵੱਡੀ ਹੈ। ਇੰਨਾ ਕੁ ਹੱਕ ਤਾਂ ਉਸ ਦਾ ਬਣਦਾ ਹੈ। ਗੁਲਜ਼ਾਰ ਦੀ ਸਾਰੀ ਕਹਾਣੀ ਸੁਣ ਕੇ ਸਾਰੇ ਹੱਸਣ ਲੱਗ ਪਏ। ਆਸ਼ਾ ਅਤੇ ਲਤਾ ਨੇ ਜੋ ਵੀ ਗੁਲਜ਼ਾਰ ਦਾ ਲਿਖਿਆ ਗੀਤ ਗਾਇਆ, ਉਸ ਨੂੰ ਨੈਸ਼ਨਲ ਐਵਾਰਡ ਮਿਲਿਆ। ਪਿਆਰ ਆਦਮੀ ਨੂੰ ਇਨਸਾਨ ਬਣਾ ਦਿੰਦਾ ਹੈ। ਜਿਥੇ ਪਿਆਰ ਦਾ ਪਹਿਰਾ ਹੋਵੇ, ਕੁਦਰਤ ਉਥੇ ਹੀ ਵਾਸ ਕਰਦੀ ਹੈ। ਆਸ਼ਾ+ ਪੰਚਮ+ ਗੁਲਜ਼ਾਰ+ ਲਤਾ ਇਨ੍ਹਾਂ ਨੂੰ ਤੁਸੀਂ ਕਦੇ ਵੀ ਵੱਖ ਕਰ ਕੇ ਨਹੀਂ ਵੇਖ ਸਕਦੇ।




ਕੋਈ ਸ਼ੱਕ ਨਹੀਂ, ਗੁਲਜ਼ਾਰ ਨੇ ਯਾਰੀਆਂ ਕਮਾਈਆਂ ਹਨ। ਅਮਰੀਕ ਗਿੱਲ ਅੱਜ ਵੀ ਇਸ ਗੱਲ ਦਾ ਗਵਾਹ ਹੈ। ਗੁਲਜ਼ਾਰ ਕੋਲ ਜਦੋਂ ਵੀ ਕੋਈ ਸੰਘਰਸ਼ ਦੇ ਦੌਰਾਨ ਜਾਂ ਲੋੜ ਸਮੇਂ ਕੰਮ ਲੈਣ ਗਿਆ ਤਾਂ ਉਸ ਨੇ ਕਦੇ ਵੀ ਨਾਂਹ ਨਹੀਂ ਕੀਤੀ। ਗੁਲਜ਼ਾਰ ਜਦੋਂ ਵੀ ਆਪਣੇ ਮਿੱਤਰਾਂ ਦੀ ਉਡੀਕ ਕਰਦਾ ਹੈ, ਉਹ ਕਦੇ ਵੀ ਹੱਥ ਜੇਬਾਂ ਵਿਚ ਪਾ ਕੇ ਨਹੀਂ ਮਿਲਦਾ। ਸਗੋਂ ਬਾਹਾਂ ਉਲਾਰ ਕੇ ਮਿਲਦਾ ਹੈ। ਉਸ ਦੀ ਗਲਵੱਕੜੀ ਵਿਚ ਢਾਕੇ ਦੀ ਮਲ਼ਮਲ਼ ਵਰਗਾ ਨਿੱਘ ਹੈ। ਇੰਡਸਟਰੀ ਦੀ ਮਸ਼ਹੂਰ ਅਭਿਨੇਤਰੀ ਨੀਨਾ ਗੁਪਤਾ ਨੂੰ ਕੌਣ ਨਹੀਂ ਜਾਣਦਾ। ਪਤਾ ਨਹੀਂ ਸਮਾਂ ਤੁਹਾਡੇ ਕੋਲੋਂ ਕੀ ਕੁਝ ਕਰਾ ਦੇਵੇ। ਅਗਰ ਆਦਮੀ ਬਾਦਸ਼ਾਹੀ ਕਰਨੀ ਚਾਹੁੰਦਾ ਹੈ ਤਾਂ ਵਕਤ ਆਦਮੀ ਨੂੰ ਫ਼ਕੀਰ ਵੀ ਬਣਾ ਦਿੰਦਾ ਹੈ। ਨੀਨਾ ਗੁਪਤਾ 'ਤੇ ਵੀ ਕੁਝ ਸਮਾਂ ਅਜਿਹਾ ਹੀ ਚੱਲ ਰਿਹਾ ਸੀ। ਨੀਨਾ ਗੁਪਤਾ ਨੇ ਗੁਲਜ਼ਾਰ ਨੂੰ ਕਿਹਾ, 'ਮੈਨੂੰ ਕੰਮ ਚਾਹੀਦਾ ਹੈ। ਮੈਨੂੰ ਪੈਸੇ ਦੀ ਵੀ ਬਹੁਤ ਜ਼ਰੂਰਤ ਹੈ।' ਉਨ੍ਹਾਂ ਦਿਨਾਂ ਵਿਚ ਗੁਲਜ਼ਾਰ ਟੀ.ਵੀ. ਸੀਰੀਅਲ 'ਮਿਰਜ਼ਾ ਗ਼ਾਲਿਬ' ਬਣਾ ਰਹੇ ਸਨ। ਗੁਲਜ਼ਾਰ ਨੂੰ ਇਸ ਸੀਰੀਅਲ ਵਿਚ 'ਨਵਾਬ ਜਾਨ' ਦਾ ਕਿਰਦਾਰ ਨਿਭਾਉਣ ਲਈ ਕਿਸੇ ਲੜਕੀ ਦੀ ਭਾਲ ਸੀ। ਕੁਝ ਦਿਨ ਸੋਚ ਵਿਚਾਰ ਤੋਂ ਬਾਅਦ ਗੁਲਜ਼ਾਰ ਨੇ ਫ਼ੈਸਲਾ ਕਰ ਲਿਆ, ਇਹ ਰੋਲ ਨੀਨਾ ਗੁਪਤਾ ਹੀ ਕਰੇਗੀ। ਦੂਜੇ ਦਿਨ ਗੁਲਜ਼ਾਰ ਨੇ ਆਪ ਨੀਨਾ ਗੁਪਤਾ ਨੂੰ ਫੋਨ ਕੀਤਾ। ਇਸ ਰੋਲ ਬਾਰੇ ਸਾਰੀ ਜਾਣਕਾਰੀ ਦਿੱਤੀ ਅਤੇ ਕਿਹਾ, 'ਮੈਨੂੰ ਜਲਦੀ ਆ ਕੇ ਮਿਲੋ ਤਾਂ ਜੋ ਸ਼ੂਟਿੰਗ ਲਈ ਸਮਾਂ ਤੈਅ ਹੋ ਸਕੇ।' ਨੀਨਾ ਗੁਪਤਾ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਗੁਲਜ਼ਾਰ ਵਰਗੇ ਮਹਾਨ ਇਨਸਾਨ ਨਾਲ ਕੰਮ ਕਰਨ ਵਾਲੇ ਭਾਗਾਂ ਵਾਲੇ ਹੀ ਹੁੰਦੇ ਹਨ। ਪਰ ਨੀਨਾ ਦੀ ਇੱਕ ਸਮੱਸਿਆ ਸੀ, ਉਹ ਗਰਭਵਤੀ ਸੀ। ਉਸ ਨੇ ਬੜੀ ਮੁਸ਼ਕਿਲ ਨਾਲ ਇਹ ਗੱਲ ਗੁਲਜ਼ਾਰ ਨੂੰ ਦੱਸੀ। ਗੁਲਜ਼ਾਰ ਨੇ ਕਿਹਾ-ਕੋਈ ਗੱਲ ਨਹੀਂ, ਤੁਸੀਂ ਆਪਣੇ ਰੋਲ ਦੀ ਤਿਆਰੀ ਕਰੋ, ਮੈਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਾਂਗਾ। ਨੀਨਾ ਗੁਪਤਾ ਦਾ ਕਹਿਣਾ ਹੈ, ਉਸ ਦਿਨ ਤੋਂ ਬਾਅਦ ਗੁਲਜ਼ਾਰ ਨੀਨਾ ਗੁਪਤਾ ਕੋਲ ਹੁੰਦੇ। ਅਜਿਹੇ ਇਨਸਾਨ ਰੱਬ ਦਾ ਰੂਪ ਹੁੰਦੇ ਹਨ।



ਪਤਾ ਨਹੀਂ ਗੁਲਜ਼ਾਰ ਕਿਸ ਧਾਤੂ ਦਾ ਬਣਿਆ ਹੈ। ਹਰ ਲੋੜਵੰਦ ਦੀ ਮਦਦ ਲਈ ਤਿਆਰ ਖੜ੍ਹਾ ਰਹਿੰਦਾ ਹੈ। ਜੇਕਰ ਗੁਲਜ਼ਾਰ ਵਿਚ ਐਨੇ ਗੁਣ ਹਨ ਤਾਂ ਕੁਦਰਤ ਨੇ ਉਸ ਨੂੰ ਕਮੀ ਵੀ ਕਿਸੇ ਗੱਲ ਦੀ ਨਹੀਂ ਛੱਡੀ। ਸਾਰਾ ਭਾਰਤ ਗੁਲਜ਼ਾਰ 'ਤੇ ਮਾਣ ਕਰਦਾ ਹੈ। ਪਿਛਲੇ ਦਿਨੀਂ ਨੀਨਾ ਗੁਪਤਾ ਦੀ ਕਿਤਾਬ ਰਿਲੀਜ਼ ਹੋਈ ਹੈ। ਕਿਤਾਬ ਦਾ ਨਾਮ ਹੈ 'ਸੱਚ ਕਹੂੰ ਤੋ'। ਨੀਨਾ ਗੁਪਤਾ ਇਹ ਕਿਤਾਬ ਗੁਲਜ਼ਾਰ ਨੂੰ ਉਸ ਦੇ ਘਰ ਦੇਣ ਗਈ। ਇਸ ਕਿਤਾਬ ਵਿਚ ਉਸ ਨੇ ਗੁਲਜ਼ਾਰ ਬਾਰੇ ਲਿਖਿਆ ਹੈ ਕਿ ਗੁਲਜ਼ਾਰ ਵਰਗੇ ਇਨਸਾਨ ਕਦੇ ਕਦੇ ਪੈਦਾ ਹੁੰਦੇ ਹਨ। ਨੀਨਾ ਗੁਪਤਾ ਦੀ ਪਹਿਲੀ ਮੁਲਾਕਾਤ ਗੁਲਜ਼ਾਰ ਨਾਲ ਟੈਨਿਸ ਸੈਂਟਰ 'ਤੇ ਹੋਈ ਸੀ। ਦੋਵੇਂ ਬਹੁਤ ਹੀ ਚੰਗੇ ਦੋਸਤ ਹਨ। ਨੀਨਾ ਗੁਪਤਾ ਟੈਨਿਸ ਦੀ ਮਹਾਨ ਖਿਡਾਰਨ 'ਮਾਰਟੀਨਾ ਨਵਰਾਤੀਲੋਵਾ' ਤੋਂ ਬਹੁਤ ਪ੍ਰਭਾਵਿਤ ਸੀ। ਉਹ ਹਮੇਸ਼ਾ ਉਸ ਦੇ ਵਾਂਗ ਹੀ ਸ਼ੌਰਟ ਕੱਪੜੇ ਪਹਿਨਣਾ ਪਸੰਦ ਕਰਦੀ ਸੀ। ਪਰ ਉਸ ਵਕਤ ਇੰਡੀਆ ਵਿਚ ਇਸ ਤਰ੍ਹਾਂ ਦੇ ਕੱਪੜੇ ਮਿਲਦੇ ਤਾਂ ਸੀ, ਪਰ ਬਹੁਤ ਘੱਟ। ਨੀਨਾ ਗੁਪਤਾ ਕਿਸੇ ਵਿਦੇਸ਼ੀ ਦੋਸਤ ਕੋਲੋਂ ਇਸ ਤਰ੍ਹਾਂ ਦੇ ਕੱਪੜੇ ਮੰਗਵਾਉਣਾ ਚਾਹੁੰਦੀ ਸੀ। ਜਦੋਂ ਨੀਨਾ ਗੁਪਤਾ ਨੇ ਇਹ ਗੱਲ ਗੁਲਜ਼ਾਰ ਨੂੰ ਦੱਸੀ ਤਾਂ ਗੁਲਜ਼ਾਰ ਨੇ ਏਨਾ ਹੀ ਕਿਹਾ, 'ਪਹਿਲਾਂ ਆਪਣੀ ਗੇਮ ਨੂੰ ਸੁਧਾਰੋ, ਫਿਰ ਕੱਪੜਿਆਂ ਬਾਰੇ ਸੋਚਣਾ।' ਅੱਜ ਵੀ ਨੀਨਾ ਗੁਪਤਾ ਇਨ੍ਹਾਂ ਗੱਲਾਂ ਦਾ ਜ਼ਿਕਰ ਬੜੇ ਮਾਣ ਨਾਲ ਕਰਦੀ ਹੈ।

ਗੁਲਜ਼ਾਰ ਅੰਦਰ ਇਕ ਫ਼ਿਲਮਕਾਰ ਜਾਂ ਨਗਮਾਕਾਰ ਹੀ ਨਹੀਂ ਵਸਦਾ ਸਗੋਂ ਉਸ ਅੰਦਰ ਇਕ ਅਜਿਹਾ ਇਨਸਾਨ ਵਸਦਾ ਹੈ ਜੋ ਰੰਗ, ਨਸਲ, ਧਰਮ, ਜਾਤ ਤੋਂ ਰਹਿਤ ਹੈ। ਗੁਲਜ਼ਾਰ ਤਕਰੀਬਨ 40 ਸਾਲ ਤੋਂ ਭੂਪਾਲ ਦੀ ਇਕ ਸੰਸਥਾ ਨਾਲ ਜੁੜੇ ਹਨ। ਇਸ ਸੰਸਥਾ ਦਾ ਨਾਮ 'ਅਰਸ਼ੀ' ਹੈ। ਇਹ ਬੱਚਿਆਂ ਦੀ ਉਹ ਸੰਸਥਾ ਹੈ ਜਿੱਥੇ ਬੋਲ਼ੇ ਅਤੇ ਹੈਂਡੀਕੈਪਡ ਬੱਚਿਆਂ ਦੀ ਦੇਖਭਾਲ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਇਸ ਸੰਸਥਾ ਵਿਚ ਸਿਰਫ਼ ਬੋਲ਼ੇ ਬੱਚੇ ਹੀ ਸਨ। ਹੌਲ਼ੀ-ਹੌਲ਼ੀ ਇਸ ਸੰਸਥਾ ਨੇ ਵਿਸਥਾਰ ਕੀਤਾ। ਹੁਣ ਇੱਥੇ ਅੰਗਹੀਣ ਬੱਚਿਆਂ ਦੀ ਦੇਖਭਾਲ ਵੀ ਕੀਤੀ ਜਾਂਦੀ ਹੈ। ਗੁਲਜ਼ਾਰ ਇਸ ਸੰਸਥਾ ਨਾਲ ਤਨੋਂ, ਮਨੋਂ ਤੇ ਧਨੋਂ ਜੁੜੇ ਹੋਏ ਹਨ। ਰੋਹਿਤ ਤ੍ਰਿਵੇਦੀ ਇਸ ਸੰਸਥਾ ਦਾ ਵਾਲੰਟੀਅਰ ਹੈ। ਉਹ ਅੱਖਾਂ ਤੋਂ ਅੰਨ੍ਹਾ ਹੈ। ਉਸ ਨੇ ਪੀ-ਐਚ.ਡੀ. ਤੱਕ ਦੀ ਪੜ੍ਹਾਈ ਕੀਤੀ ਹੋਈ ਹੈ। ਹੁਣ ਇਸ ਸੰਸਥਾ ਨੇ ਮੁੰਬਈ ਵਿਖੇ ਜੋਗੇਸ਼ਵਰੀ ਵਿਚ ਸਕੂਲ ਖੋਲ੍ਹਿਆ ਹੈ। ਭੂਪਾਲ ਅਤੇ ਮੁੰਬਈ ਵਾਲ਼ੇ ਦੋਹਾਂ ਸਕੂਲਾਂ ਦਾ ਨਾਮ 'ਕੋਸ਼ਿਸ਼' ਹੈ। ਗੁਲਜ਼ਾਰ ਇਨ੍ਹਾਂ ਸੰਸਥਾਵਾਂ ਨਾਲ ਜੁੜਨਾ ਆਪਣਾ ਫ਼ਰਜ਼ ਸਮਝਦਾ ਹੈ। ਕਾਫ਼ੀ ਸਾਲ ਪਹਿਲਾਂ 35 ਬੱਚੇ ਇਸ ਸੰਸਥਾ ਦੇ ਅਤੇ 35 ਬੱਚੇ ਪਾਕਿਸਤਾਨ ਦੇ ਲੈ ਕੇ ਗੁਲਜ਼ਾਰ ਨੇ ਇੱਕ ਟੂਰ ਦਾ ਪ੍ਰੋਗਰਾਮ ਬਣਾਇਆ ਸੀ। ਇਨ੍ਹਾਂ ਸਾਰੇ ਬੱਚਿਆਂ ਨੂੰ ਕਲਕੱਤਾ, ਮੁੰਬਈ, ਦਿੱਲੀ ਅਤੇ ਹੋਰ ਵੀ ਵੱਡੇ ਸ਼ਹਿਰਾਂ ਦੇ ਰੂ-ਬ-ਰੂ ਕਰਾਇਆ। ਪਾਕਿਸਤਾਨ ਤੋਂ ਆਏ ਬੱਚੇ ਗੁਲਜ਼ਾਰ ਨੂੰ ਕਹਿ ਰਹੇ ਸਨ- 'ਬਾਬਾ ਅਸੀਂ ਵੱਡੇ ਹੋ ਕੇ ਸਲਮਾਨ ਖ਼ਾਨ ਬਣਨਾ ਹੈ।' ਇਹ ਪਿਆਰ ਮੁਹੱਬਤ ਦੇ ਪਲ ਅੱਜ ਵੀ ਗੁਲਜ਼ਾਰ ਦੀ ਜ਼ਿੰਦਗੀ ਦਾ ਹਿੱਸਾ ਹਨ। ਜਦੋਂ ਬੱਚੇ ਵਾਪਿਸ ਪਾਕਿਸਤਾਨ ਗਏ ਤਾਂ ਉਨ੍ਹਾਂ ਨੇ ਈਮੇਲਜ਼ ਕੀਤੀਆਂ, 'ਬਾਬਾ ਸਾਡਾ ਇੱਥੇ ਦਿਲ ਨਹੀਂ ਲੱਗਦਾ।' ਗੁਲਜ਼ਾਰ ਨੇ ਇਸ ਯਾਦ ਦਾ ਹਿੱਸਾ ਉਦੋਂ ਸਾਂਝਾ ਕੀਤਾ ਸੀ, ਜਦੋਂ ਉਹ ਪਾਕਿਸਤਾਨ ਕਰਾਚੀ ਗਿਆ ਸੀ। ਗੁਲਜ਼ਾਰ ਦੀ ਮਾਤਾ ਗੁਲਜ਼ਾਰ ਦੇ ਜਨਮ ਤੋਂ ਬਾਅਦ ਜਲਦੀ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਈ ਸੀ। ਕਿਤੇ ਨਾ ਕਿਤੇ ਗੁਲਜ਼ਾਰ ਅੰਦਰ ਉਹ ਬੱਚਾ ਅੱਜ ਵੀ ਮਾਂ ਦੀ ਮਮਤਾ ਨੂੰ ਤਰਸ ਰਿਹਾ ਹੈ। ਭਾਵੇਂ ਘਰ ਵਿਚ ਗੁਲਜ਼ਾਰ ਨੂੰ ਕਿਸੇ ਗੱਲ ਦੀ ਕਮੀ ਨਹੀਂ ਸੀ, ਪਰ ਮਮਤਾ ਦੀ ਕਮੀ ਨੂੰ ਤਾਂ ਹਰ ਕੋਈ ਮਹਿਸੂਸ ਕਰਦਾ ਹੀ ਹੈ।

***(ਸਮਾਪਤ)***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

*Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 48 Terra Vista Ave Apt D San Francisco CA 94115
2. 2411 Bentley Lane Tracy CA 95376
3. 150 Yolo Ct San Bruno CA 94066
4. 5079 Brett Court CA, 94538
5. 1379 Michael Dr Tracy, CA, 95337
6. 3055 Bernard Ave San Ramon, CA, 94583
7. 380 cardona Cir Pleasanton CA 94583
8. 5788 Arlene way Livermore CA 94550
9. 2569 Bennett ct Tracy CA 95377
10. 3055 Bernard Ave San Ramon, CA, 94583
11. 1693 Corpsman St Manteca, CA, 95337
12. 5177 Roycroft Way Fremont, CA, 94538
13. 2925 Mabury Rd San Jose, CA, 95133
14. 105 Machado Ct Tracy, CA, 95376
15. 3315 Mount Everest dr San Jose ca 95127
16. 16765 oak view Cir Morgan hill ca 95037

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਸਹਿਕਦਾ ਪੰਜਾਬ: ਸਾਢੇ ਪੰਜ ਸਦੀਆਂ 'ਤੇ ਝਾਤ

***ਕਿਤਾਬ ਪੜ੍ਹ ਕੇ ਮਹਿਸੂਸ ਹੁੰਦਾ ਹੈ ਜਿਵੇਂ ਕਿਤਾਬ ਵਿਚ ਇਤਿਹਾਸ ਦੀਆਂ ਕਈ ਕਿਤਾਬਾਂ ਹੋਣ। ਪੁਸਤਕ ਵਿਚ ਆਜ਼ਾਦੀ ਤੋਂ ਪਹਿਲਾਂ, ਆਜ਼ਾਦੀ ਮਿਲਣ ਸਮੇਂ (ਸੰਨ ਸੰਤਾਲੀ) ਅਤੇ ਆਜ਼ਾਦੀ ਤੋਂ ਪਿੱਛੋਂ ਦੇ ਪੰਜਾਬ ਵਿਚ ਸਿੱਖਾਂ ਦੀ ਮਾਨਸਿਕਤਾ, ਪੰਜਾਬ ਵਿਚ ਸਿੱਖ ਗੁਰਧਾਮਾਂ ਦੀ ਹਾਲਤ, ਕੇਂਦਰ ਅਤੇ .ਗੈਰ-ਸਿੱਖਾਂ ਦਾ ਸਿੱਖ ਮਾਮਲਿਆਂ ਵਿਚ ਦਖਲ ਆਦਿ ਸਮੁੱਚਾ ਬਿਰਤਾਂਤ ਕੁੱਲ 26 ਕਾਂਡਾਂ ਵਿਚ ਦਰਜ ਹੈ।***

**ਕਲਾ ਪਰਿਕਰਮਾ**


ਵਡਆਕਾਰੀ ਪੁਸਤਕ 'ਸਹਿਕਦਾ ਪੰਜਾਬ' (ਲੇਖਕ: ਤਰਸੇਮ ਸਿੰਘ ਰਿਐਤ; ਮੁੱਲ; 450 ਰੁਪਏ; ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ) ਵਿਚ ਗੁਰੂ ਸਾਹਿਬਾਨ ਤੋਂ ਲੈ ਕੇ ਵਰਤਮਾਨ ਸਮੇਂ ਤੱਕ (1469-2021) ਦੇ ਪੰਜਾਬ ਦਾ ਇਤਿਹਾਸ ਹੈ। ਇਸ ਬਿਰਤਾਂਤ ਵਿਚ ਸਿੱਖ ਧਰਮ ਦਾ ਆਗਮਨ, ਗੁਰੂ ਨਾਨਕ ਸਾਹਿਬ ਦੇ ਉਪਦੇਸ਼ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਸਮਾਜਿਕ ਪ੍ਰਤੀਕਰਮ, ਸਮਕਾਲੀ ਸਮਾਜਿਕ ਤੇ ਰਾਜਨੀਤਕ ਤਸਵੀਰ ਤੇ ਗੁਰੂ ਨਾਨਕ ਦੇਵ ਜੀ ਦੇ ਸਮਾਜ ਸੁਧਾਰ ਲਈ ਚੁੱਕੇ ਕ੍ਰਾਂਤੀਕਾਰੀ ਕਦਮ, ਮੁਗ਼ਲ ਰਾਜ ਦੇ ਜਬਰ, ਬਾਦਸ਼ਾਹ ਬਾਬਰ ਵੱਲੋਂ ਪੰਜਾਬ 'ਤੇ ਕੀਤੇ ਹਮਲਿਆਂ ਦਾ ਗੁਰੂ ਨਾਨਕ ਸਾਹਿਬ ਰਚਿਤ ਬਾਣੀ ਬਾਬਰਵਾਣੀ ਦਾ ਪ੍ਰਸੰਗ ਸ਼ਾਮਲ ਹੈ।

ਪੁਸਤਕ ਦੇ ਪਹਿਲੇ ਕਾਂਡ ਵਿਚ ਦਸ ਗੁਰੂ ਸਾਹਿਬਾਨ ਦਾ ਗੁਰਗੱਦੀ ਪ੍ਰਾਪਤੀ ਸਮੇਂ ਆਪਣਿਆਂ ਦਾ ਵਿਰੋਧ, ਸਮੇਂ ਦੀ ਹਕੂਮਤ ਵੱਲੋਂ ਸਿੱਖ ਧਰਮ ਪ੍ਰਤੀ ਰੜਕ ਰੱਖਦਿਆਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਸ਼ਹੀਦ ਕਰਨ ਦੀ ਜ਼ਿਕਰ ਹੈ।

**ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**
**ਫੋਨ: +91-98148-56160**

ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰਨਾ, ਗੁਰੂ ਹਰਗੋਬਿੰਦ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿਚ ਸੱਤ ਸਾਲ ਕੈਦ ਕਰਨਾ, ਦਸਵੇਂ ਗੁਰੂ ਕਲਗੀਧਰ ਪਾਤਸ਼ਾਹ ਵੱਲੋਂ ਗੁਰਦੁਆਰਾ ਕੇਸਗੜ੍ਹ ਵਿਚ ਖਾਲਸਾ ਸਾਜਨਾ ਦਾ ਬ੍ਰਾਹਮਣ ਵਰਗ ਵੱਲੋਂ ਵਿਰੋਧ, ਗੁਰੂ ਸਾਹਿਬ ਨਾਲ ਮੁਗ਼ਲ ਹਕੂਮਤ ਵੱਲੋਂ ਜੰਗ, ਜੰਗਾਂ ਵਿਚ ਹਿੰਦੂ ਪਹਾੜੀ ਰਾਜਿਆਂ ਦਾ ਮੁਗ਼ਲ ਹਕੂਮਤ ਦਾ ਸਾਥ ਦੇਣਾ, ਖਾਲਸਾ ਸਾਜਨਾ ਦਾ ਸਮੇਂ ਦੀ ਹਕੂਮਤ ਵੱਲੋਂ ਵਿਰੋਧ ਕਰਨਾ, ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ (ਗੁਰੂਘਰ ਦਾ ਨਮਕ ਹਰਾਮ ਰਸੋਈਆ) ਵੱਲੋਂ ਧੋਖੇ ਤੇ ਬੇਈਮਾਨੀ ਨਾਲ ਮੁਗ਼ਲ ਸਰਕਾਰ ਦੇ ਹਵਾਲੇ ਕਰਨਾ ਆਦਿ ਸਾਰਾ ਬਿਰਤਾਂਤ ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਸਿੱਖ ਧਰਮ ਨੂੰ ਵੰਗਾਰਾਂ ਦਾ ਸਾਹਮਣਾ ਕਰਨਾ ਪਿਆ। ਸਿੱਖ ਇਤਿਹਾਸ ਦੀਆਂ ਹੋਰ ਵੀ ਕਈ ਮਿਸਾਲਾਂ ਲੇਖਕ ਨੇ ਲਿਖੀਆਂ ਹਨ।

ਪੁਸਤਕ ਦਾ ਲੇਖਕ ਆਸਾਮ ਦੇ ਡਿਗਬੋਈ ਦਾ ਜੰਮਪਲ ਹੈ ਤੇ ਸਿੱਖਿਆ ਗੁਹਾਟੀ ਯੂਨੀਵਰਸਿਟੀ ਤੋਂ ਹਾਸਲ ਕੀਤੀ ਹੈ। ਲੇਖਕ ਤਰਸੇਮ ਸਿੰਘ ਰਿਐਤ (1941-2022) ਚੰਡੀਗੜ੍ਹ ਦੇ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਚ 31 ਸਾਲ ਵਿਗਿਆਨ ਅਧਿਆਪਕ ਅਤੇ ਦੋ ਸਾਲ




*ਤਰਸੇਮ ਸਿੰਘ ਰਿਐਤ ਦੀ ਕਿਤਾਬ 'ਸਹਿਕਦਾ ਪੰਜਾਬ' ਦਾ ਮੁਖੜਾ।*

ਪ੍ਰਿੰਸੀਪਲ ਦੇ ਅਹੁਦੇ 'ਤੇ ਰਹਿ ਕੇ 1999 ਵਿਚ ਸੇਵਾਮੁਕਤ ਹੋਇਆ।

ਲੇਖਕ ਨੇ ਇਸ ਪੁਸਤਕ ਨੂੰ ਲਿਖਣ ਲਈ ਲੰਮੀ ਘਾਲਣਾ ਕੀਤੀ ਹੈ। ਵੀਹ ਹਵਾਲਾ ਪੁਸਤਕਾਂ ਦਾ ਗਹਿਰਾ ਅਧਿਐਨ ਕੀਤਾ। ਹਵਾਲਾ ਪੁਸਤਕਾਂ ਵਿਚ ਸੱਚ ਦੀ ਭਾਲ (ਡਾ. ਦਲਜੀਤ ਸਿੰਘ), ਪੰਜਾਬ ਤੇਰਾ ਕੀ ਬਣੂ? (ਜਸਵੰਤ ਸਿੰਘ ਕੰਵਲ), ਹਮ ਹਿੰਦੂ ਨਹੀਂ (ਭਾਈ ਕਾਨ੍ਹ ਸਿੰਘ ਨਾਭਾ), ਸਿੱਖ ਇਤਿਹਾਸ (ਪ੍ਰੋ. ਕਰਤਾਰ ਸਿੰਘ), ਸਾਚੀ ਸਾਖੀ (ਸਿਰਦਾਰ ਕਪੂਰ ਸਿੰਘ), ਚਾਣਕਿਆ ਨੀਤੀ (ਤੁਲਸੀ ਪਬਲੀਕੇਸ਼ਨ, ਮੇਰਠ), ਪਿਤਾ ਦੇ ਪੱਤਰ ਪੁੱਤਰੀ ਦੇ ਨਾਮ (ਪੰਡਿਤ ਜਵਾਹਰ ਲਾਲ ਨਹਿਰੂ), ਮੇਰੇ ਚੋਣਵੇਂ ਲੇਖ (ਹਰਚਰਨ ਸਿੰਘ) ਸ਼ਾਮਲ ਹਨ। ਡਿਸਕਵਰੀ ਆਫ ਇੰਡੀਆ (ਜਵਾਹਰ ਲਾਲ ਨਹਿਰੂ) ਦੀ ਕਿਤਾਬ ਸਮੇਤ ਕੁੱਲ ਸੱਤ ਕਿਤਾਬਾਂ ਅੰਗਰੇਜ਼ੀ ਵਿਚ ਹਨ।

ਕਿਤਾਬ ਪੜ੍ਹ ਕੇ ਮਹਿਸੂਸ ਹੁੰਦਾ ਹੈ ਜਿਵੇਂ ਇਕ ਮਹੱਤਵਪੂਰਨ ਕਿਤਾਬ ਵਿਚ ਕਈ ਇਤਿਹਾਸ ਦੀਆਂ ਕਿਤਾਬਾਂ ਹੋਣ। ਪੁਸਤਕ ਵਿਚ ਆਜ਼ਾਦੀ ਤੋਂ ਪਹਿਲਾਂ, ਆਜ਼ਾਦੀ ਮਿਲਣ ਸਮੇਂ (ਸੰਨ ਸੰਤਾਲੀ) ਤੇ ਆਜ਼ਾਦੀ ਤੋਂ ਪਿੱਛੋਂ ਦੇ ਪੰਜਾਬ ਵਿੱਚ ਸਿੱਖਾਂ ਦੀ ਮਾਨਸਿਕਤਾ, ਪੰਜਾਬ ਵਿੱਚ ਸਿੱਖ ਗੁਰਧਾਮਾਂ ਦੀ ਹਾਲਤ, ਕੇਂਦਰ ਅਤੇ ਗ਼ੈਰ-ਸਿੱਖਾਂ ਦਾ ਸਿੱਖ ਮਾਮਲਿਆਂ ਵਿਚ ਦਖ਼ਲ ਆਦਿ ਸਮੁੱਚਾ ਬਿਰਤਾਂਤ ਕੁੱਲ 26 ਕਾਂਡਾਂ ਵਿਚ ਹੈ। ਸਿੱਖਾਂ ਨਾਲ ਬੇਗਾਨਿਆਂ ਦੇ ਨਾਲ ਨਾਲ ਆਪਣਿਆਂ ਵੱਲੋਂ ਹੀ ਗਦਾਰੀ ਦੀਆਂ ਬਹੁਤ ਮਿਸਾਲਾਂ ਹਨ। ਇਸ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਦੀ ਦੁਖਦਾਈ ਹਾਲਤ ਤੇ ਰਾਜਸੀ ਅਸਥਿਰਤਾ ਦਾ ਜ਼ਿਕਰ ਵੀ ਹੈ। ਤੇਜਾ ਸਿੰਘ, ਲਾਲ ਸਿੰਘ, ਗੁਲਾਬ ਸਿੰਘ ਜਿਹੇ ਲੋਕਾਂ ਨੇ ਅੰਗਰੇਜ਼ਾਂ ਦਾ ਸਾਥ ਦੇ ਕੇ ਪੰਜਾਬ ਨਾਲ ਗਦਾਰੀ ਕੀਤੀ। ਮਹਾਰਾਜੇ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਮਾਂ ਮਹਾਰਾਣੀ ਜਿੰਦਾਂ ਤੋਂ ਵਿਛੋੜ ਕੇ ਗੋਰੇ ਇੰਗਲੈਂਡ ਲੈ ਗਏ। ਦਲੀਪ ਸਿੰਘ ਦਾ ਧਰਮ ਪਰਿਵਰਤਨ ਕੀਤਾ ਗਿਆ ਤੇ ਸਹਿਕਦਾ ਪੰਜਾਬ ਅੰਗਰੇਜ਼ਾਂ ਦੇ ਪੇਟੇ ਪੈ ਗਿਆ। ਦੇਸ਼ ਵੰਡ ਕੇ ਪੱਛਮੀ ਪੰਜਾਬ ਨੂੰ 16 ਜ਼ਿਲ੍ਹੇ ਦਿੱਤੇ ਗਏ ਤੇ ਪੂਰਬੀ ਪੰਜਾਬ ਵਿਚ 13 ਜ਼ਿਲ੍ਹੇ ਆਏ। ਇਸ ਸਾਰਾ ਕੁਝ ਪੁਸਤਕ ਵਿਚ ਹੈ।

ਦੇਸ਼ ਨੂੰ ਆਜ਼ਾਦੀ ਮਿਲਣ ਪਿੱਛੋਂ ਦੇ ਕਾਂਡ ਪੰਜਾਬੀ ਸੂਬਾ, ਅਤਿਵਾਦ ਦੀ ਖੇਡ, ਨੀਲਾ ਤਾਰਾ ਸਾਕਾ, ਸਿੱਖਾਂ ਦੀ ਨਸਲਕੁਸ਼ੀ, ਬਾਦਲ ਦੇ ਰਾਜ ਵਿਚ ਪੰਜਾਬ ਦੀ ਮਾਨਸਿਕਤਾ, ਕੈਪਟਨ ਸਰਕਾਰ ਦੇ ਵਾਅਦੇ ਤੇ ਦਾਅਵੇ, ਪਾਵਨ ਸਰੂਪਾਂ ਦੀ ਬੇਅਦਬੀ ਤੇ ਸਿੱਖ ਰੋਹ ਕਾਂਡ 12 ਤੋਂ 18 ਵਿਚ ਦਰਜ ਹੈ। ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਮੰਨਣ ਦਾ ਡਿਪਟੀ ਕਮਿਸ਼ਨਰ ਸਰਦਾਰ ਕਪੂਰ ਸਿੰਘ ਨੇ ਸਖ਼ਤ ਵਿਰੋਧ ਕੀਤਾ। ਫਿਰਕੂਪੁਣੇ ਨੇ ਹੀ ਪੰਜਾਬ ਵਿਚ ਸਿੱਖਾਂ ਨੂੰ ਬੇਗਾਨੇ ਹੋਣ ਦਾ ਅਹਿਸਾਸ ਕਰਾਇਆ। 1966 ਵਿਚ ਪੰਜਾਬੀਆਂ ਦਾ ਇਕ ਤਬਕਾ ਮਾਂ ਬੋਲੀ ਪੰਜਾਬੀ ਨੂੰ ਆਪਣੀ ਭਾਸ਼ਾ ਮੰਨਣ ਤੋਂ ਇਨਕਾਰੀ ਹੋਇਆ। ਸਿਆਸੀ ਤੌਰ 'ਤੇ ਵੀ ਪੰਜਾਬੀ ਦਾ ਵਿਰੋਧ ਹੋਇਆ। ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਣ ਲਈ ਪ੍ਰਚਾਰ ਕੀਤਾ ਗਿਆ। ਉਸ ਨਾਲ ਪੰਜਾਬ ਦੀ ਰੂਹ ਕੰਬ ਗਈ। ਸਰਹੱਦੀ ਸੂਬਾ ਪੰਜਾਬ ਅਸਥਿਰ ਹੋਣ ਲਗਾ।

ਪੁਸਤਕ ਦੇ ਅਗਲੇ ਕਾਂਡ ਆਜ਼ਾਦ ਦੇਸ਼ ਵਿਚ ਸਿੱਖਾਂ ਦੀ ਮਾਨਸਿਕਤਾ ਦੀ ਤਸਵੀਰ ਹਨ। ਪੁਸਤਕ ਦਾ 26ਵਾਂ ਕਾਂਡ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਬਾਰੇ ਹੈ। ਇਸ ਕਾਂਡ ਵਿਚ ਲੇਖਕ ਲਿਖਦਾ ਹੈ: ਦੇਸ਼ ਦਾ ਹਿੰਦੂ ਭਾਈਚਾਰਾ ਸਿੱਖਾਂ ਨੂੰ ਵੱਖਰੀ ਕੌਮ ਨਹੀਂ ਮੰਨਦਾ ਸੀ... ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰੇ 'ਤੇ ਵੀ ਪਾਬੰਦੀ ਲਾ ਦਿੱਤੀ ਗਈ; ... ਪੰਜਾਬੀ ਸੂਬੇ ਦੀ ਮੰਗ ਲਈ ਸੰਤ ਫਤਹਿ ਸਿੰਘ ਨੂੰ ਮਰਨ ਵਰਤ ਰੱਖਣਾ ਪਿਆ। ਅਜਿਹਾ ਬਹੁਤ ਕੁਝ ਸਹਿਕਦੇ ਪੰਜਾਬ ਦੀ ਤੜਫ਼ ਨੂੰ ਪੇਸ਼ ਕਰਦਾ ਹੈ। ਪੰਜਾਬ ਦੀ ਜ਼ਖਮੀ ਰੂਹ ਨੂੰ ਜਾਨਣ ਲਈ ਪੁਸਤਕ ਹਰ ਵਰਗ ਦੇ ਪਾਠਕ ਦੇ ਪੜ੍ਹਨ ਵਾਲੀ ਹੈ।

## ਪੰਜਾਬ ਦੀ ਤਬੀਅਤ

*ਪੰਜਾਬ ਮੁੱਢ ਤੋਂ ਹੀ ਮੌਲਦਾ ਰਿਹਾ ਹੈ। ਇਹੀ ਪੰਜਾਬ ਦੀ ਖਸੂਸੀਅਤ ਵੀ ਹੈ। ਵੱਖ-ਵੱਖ ਇਤਿਹਾਸਕਾਰਾਂ ਨੇ ਇਹ ਨੁਕਤਾ ਬਹੁਤ ਸ਼ਿੱਦਤ ਨਾਲ ਆਪਣੀਆਂ ਰਚਨਾਵਾਂ ਵਿਚ ਦਰਜ ਕੀਤਾ ਹੈ। ਸਦੀਆਂ ਤੋਂ ਪੰਜਾਬ ਉਤੇ ਵੱਖ-ਵੱਖ ਰਾਜਿਆਂ ਨੇ ਰਾਜ ਕੀਤਾ ਪਰ ਪੰਜਾਬ ਵੱਖ-ਵੱਖ ਔਕੜਾਂ ਦੇ ਬਾਵਜੂਦ ਆਪਣੀ ਡਗਰ ਉਤੇ ਅਡੋਲ ਚੱਲਦਾ ਰਿਹਾ ਹੈ। ਇਸ ਦੀ ਸਭ ਤੋਂ ਉਮਦਾ ਮਿਸਾਲ ਪਿੱਛੇ ਜਿਹੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਭਖਿਆ ਕਿਸਾਨ ਅੰਦੋਲਨ ਹੈ। ਇਹ ਕਹਿਣ ਨੂੰ ਤਾਂ ਕਿਸਾਨ ਅੰਦੋਲਨ ਸੀ ਪਰ ਇਸ ਅੰਦੋਲਨ ਵਿਚ ਪੰਜਾਬ ਦੇ ਲੋਕਾਂ ਨੇ ਜਿਸ ਢੰਗ ਨਾਲ ਸ਼ਿਰਕਤ ਕੀਤੀ, ਉਹ ਮੁਲਕ ਹੀ ਨਹੀਂ, ਸੰਸਾਰ ਭਰ ਦੇ ਲੋਕਾਂ ਲਈ ਮਿਸਾਲ ਹੋ ਨਿੱਬੜੀ। ਪੰਜਾਬ ਦਾ ਇਹ ਖਾਸਾ ਇਸ ਦੀ ਸਦੀਆਂ ਦੀ ਕਮਾਈ ਹੈ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਜੂਨ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-588



*ਭਾਗਾਂ ਨੂੰ ਕੋਸਦੀ ਉਹ ਭਾਵੇਂ ਹੰਝੂ ਵਹਾ ਰਹੀ ਹੈ,*
*ਹੌਸਲਾ ਬੁਲੰਦ ਹੈ ਪਰ ਅਣਖਾਂ ਪੁਗਾ ਰਹੀ ਹੈ।*
*ਕਿਸੇ ਅੱਗੇ ਹੱਥ ਅੱਡਣਾ ਉਹਨੂੰ ਨਹੀਂ ਗੁਵਾਰਾ,*
*ਜ਼ਫਰ ਜਾ.ਲ ਰਹੀ ਹੈ ਜ਼ਿੰਦਗੀ ਚਲਾ ਰਹੀ ਹੈ।*

### ਕੈਪਸ਼ਨ ਮੁਕਾਬਲਾ-586



ਅੱਜ-ਕੱਲ੍ਹ ਬੰਦਾ ਇੰਨਾ ਇਕੱਲਾ ਪੈ ਗਿਆ,
ਸਭ ਕੰਮ ਕਰਨੇ ਪੈਂਦੇ ਆਪਣੇ ਆਪ।
ਸਬਜ਼ੀ ਦੀ ਰੇਹੜੀ ਲਾਉਣ ਵਾਲੀ
ਔਰਤ ਨੇ,
ਇਕ ਕੋਨਾ ਬੱਚੇ ਲਈ ਰੱਖਿਆ ਥਾਪ।
ਮੌਸਮੀ ਸਬਜ਼ੀ ਦੀ ਵੀ ਹਰ ਲੋੜ ਹੈ ਚੁੱਕੀ,
ਗਾਹਕ ਦੀ ਮੰਗ ਜਾਵੇ ਨਾ ਸੁੱਕੀ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ ਪਟਿਆਲਾ*
*ਫੋਨ: 98784-69639*

---

ਮਹਿੰਗਾਈ ਨੇ ਹੈ ਲੱਕ ਤੋੜਿਆ,
ਬਿਨ ਕੰਮ ਨਾ ਹੁਣ ਸਰਦਾ।
ਬੀਵੀ ਲਾਉਂਦੀ ਸਬਜ਼ੀ-ਰੇਹੜੀ,
ਮੀਆਂ ਵੱਖ ਮਜ਼ਦੂਰੀ ਕਰਦਾ ।
ਰ.ਲ ਕੇ ਦੋਵੇਂ ਗ੍ਰਹਿਸਥੀ ਚਲਾਂਦੇ,
ਹਿੰਮਤ ਨਾ.ਲ ਹੈ ਬੱਚਾ ਪ.ਲਦਾ,
ਧੁੱਪ-ਛਾਂ ਨਾ ਗਰੀਬ ਨੂੰ ਪੋਂਹਦੇ,
ਪਰ ਜੀਵਨ ਪਲ ਪਲ ਛ.ਲਦਾ।
*-ਸੇਵਾ ਸਿੰਘ "ਨੂਰਪੁਰੀ"*

---

ਦੋ ਡੰਗ ਦੀ ਰੋਟੀ ਖਾਤਰ
ਨਾਰੀ ਰੇਹੜੀ ਲਾਉਂਦੀ ਹੈ।
ਅੱਖੋਂ ਓਹਲੇ ਕਰ ਨੀ ਸਕਦੀ
ਬਾਲ ਨੂੰ ਨਾਲ ਲਿਆਉਂਦੀ ਹੈ।
ਲੋੜ ਪਈ ਤੋਂ ਨਿਕਲਣ ਕਾਢਾਂ
ਮਜਬੂਰੀ ਰੰਗ ਦਿਖਾਉਂਦੀ ਹੈ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*

## .ਗਜ਼ਲ - ਇਬਾਦਤ

ਰੱਬ ਸਮਝ ਕੇ ਤੈਨੂੰ ਤੇਰੀ ਕਰਾਂ ਇਬਾਦਤ ਮੈਂ।
ਤੇਰੀ ਮਸਤ ਅਦਾ ਤੋਂ ਹੁੰਦਾ ਹਾਂ ਪ੍ਰਭਾਵਤ ਮੈਂ।
ਲੱਖ ਬੁਰਾਈਆਂ ਮੇਰੀਆਂ ਭਾਵੇਂ ਕੋਈ ਕਰ ਦੇਵੇ,
ਸ਼ਬਦ ਬੁਰਾ ਨਾ ਸੁਣ ਸਕਦਾ ਇੱਕ ਤੇਰੇ ਬਾਬਤ ਮੈਂ।
ਪਰਖ ਬੜੀ ਮੈਂ ਕਰ ਕੇ ਵੇਖੀ ਅਕਲਾਂ ਵਾਲਿਆਂ ਦੀ,
ਤੇਰੇ ਵਰਗੀ ਹੋਰ 'ਚ ਵੇਖੀ ਨਹੀਂ ਲਿਆਕਤ ਮੈਂ।
ਘੁੰਮ ਲਵਾਂ ਦੁਨੀਆਂ ਦੇ ਭਾਵੇਂ ਚਾਰੇ ਕੋਨੇ ਹੀ,
ਲੱਭਿਆਂ ਨਾ ਲੱਭ ਸਕਦਾ ਤੇਰੇ ਜਿਹੀ ਨਜ਼ਾਕਤ ਮੈਂ।
ਜਦ ਤੱਕ ਚੱਲਣਾ ਮੇਰੇ ਸਾਹਵਾਂ ਦੀ ਪ੍ਰਕਿਰਿਆ ਨੇ,
ਜਾਨ ਤਲੀ 'ਤੇ ਧਰ ਕੇ ਤੇਰੀ ਕਰੂੰ ਹਿਫ਼ਾਜ਼ਤ ਮੈਂ।
***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



*Celebrating the life of*

# SARDARNI PARKASH KAUR

OCTOBER 20, 1928 - MAY 20, 2023

MAY

THRUSDAY **25** 11 AM

Together, we celebrate her life and thank Waheguru for the many years we were blessed with her love and guidance.

FUNERAL: 11AM TO 1PM
March Life Tribute Center
7601 Sandy Spring Rd
Laurel MD, 20707

BHOG & ANTIM ARDAS: 2PM
GNFA Gurdwara
12917 Old Columbia Pike
Silver Spring MD, 20904

Respectfully,
**Goraya Family and Friends: 301-653-7029**

# ‘ਚਾਂਦ’ ਫਾਂਸੀ ਅੰਕ ਦਾ ਭਗਤ ਸਿੰਘ ਨਾਲ ਨਾਤਾ

***ਹਿੰਦੀ ਪਰਚੇ ‘ਚਾਂਦ’ ਦਾ ਫਾਂਸੀ ਅੰਕ ਇਕ ਇਤਿਹਾਸਕ ਦਸਤਾਵੇਜ਼ ਹੈ। ਇਸ ਅੰਕ ਦੀ ਤਿਆਰੀ ਵਿਚ ਭਗਤ ਸਿੰਘ ਸਮੇਤ ਕਈ ਹੋਰ ਆਜ਼ਾਦੀ ਘੁਲਾਟੀਆਂ ਨੇ ਅਹਿਮ ਭੂਮਿਕਾ ਨਿਭਾਈ ਸੀ। ਸਰਬਜੀਤ ਸਿੰਘ ਵਿਰਕ ਨੇ ਇਸ ਲੇਖ ਵਿਚ ਇਨ੍ਹਾਂ ਦਿਲਚਸਪ ਵੇਰਵਿਆਂ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ।***

1928 ਦੇ ਮੱਧ ਵਿਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪਤਾ ਲੱਗਾ ਕਿ ਹਿੰਦੀ ਦਾ ਮਸ਼ਹੂਰ ਰਸਾਲਾ ‘ਚਾਂਦ’ ਆਪਣਾ ਅਗਲਾ ਤਿਮਾਹੀ ਅੰਕ ‘ਫਾਂਸੀ’ ਵਿਸ਼ੇ ਉੱਤੇ ਛਾਪੇਗਾ। ਪ੍ਰਚਾਰ ਵਿਚ ਕਿਹਾ ਗਿਆ ਸੀ ਕਿ ਇਸ ਵਿਚ ਦੁਨੀਆਂ ਭਰ ’ਚ ਪ੍ਰਚੱਲਤ ਰਹੇ ਅਤੇ ਅਜੋਕੇ ਫਾਂਸੀ ਦੇਣ ਦੇ ਢੰਗ-ਤਰੀਕਿਆਂ ਸਬੰਧੀ ਸਮੱਗਰੀ ਦਿੱਤੀ ਜਾਵੇਗੀ ਪਰ ਇਸ ਦਾ ਅਸਲ ਉਦੇਸ਼ ਸੁੱਤੀ ਹੋਈ ਹਿੰਦੋਸਤਾਨੀ ਜਨਤਾ ਨੂੰ ਗ਼ੁਲਾਮੀ ਦੀਆਂ ਬੇੜੀਆਂ ਲਾਹ ਸੁੱਟਣ ਲਈ ਪ੍ਰੇਰਤ ਕਰਨਾ ਸੀ। ਇਸੇ ਮਕਸਦ ਨਾਲ ਇਸ ਦਾ ਵੱਡਾ ਭਾਗ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ



ਯੋਧਿਆਂ ਦੀਆਂ ਜੀਵਨੀਆਂ ਅਤੇ ਘਾਲਣਾ ਨੂੰ ਸਮਰਪਿਤ ਕੀਤਾ ਜਾਣਾ ਸੀ। ਇਹ ਉਹ ਸਮਾਂ ਸੀ ਜਦੋਂ ਦੇਸ਼ ਭਰ ਵਿਚ ਕ੍ਰਾਂਤੀਕਾਰੀ ਸਰਗਰਮੀਆਂ ਸਿਖਰ

**ਸਰਬਜੀਤ ਸਿੰਘ ਵਿਰਕ**

’ਤੇ ਸਨ ਅਤੇ ਪੰਜਾਬ, ਬੰਗਾਲ ਤੇ ਯੂ.ਪੀ. ਇਸ ਦੇ ਮੁੱਖ ਕੇਂਦਰ ਬਣ ਚੁੱਕੇ ਸਨ। ਗ਼ਦਰ ਲਹਿਰ ਜਿਹਾ ਵਿਦਰੋਹ ਮੁੜ ਹੋਣ ਤੋਂ ਰੋਕਣ ਦਾ ਬੰਦੋਬਸਤ ਕਰਨ ਲਈ ਅੰਗਰੇਜ਼ੀ ਹਕੂਮਤ ਰੌਲੈਟ ਐਕਟ ਜਿਹੇ ਘਾਤਕ ਕਾਨੂੰਨਾਂ ਦਾ ਸਹਾਰਾ ਲੈ ਰਹੀ ਸੀ। ਕਿਸਾਨਾਂ ਅਤੇ ਮਜ਼ਦੂਰਾਂ ਦੇ ਇਕੱਠਾਂ ਨੂੰ ਹਕੂਮਤ ਖ਼ਿਲਾਫ਼ ਸਾਜ਼ਸ਼ਿ ਮੰਨ ਕੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਲੋਕ ਲਹਿਰਾਂ ਨੂੰ ਦਬਾਉਣ ਲਈ ਪਬਲਿਕ ਸੇਫਟੀ ਬਿਲ ਤੇ ਵਿਉਪਾਰ ਝਗੜੇ (ਸੋਧ) ਬਿਲ ਲਿਆਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਅਜਿਹੇ ਸਮੇਂ ਵਿਚ ‘ਚਾਂਦ’ ਰਸਾਲੇ ਵੱਲੋਂ ‘ਫਾਂਸੀ ਅੰਕ’ ਕੱਢਣਾ ਬਹੁਤ ਹੀ ਬਹਾਦਰੀ ਅਤੇ ਜੋਖ਼ਮ ਭਰਿਆ ਕੰਮ ਸੀ।

ਉਕਤ ਅੰਕ ਨੂੰ ਆਜ਼ਾਦੀ ਪਰਵਾਨਿਆਂ ਦੀਆਂ ਜੀਵਨੀਆਂ ਮੁਹੱਈਆ ਕਰਾਉਣ ਦਾ ਕੰਮ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਸਾਂਭ ਲਿਆ ਸੀ। ਇਸ ਨਾਲ ਉਨ੍ਹਾਂ ਦੇ ਦੋ ਮਹੱਤਵਪੂਰਨ ਮਕਸਦ ਵੀ ਹੱਲ ਹੋਏ ਸਨ। ਉਹ ਸਨ- ਆਜ਼ਾਦੀ ਨਾਇਕਾਂ ਦੀਆਂ ਸ਼ਹੀਦੀਆਂ ਨੂੰ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਣਾ ਅਤੇ ਲੇਖਾਂ ਤੋਂ ਹੋਈ ਆਮਦਨ ਨਾਲ ਕ੍ਰਾਂਤੀਕਾਰੀ ਸਰਗਰਮੀਆਂ ਨੂੰ ਅੱਗੇ ਵਧਾਉਣਾ। ਇਹ ਅੰਕ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਜਾਰੀ ਕੀਤਾ ਗਿਆ। ‘ਫਾਂਸੀ ਅੰਕ’ ਦੇ ਸੰਪਾਦਕ ਚਤੁਰਸੇਨ ਸ਼ਾਸਤਰੀ ਨੇ ਇਸ ਦੀ ਭੂਮਿਕਾ ਵਿਚ ਭਾਰਤ ਵਾਸੀਆਂ ਨੂੰ ਕੁਰਬਾਨੀ ਕਰਨ ਲਈ ਅੱਗੇ ਆਉਣ ਦੀ ਪ੍ਰੇਰਨਾ ਦਿੰਦਿਆਂ ਰਮਜ਼ੀ ਲਹਿਜੇ ਵਿਚ ਲਿਖਿਆ:

- ਕੀ ਸਾਨੂੰ ਰਾਜ ਲਕਸ਼ਮੀ (ਆਜ਼ਾਦੀ) ਗੁਆ ਕੇ ਆਪਣੇ ਖਾਲੀ ਘਰਾਂ ਵਿਚ ਗ੍ਰਿਹ ਲਕਸ਼ਮੀ ਪ੍ਰਾਪਤ ਕਰਨ ਦਾ ਆਡੰਬਰ ਕਰਨਾ ਹਾਸੋਹੀਣਾ ਨਹੀਂ ਲੱਗਦਾ? ਜਿਸ ਰਾਹੂ ਵਰਗੀ ਭੈੜੀ ਤੇ ਲੰਮੀ ਮੱਸਿਆ ਨੇ ਸਾਨੂੰ ਪੀੜ੍ਹੀਆਂ ਤੋਂ ਹਨ੍ਹੇਰਿਆਂ ਵਿਚ ਡੱਕਿਆ ਹੋਇਆ ਹੈ, ਕੀ ਉਹ ਇਨ੍ਹਾਂ ਮਿੱਟੀ ਦੇ ਨਿੱਕੇ ਨਿੱਕੇ ਦੀਵਿਆਂ ਦੀ ਡੋਲਦੀ ਲੋਅ ਨਾਲ ਵਿਦਾ ਹੋ ਜਾਵੇਗੀ?

- ਸਾਡੇ ਤਨ ਉੱਤੇ ਕੋਈ ਕੱਪੜਾ ਨਹੀਂ, ਸਾਡੇ ਢਿੱਡਾਂ ਅੰਦਰ ਰੋਟੀ ਨਹੀਂ, ਸਾਡਾ ਸਰੀਰ ਰੋਗਾਂ ਦਾ ਪੁਤਲਾ ਹੈ, ਸਾਨੂੰ ਸਹਾਰਾ ਦੇਣ ਵਾਲਾ ਕੋਈ ਨਹੀਂ, ਅਸੀਂ ਥੱਕੇ ਹਾਰੇ ਭਾਰਤੀ ਮਰਿਆਂ ਬਰਾਬਰ ਹਾਂ, ਸਾਡੀ ਕੋਈ ਕਦਰ ਨਹੀਂ। ਫਿਰ ਵੀ ਅਸੀਂ ਸਵਾਰਥੀ ਅਤੇ ਡਰਪੋਕ ਬਣੇ ਹੋਏ ਹਾਂ। ਅਸੀਂ ਪਾਪੀ ਹਾਂ ਕਿਉਂਕਿ ਅਸੀਂ ਆਪਣੇ ਪੁਰਖਿਆਂ ਦੀ ਅਮੁੱਲੀ ਜਾਇਦਾਦ ਨੂੰ ਨਸ਼ਟ ਕਰ ਦੇਣ ਵਾਲੀ ਸੰਤਾਨ ਹਾਂ। ਅਸੀਂ ਆਪਣੇ ਬੱਚਿਆਂ ਨੂੰ ਭਿਖਾਰੀ ਬਣਾਉਣ ਵਾਲੇ ਮਾਂ-ਪਿਉ ਹਾਂ! ਅਸੀਂ ਵੇਲਾ ਵਿਹਾ ਚੁੱਕੀਆਂ ਕਦਰਾਂ ਲਈ ਔਰਤਾਂ ਨੂੰ ਪਸ਼ੂਆਂ ਵਾਂਗ ਬਲੀ ਚੜ੍ਹਾਉਣ ਵਾਲੇ ਸ਼ਰਧਾਲੂ ਹਾਂ! ਗੱਲ ਕੀ, ਅਸੀਂ ਖ਼ਾਨਦਾਨੀ ਪਿਉ ਦੀ ਕੁਕਰਮੀ ਔਲਾਦ ਹਾਂ।


- ਪਿਆਰੇ ਭੈਣੋ, ਭਰਾਉ, ਮਾਤਾਓ ਅਤੇ ਬਜ਼ੁਰਗੋ! ‘ਫਾਂਸੀਂ ਅੰਕ’ ਨੂੰ ਦੀਵਾਲੀ ਦੀ ਮੱਸਿਆ ਹੀ ਸਮਝੋ! ਵੇਖੋ, ਵੀਹਵੀਂ ਸਦੀ ਵਿਚ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਚਿਰਾਗ਼ ਇਸ ਵਿਚ ਕਿਵੇਂ ਰੌਸ਼ਨੀ ਵੰਡ ਰਹੇ ਨੇ! ਤੁਸੀਂ ਇਸ ਵਿਚ ਥਾਂ ਥਾਂ ਉੱਤੇ (ਹਕੂਮਤ ਦੇ ਵਿਰੋਧ ਵਿਚ) ਭਾਂਬੜ ਬਣ ਬਲ ਰਹੀ ਅੱਗ ਨੂੰ ਪ੍ਰਤੱਖ ਵੇਖੋਗੇ। ਇਸ ਨਜ਼ਾਰੇ ਵਿਚ ਵੇਖਣਾ ਕਿਵੇਂ ਸਜੀ ਸੰਵਰੀ ਮੌਤ-ਸੁੰਦਰੀ ਛਮ ਛਮ ਨੱਚ ਰਹੀ ਹੈ! ਕਰਮਾਂ ਮਾਰੇ, ਹੱਕੋਂ ਵਾਂਝੇ ਅਤੇ ਨਿਰਬਲ ਬਣੇ ਭਾਰਤ ਵਾਸੀਉ! ਇਹ (ਕੁਰਬਾਨੀ ਦੀ ਭਾਵਨਾ) ਹੀ ਤੁਹਾਡੀ ਗ੍ਰਿਹ ਲਕਸ਼ਮੀ ਹੈ! ਇਹ ਹੀ ਮਹਾਂ-ਕੰਨਿਆ ਹੈ ਅਤੇ ਇਹ ਹੀ ਸਾਰਿਆਂ ਤੋਂ ਉੱਤਮ ਦੇਵੀ ਹੈ! ਤੁਸੀਂ ਇਸ ਨੂੰ ਪਿਆਰ ਕਰੋ, ਇਹਦੇ ਨਾਲ ਜਾਣ ਪਛਾਣ ਕਰੋ ਅਤੇ ਇਸੇ ਦੀ ਪੂਜਾ ਕਰੋ। ਤੁਸੀਂ ਵੇਖੋਗੇ ਕਿ ਜਿਵੇਂ ਹੀ ਤੁਸੀਂ ਇਸ ਨੂੰ ਦਿਲ ਵਿਚ ਵਸਾਉਗੇ, ਤੁਹਾਡੀ ਸੈਂਕੜੇ ਵਰ੍ਹਿਆਂ ਦੀ ਗ਼ੁਲਾਮੀ ਦੂਰ ਹੋ ਜਾਵੇਗੀ।

ਭਾਰਤ ਦੀ ਸੁੱਤੀ ਜਨਤਾ ਨੂੰ ਜਗਾਉਣ ਵਾਲੇ ‘ਫਾਂਸੀ ਅੰਕ’ ਨੇ ਸੁਤੰਤਰਤਾ ਸੰਗਰਾਮ ਵਿਚ ਵੱਡੀ ਭੂਮਿਕਾ ਅਦਾ ਕੀਤੀ। ਇਨ੍ਹਾਂ ਲੇਖਾਂ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੋਕ ਦੇਸ਼ ਲਈ ਤਨ ਮਨ ਧਨ ਵਾਰਨ ਲਈ ਤਿਆਰ ਹੋ ਗਏ। ਇਸ ਸੰਗਰਾਮ ਵਿਚ ਭਗਤ ਸਿੰਘ ਇਕ ਕੌਮੀ ਨਾਇਕ ਦੇ ਤੌਰ ਉੱਤੇ ਉਭਰੇ। ਇਸ ਕਰ ਕੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੀਆਂ ਲਿਖਤਾਂ ਨੂੰ ਸਾਂਭਣ, ਲੋਕਾਂ ਵਿਚ ਪ੍ਰਚਾਰਨ ਅਤੇ ਉਨ੍ਹਾਂ ਉੱਤੇ ਖੋਜ ਕਰਨ ਵੱਲ ਖ਼ਾਸ ਤਵੱਜੋ ਦਿੱਤੀ ਜਾਣ ਲੱਗੀ।

‘ਵਿਦਰੋਹੀ’ ਨਾਂ ਹੇਠ ‘ਕਿਰਤੀ’ ਰਸਾਲੇ ਅਤੇ ‘ਬਲਵੰਤ’ ਤੇ ‘ਏਕ ਪੰਜਾਬੀ ਯੁਵਕ’ ਨਾਵਾਂ ਹੇਠ ‘ਪ੍ਰਤਾਪ’ ਅਖ਼ਬਾਰ ਵਿਚ ਛਪੀਆਂ ਲਿਖਤਾਂ ਭਗਤ ਸਿੰਘ ਦੀਆਂ ਹੋਣ ਬਾਰੇ ਕੋਈ ਵਿਵਾਦ ਨਹੀਂ ਸੀ ਪਰ ‘ਫਾਂਸੀਂ ਅੰਕ’ ਵਿਚ ਛਪੀਆਂ ਸ਼ਹੀਦੀ ਜੀਵਨੀਆਂ ਬਾਰੇ ਬਖੇੜਾ ਇਹ ਸੀ ਕਿ ਇਹ ਉਨ੍ਹਾਂ ਦੇ ਚਲਦੇ ਆ ਰਹੇ ਫਰਜ਼ੀ ਨਾਵਾਂ ਤੋਂ ਇਲਾਵਾ ਨਵੇਂ ਫਰਜ਼ੀ ਨਾਵਾਂ ਹੇਠਾਂ ਜ਼ਿਆਦਾ ਛਾਪੀਆਂ ਗਈਆਂ ਸਨ ਤਾਂ ਕਿ ਹਕੂਮਤ ਦੇ ਖ਼ੁਫ਼ੀਆ-ਤੰਤਰ ਨੂੰ ‘ਚਾਂਦ’ ਨਾਲ ਭਗਤ ਸਿੰਘ ਦੇ ਸਬੰਧਾਂ ਦੀ ਜਾਣਕਾਰੀ ਨਾ ਮਿਲ ਸਕੇ ਪਰ ਇਸ ਭੇਤ ਨੂੰ ਸੁਲਝਾਉਣ ਲਈ ਕਾਫ਼ੀ ਵਕਤ ਲੱਗਾ।

‘ਫਾਂਸੀ ਅੰਕ’ ਵਿਚ ਛਪੀਆਂ ਲਿਖਤਾਂ ‘ਕੂਕਾ ਅੰਦੋਲਨ ਦੇ ਸ਼ਹੀਦ’ ਅਤੇ ‘ਸੂਫੀ ਅੰਬਾ ਪ੍ਰਸਾਦ’ ਕ੍ਰਮਵਾਰ ‘ਨਿਰਭੈ’ ਅਤੇ ‘ਅਗਿਆਤ’ ਨਾਵਾਂ ਹੇਠਾਂ ਛਾਪੀਆਂ ਗਈਆਂ ਸਨ। ਅਸਲ ਵਿਚ ਇਹ ਲਿਖਤਾਂ ਇਸ ਤੋਂ ਪਹਿਲਾਂ ਭਗਤ ਸਿੰਘ ਹਿੰਦੀ ਦੇ ‘ਮਹਾਂਰਥੀ’ ਅਤੇ ‘ਪ੍ਰਭਾ’ ਰਸਾਲੇ ਵਿਚ ‘ਵਿਦਰੋਹੀ’ ਨਾਂ ਹੇਠਾਂ ਛਪਵਾ ਚੁੱਕੇ ਸਨ। ਫਾਂਸੀ ਅੰਕ ਲਈ ਇਨ੍ਹਾਂ ਲਿਖਤਾਂ ਨੂੰ ਜਿਉਂ ਦੀਆਂ ਤਿਉਂ ਲੈ ਲਿਆ ਗਿਆ ਸੀ। ‘ਕਰਤਾਰ ਸਿੰਘ ਸਰਾਭਾ’ ਅਤੇ ‘ਡਾ. ਮਥਰਾ ਸਿੰਘ’ ਸਿਰਲੇਖਾਂ ਹੇਠਾਂ ਲਿਖੇ ਲੇਖਾਂ ਬਾਰੇ ਪੁਖ਼ਤਾ ਸਬੂਤ ਮਿਲ ਚੁੱਕੇ ਹਨ ਕਿ ‘ਫਾਂਸੀ ਅੰਕ’ ਵਿਚ ਕ੍ਰਮਵਾਰ ਬਲਵੰਤ ਅਤੇ ਵਰਜੇਸ਼ ਨਾਵਾਂ ਹੇਠ ਛਪੇ ਇਹ ਲੇਖ ਭਗਤ ਸਿੰਘ ਨੇ ਲਿਖੇ ਹਨ ਜੋ ਉਨ੍ਹਾਂ ‘ਚਾਂਦ’ ਰਸਾਲੇ ਦੇ ਦਫ਼ਤਰ ਵਿਚ ਬੈਠ ਕੇ ਲਿਖੇ ਸਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਰਤਾਰ ਸਿੰਘ ਸਰਾਭਾ ਬਾਰੇ ਭਗਤ ਸਿੰਘ ਵੱਲੋਂ ਲਿਖਿਆ ਇਕ ਲੇਖ ਪਹਿਲਾਂ ਵੀ ‘ਕਿਰਤੀ’ ਦੇ ਅਪਰੈਲ-ਮਈ 1927 ਅੰਕ ਵਿਚ ਛਪ ਚੁੱਕਾ ਸੀ ਜੋ ਇਸ ਰਸਾਲੇ ਵਿਚ ਸ਼ਹੀਦਾਂ ਉੱਤੇ ਛਾਪੀ ਜਾ ਰਹੀ ਲੜੀ ਵਿਚ ਭਗਤ ਸਿੰਘ ਦਾ ਲਿਖਿਆ ਸੱਤਵਾਂ ਲੇਖ ਸੀ।

ਭਗਤ ਸਿੰਘ ਅਕਤੂਬਰ 1928 ਤੱਕ ਲਗਾਤਾਰ ‘ਕਿਰਤੀ’ (ਪੰਜਾਬੀ ਤੇ ਉਰਦੂ) ਲਈ ਲੇਖ ਲਿਖਦੇ ਰਹੇ ਸਨ। ਉਨ੍ਹਾਂ ਵੱਲੋਂ ਇਸ ਸਮੇਂ ਦਰਮਿਆਨ ਲਿਖੇ ਅਤੇ ਛਪੇ ਲੇਖਾਂ ਵਿਚ ਸ਼ਹੀਦਾਂ ਉੱਤੇ ਲਿਖੇ ਕਈ ਲੇਖ ਸ਼ਾਮਲ ਹਨ ਜਿਵੇਂ ‘ਮਦਨ ਲਾਲ ਢੀਂਗਰਾ’, ‘ਕਾਕੋਰੀ ਦੇ ਸ਼ਹੀਦ- ਰਾਜੇਂਦਰ ਨਾਥ ਲਾਹਿਰੀ, ਰੋਸ਼ਨ ਸਿੰਘ, ਅਸ਼ਫਾਕ ਉੱਲਾ ਖਾਨ, ਰਾਮ ਪ੍ਰਸਾਦ ਬਿਸਮਿਲ’, ‘ਦਿੱਲੀ ਬੰਬ ਕਾਂਡ ਦੇ ਸ਼ਹੀਦ- ਮਾਸਟਰ ਅਮੀਰ ਚੰਦ, ਸ੍ਰੀ ਅਵਧ ਬਿਹਾਰੀ, ਸ੍ਰੀ ਬਾਲ ਮੁਕੰਦ, ਸ੍ਰੀ ਬਸੰਤ ਕੁਮਾਰ ਬਿਸਵਾਸ’। ਸ਼ਹੀਦਾਂ ਬਾਰੇ ਲੇਖ ਲਿਖਣ ਲਈ ਉਨ੍ਹਾਂ ‘ਜੁੱਗਗਰਦੀ ਦਾ ਅਗਨੀ ਕੁੰਡ’ ਅਤੇ ‘ਆਜ਼ਾਦੀ ਦੀ ਭੇਟਾ ਸ਼ਹੀਦੀਆਂ’ ਸਿਰਲੇਖਾਂ ਹੇਠ ਵਿਸ਼ੇਸ਼ ਲੇਖ ਲੜੀਆਂ ਵੀ ਚਲਾਈਆਂ ਸਨ। ਭਾਈ ਬਾਲ ਮੁਕੰਦ ਜੀ ਬਾਰੇ ਲਿਖੇ ਲੇਖ ਦੇ ਸ਼ੁਰੂ ਵਿਚ ਹੀ ਭਗਤ ਸਿੰਘ ਨੇ ਲਿਖਿਆ ਸੀ, ‘ਹੁਣ ਤੀਕ




**ਚਾਂਦ ਦਾ ਫਾਂਸੀ ਅੰਕ ਅਤੇ (ਸੱਜੇ) ਭਗਤ ਸਿੰਘ।**

ਅਸੀਂ ਪੰਜਾਬੀ ਸ਼ਹੀਦਾਂ ਦੇ ਜੀਵਨ ‘ਕਿਰਤੀ’ ਵਿਚ ਬਿਨਾ ਤਰਤੀਬ ਤੋਂ ਛਾਪਦੇ ਰਹੇ ਹਾਂ। ਕਦੀ ਬੱਬਰ ਅਕਾਲੀ ਸ਼ਹੀਦਾਂ ਦੇ ਜੀਵਨ ਛਪੇ ਤੇ ਕਦੀ 1914-15 ਵਾਲੇ ਗ਼ਦਰ ਪਾਰਟੀ ਦੇ ਸ਼ਹੀਦਾਂ ਦੇ। ਕਦੇ 1908 ਵਾਲੇ ਮਦਨ ਲਾਲ ਜੀ ਦਾ ਜੀਵਨ ਛਪਿਆ। ਹੁਣ ਸਾਡਾ ਇਰਾਦਾ ਹੈ ਕਿ ਉਨ੍ਹਾਂ ਜੀਵਨਾਂ ਨੂੰ ਉਸੇ ਤਰ੍ਹਾਂ ਛਾਪਦਿਆਂ ਹੋਇਆਂ ਭੀ ਉਨ੍ਹਾਂ ਦੀਆਂ ਤਹਿਰੀਕਾਂ ਦਾ ਤਰਤੀਬਵਾਰ ਹਾਲ ਲਿਖੀਏ ਤਾਂ ਕਿ ਸਾਡੇ ਪਾਠਕ ਸਮਝ ਸਕਣ ਕਿ ਪੰਜਾਬ ਵਿਚ ਕਿਵੇਂ ਜਾਗਿਰਤੀ ਪੈਦਾ ਹੋਈ।’

ਕਿਰਤੀ ਰਸਾਲੇ ਵਿਚ ਭਗਤ ਸਿੰਘ ਵੱਲੋਂ ਸ਼ਹੀਦਾਂ ਉੱਤੇ ਲਿਖੇ ਜ਼ਿਆਦਾਤਰ ਲੇਖ ‘ਵਿਦਰੋਹੀ’ ਨਾਂ ਹੇਠਾਂ ਹੀ ਛਪੇ। ਇਹ ਸਾਰੇ ਲੇਖ ਵੀ ਕੁਝ ਸੋਧ ਸੁਧਾਰ ਨਾਲ ‘ਚਾਂਦ’ ਦਾ ਸ਼ਿੰਗਾਰ ਬਣੇ। ਇਸ ਤਰ੍ਹਾਂ ਭਗਤ ਸਿੰਘ ਦੇ ਚਾਂਦ ਵਿਚ ਛਪੇ ਕਈ ਲੇਖ ਪਹਿਲਾਂ ‘ਮਹਾਂਰਥੀ’ ਜਾਂ ‘ਕਿਰਤੀ’ ਵਿਚ ਛਪ ਚੁੱਕੇ ਸਨ। ‘ਚਾਂਦ’ ਵਿਚ ਛਾਪਣ ਲਈ ਇਨ੍ਹਾਂ ਲੇਖਾਂ ਦੀ ਸੋਧ ਸੁਧਾਈ ਅਤੇ ਹਿੰਦੀ ਅਨੁਵਾਦ ਦਾ ਕੰਮ ਮੁੱਖ ਤੌਰ ’ਤੇ ਭਗਤ ਸਿੰਘ ਦੇ ਸਾਥੀ ਸ਼ਿਵ ਵਰਮਾ ਨੇ ਕੀਤਾ ਸੀ ਜਿਨ੍ਹਾਂ ਦੇ ਆਪਣੇ ਲਿਖੇ ਕੁਝ ਲੇਖ ਵੀ ‘ਫਾਂਸੀ ਅੰਕ’ ਵਿਚ ਸ਼ਾਮਲ ਕੀਤੇ ਗਏ ਸਨ। ਇਨ੍ਹਾਂ ਗੱਲਾਂ ਦਾ ਸਬੂਤ ਵਾਅਦਾ ਮੁਆਫ਼ ਗਵਾਹਾਂ ਦੀ ਗਵਾਹੀ ਤੋਂ ਵੀ ਮਿਲਦਾ ਹੈ। ਲਾਹੌਰ ਸਾਜ਼ਿਸ਼ ਕੇਸ ਦੇ ਇਕ ਵਾਅਦਾ ਮੁਆਫ਼ ਗਵਾਹ ਜੈ ਗੋਪਾਲ ਨੇ ਆਪਣੇ ਬਿਆਨ ਵਿਚ ਇਹ ਖੁਲਾਸਾ ਕੀਤਾ ਸੀ- ‘ਮੈਂ ਗੁਰਮੁਖੀ ਦੇ ਕਿਰਤੀ ਰਸਾਲੇ ਵਿਚੋਂ ਲੇਖ ਦੀ ਇਬਾਰਤ ਪੜ੍ਹਦਾ ਹੁੰਦਾ ਸਾਂ ਜਿਸ ਨੂੰ ਅਨੁਵਾਦ ਕਰਕੇ ਸ਼ਿਵ ਵਰਮਾ ਹਿੰਦੀ ਵਿਚ ਲਿਖ ਦਿੰਦੇ ਸਨ।’

ਲਾਹੌਰ ਸਾਜ਼ਿਸ਼ ਕੇਸ ਦੇ ਇਕ ਹੋਰ ਵਾਅਦਾ ਮੁਆਫ਼ ਗਵਾਹ ਫਨਿੰਦਰਨਾਥ ਘੋਸ਼ ਨੇ ਪਹਿਲਾਂ ਆਪਣੇ ਇਕਬਾਲੀਆ ਬਿਆਨ ਵਿਚ ਅਤੇ ਫਿਰ ਆਪਣੇ ਅਦਾਲਤੀ ਬਿਆਨ ਵਿਚ ਇਹ ਗੱਲ ਖ਼ਾਸ ਤੌਰ ਉੱਤੇ ਨੋਟ ਕਰਵਾਈ ਸੀ -

‘ਮੈਂ ਤਿੰਨਾਂ ਚਹੁੰ ਦਿਨਾਂ ਲਈ ਅੰਮ੍ਰਿਤਸਰ ਠਹਿਰਿਆ ਸਾਂ। ਉਨ੍ਹਾਂ ਦਿਨਾਂ ਵਿਚ ਹੀ ਸ਼ਿਵ ਵਰਮਾ ‘ਚਾਂਦ’ ਦੇ ਫਾਂਸੀ ਅੰਕ ਲਈ ਲੇਖ ਲਿਖ ਰਿਹਾ ਸੀ। ਉਸ ਨੇ ਮੈਨੂੰ ਇਹ ਗੱਲ ਦੱਸੀ ਸੀ ਕਿ ‘ਚਾਂਦ’ ਰਸਾਲੇ ਦੇ ਮੈਨੇਜਰ ਨੇ ਉਸ ਨੂੰ ਦੋ ਰੁਪਈਏ ਪ੍ਰਤੀ ਕਾਲਮ ਦੇ ਹਿਸਾਬ ਨਾਲ ਲੇਖਾਂ ਦੀ ਮਿਹਨਤ ਅਦਾ ਕਰਨ ਦਾ ਵਾਅਦਾ ਕੀਤਾ ਹੈ। ਉਹ ਫਾਂਸੀ ਝੂਲ ਗਏ ਇਨਕਲਾਬੀਆਂ ਦੇ ਜੀਵਨ-ਚਰਿੱਤਰ ਲਿਖ ਰਿਹਾ ਸੀ। ਅਗਲੇ ਦਿਨ ਭਗਤ ਸਿੰਘ ਵੀ ਆ ਗਿਆ ਸੀ। ਉਸ ਨੇ ਕਿਰਤੀ ਰਸਾਲੇ ਦੇ ਚਾਰ ਪੰਜ ਅੰਕ ਲਿਆਂਦੇ ਸਨ। ਇਨ੍ਹਾਂ ਅੰਕਾਂ ਵਿਚ ਗ਼ਦਰ ਪਾਰਟੀ ਦੇ ਕਰਤਾਰ ਸਿੰਘ ਅਤੇ ਹੋਰ ਸ਼ਹੀਦਾਂ ਬਾਰੇ ਵੇਰਵੇ ਦਰਜ ਸਨ। ਭਗਤ ਸਿੰਘ ਬੱਬਰ ਅਕਾਲੀ ਸ਼ਹੀਦਾਂ ਬਾਰੇ ਵੀ ਆਪਣੇ ਲਿਖੇ ਕੁਝ ਲੇਖ ਲੈ ਕੇ ਆਇਆ ਸੀ। ਉਸ ਨੇ ਪੰਜਾਬ ਦੇ ਇਨਕਲਾਬੀਆਂ ਦੀਆਂ ਦਸ-ਬਾਰਾਂ ਤਸਵੀਰਾਂ ਵੀ ਦਿੱਤੀਆਂ ਸਨ।’

ਆਪਣੇ ਅਦਾਲਤੀ ਬਿਆਨ ਵਿਚ ਫਨਿੰਦਰਨਾਥ ਘੋਸ਼ ਨੇ ਇਸੇ ਗੱਲ ਨੂੰ ਇਨ੍ਹਾਂ ਸ਼ਬਦਾਂ ਵਿਚ ਦੁਹਰਾਇਆ:

‘ਇਨ੍ਹਾਂ ਦਿਨਾਂ ਵਿਚ ਸ਼ਿਵ ਵਰਮਾ ‘ਚਾਂਦ’ ਮੈਗਜ਼ੀਨ ਜੋ ਹਿੰਦੀ ਵਿਚ ਛਪਦਾ ਹੈ, ਦੇ ਫਾਂਸੀ ਅੰਕ ਲਈ ਲੇਖ ਲਿਖ ਰਿਹਾ ਸੀ। ਇਹ ਮੈਗਜ਼ੀਨ ਅਲਾਹਾਬਾਦੋਂ ਛਪਦਾ ਹੈ।

ਸ਼ਿਵ ਵਰਮਾ ਨੇ ਦੱਸਿਆ ਸੀ ਕਿ ਸੰਪਾਦਕ ਨੇ ਪ੍ਰਤੀ ਕਾਲਮ ਇਕ-ਦੋ ਰੁਪਈਏ ਅਦਾ ਕਰਨ ਦਾ ਵਾਅਦਾ ਕੀਤਾ ਹੈ। ਦੂਜੇ ਦਿਨ ਅੰਮ੍ਰਿਤਸਰ ਪੁੱਜਣ ਉੱਤੇ ਭਗਤ ਸਿੰਘ ਸਾਡੇ ਕੋਲ ਆਇਆ। ਉਹ ਉਰਦੂ ਦੇ ਕਿਰਤੀ ਰਸਾਲੇ ਦੀਆਂ ਕਾਪੀਆਂ, ਲੇਖ ਜੋ ਉਸ ਨੇ ਖ਼ੁਦ ਲਿਖੇ ਸਨ ਅਤੇ ਫਾਂਸੀ ਚੜ੍ਹ ਗਏ ਇਨਕਲਾਬੀਆਂ ਦੀਆਂ ਤਸਵੀਰਾਂ ਲਿਆਇਆ ਸੀ। ਇਹ ਸਾਰਾ ਕੁਝ ਉਹ ਸ਼ਿਵ ਵਰਮਾ ਕੋਲ ਛੱਡ ਗਿਆ।’

‘ਚਾਂਦ’ ਵਿਚ ਭਗਤ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਹੋਰ ਵੀ ਇਨਕਲਾਬੀ ਸਾਥੀਆਂ ਨੇ ਸ਼ਹੀਦਾਂ ਦੀਆਂ ਜੀਵਨੀਆਂ ਸਬੰਧੀ ਲੇਖ ਲਿਖੇ ਸਨ। ਇਹ ਲੇਖ ਵੀ ਫਰਜ਼ੀ ਜਾਂ ਗੁਪਤ ਨਾਵਾਂ ਉੱਤੇ ਸਨ ਕਿਉਂਕਿ ਕਾਕੋਰੀ ਕੇਸ ਤੋਂ ਬਾਅਦ ਹਕੂਮਤ ਅਜਿਹੀਆਂ ਸਰਗਰਮੀਆਂ ਨੂੰ ਦੇਸ਼ ਧ੍ਰੋਹ ਦਾ ਨਾਂ ਦੇ ਸਕਦੀ ਸੀ। ਇਸ ਤੋਂ ਇਲਾਵਾ ਪੁਲੀਸ ਦਾ ਖ਼ੁਫ਼ੀਆ ਤੰਤਰ ਚੱਪੇ-ਚੱਪੇ ਉੱਤੇ ਮੌਜੂਦ ਸੀ ਅਤੇ ਪ੍ਰੈਸ ਵੀ ਇਨ੍ਹਾਂ ਹਾਲਤਾਂ ਵਿਚ ਬਹੁਤ ਬਚ ਕੇ ਜੋਖ਼ਮ ਲੈਂਦੀ ਸੀ।

‘ਚਾਂਦ’ ਵਿਚ ਭਗਤ ਸਿੰਘ ਨੇ ਕਿਸ ਕਿਸ ਸ਼ਹੀਦ ਉੱਤੇ ਲੇਖ ਲਿਖੇ? ਇਸ ਸਵਾਲ ਦਾ ਜਵਾਬ ਲੱਭਣ ਲਈ ਵਿਦਵਾਨਾਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ। ‘ਚਾਂਦ’ ਵਿਚ ਛਪਣ ਤੋਂ ਪੰਜ ਦਹਾਕੇ ਬਾਅਦ, ਭਗਤ ਸਿੰਘ ਦੀ ਭਤੀਜੀ ਵਰਿੰਦਰ ਸੰਧੂ ਨੇ 1977 ਵਿਚ ਇਨ੍ਹਾਂ ਲੇਖਾਂ ਨੂੰ ‘ਮਾਈ ਰੈਵਲਿਊਸ਼ਨਰੀ ਕਾਮਰੇਡਸ’ (ਮੇਰੇ ਇਨਕਲਾਬੀ ਸਾਥੀ, ਲੇਖਕ: ਭਗਤ ਸਿੰਘ) ਸਿਰਲੇਖ ਹੇਠਾਂ ਕਿਤਾਬੀ ਰੂਪ ਵਿਚ ਛਪਵਾਇਆ ਸੀ। ਇਨ੍ਹਾਂ ਲੇਖਾਂ ਨੂੰ ਪਾਠਕਾਂ ਦੀ ਨਜ਼ਰ ਕਰਦਿਆਂ ਉਨ੍ਹਾਂ ਇਹ ਗੱਲ ਲਿਖੀ ਕਿ ‘ਚਾਂਦ’ ਵਿਚ ‘ਵਿਪੱਲਵ ਯੱਗਯ ਕੀ ਆਹੂਤਿਯਾਂ’ ਨਾਂ ਦੇ ਭਾਗ ਵਿਚ ਛਪੇ ਬਹੁਤੇ ਲੇਖ ਸਰਦਾਰ ਭਗਤ ਸਿੰਘ ਨੇ ਲਿਖੇ ਸਨ ਪਰ ਉਨ੍ਹਾਂ ਸਪਸ਼ਟ ਤੌਰ ਉੱਤੇ ਇਸ ਗੱਲ ਦਾ ਕੋਈ ਜ਼ਿਕਰ ਨਾ ਕੀਤਾ ਕਿ ਇਨ੍ਹਾਂ 48 ਲੇਖਾਂ ਵਿਚੋਂ ਕਿਹੜੇ ਕਿਹੜੇ ਭਗਤ ਸਿੰਘ ਨੇ ਲਿਖੇ ਜਾਂ ਕਿਹੜੇ ਨਹੀਂ। ਆਚਾਰੀਆ ਚਤੁਰਸੇਨ ਸ਼ਾਸਤਰੀ (‘ਫਾਂਸੀ ਅੰਕ’ ਦੇ ਸੰਪਾਦਕ) ਨੇ ਵੀ ਇਹ ਮੰਨਿਆ ਕਿ ਇਨ੍ਹਾਂ ਵਿਚੋਂ ਬਹੁਤੇ ਲੇਖ ਭਗਤ ਸਿੰਘ ਨੇ ਲਿਖੇ ਪਰ ਉਹ ਵੀ ਇਹ ਦੱਸਣ ਵਿਚ ਨਾਕਾਮ ਰਹੇ ਕਿ ਭਗਤ ਸਿੰਘ ਨੇ ਇਨ੍ਹਾਂ ਵਿਚੋਂ ਕਿੰਨੇ ਜਾਂ ਕਿਸ ਕਿਸ ਸ਼ਹੀਦ ਬਾਰੇ ਲੇਖ ਲਿਖੇ। ਇਸ ਮਸਲੇ ਨੂੰ ਹੱਲ ਕਰਨ ਲਈ ਖ਼ੁਦ ਸ਼ਿਵ ਵਰਮਾ ਨੂੰ ਅੱਗੇ ਆਉਣਾ ਪਿਆ। ਉਨ੍ਹਾਂ ਨੇ ਇਨ੍ਹਾਂ ਲੇਖਾਂ ਬਾਰੇ ਬੜੇ ਵਿਸਥਾਰ ਵਿਚ ਜ਼ਿਕਰ ਆਪਣੇ ਇਕ ਲੇਖ ‘ਚਾਂਦ ਫ਼ਾਂਸੀ ਅੰਕ - ਏਕ ਸਪਸ਼ਟੀਕਰਨ’ ਵਿਚ ਕੀਤਾ ਜੋ ਡਾ. ਚਮਨ ਲਾਲ ਦੀ ਲਿਖੀ ਕਿਤਾਬ ‘ਭਗਤ ਸਿੰਘ’ ਦੇ ਪੰਨਾ ਨੰਬਰ 240-244 ਉੱਤੇ ਦਰਜ ਹੈ।

ਸ਼ਿਵ ਵਰਮਾ ਨੇ ਲਿਖਿਆ: ‘ਭਗਤ ਸਿੰਘ ਨੇ ‘ਕਿਰਤੀ’ ਨਾਂ ਦੇ ਪੰਜਾਬੀ ਮਾਸਿਕ ਰਸਾਲੇ ਵਿਚ ਗ਼ਦਰ ਪਾਰਟੀ ਦੇ ਸ਼ਹੀਦਾਂ ਦੀਆਂ ਜੀਵਨੀਆਂ ਲਿਖੀਆਂ ਸਨ। ਉਹ ਗੁਰਮੁਖੀ (ਪੰਜਾਬੀ) ਵਿਚ ਸਨ। ਉਨ੍ਹਾਂ ਦਾ ਮੈਂ ਡਾ. ਗਯਾ ਪ੍ਰਸਾਦ ਜੋ ਉਸ ਵੇਲੇ ਫ਼ਿਰੋਜ਼ਪੁਰ ਵਿਖੇ ‘ਬੀ.ਏ. ਨਿਗਮ’ ਦੇ ਨਾਂ ਨਾਲ ਡਾਕਟਰੀ ਕਰਦੇ ਸਨ, ਦੇ ਮਕਾਨ ਵਿਚ ਰਹਿ ਕੇ, ਜੈ ਗੋਪਾਲ ਦੀ ਸਹਾਇਤਾ ਨਾਲ ਗੁਰਮੁਖੀ ਤੋਂ ਹਿੰਦੀ ਵਿਚ ਉਲੱਥਾ ਕੀਤਾ ਸੀ। ਭਗਤ ਸਿੰਘ ਨੇ ਸੂਫ਼ੀ ਅੰਬਾ ਪ੍ਰਸਾਦ ਅਤੇ ਕੂਕਾ ਵਿਦਰੋਹ ਦੇ ਨਾਇਕ ਗੁਰੂ ਰਾਮ ਸਿੰਘ ਦੀਆਂ ਜੀਵਨੀਆਂ ਹਿੰਦੀ ਵਿਚ ਲਿਖੀਆਂ ਸਨ ਜੋ ‘ਮਹਾਂਰਥੀ’ ਅਤੇ ‘ਪ੍ਰਭਾ’ ਰਸਾਲੇ ਵਿਚ ਛਪ ਚੁੱਕੀਆਂ ਸਨ। ਉਨ੍ਹਾਂ ਨੂੰ ਮੈਂ ਬਿਨਾ ਕਿਸੇ ਸੋਧ ਦੇ ਉੱਥੋਂ ਲੈ ਲਿਆ ਸੀ।’

ਸ਼ਿਵ ਵਰਮਾ ਨੇ ਅੱਗੇ ਲਿਖਿਆ ਕਿ ‘ਭਗਤ ਸਿੰਘ ਨੇ ਬੱਬਰ ਅਕਾਲੀ ਸ਼ਹੀਦਾਂ ਦੇ ਰੇਖਾ ਚਿੱਤਰ ਵੀ ਲਿਖੇ ਸਨ ਜੋ ਆਮ ਪੱਧਰ ਦੇ ਸਨ ਕਿਉਂਕਿ ਉਸ ਵੇਲੇ ਤੱਕ ਸ਼ਹੀਦਾਂ ਨਾਲ ਸਬੰਧਿਤ ਮੁਕੱਦਮਿਆਂ ਦੀ ਕਾਰਵਾਈ ਅਤੇ ਫ਼ੈਸਲਿਆਂ ਦੀਆਂ ਨਕਲਾਂ ਉਪਲਬਧ ਨਹੀਂ ਸਨ। ਇਹ 1928 ਵਿਚ ਹੀ ਸਾਡੇ ਹੱਥ ਲੱਗੀਆਂ ਸਨ। ਇਸ ਕਰ ਕੇ ਮੈਨੂੰ ਇਹ ਜੀਵਨੀਆਂ ਨਵੇਂ ਦਸਤਾਵੇਜ਼ਾਂ ਦੀ ਰੌਸ਼ਨੀ ਵਿਚ ਮੁੜ ਲਿਖਣੀਆਂ ਪਈਆਂ।’ ਸ਼ਿਵ ਵਰਮਾ ਨੇ ਇਸ ਸਪਸ਼ਟੀਕਰਨ ਵਿਚ ਇਹ ਵੀ ਦੱਸਿਆ ਹੈ ਕਿ ਉਨ੍ਹਾਂ ਇਹ ਜੀਵਨੀਆਂ ‘ਚਾਂਦ’ ਰਸਾਲੇ ਦੇ ਦਫ਼ਤਰ (ਅਲਾਹਾਬਾਦ) ਵਿਖੇ ਇਸ ਦੇ ਸਥਾਈ ਸੰਪਾਦਕ ਰਾਮਰਕਸ਼ ਸਿੰਘ ਸਹਿਗਲ ਵੱਲੋਂ ਮੁਹੱਈਆ ਕਰਵਾਏ ਕਮਰੇ ਵਿਚ ਬੈਠ ਕੇ ਲਿਖੀਆਂ। ਉਹ ਲਿਖਦੇ ਹਨ: ‘ਉਥੇ ਰਹਿ ਕੇ ਮੈਂ ਬੰਗਾਲ, ਮਹਾਂਰਾਸ਼ਟਰ ਅਤੇ ਕਾਕੋਰੀ ਦੇ ਸ਼ਹੀਦਾਂ ਦੀਆਂ ਜੀਵਨੀਆਂ ਲਿਖੀਆਂ। ਇਸੇ ਦੌਰਾਨ ਵਕਤ ਕੱਢ ਕੇ ਚਾਰ ਦਿਨਾਂ ਲਈ ਸ. ਭਗਤ ਸਿੰਘ ਵੀ ਅਲਾਹਾਬਾਦ ਆ ਗਏ ਸਨ ਅਤੇ ਉਨ੍ਹਾਂ ਉਥੇ ਹੀ ਰਹਿ ਕੇ ਡਾਕਟਰ ਮਥੁਰਾ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਦੀਆਂ ਜੀਵਨੀਆਂ ਲਿਖੀਆਂ। ਇਸ ਤਰ੍ਹਾਂ ਗੁਰੂ ਰਾਮ ਸਿੰਘ, ਸੂਫ਼ੀ ਅੰਬਾ ਪ੍ਰਸਾਦ, ਡਾ. ਮਥੁਰਾ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਪਾਰਟੀ ਦੇ ਬਾਕੀ ਸ਼ਹੀਦਾਂ ਦੀਆਂ ਜੀਵਨੀਆਂ ਭਗਤ ਸਿੰਘ ਦੀਆਂ ਲਿਖੀਆਂ ਹੋਈਆਂ ਅਤੇ ਬੰਗਾਲ, ਚਾਪੇਕਰ ਭਰਾਵਾਂ, ਕਾਕੋਰੀ ਦੇ ਸ਼ਹੀਦਾਂ ਅਤੇ ਬੱਬਰ ਅਕਾਲੀ ਸ਼ਹੀਦਾਂ ਦੀਆਂ ਜੀਵਨੀਆਂ ਮੇਰੀਆਂ ਲਿਖੀਆਂ ਹੋਈਆਂ ਹਨ ਅਤੇ ਗੇਂਦਾ ਲਾਲ ਦੀਕਸ਼ਿਤ ਦੀ ਜੀਵਨੀ ਬਾਰੇ ਸੰਭਾਵਨਾ ਹੈ ਕਿ ਇਹ ਰਾਮ ਪ੍ਰਸਾਦ ਬਿਸਮਿਲ ਨੇ ਲਿਖੀ ਸੀ।’

ਡਾ. ਚਮਨ ਲਾਲ ਲਿਖਦੇ ਹਨ ਕਿ ‘ਚਾਂਦ’ ਫਾਂਸੀ ਅੰਕ ਵਿਚ ਦਿੱਲੀ ਕੇਸ ਨਾਲ ਸਬੰਧਤ ਸ਼ਹੀਦਾਂ (ਮਾਸਟਰ ਅਮੀਰ ਚੰਦ, ਸ੍ਰੀ ਅਵਧ ਬਿਹਾਰੀ, ਭਾਈ ਬਾਲ ਮੁਕੰਦ ਅਤੇ ਸ੍ਰੀ ਬਸੰਤ ਕੁਮਾਰ ਬਿਸਵਾਸ) ਬਾਰੇ ਲਿਖੇ ਲੇਖ ਵੀ ਭਗਤ ਸਿੰਘ ਦੀ ਕਲਮ ’ਚੋਂ ਰਚੇ ਹੋਣ ਦੀ ਪੁਸ਼ਟੀ ਹੁੰਦੀ ਹੈ ਕਿਉਂਕਿ ਉਨ੍ਹਾਂ ਵਿਚੋਂ ਦੋ (ਸ੍ਰੀ ਅਵਧ ਬਿਹਾਰੀ ਅਤੇ ਸ੍ਰੀ ਬਸੰਤ ਕੁਮਾਰ ਵਿਸ਼ਵਾਸ) ਹੇਠਾਂ ਲੇਖਕ ਦਾ ਨਾਂ ‘ਵਿਦਰੋਹੀ’ ਲਿਖਿਆ ਮਿਲਦਾ ਹੈ, ਜੋ ਕਿ ਭਗਤ ਸਿੰਘ ਹੀ ਵਰਤਦੇ ਸਨ। ਇਸ ਤੋਂ ਇਲਾਵਾ ਪਾਠਕਾਂ ਦੇ ਧਿਆਨ ਵਿਚ ਇਹ ਗੱਲ ਵੀ ਲਿਆਂਦੀ ਜਾਂਦੀ ਹੈ ਕਿ ਭਗਤ ਸਿੰਘ ਇਸ ਤੋਂ ਪਹਿਲਾਂ ਵੀ ਇਨ੍ਹਾਂ ਚਾਰ ਸ਼ਖ਼ਸੀਅਤਾਂ ਬਾਰੇ ਲੇਖ ਲਿਖ ਕੇ ‘ਕਿਰਤੀ’ ਰਸਾਲੇ ਵਿਚ ਛਪਵਾ ਚੁੱਕੇ ਸਨ। ਉਨ੍ਹਾਂ ਦਾ ਲੇਖ ‘ਪੰਜਾਬ ਦੇ ਉੱਘੇ ਸ਼ਹੀਦ ਭਾਈ ਬਾਲਮੁਕੰਦ ਜੀ’ ਕਿਰਤੀ ਦੇ ਅਗਸਤ 1928 ਦੇ ਅੰਕ ਵਿਚ ਛਪਿਆ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਸਤੰਬਰ 1928 ਦੇ ਅੰਕ ਵਿਚ ‘ਆਜ਼ਾਦੀ ਦੀ ਭੇਟਾ! ਸ਼ਹੀਦੀਆਂ!’ ਨਾਂ ਦੀ ਲੇਖ ਲੜੀ ਹੇਠਾਂ ਦਿੱਲੀ ਵਾਰਦਾਤ ਨਾਲ ਸਬੰਧਿਤ ਬਾਕੀ ਤਿੰਨ ਸ਼ਹੀਦਾਂ - ਮਾਸਟਰ ਅਮੀਰ ਚੰਦ, ਸ੍ਰੀ ਅਵਧ ਬਿਹਾਰੀ ਅਤੇ ਸ੍ਰੀ ਬਸੰਤ ਕੁਮਾਰ’ ਬਾਰੇ ‘ਦਿੱਲੀ ਕੇਸ ਦੇ ਸ਼ਹੀਦ’ ਨਾਮ ਦਾ ਜੀਵਨੀਨੁਮਾ ਲੇਖ ਲਿਖਿਆ ਸੀ। ਇਹ ਸਾਰੇ ਲੇਖ ‘ਵਿਦਰੋਹੀ’ ਨਾਂ ਹੇਠਾਂ ਛਾਪੇ ਗਏ ਸਨ। ‘ਚਾਂਦ’ ਦੇ ਫਾਂਸੀ ਅੰਕ ਵਿਚ ਅਤੇ ‘ਕਿਰਤੀ’ ਵਿਚ ਲਿਖੇ ਲੇਖਾਂ ਵਿਚ ਕਾਫ਼ੀ ਸਮਾਨਤਾ ਹੈ ਅਤੇ ਫਾਂਸੀ ਅੰਕ ਵਾਲੇ ਲੇਖ ‘ਕਿਰਤੀ’ ਵਾਲੇ ਲੇਖਾਂ ਦੀ ਕੁਝ ਕਾਂਟ-ਛਾਂਟ ਕਰਕੇ ਛੋਟੇ ਕੀਤੇ ਹੋਏ ਮਿਲਦੇ ਹਨ। ਇਹ ਤੱਥ ਇਸ ਗੱਲ ਨੂੰ ਪੁਖ਼ਤਾ ਕਰਦੇ ਹਨ ਕਿ ਇਹ ਲੇਖ ਭਗਤ ਸਿੰਘ ਨੇ ਹੀ ਲਿਖੇ ਸਨ।

# ਅਮਰੀਕੀ ਡਾਲਰ ਨੂੰ ਸੰਸਾਰ ਭਰ 'ਚ ਵੰਗਾਰ

**ਰਾਜੀਵ ਖੋਸਲਾ**

ਅਪਰੈਲ ਦੇ ਅਖੀਰ ਵਿਚ ਅਰਜਨਟੀਨਾ ਦੇ ਆਰਥਿਕ ਮੰਤਰੀ ਸਰਜੀਓ ਮਾਸਾ ਨੇ ਐਲਾਨ ਕੀਤਾ ਕਿ ਉਹਨਾਂ ਦਾ ਮੁਲਕ ਹੁਣ ਚੀਨ ਤੋਂ ਦਰਾਮਦ ਹੋਣ ਵਾਲੀਆਂ ਵਸਤਾਂ ਦਾ ਭੁਗਤਾਨ ਅਮਰੀਕੀ ਡਾਲਰ ਦੀ ਬਜਾਇ ਚੀਨੀ ਯੂਆਨ ਵਿਚ ਕਰੇਗਾ। ਐਲਾਨ ਤੋਂ ਕੁਝ ਮਹੀਨੇ ਪਹਿਲਾਂ ਸਾਊਦੀ ਅਰਬ ਦੇ ਵਿੱਤ ਮੰਤਰੀ ਨੇ ਵੀ ਕਿਹਾ ਸੀ ਕਿ ਉਹ ਅਮਰੀਕੀ ਡਾਲਰ ਤੋਂ ਇਲਾਵਾ ਕਿਸੇ ਹੋਰ ਮੁਦਰਾ ਵਿਚ ਕਾਰੋਬਾਰ ਲਈ ਤਿਆਰ ਹਨ। ਮਾਰਚ ਵਿਚ ਬਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ) ਦੀ ਬੈਠਕ ਵਿਚ ਵੀ ਆਪਸੀ ਵਪਾਰ ਵਧਾਉਣ ਲਈ ਸਾਂਝੀ ਮੁਦਰਾ ਵਿਕਸਿਤ ਕਰਨ ਬਾਰੇ ਚਰਚਾ ਹੋਈ। ਇਸੇ ਦੌਰਾਨ ਵ੍ਹਾਈਟ ਹਾਊਸ (ਅਮਰੀਕਾ) ਦੇ ਸਾਬਕਾ ਅਰਥ ਸ਼ਾਸਤਰੀ ਜੋਸੇਫ ਸੁਲੀਵਾਨ ਨੇ ਚਿਤਾਵਨੀ ਦਿੱਤੀ ਕਿ ਜੇ ਬਰਿਕਸ ਦੇਸ਼ ਕੌਮਾਂਤਰੀ ਵਪਾਰ ਲਈ ਆਪਣੀ ਵਿਕਸਿਤ ਕੀਤੀ ਮੁਦਰਾ ਵਰਤਦੇ ਹਨ ਤਾਂ ਇਸ ਨਾਲ ਡਾਲਰ ਦੀ ਸਰਦਾਰੀ ਖ਼ਤਰੇ 'ਚ ਪੈ ਜਾਵੇਗੀ।

ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਡਾਲਰ ਭਾਵੇਂ ਅਹਿਮ ਕੌਮਾਂਤਰੀ ਮੁਦਰਾ ਬਣ ਚੁੱਕਾ ਸੀ ਪਰ ਦੂਜੇ ਵਿਸ਼ਵ ਯੁੱਧ ਦੇ ਅੰਤ ਵਿਚ ਇਹ ਦੁਨੀਆ ਦੀ ਰਿਜ਼ਰਵ ਮੁਦਰਾ ਵਜੋਂ ਸਥਾਪਿਤ ਹੋ ਗਿਆ ਸੀ। 1929-39 ਦੇ ਮੰਦਵਾੜੇ ਤੋਂ ਬਾਅਦ ਮਹਿਸੂਸ ਕੀਤਾ ਗਿਆ ਕਿ ਆਰਥਿਕਤਾ ਵਿਚ ਸਥਿਰਤਾ, ਵਿਕਾਸ ਅਤੇ ਰੁਜ਼ਗਾਰ ਲਈ ਸਰਕਾਰ ਦੀ ਲੋੜ ਅੱਗੇ ਨਾਲੋਂ ਕਿਤੇ ਵੱਧ ਚੁੱਕੀ ਹੈ। ਵੱਖੋ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੇ ਆਰਥਿਕ ਸਥਿਰਤਾ ਅਤੇ ਸਿਆਸੀ ਸ਼ਾਂਤੀ ਲਈ ਕੌਮਾਂਤਰੀ ਵਿੱਤੀ ਸੰਸਥਾ ਬਣਾਉਣ ਦੀ ਅਲਗ ਅਲਗ ਮੰਚਾਂ 'ਤੇ ਚਰਚਾ ਕੀਤੀ। ਕੌਮਾਂਤਰੀ ਆਰਥਿਕ ਪ੍ਰਣਾਲੀ ਦਾ ਨਿਰਮਾਣ ਕਰਨ ਦੇ ਮੰਤਵ ਨਾਲ (ਤਾਂ ਜੋ ਦੂਜੇ ਵਿਸ਼ਵ ਯੁੱਧ ਵਿਚ ਤਬਾਹ ਹੋਏ ਅਰਥਚਾਰਿਆਂ ਨੂੰ ਸਹਾਰਾ ਮਿਲ ਸਕੇ) 1944 ਵਿਚ 44 ਸਹਿਯੋਗੀ ਦੇਸ਼ਾਂ ਦੇ ਨੁਮਾਇੰਦਿਆਂ ਨੇ ਅਮਰੀਕਾ ਵਿਚ ਨਿਊ ਹੈਂਪਸ਼ਾਇਰ ਦੇ ਬ੍ਰੈਟਨ ਵੁੱਡਜ਼ ਵਿਚ ਹੋਟਲ ਮਾਊਂਟ ਵਾਸ਼ਿੰਗਟਨ ਵਿਚ ਮੁਲਾਕਾਤ ਕੀਤੀ ਜਿਸ ਦੌਰਾਨ ਕੌਮਾਂਤਰੀ ਮੁਦਰਾ ਫੰਡ ਅਤੇ ਆਈਬੀਆਰਡੀ (ਮੌਜੂਦਾ ਨਾਮ ਵਿਸ਼ਵ ਬੈਂਕ) ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਦੇਸ਼ਾਂ ਨੇ ਆਪਣੀਆਂ ਮੁਦਰਾਵਾਂ ਅਮਰੀਕੀ ਡਾਲਰ ਨਾਲ ਜੋੜਨ ਦਾ ਫੈਸਲਾ ਵੀ ਕੀਤਾ। ਦਰਅਸਲ, ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅਮਰੀਕਾ ਨੇ ਸਾਰੇ ਦੇਸ਼ਾਂ ਨੂੰ ਹਥਿਆਰਾਂ ਅਤੇ ਤੋਪਾਂ ਦੀ ਸਪਲਾਈ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ ਜਿਸ ਦਾ ਭੁਗਤਾਨ ਜ਼ਿਆਦਾਤਰ ਦੇਸ਼ਾਂ ਨੇ ਸੋਨੇ ਦੇ ਰੂਪ ਵਿਚ ਕੀਤਾ। ਯੁੱਧ ਦੇ ਅੰਤ ਵਿਚ ਅਮਰੀਕਾ ਦੁਨੀਆ ਦਾ ਸਭ ਤੋਂ ਵੱਧ ਸੋਨਾ ਰੱਖਣ ਵਾਲਾ ਮੁਲਕ ਬਣ ਗਿਆ। ਸੋਨੇ ਦੇ ਸਭ ਤੋਂ ਵੱਡੇ ਭੰਡਾਰ ਕਾਰਨ ਅਮਰੀਕੀ ਡਾਲਰ ਨੂੰ ਵਿਸ਼ਵ ਦੀ ਰਿਜ਼ਰਵ ਕਰੰਸੀ ਐਲਾਨ ਦਿੱਤਾ ਗਿਆ। ਬ੍ਰੈਟਨ ਵੁਡਜ਼ ਦੀ ਬੈਠਕ ਤੋਂ ਬਾਅਦ ਅਮਰੀਕੀ ਡਾਲਰ ਨੂੰ ਸੋਨੇ ਦਾ ਬਦਲ ਮੰਨਿਆ ਗਿਆ ਅਤੇ ਡਾਲਰ ਦੇ ਮੁਕਾਬਲੇ ਸਾਰੀਆਂ ਮੁਦਰਾਵਾਂ ਦੀ ਵਟਾਂਦਰਾ ਦਰ ਤੈਅ ਕਰਨ ਦਾ ਫੈਸਲਾ ਹੋਇਆ। ਇਸ ਸਮਝੌਤੇ ਤੋਂ ਬਾਅਦ ਹੋਰ ਦੇਸ਼ਾਂ ਨੇ ਵੀ ਆਪਣੀ ਮੁਦਰਾ ਨੂੰ ਸੋਨੇ ਦੀ ਬਜਾਇ ਡਾਲਰ 'ਤੇ ਆਧਾਰਿਤ ਕਰਨ ਦੀ ਸਹਿਮਤੀ ਪ੍ਰਗਟਾਈ। ਇਉਂ ਅਮਰੀਕੀ ਡਾਲਰ ਕੌਮਾਂਤਰੀ ਮੁਦਰਾ ਵਜੋਂ ਹੋਂਦ ਵਿਚ ਆਇਆ ਅਤੇ ਇਸ ਦੀ ਬਾਦਸ਼ਾਹਤ ਕਾਇਮ ਹੋ ਗਈ।

1960ਵਿਆਂ ਤੱਕ ਇਸੇ ਤਰ੍ਹਾਂ ਜਾਰੀ ਰਹੀ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਲਿੰਡਨ ਜੌਹਨਸਨ ਦੇ ਅਮਰੀਕਾ ਵਿਚ ਵਧੇਰੇ ਘਰੇਲੂ ਖ਼ਰਚੇ ਅਤੇ ਵੀਅਤਨਾਮ ਨਾਲ ਜੰਗ ਕਾਰਨ ਫ਼ੌਜੀ ਖ਼ਰਚਿਆਂ ਵਿਚ ਵਾਧੇ ਕਾਰਨ ਡਾਲਰ ਦੀ ਮੰਗ ਵਧ ਗਈ। ਇਸ ਦੇ ਨਾਲ ਨਾਲ ਯੂਰੋਪ ਦੇ ਬਹੁਤ ਸਾਰੇ ਬੈਂਕਾਂ ਨੇ ਵੀ ਡਾਲਰ ਵਿਚ ਕਰਜ਼ੇ ਦੇਣੇ ਸ਼ੁਰੂ ਕਰ ਦਿੱਤੇ। ਨਤੀਜੇ ਵਜੋਂ ਅਮਰੀਕੀ ਕੇਂਦਰੀ ਬੈਂਕ ਕੋਲ ਡਾਲਰ ਦੀ ਛਪਾਈ ਦੇ ਮੁਕਾਬਲੇ ਸੋਨੇ ਦੇ ਭੰਡਾਰ ਵਿਚ ਕਮੀ ਪੇਸ਼ ਆਉਣ ਲੱਗੀ। 70ਵਿਆਂ ਦੇ ਸ਼ੁਰੂ ਵਿਚ ਬਹੁਤ ਸਾਰੇ ਦੇਸ਼ਾਂ ਨੇ ਮਹਿੰਗਾਈ ਨਾਲ ਲੜਨ ਲਈ ਡਾਲਰ ਦੇ ਬਦਲੇ ਸੋਨੇ ਦੀ ਮੰਗ ਸ਼ੁਰੂ ਕਰ ਦਿੱਤੀ। ਹਾਲਾਤ ਨੂੰ ਕਾਬੂ ਕਰਨ ਲਈ ਅਮਰੀਕਾ ਦੇ ਰਾਸ਼ਟਰਪਤੀ ਨਿਕਸਨ ਨੇ ਅਮਰੀਕੀ ਡਾਲਰ ਨੂੰ ਸੋਨੇ ਤੋਂ ਡੀ-ਲਿੰਕ ਕਰਨ ਦਾ ਐਲਾਨ ਕੀਤਾ ਪਰ ਇਸ ਸਮੇਂ ਤਕ ਅਮਰੀਕੀ ਡਾਲਰ ਅਣ-ਐਲਾਨੀ ਕੌਮਾਂਤਰੀ ਮੁਦਰਾ ਬਣ ਚੁੱਕਾ ਸੀ। ਕੌਮਾਂਤਰੀ ਮੁਦਰਾ ਫੰਡ (ਗਲੋਬਲ ਵਿੱਤੀ ਸਥਿਰਤਾ ਰਿਪੋਰਟ-2022) ਦੇ ਅੰਕੜੇ ਦਰਸਾਉਂਦੇ ਹਨ ਕਿ ਹੁਣ ਵੀ (ਮਾਰਚ 2022 ਤਕ) ਕੁੱਲ ਕੌਮਾਂਤਰੀ ਵਿਦੇਸ਼ੀ ਮੁਦਰਾ ਭੰਡਾਰ ਦਾ ਲਗਭਗ 55% ਦੁਨੀਆ ਭਰ ਦੇ ਕੇਂਦਰੀ ਬੈਂਕਾਂ ਦੁਆਰਾ ਅਮਰੀਕੀ ਡਾਲਰ ਦੇ ਰੂਪ ਵਿਚ ਰੱਖਿਆ ਜਾਂਦਾ ਹੈ।

2019 ਵਿਚ ਡਾਲਰ ਵਿਸ਼ਵ ਵਪਾਰ ਵਿਚ 88 ਪ੍ਰਤੀਸ਼ਤ ਹਿੱਸੇਦਾਰੀ ਨਾਲ ਦੁਨੀਆ ਦੀ ਸਭ ਤੋਂ ਪ੍ਰਮੁੱਖ ਮੁਦਰਾ ਸੀ। ਹਾਲ ਹੀ 'ਚ ਅਮਰੀਕੀ ਡਾਲਰ ਨੇ ਦੁਨੀਆ ਦੀਆਂ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਮਜ਼ਬੂਤੀ ਹਾਸਲ ਕੀਤੀ ਹੈ ਜਿਸ ਦਾ ਮੁੱਖ ਕਾਰਨ ਰੂਸ-ਯੂਕਰੇਨ ਯੁੱਧ ਹੈ। ਯੁੱਧ ਨਾਲ ਜ਼ਰੂਰੀ ਵਸਤਾਂ ਦੀ ਬਰਾਮਦ ਤੇ ਦਰਾਮਦ ਵਿਚ ਵਿਘਨ ਪਿਆ ਅਤੇ ਹਰ ਪਾਸੇ ਮਹਿੰਗਾਈ ਵਿਚ ਭਾਰੀ ਵਾਧਾ ਦੇਖਣ ਨੂੰ ਮਿਲਿਆ। ਮਹਿੰਗਾਈ ਕਾਬੂ ਕਰਨ ਲਈ ਅਮਰੀਕਾ ਦੇ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਨੇ ਵਿਆਜ ਦਰਾਂ ਵਿਚ ਵਾਧਾ ਸ਼ੁਰੂ ਕੀਤਾ ਤਾਂ ਇਸ ਦੇ ਬਾਕੀ ਮੁਲਕਾਂ ਦੀ ਮੁਦਰਾ 'ਤੇ ਨਕਾਰਾਤਮਕ ਅਸਰ ਸ਼ੁਰੂ ਹੋ ਗਏ। ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ ਵਿਚ 2022 ਤੋਂ ਬਾਅਦ ਵਿਆਜ ਦਰ ਵਧਣ ਕਾਰਨ ਨਿਵੇਸ਼ਕਾਂ ਨੂੰ ਨਿਵੇਸ਼ ਕੀਤੀ ਪੂੰਜੀ ਉੱਤੇ ਵੱਧ ਵਿਆਜ ਮਿਲਣ ਲੱਗ ਪਿਆ। ਇਸ ਨਾਲ ਨਾ ਸਿਰਫ ਵਿਕਾਸਸ਼ੀਲ ਦੇਸ਼ਾਂ ਵਿਚ ਵਿਦੇਸ਼ੀ ਨਿਵੇਸ਼ ਦੀ ਕਮੀ ਆਈ, ਇਹਨਾਂ ਦੀਆਂ




ਬੈਂਕਾਂ ਜਾਂ ਸਟਾਕ ਮਾਰਕੀਟਾਂ ਵਿਚੋਂ ਵੀ ਵਿਦੇਸ਼ੀ ਨਿਵੇਸ਼ਕਾਂ ਨੇ ਪੂੰਜੀ ਕਢਾ ਕੇ ਵਿਕਸਿਤ ਮੁਲਕਾਂ ਵਿਚ ਨਿਵੇਸ਼ ਕਰ ਦਿੱਤਾ। ਬਹੁਤ ਸਾਰੇ ਵਿਕਸਿਤ ਮੁਲਕਾਂ ਵਿਚਤਾਂ 2022 ਤੋਂ ਪਹਿਲਾਂ ਵਿਆਜ ਦਰ 0% ਤੋਂ 1% ਦੇ ਵਿਚਕਾਰ ਸੀ।

ਖ਼ੁਦ ਨੂੰ ਮੁਸੀਬਤਾਂ ਤੋਂ ਬਚਾਉਣ ਖ਼ਾਤਰ ਵਿਕਾਸਸ਼ੀਲ ਮੁਲਕਾਂ ਦੇ ਕੇਂਦਰੀ ਬੈਂਕਾਂ ਨੇ ਵੀ ਵਿਆਜ ਦਰ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ। ਇਉਂ 'ਅਨੋਖਾ ਮੁਦਰਾ ਯੁੱਧ' ਸ਼ੁਰੂ ਹੋ ਗਿਆ। ਵਧਦੀਆਂ ਵਿਆਜ ਦਰਾਂ ਕਾਰਨ ਨਾ ਸਿਰਫ ਵਿਕਾਸਸ਼ੀਲ ਦੇਸ਼ਾਂ ਵਿਚ ਵਿਦੇਸ਼ੀ ਨਿਵੇਸ਼ ਵਿਚ ਕਮੀ ਆਈ ਹੈ ਬਲਕਿ ਉੱਥੇ ਦੀਆਂ ਸਰਕਾਰਾਂ ਅਤੇ ਕਾਰੋਬਾਰੀਆਂ ਨੂੰ ਵੀ ਵੱਧ ਦਰਾਂ 'ਤੇ ਕਰਜ਼ੇ ਮਿਲ ਰਹੇ ਹਨ; ਪੁਰਾਣੇ ਕਰਜ਼ਿਆਂ ਦੀ ਅਦਾਇਗੀ ਵਿਚ ਵੀ ਵੱਡੀ ਸਮੱਸਿਆ ਖੜ੍ਹੀ ਹੋ ਰਹੀ ਹੈ। ਇਹੋ ਕਾਰਨ ਹੈ ਕਿ ਸਟਾਰਟ ਅੱਪਸ ਕਾਰੋਬਾਰੀ ਅਤੇ ਹੋਰ ਉਦਯੋਗਪਤੀ ਕਰਜ਼ੇ ਮੋੜਨ ਵਿਚ ਨਾਕਾਮਯਾਬ ਹੋ ਰਹੇ ਹਨ ਅਤੇ ਆਪਣੇ ਘਾਟੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਕੇ ਪੂਰੇ ਕਰਨ ਦੀ ਕੋਸ਼ਿਸ਼ ਵਿਚ ਹਨ। ਵਿਕਾਸਸ਼ੀਲ ਦੇਸ਼ਾਂ ਦੇ ਵਪਾਰੀਆਂ ਅਤੇ ਸਰਕਾਰਾਂ ਵੱਲੋਂ ਵਿਕਸਿਤ ਮੁਲਕਾਂ ਤੋਂ ਘੱਟ ਵਿਆਜ ਦਰਾਂ 'ਤੇ ਲਏ ਕਰਜ਼ੇ ਨਾ ਮੁੜਨ ਕਾਰਨ ਵਿਕਸਿਤ ਮੁਲਕਾਂ ਦੇ ਬੈਂਕਾਂ ਵਿਚ ਵਿੱਤੀ ਸੰਕਟ ਗਹਿਰਾ ਰਿਹਾ ਹੈ। ਇਉਂ ਡਾਲਰ ਦੇ ਦਬਦਬੇ ਕਾਰਨ ਸੰਸਾਰ ਭਰ ਵਿਚ ਵਿੱਤੀ ਸਮੱਸਿਆਵਾਂ ਵਧ ਰਹੀਆਂ ਹਨ। ਵਿਗੜਦੀ ਹਾਲਤ ਸੰਭਾਲਣ ਖ਼ਾਤਰ ਹੁਣ ਡਾਲਰ ਦੇ ਬਦਲ ਵਜੋਂ ਕਿਸੇ ਹੋਰ ਮੁਦਰਾ ਬਾਰੇ ਚਰਚਾ ਹੋ ਰਹੀ ਹੈ।

ਹਾਲ ਦੀ ਘੜੀ ਦੁਨੀਆ ਭਰ ਦੇ ਕੇਂਦਰੀ ਬੈਂਕ ਸੋਨੇ ਨੂੰ ਡਾਲਰ ਦੇ ਮੁਕਾਬਲੇ ਸੁਰੱਖਿਅਤ ਬਦਲ ਮੰਨ ਰਹੇ ਹਨ। 2021 ਦੌਰਾਨ ਵੱਖ ਵੱਖ ਕੇਂਦਰੀ ਬੈਂਕਾਂ ਨੇ 455 ਟਨ ਸੋਨਾ ਖਰੀਦਿਆ, 2022 ਦੌਰਾਨ ਇਹ ਖਰੀਦਦਾਰੀ 1136 ਟਨ ਰਹੀ। ਇਸ ਦੇ ਨਾਲ ਨਾਲ ਡਾਲਰ ਦੇ ਬਦਲ ਵਜੋਂ ਹੋਰ ਮੁਦਰਾਵਾਂ ਨੂੰ ਵਿਕਸਿਤ ਕਰਨ ਦੀ ਚਰਚਾ ਚੱਲ ਰਹੀ ਹੈ। ਇਸ ਵਿਚ ਚੀਨ ਦੀ ਮੁਦਰਾ ਯੂਆਨ ਸਭ ਤੋਂ ਅੱਗੇ ਹੈ।

ਪੀਪਲਜ਼ ਬੈਂਕ ਆਫ ਚਾਈਨਾ ਨੇ 2015 ਦੌਰਾਨ ਕ੍ਰਾਸ-ਬਾਰਡਰ ਇੰਟਰ-ਬੈਂਕ ਪੇਮੈਂਟ ਸਰਵਿਸ ਦੀ ਸਥਾਪਨਾ ਕੀਤੀ ਜਿਸ ਨੂੰ ਵੱਡੀਆਂ ਬੈਂਕਾਂ ਜਿਵੇਂ ਸਿਟੀਬੈਂਕ, ਐਚ.ਐਸ.ਬੀ.ਸੀ., ਜੇ.ਪੀ. ਮੋਰਗਨ ਚੇਜ਼ ਅਤੇ ਹੋਰ ਵਿੱਤੀ ਸੰਸਥਾਵਾਂ ਨੇ ਸਵੀਕਾਰ ਕੀਤਾ। ਇਹ ਅਜਿਹੀ ਵਿਧੀ ਹੈ ਜਿਸ ਰਾਹੀਂ ਚੀਨ ਦੀ ਮੁਦਰਾ ਯੂਆਨ ਜਾਂ ਰੈਨਮਿਨਬੀ ਦਾ ਲੈਣ-ਦੇਣ ਕੌਮਾਂਤਰੀ ਪੱਧਰ 'ਤੇ ਆਸਾਨ ਹੋ ਜਾਂਦਾ ਹੈ। ਇਹ ਵਿਧੀ ਚੀਨ ਨੂੰ ਅਮਰੀਕਾ ਦੇ ਇੰਟਰ-ਬੈਂਕ ਪੇਮੈਂਟ ਸਿਸਟਮ ਦੇ ਸਮਾਨ ਬਣਾਉਂਦੀ ਹੈ। 2016 ਵਿਚ ਚੀਨ ਨੇ ਯੂਆਨ ਨੂੰ ਕੌਮਾਂਤਰੀ ਮੁਦਰਾ ਫੰਡ ਦੇ ਸਪੈਸ਼ਲ ਡਰਾਇੰਗ ਰਾਈਟਸ ਵਿਚ ਵੀ ਸ਼ਾਮਿਲ ਕਰਵਾਇਆ ਜਿੱਥੇ ਯੂਆਨ ਤੋਂ ਪਹਿਲਾਂ ਕੇਵਲ ਚਾਰ ਮੁਦਰਾ- ਅਮਰੀਕੀ ਡਾਲਰ, ਯੂਰੋ, ਯੇਨ ਤੇ ਬ੍ਰਿਟਿਸ਼ ਪੌਂਡ ਸਨ। ਸਪੈਸ਼ਲ ਡਰਾਇੰਗ ਰਾਈਟਸ ਆਪਣੇ ਆਪ ਵਿਚ ਕੋਈ ਮੁਦਰਾ ਨਹੀਂ ਬਲਕਿ ਸੰਪਤੀ ਹੈ ਜਿਸ ਨੂੰ ਕੋਈ ਵੀ ਧਾਰਕ ਮੁਲਕ ਲੋੜ ਪੈਣ 'ਤੇ ਮੁਦਰਾ ਵਿਚ ਬਦਲ ਸਕਦੇ ਹਨ। ਸੁਸਾਇਟੀ ਫਾਰ ਵਰਲਡਵਾਈਡ ਇੰਟਰ-ਬੈਂਕ ਫਾਈਨੈਂਸ਼ੀਅਲ ਟੈਲੀਕਮਿਊਨੀਕੇਸ਼ਨ (ਸਵਿਫਟ) ਅਨੁਸਾਰ ਅਮਰੀਕੀ ਡਾਲਰ, ਯੂਰੋ, ਬ੍ਰਿਟਿਸ਼ ਪਾਊਂਡ ਅਤੇ ਜਾਪਾਨੀ ਯੇਨ ਤੋਂ ਬਾਅਦ ਹੁਣ ਯੂਆਨ ਵੀ ਵੱਡੇ ਤੌਰ 'ਤੇ ਵਿਸ਼ਵਵਿਆਪੀ ਭੁਗਤਾਨਾਂ ਲਈ ਵਰਤਿਆ ਜਾ ਰਿਹਾ ਹੈ।

ਯੂਕਰੇਨ-ਰੂਸ ਜੰਗ ਤੋਂ ਬਾਅਦ ਰੂਸ ਕੌਮਾਂਤਰੀ ਪੱਧਰ 'ਤੇ ਵਿੱਤੀ ਗਤੀਵਿਧੀਆਂ ਵਿਚੋਂ ਕੱਟਿਆ ਜਾ ਚੁੱਕਾ ਹੈ। ਇਸ ਮੌਕੇ ਰੂਸ ਨੇ ਚੀਨ ਨਾਲ ਸਬੰਧ ਸੁਧਾਰੇ ਹਨ। ਯੂਆਨ ਨੇ ਰੂਸ ਵਿਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਵਿਦੇਸ਼ੀ ਮੁਦਰਾ ਦੇ ਰੂਪ ਵਿਚ ਡਾਲਰ ਨੂੰ ਪਛਾੜ ਦਿੱਤਾ ਹੈ। ਚੀਨ ਨੇ ਕਜ਼ਾਕਿਸਤਾਨ, ਪਾਕਿਸਤਾਨ, ਲਾਓਸ ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਨਾਲ ਅਜਿਹੇ ਵਪਾਰਕ ਸਮਝੌਤੇ ਕੀਤੇ ਜਿਸ ਨਾਲ ਡਾਲਰ ਦੀ ਥਾਂ ਯੂਆਨ ਦੀ ਵਰਤੋਂ ਹੋ ਸਕੇ। ਸਾਊਦੀ ਅਰਬ ਨੇ ਵੀ ਐਲਾਨ ਕੀਤਾ ਹੈ ਕਿ ਉਹ ਚੀਨ ਨਾਲ ਯੂਆਨ ਵਿਚ ਤੇਲ ਵਪਾਰ ਸ਼ੁਰੂ ਕਰੇਗਾ। ਇਰਾਨ ਜਿਹੜਾ ਸ਼ੰਘਾਈ ਸਹਿਯੋਗ ਸੰਗਠਨ ਵਿਚ ਕੇਵਲ ਨਿਰੀਖਕ ਰਿਹਾ ਹੈ, ਹੁਣ ਪੂਰਾ ਮੈਂਬਰ ਬਣਨ ਵੱਲ ਤੁਰ ਪਿਆ ਹੈ। ਰੂਸ, ਸਾਊਦੀ ਅਰਬ ਅਤੇ ਇਰਾਨ ਕੱਚੇ ਤੇਲ ਦੇ ਵੱਡੇ ਉਤਪਾਦਕ ਹਨ। ਜੇ ਇਹਨਾਂ ਵਿਚ ਤਾਲਮੇਲ ਬਣਦਾ ਹੈ ਅਤੇ ਕੱਚੇ ਤੇਲ ਦੀ ਦਰਾਮਦ ਲਈ ਇਹ ਯੂਆਨ ਵਿਚ ਭੁਗਤਾਨ ਲਈ ਸਹਿਮਤ ਹੁੰਦੇ ਹਨ ਤਾਂ ਇਹ ਸਮੂਹ ਭਵਿੱਖ ਵਿਚ ਡਾਲਰ ਦੀ ਸਰਦਾਰੀ ਨੂੰ ਮਾਤ ਦੇ ਸਕਦਾ ਹੈ। ਸੇਬੇਸਟਿਅਨ ਹੌਰਨ, ਕਾਰਮੇਨ ਰੇਨਹਾਰਟ ਅਤੇ ਕ੍ਰਿਸਟੋਫ ਟ੍ਰੇਬੇਸ਼ ਨੇ 2020 ਵਿਚ ਆਪਣੇ ਹਾਰਵਰਡ ਬਿਜ਼ਨੈੱਸ ਰਿਵੀਊ ਵਿਚ ਛਾਪੇ ਲੇਖ ਵਿਚ ਉਜਾਗਰ ਕੀਤਾ ਸੀ ਕਿ ਕੁੱਲ ਮਿਲਾ ਕੇ ਚੀਨੀ ਸਰਕਾਰ ਅਤੇ ਇਸ ਦੀਆਂ ਸਹਾਇਕ ਕੰਪਨੀਆਂ ਨੇ ਦੁਨੀਆ ਭਰ ਦੇ 150 ਤੋਂ ਵੱਧ ਦੇਸ਼ਾਂ ਨੂੰ ਸਿੱਧੇ ਅਤੇ ਅਸਿੱਧੇ ਕਰਜ਼ਿਆਂ ਵਿਚ ਲਗਭਗ 1.5 ਲੱਖ ਕਰੋੜ ਡਾਲਰ ਦਿੱਤੇ ਹਨ। ਇਸ ਨੇ ਚੀਨ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਅਧਿਕਾਰਤ ਕਰਜ਼ਦਾਤਾ ਵਿਚ ਬਦਲ ਦਿੱਤਾ ਹੈ ਜੋ ਰਵਾਇਤੀ ਰਿਨਦਾਤਿਆਂ (ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਫੰਡ) ਨੂੰ ਵੀ ਪਛਾੜ ਗਿਆ ਹੈ। ਹੁਣ ਚੀਨ ਇਹਨਾਂ ਕਰਜ਼ਿਆਂ ਦਾ ਕੁੱਝ ਹਿੱਸਾ ਮੁਆਫ਼ ਵੀ ਕਰ ਰਿਹਾ ਹੈ ਬਸ਼ਰਤੇ ਇਹ ਅਰਥਚਾਰੇ ਸਾਰੇ ਕੌਮਾਂਤਰੀ ਵਣਜ, ਵਪਾਰ ਅਤੇ ਵਿੱਤ ਭੁਗਤਾਨਾਂ ਲਈ ਡਿਜੀਟਲ ਯੂਆਨ ਵਰਤਣ।

ਭਾਰਤੀ ਸਟੇਟ ਬੈਂਕ ਨੇ ਆਪਣੀ ਈਕੋਰੈਪ ਰਿਪੋਰਟ 'ਚ ਭਾਰਤ ਤੋਂ ਪੂੰਜੀ ਦੇ ਵਹਾਅ ਅਤੇ ਮੁਦਰਾ ਦੀ ਗਿਰਾਵਟ ਨੂੰ ਸੰਭਾਲਣ ਖ਼ਾਤਰ ਭਾਰਤੀ ਰੁਪਏ ਦੇ 'ਕੌਮਾਂਤਰੀਕਰਨ' ਦੇ ਯਤਨ ਤੇਜ਼ ਕਰਨ ਦੀ ਸਿਫਾਰਸ਼ ਕੀਤੀ ਹੈ। ਰੁਪਏ ਦੇ ਕੌਮਾਂਤਰੀਕਰਨ ਵੱਲ ਕਦਮ ਭਾਵੇਂ ਸਹੀ ਦਿਸ਼ਾ ਵਿਚ ਹਨ ਪਰ ਇਸ ਵਾਸਤੇ ਬਹੁਤ ਕੁਝ ਹੋਰ ਕਰਨ ਦੀ ਲੋੜ ਹੈ। ਇਸ ਦੇ ਨਾਲ ਨਾਲ ਉਲਟ ਹਾਲਾਤ ਦਾ ਸਾਹਮਣਾ ਕਰਨ ਲਈ ਵੀ ਭਾਰਤ ਨੂੰ ਤਿਆਰ ਰਹਿਣ ਦੀ ਲੋੜ ਹੈ। ਕੁਝ ਦਿਨ ਪਹਿਲਾਂ ਹੀ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਐਲਾਨ ਕੀਤਾ ਕਿ ਉਹ ਰੂਸ-ਭਾਰਤ ਵਿਚਾਲੇ ਰੁਪਏ 'ਚ ਵਪਾਰ ਬੰਦ ਕਰ ਰਹੇ ਹਨ। ਇਹ ਕੌਮਾਂਤਰੀ ਬਾਜ਼ਾਰਾਂ 'ਚ ਰੁਪਏ ਦੇ ਦਬਦਬੇ ਨੂੰ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਹੈ। ਭਾਰਤ ਸਰਕਾਰ ਨੂੰ ਵਾਰ ਵਾਰ ਨੋਟਬੰਦੀ ਤੋਂ ਕਿਨਾਰਾ ਕਰਨ ਦੀ ਲੋੜ ਹੈ। ਕੌਮਾਂਤਰੀ ਵਪਾਰੀਆਂ ਤੇ ਨਿਵੇਸ਼ਕਾਂ ਉੱਤੇ ਇਸ ਦਾ ਨਕਾਰਾਤਮਕ ਅਸਰ ਪੈਂਦਾ ਹੈ।

ਕੋਈ ਮੁਦਰਾ ਡਾਲਰ ਨੂੰ ਟੱਕਰ ਦੇ ਕੇ ਨਵੀਂ ਰਿਜ਼ਰਵ ਕਰੰਸੀ ਬਣਦੀ ਹੈ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਜਿਸ ਤਰ੍ਹਾਂ ਵੱਖ ਵੱਖ ਮੁਲਕਾਂ ਨੇ ਡਾਲਰ ਦੀ ਬਾਦਸ਼ਾਹਤ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ, ਉਸ ਨਾਲ ਘੱਟੋ-ਘੱਟ ਡਾਲਰ ਦੀ ਬਾਦਸ਼ਾਹਤ ਦੀ ਘੜੀ ਟਿਕ ਟਿਕ ਜ਼ਰੂਰ ਕਰਨ ਲੱਗ ਪਈ ਹੈ।

# ਟਿਕਾਊ ਵਿਕਾਸ ਦਰ

**ਟੀ.ਐਨ. ਨੈਨਾਨ**

ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਭਾਰਤੀ ਅਰਥਚਾਰੇ ਦਾ ਢਾਂਚਾ ਕਾਫ਼ੀ ਨਾਟਕੀ ਢੰਗ ਨਾਲ ਬਦਲਿਆ ਹੈ। 1980-81 ਦੇ ਮੁਕਾਬਲੇ ਅਰਥਚਾਰੇ ਵਿਚ ਖੇਤੀਬਾੜੀ ਦਾ ਹਿੱਸਾ 38 ਫ਼ੀਸਦੀ ਤੋਂ ਘਟ ਕੇ 21 ਫ਼ੀਸਦੀ ਉੱਤੇ ਆ ਗਿਆ ਹੈ; ਸੇਵਾਵਾਂ ਦਾ ਹਿੱਸਾ ਇਸ ਵੇਲੇ ਤੱਕ 37 ਫ਼ੀਸਦੀ ਤੋਂ ਵਧ ਕੇ 53 ਫ਼ੀਸਦੀ ਉੱਤੇ ਪੁੱਜ ਗਿਆ ਹੈ। ਦੂਜੇ ਪਾਸੇ ਸਨਅਤ (ਉਸਾਰੀ ਸਮੇਤ) ਦਾ ਹਿੱਸਾ ਕੁੱਲ ਮਿਲਾ ਇਕੋ ਜਿਹਾ 26 ਫ਼ੀਸਦੀ ਹੈ। ਇਉਂ ਅਰਥਚਾਰੇ ਦਾ ਸਭ ਤੋਂ ਮੱਠੀ ਰਫ਼ਤਾਰ ਨਾਲ ਵਧਣ ਵਾਲਾ ਹਿੱਸਾ ਖੇਤੀਬਾੜੀ ਹੈ ਜਿਹੜਾ ਹੋਰ ਹਿੱਸਿਆਂ ਨੂੰ ਥਾਂ ਦੇਣ ਲਈ ਸੁੰਗੜ ਗਿਆ ਹੈ ਅਤੇ ਸੇਵਾਵਾਂ ਦਾ ਖੇਤਰ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਖੇਤਰ ਬਣ ਗਿਆ ਹੈ।

ਇਸ ਢਾਂਚਾਗਤ ਤਬਦੀਲੀ ਦੇ ਸਮੁੱਚੀ ਮਾਲੀ ਤਰੱਕੀ ਲਈ ਕੀ ਮਾਇਨੇ ਹਨ? ਜੇ ਮੰਨ ਲਿਆ ਜਾਵੇ ਕਿ ਖੇਤਰ-ਵਾਰ ਵਿਕਾਸ ਦਰਾਂ ਵਿਚ ਕੋਈ ਤਬਦੀਲੀ ਨਹੀਂ ਆਈ ਤਾਂ ਤੇਜ਼ੀ ਨਾਲ ਵਧ ਰਹੇ ਸੇਵਾਵਾਂ ਦੇ ਖੇਤਰ ਦੇ ਹਾਸਲ ਕੀਤੇ ਦਬਦਬੇ ਦਾ ਮਤਲਬ ਹੈ ਕਿ ਆਰਥਿਕ ਵਿਕਾਸ ਵਿਚ ਸਮੁੱਚੇ ਤੌਰ 'ਤੇ ਤੇਜ਼ੀ ਆਈ ਹੋਵੇਗੀ। ਤਿੰਨਾਂ ਖੇਤਰਾਂ ਦੇ ਵਜ਼ਨ ਵਿਚ ਆਈ ਤਬਦੀਲੀ ਨੂੰ ਦੇਖਦਿਆਂ 1980ਵਿਆਂ ਵਿਚ ਜਿਹੜੀ 5.5 ਫ਼ੀਸਦੀ ਔਸਤ ਵਿਕਾਸ ਦਰ ਸੀ, ਉਹ ਹੁਣ ਘੱਟੋ-ਘੱਟ 6.3 ਫ਼ੀਸਦੀ ਵਿਚ ਬਦਲ ਜਾਣੀ ਚਾਹੀਦੀ ਹੈ।

ਹੁਣ ਔਸਤ ਉਮਰ ਵਰਗੇ ਹੋਰ ਪੱਖਾਂ ਵਿਚ ਤਬਦੀਲੀ ਵੱਲ ਨਜ਼ਰ ਮਾਰਦੇ ਹਾਂ। ਇਹ 1980 ਵਿਚ 54 ਸਾਲ ਸੀ ਅਤੇ ਇਸ ਵੇਲੇ ਇਹ ਅੰਦਾਜ਼ਨ 70 ਸਾਲ ਹੈ। ਦੂਜੇ ਲਫ਼ਜ਼ਾਂ ਵਿਚ ਹੁਣ ਔਸਤ ਭਾਰਤੀ ਬੰਦਾ ਕੰਮ ਕਰਨ ਦੀ ਉਮਰ ਵਿਚ ਹੀ ਨਹੀਂ ਮਰ ਜਾਂਦਾ। ਇਸ ਨਾਲ ਉਤਪਾਦਕਤਾ ਵਿਚ ਸੁਧਾਰ ਹੋਇਆ ਹੋਣਾ ਚਾਹੀਦਾ ਹੈ; ਜਿਵੇਂ ਸਿੱਖਿਆ ਵਿਚ ਤੇਜ਼ੀ ਨਾਲ ਪਸਾਰਾ ਹੋਇਆ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਦੇ ਦਾਖ਼ਲਿਆਂ ਦੀ ਦਰ ਵਿਚ ਕਾਫ਼ੀ ਤੇਜ਼ ਵਾਧਾ ਹੋਇਆ ਹੈ ਹਾਲਾਂਕਿ ਸਿੱਖਿਆ ਦਾ ਮਿਆਰ ਜ਼ਰੂਰ ਮੁੱਦਾ ਹੈ। ਇਸ ਨੂੰ ਸਥਿਰ ਪੂੰਜੀ (ਜੋ 1980-81 ਵਿਚ ਜੀ.ਡੀ.ਪੀ. ਦੇ 19.7 ਫ਼ੀਸਦੀ ਤੋਂ ਵਧ ਕੇ ਕੋਵਿਡ ਮਹਾਮਾਰੀ ਤੋਂ ਪਹਿਲਾਂ 28.6 ਫ਼ੀਸਦੀ ਹੋ ਗਈ ਸੀ) ਵਿਚ ਨਿਵੇਸ਼ ਦੀਆਂ ਵਧੀਆਂ ਹੋਈਆਂ ਦਰਾਂ ਅਤੇ ਕੁਸ਼ਲਤਾ ਨੂੰ ਹੁਲਾਰਾ ਦੇਣ ਵਾਲੇ ਪੱਖਾਂ ਜਿਵੇਂ ਡਿਜੀਟਲੀਕਰਨ ਦੇ ਪਸਾਰ ਨਾਲ ਮਿਲਾ ਕੇ ਦੇਖੋ।

ਇਨ੍ਹਾਂ ਵਿਚੋਂ ਕੁਝ ਨੇ ਖੇਤਰਾਂ ਦੀ ਤਬਦੀਲੀ ਵਿਚ ਹਿੱਸਾ ਪਾਇਆ ਹੋਵੇਗਾ। ਇਸ ਦਾ ਅਨੁਕੂਲਨ ਕਰਦਿਆਂ ਕੋਈ ਵਾਜਬ ਢੰਗ ਨਾਲ ਦਲੀਲ ਦੇ ਸਕਦਾ ਹੈ ਕਿ ਭਾਰਤੀ ਅਰਥਚਾਰੇ ਦੀ ਸਾਲਾਨਾ ਵਿਕਾਸ ਦੀ ਸਮਰੱਥਾ ਘੱਟੋ-ਘੱਟ 7 ਫ਼ੀਸਦੀ ਹੋਣੀ ਚਾਹੀਦੀ ਹੈ; ਭਾਵ, ਉਹ ਹੱਦ ਜਿਸ ਤੋਂ ਅਗਾਂਹ ਕਿਸੇ ਮੁਲਕ ਬਾਰੇ ਮੰਨ ਲਿਆ ਜਾਂਦਾ ਹੈ ਕਿ ਉਸ ਨੇ ਤੇਜ਼ ਵਿਕਾਸ ਦਰ ਹਾਸਲ ਕਰ ਲਈ ਹੈ। ਦਰਅਸਲ, ਆਲਮੀ ਮਹਾਮਾਰੀ ਤੋਂ ਪਹਿਲੇ ਦੋ ਦਹਾਕਿਆਂ ਦੌਰਾਨ ਭਾਰਤ ਨੇ ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਜੋ ਸਾਲਾਨਾ ਔਸਤਨ ਵਿਕਾਸ ਹਾਸਲ ਕੀਤਾ, ਉਹ ਇਸ ਜਾਦੂਈ ਅੰਕੜੇ (7 ਫ਼ੀਸਦੀ) ਤੋਂ ਬਹੁਤਾ ਘੱਟ ਨਹੀਂ ਸੀ।

ਇਸ ਲਈ ਇਹ ਗੱਲ ਅਸਾਧਾਰਨ ਤਾਂ ਹੈ (ਭਾਵੇਂ ਸ਼ਾਇਦ ਹੈਰਾਨੀਜਨਕ ਨਹੀਂ) ਕਿ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਨੂੰ ਜਾਪਦਾ ਹੈ ਕਿ ਭਾਰਤ ਦੀ ਵਿਕਾਸ ਸਮਰੱਥਾ ਨੂੰ ਮਹਾਮਾਰੀ ਕਾਰਨ ਅੰਸ਼ਕ ਝਟਕਾ ਲੱਗਾ ਹੈ ਪਰ ਅਜਿਹਾ ਹੋਰ ਕਾਰਨਾਂ ਕਰ ਕੇ ਵੀ ਹੋਇਆ ਹੈ। ਦਰਅਸਲ, ਆਈ.ਐਮ.ਐਫ. ਦੇ ਮੁੱਖ ਅਰਥਸ਼ਾਸਤਰੀ ਪੀਅਰੇ-ਓਲੀਵਿਅਰ ਗੁਰਾਂਸ਼ਾ ਨੇ ਬੀਤੇ ਮਹੀਨੇ ਆਲਮੀ ਵਿਕਾਸ ਸੰਭਾਵਨਾਵਾਂ ਬਾਰੇ ਟਿੱਪਣੀ ਕਰਦਿਆਂ ਦਲੀਲ ਦਿੱਤੀ ਕਿ ਚਾਲੂ ਸਾਲ ਦੌਰਾਨ ਭਾਰਤ ਦਾ ਵਿਕਾਸ (ਜਿਸ ਦਾ ਆਈ.ਐਮ.ਐਫ. ਨੇ 5.9 ਫ਼ੀਸਦੀ ਦਾ ਅੰਦਾਜ਼ਾ ਲਾਇਆ) ਇਸ ਦੀ ਸਮਰੱਥਾ ਦੀ ਹੱਦ ਦੇ ਕਰੀਬ ਸੀ ਅਤੇ ਇਹ ਕਿ ਉਥੇ ਅਸਲ ਅਤੇ ਸੰਭਾਵੀ ਵਿਕਾਸ ਦਰਮਿਆਨ ਕੋਈ 'ਪੈਦਾਵਾਰੀ ਖੱਪਾ' ਨਹੀਂ ਸੀ। ਗੁਰਾਂਸ਼ਾ ਦੇ ਇਹ ਸ਼ਬਦ ਕੋਈ ਬਹੁਤ ਖ਼ੁਸ਼ਖ਼ਬਰੀ ਵਾਲੇ ਨਹੀਂ ਹਨ; ਦਰਅਸਲ ਸਰਕਾਰ ਅਤੇ ਰਿਜ਼ਰਵ ਬੈਂਕ ਦੇ ਇਸ ਸਾਲ ਵਿਕਾਸ ਦੇ ਅੰਦਾਜ਼ੇ ਇਸ ਤੋਂ ਉਚੇਰੇ ਸਨ ਪਰ ਘਰੇਲੂ ਸਮੀਖਿਆਕਾਰਾਂ ਨੂੰ ਉਸ ਵਿਕਾਸ ਦਰ ਉੱਤੇ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ ਜਿਸ ਉੱਤੇ ਭਾਰਤ ਦਾ ਕੋਈ 'ਪੈਦਾਵਾਰੀ ਖੱਪਾ' ਨਹੀਂ ਹੋਵੇਗਾ। ਕੀ ਇਹ ਬੜੀ ਮਾਮੂਲੀ ਭਾਵ 6 ਫ਼ੀਸਦੀ ਹੋਵੇਗੀ; ਮਤਲਬ ਉਸ ਦਰ ਤੋਂ ਕਿਤੇ ਘੱਟ ਜਿਹੜੀ ਦੋ ਦਹਾਕੇ ਪਹਿਲਾਂ ਹਾਸਲ ਕੀਤੀ ਸੀ?

ਇਸ ਸਵਾਲ ਦਾ ਹੱਲ ਕਰਦੇ ਸਮੇਂ ਸਾਨੂੰ ਵੀ ਕੋਵਿਡ ਦੇ ਦਰਮਿਆਨੀ ਮਿਆਦ ਦੇ ਆਰਥਿਕ ਅਸਰ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਦੌਰਾਨ ਵਧੇਰੇ ਲੋਕ ਰੋਜ਼ੀ-ਰੋਟੀ ਲਈ ਮੁੜ ਤੋਂ ਘੱਟ-ਉਤਪਾਦਕਤਾ ਵਾਲੀ ਖੇਤੀਬਾੜੀ ਵੱਲ ਪਰਤ ਰਹੇ ਹਨ। ਇਸ ਦੌਰਾਨ ਕੁੱਲ ਆਬਾਦੀ ਦੇ ਮੁਕਾਬਲੇ ਕਾਮਿਆਂ ਦੀ ਆਬਾਦੀ ਦਾ ਘੱਟ ਅਨੁਪਾਤ, ਛੋਟੇ ਤੇ ਦਰਮਿਆਨੇ ਉੱਦਮਾਂ ਦਾ ਨੁਕਸਾਨ ਅਤੇ ਇਸ ਸਭ ਕਾਸੇ ਦੇ ਸਿੱਟੇ ਵਜੋਂ ਖ਼ਪਤ ਵਿਚ ਕਮੀ ਅਤੇ (ਨਤੀਜੇ ਵਜੋਂ) ਨਿਵੇਸ਼ ਦੀ ਮੰਗ ਵਿਚ ਕਮੀ ਹੈ। ਇਸ ਦੇ ਨਾਲ ਹੀ ਅੱਜ ਜਨਤਕ ਕਰਜ਼ ਦੇ ਕਿਤੇ ਉਚੇਰੇ ਪੱਧਰ ਉੱਤੇ ਵੀ ਗ਼ੌਰ ਕਰੋ ਜਿਹੜਾ ਉਚੇਰੇ ਰਾਜਕੋਸ਼ੀ ਘਾਟੇ ਦੀ ਪੈਦਾਵਾਰ ਹੈ ਕਿਉਂਕਿ ਸਰਕਾਰ ਨੇ ਨਿਜੀ ਖ਼ਰਚਿਆਂ ਦੀ ਕਮੀ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਮੱਠੇ ਆਰਥਿਕ ਤੇ ਵਪਾਰ ਵਿਕਾਸ ਦਾ ਆਲਮੀ ਪ੍ਰਸੰਗ ਵੀ ਭੌਤਿਕ ਹੈ। ਇਸੇ ਤਰ੍ਹਾਂ ਵਾਤਾਵਰਨ ਨੂੰ ਪੁੱਜ ਰਹੇ ਨੁਕਸਾਨ ਦੇ ਵਾਧੇ ਦਾ ਅਸਰ ਹੈ; ਤੇ ਨਾਲ ਹੀ ਵਿਕਾਸ ਦਾ ਵਧੇਰੇ ਪੂੰਜੀ-ਮੁਖੀ ਸੁਭਾਅ, ਜਦੋਂ ਟਰਾਂਸਪੋਰਟ ਬੁਨਿਆਦੀ ਢਾਂਚੇ ਵਿਚ ਭਾਰੀ ਨਿਵੇਸ਼ ਕਰਨੇ ਪਏ ਹਨ। ਇਸ ਵਿਚ ਸਰਕਾਰੀ ਨੀਤੀ ਖ਼ਾਮੀਆਂ (ਜਿਵੇਂ ਇਲਾਕਾਈ ਵਪਾਰ ਇਕਰਾਰਨਾਮਿਆਂ ਤੋਂ ਲਾਂਭੇ ਰਹਿਣਾ) ਦੀ ਲਾਗਤ ਵੀ ਜੋੜ ਲਓ ਅਤੇ ਨਾਲ ਹੀ ਜੰਗ ਤੇ ਪਤਨ ਵਰਗੇ ਜੋਖਮ ਵਾਲੇ ਪੱਖਾਂ ਨੂੰ ਵੀ ਲੈ ਲਓ।

ਇਸ ਤਰ੍ਹਾਂ ਇਨ੍ਹਾਂ ਸਾਰੇ ਪੱਖਾਂ ਉੱਤੇ ਗ਼ੌਰ ਕਰਦਿਆਂ ਦੇਸ਼ ਦੇ ਵਿਕਾਸ ਦੀ ਟਿਕਾਊ ਦਰ ਵਿਚ ਕੁਝ ਕਮੀ ਨੂੰ ਮੰਨਣਾ ਹੀ ਪਵੇਗਾ। ਇਹ ਯਕੀਨਨ ਸ਼ਲਾਘਾਯੋਗ ਹੈ ਕਿ ਭਾਰਤ ਤੇਜ਼ੀ ਨਾਲ ਵਿਕਾਸ ਕਰ ਰਿਹਾ ਵੱਡਾ ਅਰਥਚਾਰਾ ਹੈ ਪਰ ਇਹ ਮਹਿਜ਼ ਪਰਸਪਰ ਸਬੰਧਿਤ ਪੈਮਾਨਾ ਹੈ। ਅਸਲੀ ਪੈਮਾਨਾ ਜਿਹੜਾ ਮਾਇਨੇ ਰੱਖਦਾ ਹੈ, ਉਹ ਇਹ ਹੈ ਕਿ ਕੀ ਅਰਥਚਾਰਾ ਤੇਜ਼ੀ ਨਾਲ ਵਿਕਾਸ ਕਰ ਰਹੇ ਹੋਣ ਵਜੋਂ ਯੋਗ ਹੋ ਸਕਦਾ ਹੈ, ਤੇ ਸਾਫ਼ ਜਾਪਦਾ ਹੈ ਕਿ ਇਸ ਵੇਲੇ ਭਾਰਤ ਪਛੜ ਗਿਆ ਹੈ। ਤੁਸੀਂ ਟਿਕਾਊ ਵਿਕਾਸ ਨੂੰ ਭਾਵੇਂ 7 ਫ਼ੀਸਦੀ ਤੋਂ ਘੱਟ ਜਾਂ 6 ਫ਼ੀਸਦੀ ਤੋਂ ਵੱਧ ਉੱਤੇ ਰੱਖੋ, ਸਰਕਾਰ ਦਾ ਕੰਮ ਇਥੇ ਆਣ ਕੇ ਮੁੱਕਦਾ ਹੈ: ਦੇਸ਼ ਦੀ ਵਿਕਾਸ ਅਤੇ ਰੁਜ਼ਗਾਰ ਨੂੰ ਵਧਾਉਣ ਦੀ ਸਮਰੱਥਾ ਵਿਚ ਇਜ਼ਾਫ਼ਾ ਕਰਨਾ।

# ਦਾਨਵੀਰ

**ਅਵਤਾਰ ਸਿੰਘ**
**ਫ਼ੋਨ: 94175-18384**

ਪਿੰਡ ਵਿਚ ਜਿਹਨੂੰ ਜ਼ਮੀਨ ਕਹਿੰਦੇ ਹਨ, ਉਹ ਸਾਡੇ ਕੋਲ ਇਕ ਮਰਲਾ ਵੀ ਨਹੀਂ ਸੀ। ਹਾਲਾਂ ਕਿ ਉਦੋਂ ਜ਼ਮੀਨ ਏਨੀ ਮਹਿੰਗੀ ਵੀ ਨਹੀਂ ਸੀ, ਜੇ ਖਰੀਦਣੀ ਹੁੰਦੀ ਤਾਂ ਮੇਰੇ ਪਿਤਾ ਜੀ ਸ਼ਾਇਦ ਮਾੜੀ-ਮੋਟੀ ਖਰੀਦ ਵੀ ਸਕਦੇ ਸਨ। ਇੱਕ ਵਾਰੀ ਕਿਸੇ ਬਜ਼ੁਰਗ ਨੇ ਪਿਤਾ ਜੀ ਨੂੰ ਸਲਾਹ ਦਿੱਤੀ ਕਿ ਉਹ ਜ਼ਮੀਨ ਖਰੀਦ ਲੈਣ। ਪਿਤਾ ਜੀ ਨੇ ਉਹ ਸਲਾਹ ਉਸੇ ਵੇਲੇ ਰੱਦ ਕਰ ਦਿੱਤੀ ਕਿ 'ਜ਼ਮੀਨ ਲੈ ਕੇ ਮੈਂ ਆਪਣੇ ਨਿਆਣੇ ਨਹੀਂ ਰੋਲਣੇ'। ਪਹਿਲੀ ਵਾਰੀ ਉਨ੍ਹਾਂ ਨੇ ਕਿਸੇ ਸਿਆਣੇ ਦਾ ਆਖਾ ਮੋੜਿਆ ਸੀ। ਹਾਲਾਂ ਕਿ ਇਕ ਵਾਰੀ ਪਿੰਡ ਦੀ ਸਿਆਣੀ ਮਾਤਾ ਜੈ ਕੋਰ ਨੇ ਰਾਹ ਵਾਟੇ ਹੀ ਪਿਤਾ ਜੀ ਨੂੰ ਕਿਹਾ ਸੀ 'ਪੁੱਤ, ਧੀਆਂ ਵਿਆਹ ਲੈ'। ਉਹਦੇ ਇਕ ਵਾਰੀ ਕਹਿਣ 'ਤੇ ਉਨ੍ਹਾਂ ਨੇ ਮੇਰੀਆਂ ਭੈਣਾਂ ਦੇ ਵਿਆਹ ਕਰ ਦਿੱਤੇ ਸਨ ਤੇ ਬਜ਼ੁਰਗ ਮਾਤਾ ਜੈ ਕੋਰ ਸਾਰੇ ਪਿੰਡ ਨੂੰ ਹੁੱਬ ਹੁੱਬ ਦੱਸਦੀ 'ਮੈਂ ਕਿਹਾ ਪੁੱਤ ਧੀਆਂ ਵਿਆਹ ਲੈ, ਪੁੱਤ ਨੇ ਧੀਆਂ ਵਿਆਹ ਲਈਆਂ'। ਜਿਵੇਂ ਮੇਰੀਆਂ ਭੈਣਾਂ ਦੇ ਵਿਆਹ ਨਾਲ ਜੈ ਕੋਰ ਦਾ ਜੀਣਾ ਸਕਾਰਥਾ ਹੋ ਗਿਆ ਹੋਵੇ।

ਮੈਂ ਕਈ ਵਾਰੀ ਸੋਚਦਾਂ ਕਿ ਉਨ੍ਹਾਂ ਨੇ ਜ਼ਮੀਨ ਲੈਣ ਵਾਲੀ ਬਜ਼ੁਰਗ ਦੀ ਸਲਾਹ ਕਿਉਂ ਨਾ ਮੰਨੀ, ਜਦ ਕਿ ਉਨ੍ਹਾਂ ਦੀ ਏਨੀ ਬਣੀ ਹੋਈ ਸੀ ਕਿ ਉਹ ਕਿਸੇ ਤੋਂ ਵੀ ਲੈ ਦੇ ਕੇ ਸੌਦਾ ਮਾਰ ਸਕਦੇ ਸਨ। ਅਸਲ ਵਿਚ ਇਕ ਤਾਂ ਉਹ ਕਰਜ਼ਾ ਲੈਣ ਨੂੰ 'ਜੁਰਮ' ਕਹਿੰਦੇ ਹੁੰਦੇ ਸਨ ਤੇ ਦੂਜਾ ਉਨ੍ਹਾਂ ਦਾ ਰੁਝਾਨ ਰੱਤੀ ਭਰ ਵੀ ਜ਼ਮੀਨੀ ਨਹੀਂ ਸੀ। ਬਲਕਿ ਉਨ੍ਹਾਂ ਦਾ ਸ਼ੌਕ ਕਬੀਰ ਤੇ ਸੁਕਰਾਤ ਨਾਲ ਮਿਲ਼ਦਾ ਜੁਲਦਾ ਸੀ। ਕਹਿੰਦੇ ਹਨ ਸੁਕਰਾਤ ਦਿਨ ਵਿਚ ਏਨਾ ਕੁ ਕੰਮ ਕਰਦਾ ਸੀ, ਜਿਹਦੇ ਨਾਲ ਰਾਤ ਤੱਕ ਦੇ ਖਾਣੇ ਦਾ ਇੰਤਜ਼ਾਮ ਹੋ ਸਕੇ। ਕਬੀਰ ਵੀ ਕਹਿੰਦੇ ਸਨ ਕਿ 'ਰੱਬਾ ਏਨਾ ਕੁ ਦੇਈਂ ਜਿਹਦੇ ਨਾਲ ਟੱਬਰ ਪਲ਼ ਸਕੇ ਤੇ ਆਇਆ ਗਿਆ ਭੁੱਖਾ ਨਾ ਜਾਵੇ'।

ਕਬੀਰ ਨੇ ਬਾਣੀ ਵਿਚ ਆਪਣੇ ਘਰ ਦਾ ਨਕਸ਼ਾ ਪੇਸ਼ ਕੀਤਾ ਹੈ ਕਿ ਦੋ ਚਾਰ ਬੰਦੇ ਕੱਛ ਵਿਚ ਕਿਤਾਬਾਂ ਲਈ ਉਹਦੇ ਘਰ ਨੂੰ ਆ ਰਹੇ ਹੁੰਦੇ ਸਨ, ਦੋ ਚਾਰ ਘਰੇ ਬੈਠੇ ਵਿਚਾਰ ਚਰਚਾ ਕਰ ਰਹੇ ਹੁੰਦੇ ਸਨ ਤੇ ਦੋ ਚਾਰ ਵਾਪਸ ਜਾ ਰਹੇ ਹੁੰਦੇ ਸਨ। ਕਬੀਰ ਦੇ ਘਰ ਵਾਲੇ ਅਕਸਰ ਸ਼ਿਕਾਇਤ ਕਰਦੇ ਕਿ ਜਦ ਘਰੇ ਕੋਈ ਆਇਆ ਹੁੰਦਾ ਹੈ ਤਾਂ ਉਨ੍ਹਾਂ ਨੂੰ ਦਾਣੇ ਚੱਬ ਕੇ ਸਾਰਨਾ ਪੈਂਦਾ ਹੈ ਤੇ ਭੁੰਜੇ ਸੌਣਾ ਪੈਂਦਾ ਹੈ। ਉਹ ਦੱਸਦੇ ਹਨ ਕਿ ਆਏ ਗਏ ਨੂੰ ਖਾਣ ਲਈ ਰੋਟੀ ਦਿੱਤੀ ਜਾਂਦੀ ਹੈ ਤੇ ਸੌਣ ਨੂੰ ਮੰਜਾ ਬਿਸਤਰਾ ਦਿੱਤਾ ਜਾਂਦਾ ਹੈ।

ਸਾਡੇ ਘਰ ਵਿਚ ਕਬੀਰ ਵਾਲੀ ਹਾਲਤ ਨਹੀਂ ਸੀ ਕਿ ਅਸੀਂ ਭੁੱਖੇ ਰਹੀਏ ਤੇ ਪ੍ਰਾਹੁਣੇ ਖਾਣ; ਅਸੀਂ ਭੁੰਜੇ ਤੇ ਪ੍ਰਾਹੁਣੇ ਮੰਜਿਆਂ 'ਤੇ ਸੌਣ। ਪਰ ਸਾਡੇ ਘਰ ਸ਼ੇਖ ਸਾਅਦੀ ਦੀ ਤਰਾਂ ਆਏ-ਗਏ ਲਈ ਬਹੁਤਾ ਉਚੇਚ ਨਹੀਂ ਸੀ ਹੁੰਦਾ। ਆਏ-ਗਏ ਲਈ ਅਸੀਂ ਸਣ ਦੇ ਮੰਜੇ ਡਾਹੁਣੇ ਤੇ ਸੰਦੂਕ ਵਿਚੋਂ ਕੱਢ ਕੇ ਦੋਹਰਾ ਡੱਬੀਦਾਰ ਖੇਸ ਵਿਛਾਉਣਾ, ਉੱਤੇ ਚਾਦਰ ਵਿਛਾਉਣੀ, ਨਾਲ ਸਿਰਹਾਣਾ, ਖੇਸੀ ਤੇ ਪੱਖੀ ਰੱਖਣੀ। ਕਿਸੇ ਕਿਸੇ ਲਈ ਆਂਡਿਆਂ ਦੀ ਭੁਰਜੀ ਤੇ ਕਿਸੇ ਕਿਸੇ ਲਈ ਕੜਾਹ ਪ੍ਰਸ਼ਾਦ ਬਣਨਾ। ਅਸੀਂ ਕਬੀਰ ਦੇ ਟੱਬਰ ਵਾਂਗ ਕਦੇ ਖਿਝਦੇ ਨਹੀਂ ਸਾਂ, ਬਲਕਿ ਹਮੇਸ਼ਾ ਉਡੀਕਦੇ ਰਹਿੰਦੇ ਕੋਈ ਆਵੇ, ਅਸੀਂ ਗੱਲਾਂ ਸੁਣੀਏਂ, ਭੁਰਜੀ ਖਾਈਏ ਤੇ ਕੜਾਹ ਪ੍ਰਸ਼ਾਦ ਛਕੀਏ।

ਪਿੰਡ ਵਿਚ ਜਿਹਨੂੰ ਥਾਂ ਕਹਿੰਦੇ ਹਨ, ਉਹ ਸਾਡੇ ਜਿੰਨੀ ਕਿਸੇ ਕੋਲ ਨਹੀਂ ਸੀ। ਬੇਸ਼ੱਕ ਸਾਡੀ ਥਾਂ ਇਹੋ ਜਹੀ ਸੀ, ਜਿਹਨੂੰ ਨਾਪਿਆ ਨਹੀਂ ਸੀ ਜਾ ਸਕਦਾ ਕਿ ਅਸੀਂ ਦੱਸ ਸਕਦੇ ਉਹ ਕਿੰਨੀ ਹੈ। ਫਿਰ ਵੀ ਅਟਾ-ਸਟਾ ਉਹ ਇਕ ਕਿੱਲੇ ਤੋਂ ਕੁਝ ਹੀ ਘੱਟ ਹੋਵੇਗੀ। ਪਰ ਉਹ ਏਨੀ ਉੱਚੀ ਨੀਵੀਂ ਤੇ ਵਿੰਗੀ ਟੇਢੀ ਸੀ ਕਿ ਉੱਥੇ ਰਹਿੰਦਿਆਂ ਜੇ ਸ਼ਿਮਲਾ ਨਹੀਂ ਤਾਂ ਘੱਟੋ ਘੱਟ ਜੇਜੋਂ ਦਾ ਭੁਲੇਖਾ ਜ਼ਰੂਰ ਪੈਂਦਾ ਸੀ। ਅੱਧੇ ਪਿੰਡ ਦੇ ਨਿਆਣੇ ਗੁਰਦੁਆਰੇ ਦੇ ਵਿਹੜੇ ਵਿਚ ਖੇਡਦੇ ਸਨ ਤੇ ਬਾਕੀ ਸਾਰੇ ਸਾਡੇ ਵਿਹੜੇ ਵਿਚ ਖੇਡਣ ਆਉਂਦੇ ਸਨ। ਸਾਰੇ ਪਿੰਡ ਵਿਚ ਬੱਚਿਆਂ ਦੇ ਖੇਡਣ ਲਈ ਹੋਰ ਕੋਈ ਖੁੱਲ੍ਹੀ ਥਾਂ ਨਹੀਂ ਸੀ। ਇੱਥੋਂ ਤੱਕ ਕੇ ਸਾਡੇ ਵਿਹੜੇ ਵਿਚ ਏਨੀ ਵੱਡੀ ਤੇ ਪੁਰਾਣੀ ਨਿੰਮ ਸੀ ਕਿ ਸੌਣ ਦੇ ਮਹੀਨੇ ਵਿਚ ਉਹਦੇ ਉੱਤੇ ਪੀਂਘ ਪਾ ਕੇ ਸਾਰੇ ਪਿੰਡ ਦੀਆਂ ਕੁੜੀਆਂ ਝੂਟਣ ਆਉਂਦੀਆਂ। ਆਲੋ, ਪਾਲੋ, ਭੋਲੀ, ਭੋਲਾਂ, ਸੀਤੋ, ਮੀਤੋ, ਚਰਨੋ, ਨੰਜੋ, ਕੱਤੋ, ਗਿਆਨੋ ਤੇ ਮੇਰੀਆਂ ਭੈਣਾਂ ਮਿਲ ਕੇ ਪੀਂਘ ਅਸਮਾਨੀ ਚੜ੍ਹਾ ਲੈਂਦੀਆਂ ਤੇ ਰੱਬ ਜਿੱਡੇ ਸੁਪਨੇ ਸਿਰਜਦੀਆਂ। ਲੰਮੀਆਂ ਲੰਮੀਆਂ ਹੇਕਾਂ ਅਤੇ ਹੂਕਾਂ ਵਾਲੇ ਗੀਤ ਅੱਜ ਵੀ ਮੇਰੇ ਕੰਨਾ ਵਿਚ ਗੂੰਜਦੇ ਹਨ।

ਸਾਡੇ ਘਰੇ ਆਇਆ ਹਰ ਮਹਿਮਾਨ ਉਸ ਲੁਕੇਸ਼ਨ ਤੋਂ ਪ੍ਰਭਾਵਤ ਹੁੰਦਾ ਸੀ ਤੇ ਕਹਿੰਦਾ ਸੀ ਕਿ ਇੱਥੇ ਰਹਿਣ ਨੂੰ ਜੀ ਕਰਦਾ ਹੈ। ਕਈ ਤਾਂ ਇਹ ਵੀ ਕਹਿੰਦੇ ਸਨ ਕਿ ਇੱਥੇ ਬੰਦਾ ਕਿਤਾਬ ਲੈ ਕੇ ਆਵੇ ਤੇ ਪੜ੍ਹਦਾ ਰਹੇ। ਮੇਰਾ ਕੋਈ ਦੋਸਤ ਅਜਿਹਾ ਨਹੀਂ ਜਿਹੜਾ ਮੇਰੇ ਪਿੰਡ ਕਈ ਕਈ ਦਿਨ ਰਿਹਾ ਨਾ ਹੋਵੇ। ਇਕਬਾਲ, ਹਰਜੀਤ, ਗੁਰਮੇਜ, ਗੁਰਸ਼ੇਰ, ਜਗਦੀਸ਼, ਦਰਸ਼ਣ ਤੇ ਪ੍ਰੋ ਹਰਪਾਲ ਸਿੰਘ ਇੱਥੇ ਇੱਦਾਂ ਰਹਿੰਦੇ ਸਨ, ਜਿੱਦਾਂ ਕੋਈ ਆਪਣੇ ਘਰ ਰਹਿੰਦਾ ਹੈ। ਮੈਨੂੰ ਸਭ ਯਾਦ ਹੈ ਕਿ ਆਪਣੇ ਕਿਹੜੇ ਦੋਸਤ ਨਾਲ ਕਿਹੜੀ ਕਿਤਾਬ ਕਿੱਥੇ ਬੈਠ ਕੇ ਪੜ੍ਹੀ ਸੀ। ਕਿਹੜੀ ਕਹਾਣੀ, ਲੇਖ ਤੇ ਕਵਿਤਾ 'ਤੇ ਕਿਹਨੇ ਕੀ ਕਿਹਾ ਸੀ। ਇੱਥੋਂ ਤੱਕ ਕਿ ਕਿਹੜੇ ਦੋਸਤ ਕਿਥੇ ਸੁੱਤੇ ਸਨ, ਕਦੋਂ ਰਾਤ ਨੂੰ ਮੀਂਹ ਆ ਗਿਆ ਸੀ ਤੇ ਅੱਧੀ ਰਾਤ ਨੂੰ ਅਫਰਾ-ਤਫਰੀ ਮਚ ਗਈ ਸੀ। ਕਿੱਦਾਂ ਅਸੀਂ ਭਿੱਜਣ ਤੋਂ ਪਹਿਲਾਂ ਦੋਸਤਾਂ ਦੇ ਮੰਜੇ ਅੰਦਰ ਡਾਹੇ ਸਨ। ਸੌਣ ਦੇ ਮਹੀਨੇ ਵਿਚ ਭੀਂ ਭੀਂ ਕਰਦੇ ਮੱਛਰ ਵਿਚ ਬਾਕੀ ਰਾਤ ਕਿੱਦਾਂ ਲੰਘਾਈ ਸੀ, ਸਭ ਯਾਦ ਹੈ।

ਮੇਰੇ ਪਿੰਡ ਦੀਆਂ ਯਾਦਾਂ ਪੰਜਾਬ ਦੇ ਕਿਸੇ ਵੀ ਪਿੰਡ ਨੂੰ ਮਾਤ ਪਾਉਂਦੀਆਂ ਹਨ। ਜਿਵੇਂ ਸਮੁੰਦਰ ਵਿਚ ਦੂਰੋਂ ਆਉਂਦੇ ਜਹਾਜ ਦੀ ਪਹਿਲਾਂ ਚਿਮਨੀ ਨਜ਼ਰ ਆਉਂਦੀ ਹੈ, ਇਵੇਂ ਸਾਡੇ ਘਰੇ ਘਾਟੀ ਚੜ੍ਹੇ ਆਉਂਦੇ ਮਹਿਮਾਨ ਦਾ ਪਹਿਲਾਂ ਸਿਰ ਦਿਖਦਾ ਸੀ ਜਿਹਨੂੰ ਦੇਖ ਕੇ ਤੂਤਾਂ ਹੇਠ ਬੈਠੇ ਮੇਰੇ ਪਿਤਾ ਜੀ ਜੈਕਾਰਾ ਛੱਡ ਦਿੰਦੇ ਸਨ ਤੇ ਅੱਧੇ ਪਿੰਡ ਵਿਚ ਪਤਾ ਲੱਗ ਜਾਂਦਾ ਸੀ ਕਿ ਇਨ੍ਹਾਂ ਦੇ ਕੋਈ ਆਇਆ ਹੈ। ਮੇਰੀ ਬੀਬੀ ਫਟਾ-ਫਟ ਪਤੀਲੀ ਮਾਂਜਣ ਲੱਗ ਪੈਂਦੀ ਕਿ ਹੁਣ ਚਾਹ ਦਾ ਹੁਕਮ ਚੜ੍ਹਨ ਵਾਲਾ ਹੈ ਤੇ ਅਸੀਂ ਫਟਾਫਟ ਨਲ਼ਕਾ ਗੇੜਨ ਲੱਗ ਪੈਂਦੇ ਕਿ ਆਉਣ ਵਾਲੇ ਨੂੰ ਠੰਢਾ ਪਾਣੀ ਕੱਢ ਕੇ ਪਿਲਾਉਣਾ ਹੈ।



ਆਏ ਗਏ ਲਈ ਸਣ ਦਾ ਮੰਜਾ ਡਾਹੁਣਾ, ਸਾਹਮਣੇ ਮੇਜ਼ ਰੱਖਣਾ ਤੇ ਪਾਣੀ ਪਿਲਾਉਣਾ। ਫਿਰ ਚਾਹ ਬਣਨੀ ਤੇ ਫਿਰ ਚੱਲ ਸੁ ਚੱਲ। ਸਭ ਤੋਂ ਮਜ਼ੇਦਾਰ ਗੱਲ ਹੁੰਦੀ ਸੀ ਆਏ ਗਏ ਨਾਲ ਹੋਣ ਵਾਲੀ ਗੱਲਬਾਤ। ਅਸੀਂ ਤਿੰਨੇ ਭਾਈ ਕੰਮ-ਕਾਰ ਕਰਦੇ ਹੋਏ ਵੀ ਆਪਣੇ ਕੰਨ, ਹੋ ਰਹੀ ਗੱਲਬਾਤ ਨਾਲ ਜੋੜੀ ਰੱਖਦੇ। ਜਿੰਨੀਆਂ ਤੇ ਜਿਹੋ ਜਹੀਆਂ ਗੱਲਾਂ ਵੀ ਸਾਡੇ ਘਰ ਵਿਚ ਹੁੰਦੀਆਂ ਸਨ, ਓਨੀਆਂ ਸਾਰੇ ਪਿੰਡ ਵਿਚ ਨਹੀਂ ਸੀ ਹੁੰਦੀਆਂ। ਸਾਡਾ ਘਰ ਗੱਲਾਂ ਦਾ ਘਰ ਸੀ ਤੇ ਗੱਲਾਂ ਨਾਲ ਹੀ ਸਾਡਾ ਘਰ ਪੂਰਾ ਹੁੰਦਾ ਸੀ।

ਮੇਰੇ ਪਿਤਾ ਜੀ ਸਿਆਣੇ ਸਨ ਪਰ ਉਹ ਦੁਨੀਆਦਾਰ ਨਹੀਂ ਸਨ ਤੇ ਕਾਰੋਬਾਰੀ ਤਾਂ ਬਿਲਕੁਲ ਨਹੀਂ ਸਨ। ਉਨ੍ਹਾਂ ਦਾ ਕਾਰੋਬਾਰ ਇੰਚ ਇੰਚ ਇਮਾਨਦਾਰੀ 'ਤੇ ਨਿਰਭਰ ਕਰਦਾ ਸੀ। ਉਨ੍ਹਾਂ ਦਾ ਕਮਾਇਆ ਹੋਇਆ ਇਕ ਇਕ ਪੈਸਾ, ਖ਼ੂਨ ਪਸੀਨੇ ਤੋਂ ਵੀ ਗਾਂਹ, ਉਨ੍ਹਾਂ ਦੀ ਢਲ਼ੀ ਹੋਈ ਚਰਬੀ ਤੇ ਹੱਡੀਆਂ ਦੀ ਘਸਾਈ ਦੀ ਕੀਮਤ ਸੀ। ਇਹਤੋਂ ਉਰੇ ਉਹ ਕਿਸੇ ਕੰਮ ਨੂੰ ਕੰਮ ਨਹੀਂ ਸੀ ਸਮਝਦੇ। ਉਹ ਆਪਣੇ ਘਰ ਦੇ ਅੰਦਰ ਸਖ਼ਤ ਅਨੁਸ਼ਾਸਨ-ਪਸੰਦ ਵਿਅਕਤੀ ਸਨ ਤੇ ਬਾਹਰ ਉਹ ਬੜੇ ਤਿਆਗ ਦੀ ਮੂਰਤ ਸਮਝੇ ਜਾਂਦੇ ਸਨ। ਮੈਂ ਆਪਣੇ ਬਚਪਨ ਵਿਚ, ਗੱਲਾਂ ਕਰਕੇ, ਉਨ੍ਹਾਂ ਨੂੰ ਬਹੁਤ ਪਸੰਦ ਕਰਦਾ ਸੀ ਪਰ ਉਨ੍ਹਾਂ ਦੇ ਕੰਮਾਂ ਕਰਕੇ ਬਿਲਕੁਲ ਵੀ ਉਨ੍ਹਾਂ ਨੂੰ ਪਸੰਦ ਨਹੀਂ ਸੀ ਕਰਦਾ। ਜਦ ਕੋਈ ਆਇਆ ਗਿਆ ਨਾ ਹੁੰਦਾ ਤਾਂ ਉਹ ਸਾਨੂੰ ਕਿਸੇ ਨਾ ਕਿਸੇ ਕੰਮ ਲਾਈ ਰੱਖਦੇ ਤੇ ਮਾੜੀ ਜਹੀ ਅਣਗਹਿਲੀ ਜਾਂ ਗਲਤੀ ਵੀ ਬਰਦਾਸ਼ਤ ਨਾ ਕਰਦੇ। ਹਰ ਅਣਗਹਿਲੀ ਲਈ ਝਿੜਕੇ ਖਾਣੇ ਪੈਂਦੇ ਤੇ ਗਲਤੀ ਲਈ ਛਿੱਤਰ ਪਰੇਡ ਵੱਟ 'ਤੇ ਪਈ ਰਹਿੰਦੀ। ਅਸੀਂ ਅਕਸਰ ਸੋਚਦੇ ਕਿ ਪਿਤਾ ਜੀ ਘਰ ਹੋਣ ਤਾਂ ਘਰੇ ਕੋਈ ਆਇਆ-ਗਿਆ ਰਹੇ ਤਾਂ ਚੰਗਾ। ਆਏ-ਗਏ 'ਤੇ ਸਾਡੇ ਘਰ ਰੌਣਕ ਲੱਗ ਜਾਂਦੀ ਤੇ ਗਿਆਨ ਗੋਸ਼ਟੀ ਜਾਰੀ ਹੋ ਜਾਂਦੀ, ਜਿਹੜੀ ਕਿਸੇ ਆਏ ਦੇ ਚਲੇ ਜਾਣ 'ਤੇ ਵੀ ਜਾਰੀ ਰਹਿੰਦੀ ਤੇ ਕਈ ਕਈ ਦਿਨ ਉਸ ਗੋਸ਼ਟੀ ਦਾ ਚਰਚਾ ਹੁੰਦਾ ਰਹਿੰਦਾ।

ਅਸੀਂ ਘਰ ਵਿਚ ਆਮ ਤੌਰ 'ਤੇ ਇਕ ਮੱਝ ਰੱਖਦੇ ਸਾਂ ਤੇ ਮੇਰੀ ਬੀਬੀ ਘਰ ਦਾ ਸਾਰਾ ਕੰਮ ਕਰਦੀ ਤੇ ਮੱਝ ਪਾਲ਼ਦੀ। ਅਸੀਂ ਪੱਠੇ ਕੁਤਰ ਦਿੰਦੇ ਤੇ ਕਦੇ ਕਦੇ ਮੱਝ ਨੂੰ ਪਾ ਵੀ ਦਿੰਦੇ। ਦੋ ਵੇਲੇ ਮੱਝ ਨੂੰ ਪਾਣੀ ਪਿਲਾਉਂਦੇ ਤੇ ਦੂਜੇ ਤੀਜੇ ਨੁਹਾ ਵੀ ਦਿੰਦੇ। ਕਦੇ ਕਦੇ ਨੈੜੀ 'ਚ ਨੁਹਾ ਲਿਆਉਂਦੇ ਤੇ ਫਲਾਹੀਆਂ ਚਾਰ ਲਿਆਉਂਦੇ। ਗਰਮੀਆਂ ਵਿਚ ਧੁੱਪ ਹੋਣ 'ਤੇ ਛਾਵੇਂ ਬੰਨ੍ਹ ਦਿੰਦੇ ਤੇ ਸਰਦੀਆਂ ਵਿਚ ਛਾਂ ਹੋਣ 'ਤੇ ਧੁੱਪੇ ਬੰਨ੍ਹ ਦਿੰਦੇ। ਪਸ਼ੂਆਂ ਵਿਚ ਸਾਡੀ ਕਦੇ ਵੀ ਕੋਈ ਦਿਲਚਸਪੀ ਨਹੀਂ ਸੀ ਹੁੰਦੀ।

ਇਕ ਵਾਰੀ ਕਿਸੇ ਗ਼ਰਜ਼ ਕਾਰਣ ਮੱਝ ਵੇਚਣੀ ਪੈ ਗਈ ਤਾਂ ਸੁਣ-ਸੁਣਾ ਕੇ ਵਪਾਰੀ ਆਉਣ ਲੱਗ ਪਏ। ਸਾਰੇ ਵਪਾਰੀ ਮੱਝ ਵਿਚ ਨੁਕਸ ਕੱਢ ਕੇ ਚਲੇ ਜਾਣ। ਪਿਤਾ ਜੀ ਨੂੰ ਲੱਗਿਆ ਕਿ ਇਹ ਮੱਝ ਨਹੀਂ ਵਿਕਣੀ। ਚੌਥਾ ਵਪਾਰੀ ਆਇਆ ਤਾਂ ਪਿਤਾ ਜੀ ਕਹਿਣ ਲੱਗੇ, "ਦੇਖੋ ਜੀ, ਇਹ ਮੱਝ ਤਾਂ ਹੈ ਬਾਈ ਸੌ ਦੀ, ਪਰ ਅਸੀਂ ਇਹਦਾ ਬਾਈ ਸੌ ਨਹੀਂ ਮੰਗਦੇ, ਚਲੋ ਅਸੀਂ ਦੋ ਹਜ਼ਾਰ ਵੀ ਨਹੀਂ ਮੰਗਦੇ, ਚਲੋ ਅਸੀਂ ਅਠਾਰਾਂ ਸੌ ਵੀ ਨਹੀਂ ਮੰਗਦੇ, ਚਲੋ ਛੱਡੋ ਤੁਸੀਂ ਇਹਦਾ ਪੰਦਰਾਂ ਸੌ ਦੇ ਦਿ"।" ਵਪਾਰੀ ਨੇ ਹੀਂ ਹੀਂ ਕੀਤੀ ਤੇ ਕਹਿਣ ਲੱਗਾ, "ਜੀ ਇਹ ਤਾਂ ਬਹੁਤ ਹੈ, ਅਸੀਂ ਤਾਂ ਵੱਧ ਤੋਂ ਵੱਧ ਬਾਰਾਂ ਸੌ ਦੇਵਾਂਗੇ।" ਪਿਤਾ ਜੀ ਝੱਟ ਮੰਨ ਗਏ ਤੇ ਵਪਾਰੀ ਜਾਂਦੇ ਜਾਂਦੇ ਸੌ ਰੁਪਿਆ ਹੋਰ ਛੁਡਵਾ ਕੇ ਪੱਚੀ ਸੌ ਦੀ ਮੱਝ ਗਿਆਰਾਂ ਸੌ ਦੀ ਲੈ ਗਏ। ਉਨ੍ਹਾਂ ਦਿਨਾਂ ਵਿਚ ਲੋਕ ਵੇਚੀ ਹੋਈ ਮੱਝ ਦਾ ਸੰਗਲ਼ ਖੋਲ੍ਹ ਲੈਂਦੇ ਸਨ, ਪਰ ਪਿਤਾ ਜੀ ਨੇ ਸੰਗਲ਼ ਵੀ ਮੱਝ ਦੇ ਨਾਲ਼ ਹੀ ਦੇ ਦਿੱਤਾ। ਪਿਤਾ ਜੀ ਇਹੋ ਜਿਹੇ ਵਪਾਰੀ ਤੇ ਕਾਰੋਬਾਰੀ ਸਨ।

ਪਿਤਾ ਜੀ ਦੇ ਬਚਪਨ ਦੇ ਇਕ ਦੋਸਤ ਕੋਲ ਘਰ ਦੀ ਥਾਂ ਬਹੁਤ ਥੋੜੀ ਸੀ, ਜਿੱਥੇ ਉਹ ਆਪ ਵੀ ਰਹਿੰਦੇ ਸਨ ਤੇ ਦੋ ਤਿੰਨ ਮੱਝਾਂ ਵੀ ਰੱਖਦੇ ਸਨ। ਮੱਝਾਂ ਰੱਖਣ ਲਈ ਉਨ੍ਹਾਂ ਕੋਲ ਥਾਂ ਨਹੀਂ ਸੀ ਇਸ ਕਰਕੇ ਉਨ੍ਹਾਂ ਦੇ ਮੰਜੇ ਮੱਝਾਂ ਵਿਚ ਹੀ ਡਹਿੰਦੇ ਤੇ ਅਸੀਂ ਸੋਚ ਸਕਦੇ ਹਾਂ ਉਹ ਕਿੰਨੇ ਤੰਗ ਤੰਗ ਰਹਿੰਦੇ ਹੋਣਗੇ। ਉਸ ਦੋਸਤ ਨੇ ਪਿਤਾ ਜੀ ਤੋਂ ਥਾਂ ਮੰਗੀ ਤਾਂ ਪਿਤਾ ਜੀ ਨੇ ਨਾਂਹ ਕਰ ਦਿੱਤੀ। ਕਿਉਂਕਿ ਪਿਤਾ ਜੀ ਦੇ ਪਿਤਾ ਨੇ ਸਖ਼ਤ ਹਿਦਾਇਤ ਕੀਤੀ ਹੋਈ ਸੀ ਪਈ 'ਕਾਕਾ ਇਹ ਥਾਂ ਨਾ ਕਦੇ ਵੇਚੀਂ।'

ਉਸ ਦੋਸਤ ਨੇ ਪਿੰਡ ਦੇ ਮੋਹਿਤਬਰ ਸੋਢੀ ਸਾਹਿਬ ਤੇ ਸੇਵਾ ਸੋਹ ਤੋਂ ਸਿਫ਼ਾਰਸ਼ਾਂ ਪੁਆ ਕੇ ਪਿਤਾ ਜੀ ਨੂੰ ਮਨਾ ਲਿਆ। ਪਿਤਾ ਜੀ ਮੰਨ ਗਏ ਕਿ 'ਮੈਂ ਇਹ ਥਾਂ ਵੇਚਣੀ ਨਹੀਂ ਤੁਸੀਂ ਜਿੰਨੀ ਦੇਰ ਵਰਤਣੀ ਹੈ ਵਰਤ ਲਉ'। ਉਹ ਕਹਿਣ ਲੱਗੇ 'ਨਹੀਂ ਲਿਖ ਕੇ ਲੈਣੀ ਹੈ।' ਅਖੀਰ ਮੇਰੇ ਪਿਤਾ ਜੀ ਨੇ ਉਹ ਥਾਂ ਲਿਖ ਕੇ ਦੇ ਦਿੱਤੀ ਤੇ ਪਿਤਾ ਜੀ ਨੇ ਉਹਦਾ ਇਕ ਵੀ ਪੈਸਾ ਨਾ ਲਿਆ। ਪਰ ਉਸ ਦੋਸਤ ਨੇ ਇਸ ਸੌਦੇ ਨੂੰ ਮਜ਼ਬੂਤ ਕਰਨ ਲਈ ਪੱਕੇ ਕਾਗਜ਼ਾਂ ਵਿਚ ਲਿਖ ਦਿੱਤਾ ਕਿ ਇਸ ਥਾਂ ਦੇ ਪੰਜਾਹ ਰੁਪਏ ਦਿੱਤੇ। ਮੈਂ ਉਹ ਪੱਕੇ ਕਾਗ਼ਜ਼ ਦੇਖੇ ਤਾਂ ਬੀਬੀ ਨੂੰ ਪੁੱਛਿਆ ਕਿ 'ਪਿਤਾ ਜੀ ਨੇ ਏਨੀ ਥਾਂ ਸਿਰਫ ਪੰਜਾਹ ਰੁਪਏ 'ਚ ਵੇਚ ਦਿੱਤੀ'। ਬੀਬੀ ਦੱਸਦੀ 'ਪੁੱਤ, ਪੰਜਾਹ ਰੁਪਏ ਵੀ ਕਿੱਥੇ ਲਏ ਸੀ'। ਮੈਨੂੰ ਪਿਤਾ ਜੀ 'ਤੇ ਖਿਝ ਆਉਂਦੀ, ਹਾਸਾ ਵੀ ਆਉਂਦਾ, ਤਰਸ ਵੀ ਤੇ ਕਦੇ ਕਦੇ ਮਾਣ ਮਹਿਸੂਸ ਹੁੰਦਾ ਕਿ ਮੇਰੇ ਪਿਤਾ ਜੀ ਕਿੱਡੇ ਦਾਨਵੀਰ ਸਨ।

ਪਿਤਾ ਜੀ ਦੇ ਉਸ ਦੋਸਤ ਦੇ ਦਿਨ ਫਿਰ ਆਏ ਤੇ ਉਹ ਜਹਾਨੋ ਤੁਰ ਗਿਆ। ਉਹਦਾ ਬੇਟਾ ਵੀ ਹੁਣ ਉਹੋ ਜਿਹਾ ਹੈ। ਉਹਦੇ ਮੁੰਡੇ ਵੀ ਬਾਹਰ-ਬੂਹਰ ਗਏ ਹੋਏ ਹਨ ਤੇ ਉਨ੍ਹਾਂ ਦੇ ਹਾਲਾਤ ਸੁਧਰ ਗਏ ਹਨ। ਇੱਧਰ ਅਸੀਂ ਵੀ ਠੀਕ ਠਾਕ ਹਾਂ। ਪਰ ਅਸੀਂ ਦੁਨੀਆਦਾਰੀ ਤੇ ਕਾਰੋਬਾਰ ਦੇ ਪੱਖ ਤੋਂ ਆਪਣੇ ਪਿਤਾ ਜੀ ਤੋਂ ਇੰਚ ਭਰ ਵੀ ਅੱਗੇ ਨਹੀਂ ਵਧੇ। ਅਸੀਂ ਤਿੰਨੇ ਭਾਈ ਉਹੋ ਜਿਹੇ ਵਪਾਰੀ ਹਾਂ ਤੇ ਉਹੋ ਜਿਹੇ ਕਾਰੋਬਾਰੀ।

ਅਸੀਂ ਤਿੰਨਾਂ ਭਾਈਆਂ ਨੇ ਆਪਣੇ ਪਿੰਡ ਵਾਲੀ ਥਾਂ ਵੰਡਣੀ ਸੀ ਤੇ ਸਾਡਾ ਜੀ ਕੀਤਾ ਕਿ ਪਿਤਾ ਜੀ ਵੱਲੋਂ ਦਾਨ ਵਜੋਂ 'ਵੇਚੀ' ਹੋਈ ਉਹ ਥਾਂ ਮੁੜ ਲੈ ਲਈਏ। ਕਿਉਂਕਿ ਪਿਤਾ ਜੀ ਦੇ ਉਸ ਦੋਸਤ ਨੇ ਪੁਰਾਣਾ ਘਰ ਛੱਡ ਕੇ ਪਿੰਡ ਦੇ ਬਾਹਰ ਵੱਡਾ ਘਰ ਬਣਾ ਲਿਆ ਹੋਇਆ ਹੈ ਤੇ ਸਾਡੇ ਵਾਲੀ ਥਾਂ ਪਿਛਲੇ ਤੀਹ ਤੀਹ ਸਾਲ ਤੋਂ ਖ਼ਾਲੀ ਉਜਾੜ ਪਈ ਹੈ।

ਮੇਰੇ ਗਭਲੇ ਭਾਈ ਨੇ ਉਹ ਥਾਂ ਲੈਣ ਲਈ ਉਹਦੇ ਨਾਲ ਗੱਲਬਾਤ ਚਲਾਈ ਤਾਂ ਉਹ ਝੱਟ ਮੰਨ ਗਿਆ। ਪੈਸੇ ਪੁੱਛੇ ਤਾਂ ਉਹ ਕਹਿਣ ਲੱਗਾ ਕਿ 'ਚਾਚੇ ਨੇ ਕਿਹੜਾ ਸਾਡੇ ਕੋਲ਼ੋਂ ਲੱਖ ਰੁਪਿਆ ਲਿਆ ਸੀ'। ਮੇਰਾ ਭਾਈ ਸਮਝ ਗਿਆ ਕਿ ਇਹ ਹੁਣ ਲੱਖ ਰੁਪਿਆ ਚਾਹੁੰਦਾ ਹੈ। ਪਰ ਉਹਨੇ ਕਿਹਾ ਕਿ 'ਅਸੀਂ ਤੈਨੂੰ ਪੰਜਾਹ ਹਜ਼ਾਰ ਤੋਂ ਰੁਪਿਆ ਵੱਧ ਨਹੀਂ ਦੇਣਾ'। ਖ਼ੈਰ ਗੱਲ ਮੁੱਕੀ ਕਿ ਮਿਲ ਕੇ ਗੱਲ ਕਰਾਂਗੇ। ਮੇਰਾ ਭਾਈ ਪਿੰਡ ਗਿਆ ਤਾਂ ਉਹ ਲੱਖ ਤੋਂ ਰੱਤੀ ਭਰ ਨਾ ਘਟਿਆ ਤੇ ਮੇਰੇ ਭਾਈ ਨੇ ਉਹਨੂੰ ਦਸ ਹਜ਼ਾਰ ਰੁਪਏ ਸਾਈ ਵਜੋਂ ਦਿੱਤੇ ਤੇ ਦੋ ਤਿੰਨ ਦਿਨ ਦਾ ਸਮਾਂ ਲੈ ਕੇ ਵਾਪਸ ਆ ਗਿਆ। ਉਸ ਬੰਦੇ ਨੇ ਬਾਦ ਵਿਚ ਫ਼ੋਨ ਕਰਕੇ ਕਿਹਾ 'ਲੱਖ ਤਾਂ ਥੋੜ੍ਹਾ ਹੈ, ਤੀਹ ਹਜ਼ਾਰ ਹੋਰ ਲੈਣਾ ਹੈ'। ਮੇਰੇ ਭਾਈ ਦੇ ਜ਼ੋਰ ਪਾਉਣ 'ਤੇ ਉਹ ਇੱਕ ਲੱਖ ਵੀਹ ਹਜ਼ਾਰ 'ਤੇ ਆ ਗਿਆ ਤੇ ਗੱਲ ਮੁੱਕ ਗਈ।

ਅਗਲੇ ਦਿਨ ਅਸੀਂ ਦੋਨੇ ਭਾਈ ਪਿੰਡ ਗਏ ਤੇ ਵੱਡੇ ਭਾਈ ਦੇ ਬੇਟੇ ਹਰਦੀਪ ਤੇ ਬੱਲੀ ਨਾਲ ਬੈਠਕੇ ਸੌਦਾ ਨਿਬੇੜ ਲਿਆ। ਅਸੀਂ ਪਿਤਾ ਜੀ ਦੇ ਉਸ ਦੋਸਤ ਦੇ ਬੇਟੇ ਨੂੰ ਵੀ ਉੱਥੇ ਹੀ ਬੁਲਾ ਲਿਆ। ਪਿੰਡ ਦੇ ਮੋਹਿਤਬਰ ਮਨੀ ਤੇ ਪਾਲੇ ਨੂੰ ਵੀ ਗਵਾਹ ਵਜੋਂ ਸੱਦ ਲਿਆ। ਦਸ ਹਜ਼ਾਰ ਸਾਈ ਪਹਿਲਾਂ ਹੀ ਦਿੱਤੀ ਹੋਈ ਸੀ ਤੇ ਇਕ ਲੱਖ ਦਸ ਹਜ਼ਾਰ ਰੁਪਏ ਹੋਰ ਦੇ ਕੇ ਅਸੀਂ ਆਪਣੀ ਥਾਂ ਮੁੜ ਆਪਣੇ ਨਾਂ ਲਿਖਾ ਲਈ। ਮੋਹਿਤਬਰ ਸੱਜਣ ਪਾਲੇ ਨੇ ਦੱਸਿਆ ਕਿ ਉਹਦਾ 'ਭਾਪਾ ਦੱਸਦਾ ਹੁੰਦਾ ਸੀ ਕਿ ਇਨ੍ਹਾਂ ਨੇ ਲਿਖਣ ਲਈ ਪੰਜਾਹ ਰੁਪਏ ਸਿਰਫ ਲਿਖੇ ਸਨ, ਤਾਏ ਨੇ ਉਹ ਪੈਸੇ ਲਏ ਨਹੀਂ ਸਨ'। ਇਹ ਗੱਲ ਸੁਣ ਕੇ ਪਹਿਲਾਂ ਅਸੀਂ ਆਪਣੇ ਪਿਤਾ ਦੀ ਮਹਾਨ ਕਰਨੀ 'ਤੇ ਖੁਸ਼ ਹੋਏ ਤੇ ਫਿਰ ਉਦਾਸ ਹੋ ਗਏ।

ਸਾਡਾ ਸੌਦਾ ਹੋ ਗਿਆ ਸੀ। ਅਸੀਂ ਉਸ ਦਿਨ, ਆਪਣੀ ਦਿੱਤੀ ਹੋਈ ਥਾਂ, ਵਾਪਸ ਖਰੀਦ ਕੇ, ਖੁਸ਼ ਵੀ ਸਾਂ ਤੇ ਉਦਾਸ ਵੀ। ਸਾਨੂੰ ਆਪਣੇ ਪਿਤਾ ਜੀ 'ਤੇ ਉਸ ਦਿਨ ਖਿਝ ਵੀ ਆਈ, ਹਾਸਾ ਵੀ ਆਇਆ, ਤਰਸ ਵੀ ਤੇ ਮਾਣ ਵੀ ਮਹਿਸੂਸ ਹੋਇਆ ਕਿ ਅਸੀਂ ਵੀ ਇਕ ਨਿੱਕੇ ਜਹੇ ਦਾਨਵੀਰ ਦੇ ਬੇਟੇ ਹਾਂ। ਕੀ ਹੋਇਆ ਜੇ ਉਹ ਕੋਈ ਜ਼ਿਮੀਂਦਾਰ, ਕਾਰੋਬਾਰੀ ਜਾਂ ਵਪਾਰੀ ਨਹੀਂ ਸੀ, ਨੇਕ ਇਨਸਾਨ ਤਾਂ ਸੀ।

ਪਿਤਾ ਜੀ ਦੇ ਦੋਸਤ ਦੇ ਉਸ ਬੇਟੇ ਨੇ ਵੀ ਦੱਸਿਆ ਕਿ 'ਭਾਈਆ ਕਹਿ ਗਿਆ ਸੀ ਕਿ ਇਹ ਜਗ੍ਹਾ ਕਿਸੇ ਹੋਰ ਨੂੰ ਨਾ ਦੇਈਂ'। ਅਸੀਂ ਬੜੇ ਖੁਸ਼ ਹੋਏ ਕਿ ਉਸ ਨੇ ਆਪਣੇ ਬਾਪ ਦੇ ਕਹੇ ਦੀ ਲਾਜ ਰੱਖੀ ਤੇ ਸਾਡੀ ਥਾਂ ਸਾਨੂੰ ਹੀ ਦਿੱਤੀ। ਬੰਦੇ ਚਲੇ ਜਾਂਦੇ ਹਨ, ਥਾਂ ਕਿਤੇ ਨਹੀਂ ਜਾਂਦੀ ਤੇ ਪੈਸਾ ਤਾਂ ਕਦੇ ਵੀ ਕਿਸੇ ਕੋਲ ਨਹੀਂ ਟਿਕਦਾ। ਮਾਣ, ਇੱਜ਼ਤ, ਪਿਆਰ, ਮੁਹੱਬਤ ਕਮਾਉਣ ਨੂੰ ਸਮਾਂ ਲੱਗਦਾ ਹੈ ਤੇ ਗਵਾਉਣ ਨੂੰ ਪਲ ਭਰ ਵੀ ਬਹੁਤ ਹੈ।

# ਬਾਪ ਦੇ ਸਿਵੇ ਨਾ਼ਲ ਜਿਆਦਤੀ?

ਇੱਕ ਪਾਸੇ ਤਾਂ ਕਿਸੇ ਸਿਧਾਂਤ ਜਾਂ ਮਰਿਆਦਾ ਦੀ ਪਾਲਣਾ ਕਰ ਰਹੇ ਕੁੱਝ ਗਿਣਤੀ ਦੇ ਬੰਦੇ ਲੇਕਿਨ ਦੂਜੇ ਪਾਸੇ ਪੁਰਾਣੀਆਂ ਪਈਆਂ ਹੋਈਆਂ ਲੀਹਾਂ ਵਿੱਚ ਹੀ ਤੁਰੀ ਜਾ ਰਹੀ ਬਹੁ-ਗਿਣਤੀ! ਅਜਿਹੇ 'ਕੁੱਝ ਬੰਦਿਆਂ' ਦੀ ਗਿਣਤੀ ਵਿੱਚ ਖੜ੍ਹੇ ਕਈ ਮੇਰੇ ਵਰਗਿਆਂ ਨੂੰ ਆਪਣੇ ਆਪ 'ਤੇ ਸ਼ੱਕ ਜਿਹੀ ਪੈਣ ਲੱਗ ਜਾਂਦੀ ਹੈ ਕਿ ਕਿਤੇ ਮੈਂ ਹੀ ਤਾਂ ਗਲ਼ਤ ਨਹੀਂ ਹੋਵਾਂਗਾ?

ਮੇਰੀ ਅਜਿਹੀ ਹਾਲਤ ਅਕਸਰ ਉਦੋਂ ਹੋ ਹੀ ਜਾਂਦੀ ਹੈ ਜਦ ਮੈਂ ਵੱਡੇ ਵੱਡੇ ਸਿੱਖ ਆਗੂਆਂ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਉਨ੍ਹਾਂ ਦੇ ਅਸਤ, ਸ੍ਰੀ ਕੀਰਤ ਪੁਰ ਸਾਹਿਬ ਵਿਖੇ ਜਲ ਪ੍ਰਵਾਹ ਕਰਨ ਲਈ ਲਿਜਾਏ ਜਾਣ ਦੀਆਂ ਖਬਰਾਂ ਪੜ੍ਹਦਾ-ਸੁਣਦਾ ਹਾਂ! 'ਅਸਤ ਪਾਉਣ' ਜਾ ਰਹੇ ਲਾਮ ਲਸ਼ਕਰ ਵਿੱਚ ਸ਼ਾਮਲ ਤਿੰਨ-ਤਿੰਨ ਫੁੱਟੀਆਂ ਕਿਰਪਾਨਾਂ ਵਾਲੇ ਉਨ੍ਹਾਂ ਜਥੇਦਾਰਾਂ ਵੱਲ ਦੇਖ ਕੇ ਮੈਨੂੰ ਆਪਣੀ ਸੋਚਣੀ ਉੱਤੇ ਵੀ ਪ੍ਰਸ਼ਨ-ਚਿੰਨ੍ਹ ਜਿਹਾ ਲਗਦਾ ਪ੍ਰਤੀਤ ਹੋਣ ਲੱਗ ਪੈਂਦਾ ਹੈ! ਬੇਸ਼ੱਕ ਕੁੱਝ ਪਲਾਂ ਬਾਅਦ ਹੀ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਵਿਚਲੇ 'ਮ੍ਰਿਤਕ ਸੰਸਕਾਰ' ਦੇ ਸ਼ਬਦ ਮਨ ਮਸਤਿਕ ਵਿੱਚ ਗੂੰਜਦਿਆਂ ਸਾਰ, ਦੁਬਿਧਾ ਉਡੰਤ ਵੀ ਹੋ ਜਾਂਦੀ ਹੈ ਪਰ ਪਲ ਦੀ ਪਲ ਤਾਂ ਸ਼ੱਕ ਜਿਹਾ ਉਤਪੰਨ ਹੋ ਹੀ ਜਾਂਦਾ ਹੈ!

ਵਿਦੇਸ਼ਾਂ ਤੋਂ ਵੀ ਅਸਤਾਂ ਦੀਆਂ ਪੋਟਲ਼ੀਆਂ ਲੈ ਕੇ ਉਚੇਚੇ ਤੌਰ 'ਤੇ ਦੇਸ ਨੂੰ ਆਉਂਦੇ ਸਿੱਖ ਭਾਈ ਭੈਣਾ ਅਤੇ ਅਜਿਹੇ ਹੀ ਮਨਮਤੀਏ ਕਰਮਕਾਂਡ ਕਰਦੇ ਕਈ ਸਿੱਖ ਸੰਤ ਬਾਬਿਆਂ ਵੱਲ੍ਹ ਦੇਖਦਿਆਂ ਮੈਨੂੰ ਆਪਣੇ ਬਾਪ ਦੀਆਂ ਨਿਭਾਈਆਂ ਅੰਤਿਮ ਰਸਮਾਂ ਚੇਤੇ ਆ ਜਾਂਦੀਆਂ ਹਨ।

ਅਸਲ ਵਿੱਚ ਮੇਰੇ ਭਾਈਆ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਪਹਿਲਾਂ ਉਨ੍ਹਾਂ ਦੇ ਇੱਕ ਗੂੜ੍ਹੇ ਦੋਸਤ ਜਥੇਦਾਰ ਤਰਲੋਚਨ ਸਿੰਘ ਮਜਾਰਾ ਕਲਾਂ (ਨਵਾਂ ਸ਼ਹਿਰ) ਵਾਲਿਆਂ ਦੀ ਜਦ ਮੌਤ ਹੋਈ ਤਾਂ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਮੈਂ ਸ਼ਾਮਲ ਹੋਇਆ ਸਾਂ! ਲੰਬਾ ਅਰਸਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਰਹੇ ਹੋਣ ਕਰਕੇ ਜਥੇਦਾਰ ਮਜਾਰਾ ਕਲਾਂ ਦੀ, ਜਥੇਦਾਰ ਜਗਦੇਵ ਸਿੰਘ ਤਲਵੰਡੀ ਹੁਣਾ ਨਾਲ ਬਹੁਤ ਨੇੜਤਾ ਰਹੀ। ਇਸ ਕਰਕੇ ਤਲਵੰਡੀ ਸਾਹਿਬ ਵੀ ਆਪਣੇ ਮਿੱਤਰ ਦੀ ਅੰਤਿਮ ਯਾਤਰਾ ਵਿੱਚ ਸ਼ਾਮਲ ਹੋਏ ਸਨ।

ਮਜਾਰਾ ਕਲਾਂ ਪਿੰਡ ਦੇ ਸ਼ਮਸ਼ਾਨ ਘਾਟ ਵੱਲ ਤਰਲੋਚਨ ਸਿੰਘ ਦੀ ਅਰਥੀ ਲੈਜਾਈ ਜਾ ਰਹੀ ਸੀ। ਚਲਦੀ ਰਵਾਇਤ ਮੁਤਾਬਕ ਸਿਵਿਆਂ ਦੇ ਲਾਗੇ ਜਿਹੇ ਜਾ ਕੇ ਜਦ 'ਅੱਧ-ਮਾਰਗ' ਦੀ ਰਸਮ ਕਰਨ ਵਾਸਤੇ ਕਾਨ੍ਹੀਆਂ ਨੇ ਅਰਥੀ ਥੱਲੇ ਰੱਖੀ ਅਤੇ ਇੱਕ ਸੱਜਣ ਤੌੜੀ ਲੈ ਅੱਗੇ ਵਧਿਆ ਤਾਂ ਏਨੇ ਨੂੰ ਪਿੱਛਿਓਂ ਹੌਲ਼ੀ ਹੌਲ਼ੀ ਤੁਰਦੇ ਆ ਰਹੇ ਤਲਵੰਡੀ ਸਾਹਿਬ ਅਰਥੀ ਦੇ ਲਾਗੇ ਆ ਪਹੁੰਚੇ! ਸਾਹਮਣੇ ਦੇਖ ਕੇ ਉਹ ਆਪਣੇ ਸੁਭਾਅ ਮੁਤਾਬਿਕ ਇੱਕ ਦਮ ਗਰਜੇ-

'ਓਏ? ਇਹ ਕਿਆ ਕਰਨ ਲੱਗੇ ਐਂ? ਖਬਰਦਾਰ ਜੇ ਇਹ ਤੌੜੀ-ਤਾੜੀ ਭੰਨਣ ਦਾ ਪਖੰਡ ਕੀਤਾ! ਸਾਰੀ ਉਮਰ ਇਹ ਸਿੱਖ ਰਹਿਤ ਮਰਿਆਦਾ ਦਾ ਪ੍ਰਚਾਰ ਕਰਦਾ ਰਿਹਾ, ਹੁਣ ਜਾਂਦੀ ਵਾਰ ਤੁਸੀਂ ਕੀਤੇ-ਕਰਾਏ ਸਿਰ ਖੇਹ ਪਾਉਣ ਲੱਗੇ ਆਂ? ਨਾ਼ਲੇ ਕੰਨ ਖੋਲ੍ਹ ਕੇ ਸੁਣ ਲਉ ਸਾਰੇ ਜਣੇ! ਖਬਰਦਾਰ ਜੇ ਮੇਰੇ ਮਗਰੋਂ ਇਸ ਭਰਾ ਦੇ ਅਸਤ ਉਸਤ ਚੁਗਣ ਵਾ਼ਲੀ ਮਨਮਤਿ ਕੀਤੀ!'

ਏਨਾ ਆਖ ਕੇ ਜਥੇਦਾਰ ਨੇ ਤੌੜੀ ਚੁੱਕੀ ਖੜ੍ਹੇ ਬੰਦੇ ਹੱਥੋਂ ਖੋਹ ਕੇ ਤੌੜੀ ਇੱਕ ਪਾਸੇ ਵੱਲ ਵਗਾਹ ਮਾਰੀ! ਨਾ਼ਲੇ ਅਰਥੀ ਚੱਕਣ ਵਾ਼ਲੇ ਕਾਨ੍ਹੀਆਂ ਨੂੰ ਝਿੜਕਾ ਮਾਰ ਕੇ ਕਹਿੰਦੇ-

'ਚੱਕੋ ਓਏ ਚੱਕੋ, ਤੁਰੋ ਤੁਰੋ!'

ਮਜਾਰਾ ਕਲਾਂ ਦਾ ਇਹ ਸਾਰਾ ਵਾਕਿਆ ਮੈਂ ਘਰੇ ਆ ਕੇ ਆਪਣੇ ਭਾਈਆ ਜੀ ਨੂੰ ਇੰਨ-ਬਿੰਨ ਕਹਿ ਸੁਣਾਇਆ। ਪ੍ਰਸੰਨਤਾ ਜਿਹੀ ਜਾਹਰ ਕਰਦਿਆਂ ਭਾਈਆ ਜੀ ਕਹਿੰਦੇ, 'ਕਾਕਾ, ਗੁਰਮਤਿ ਤਾਂ ਇਹੋ ਕਹਿੰਦੀ ਐ!'

ਨਾਲੇ ਸਾਨੂੰ ਨਸੀਹਤ ਵਜੋਂ ਕਹਿਣ ਲੱਗੇ, 'ਨਾ ਤਾਂ ਮੈਂ ਆਪਣੇ ਬਾਪੂ ਦੇ ਅਸਤ ਪਾਉਣ ਕਿਤੇ ਗਿਆ ਸਾਂ ਤੇ ਨਾ ਹੀ ਤੁਸੀਂ ਮੇਰੇ ਮਰੇ ਤੋਂ ਏਦਾਂ ਦੇ ਪਖੰਡ ਕਰਿਉ!'

ਸੋ ਭਾਈਆ ਜੀ ਦੇ ਅੰਤਿਮ ਸੰਸਕਾਰ ਤੋਂ ਬਾਅਦ ਅਸੀਂ ਤਿੰਨਾਂ ਭਰਾਵਾਂ ਨੇ ਸਿਵੇ ਦੀ ਸੁਆਹ ਇੱਕ ਥੈਲੇ 'ਚ ਭਰ ਕੇ ਆਪਣੇ ਪਿੰਡ ਦੁਪਾਲ ਪੁਰੋਂ ਮੀਲ ਕੁ ਦੂਰ ਵਗਦੇ ਦਰਿਆ ਸਤਿਲੁਜ ਵਿੱਚ ਜਲ-ਪ੍ਰਵਾਹ ਕਰ ਦਿੱਤੀ ਸੀ ਤੇ ਘਰੇ ਸਾਰੇ ਜੀਆਂ ਨੇ ਰ਼ਲ ਮਿ਼ਲ ਕੇ ਸਹਿਜ ਪਾਠ ਦਾ ਭੋਗ ਪਾ ਲਿਆ ਸੀ!

...ਪਰ ਹੁਣ ਫੇਰ ਸ੍ਰੀ ਅਕਾਲ ਤਖਤ ਸਾਹਿਬ ਤੋਂ 'ਫਖਰ-ਏ-ਕੌਮ' ਜਿਹੇ ਵੱਡੇ ਸਨਮਾਨ ਨਾ਼ਲ ਨਿਵਾਜੇ ਗਏ ਸਿੱਖ ਆਗੂ ਦੇ ਵੀ ਅਸਤ, ਸ੍ਰੀ ਪਤਾ਼ਲ ਪੁਰੀ ਵਿਖੇ ਜਲ-ਪ੍ਰਵਾਹ ਹੁੰਦੇ ਦੇਖੇ ਤਾਂ ਮੈਨੂੰ ਇੰਜ ਲੱਗਿਆ ਕਿ ਸ਼ਾਇਦ ਅਸੀਂ ਆਪਣੇ ਕਿਰਤੀ ਸਿੱਖ ਬਾਪ ਦੇ ਸਿਵੇ ਨਾ਼ਲ ਜਿਆਦਤੀ ਕੀਤੀ ਸੀ!?

*-ਤਰਲੋਚਨ ਸਿੰਘ ਦੁਪਾਲਪੁਰ*
*ਫੋਨ: 001-408-915-1268*


# ਅਮਰੀਕਾ ਅਤੇ ਚੀਨ ਦੇ ਵਿਗੜਦੇ-ਬਣਦੇ ਰਿਸ਼ਤੇ

ਅਮਰੀਕਾ ਪਿਛਲੇ ਕੁਝ ਸਾਲਾਂ ਤੋਂ ਚੀਨ ਦੇ ਉਭਾਰ ਨੂੰ ਆਪਣੀ ਆਲਮੀ ਚੌਧਰ ਲਈ ਹੋਂਦ ਦੇ ਖ਼ਤਰੇ ਵਜੋਂ ਦੇਖ ਰਿਹਾ ਸੀ। ਦੋਵਾਂ ਦੇਸ਼ਾਂ ਵਿਚਕਾਰ ਤਾਕਤ ਦੇ ਸਮਤੋਲ ਵਿਚ ਪਾੜਾ ਲਗਾਤਾਰ ਘਟ ਰਿਹਾ ਹੈ ਅਤੇ ਆਰਥਿਕ, ਫ਼ੌਜੀ ਤੇ ਤਕਨੀਕੀ, ਹਰ ਲਿਹਾਜ਼ ਤੋਂ ਇਹ ਪਾੜਾ ਘਟ ਰਿਹਾ ਹੈ। ਚੀਨ ਦੁਨੀਆ ਦਾ ਦੂਜਾ ਸਭ ਤੋਂ ਵੱਧ ਤਾਕਤਵਰ ਦੇਸ਼ ਹੈ ਅਤੇ ਅਮਰੀਕਾ ਨੂੰ ਪਾਇਦਾਨ ਤੋਂ ਹਟਾ ਕੇ ਅੱਵਲ ਨੰਬਰ ਬਣਨ ਦੀ ਆਪਣੀ ਖਾਹਸ਼ ਜ਼ਾਹਿਰ ਕਰਨ ਵਿਚ ਕੋਈ ਲੱਗ ਲਪੇਟ ਨਹੀਂ ਵਰਤ ਰਿਹਾ। ਇਸ ਲਈ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ

**ਸ਼ਿਆਮ ਸਰਨ**

ਢਾਂਚਾਗਤ ਬਣ ਗਿਆ। ਚੀਨ ਨੂੰ ਪੂਰਾ ਯਕੀਨ ਹੈ ਕਿ ਭੂ-ਰਾਜਸੀ ਨਿਜ਼ਾਮ ਬਦਲ ਰਿਹਾ ਹੈ ਅਤੇ ਉਹ ਇਸ ਦਾ ਮਰਕਜ਼ ਬਣ ਰਿਹਾ ਹੈ। ਅਮਰੀਕਾ ਭਾਵੇਂ ਇਸ ਨੂੰ ਪੁੱਠਾ ਮੋੜਾ ਨਾ ਦੇ ਸਕੇ ਪਰ ਉਹ ਇਸ ਸੰਭਾਵੀ ਸਿੱਟੇ ਨੂੰ ਠੱਲ੍ਹ ਪਾਉਣ ਲਈ ਆਪਣਾ ਟਿੱਲ ਲਾ ਰਿਹਾ ਹੈ। ਫਿਲਹਾਲ ਇਹ ਸਪਸ਼ਟ ਨਹੀਂ ਕਿ ਕੌਣ ਅੰਤਿਮ ਜੇਤੂ ਬਣ ਕੇ ਨਿਕਲੇਗਾ ਪਰ ਇਸ ਸਿੱਟੇ ਦੇ ਦੁਨੀਆ, ਖਾਸਕਰ ਏਸ਼ੀਆ ਦੇ ਦੇਸ਼ਾਂ 'ਤੇ ਪ੍ਰਭਾਵ ਪਾਉਣਗੇ। ਇਸ ਲਈ ਅਮਰੀਕਾ-ਚੀਨ ਸਬੰਧਾਂ ਦੀਆਂ ਘਟਨਾਵਾਂ ਨੂੰ ਗਹੁ ਨਾਲ ਵਾਚਣ ਦੀ ਲੋੜ ਹੈ ਕਿਉਂਕਿ ਉਹ ਭਾਰਤ ਦੀਆਂ ਭੂ-ਰਾਜਸੀ ਸੰਭਾਵਨਾਵਾਂ 'ਤੇ ਕਾਫ਼ੀ ਅਸਰਅੰਦਾਜ਼ ਹੋਣਗੀਆਂ।

ਆਓ, ਪਹਿਲਾਂ ਭਾਰਤ ਦੇ ਪ੍ਰਸੰਗ ਦੀ ਗੱਲ ਕਰ ਲੈਂਦੇ ਹਾਂ। ਅਮਰੀਕਾ ਅਤੇ ਚੀਨ ਵਿਚਕਾਰ ਮੁਕੰਮਲ ਟਕਰਾਅ ਅਤੇ ਆਪਸੀ ਸਾਂਝ ਭਿਆਲੀ ਦੇ ਸਮੁੱਚੇ ਤਾਣੇ ਦੇ ਆਰ ਪਾਰ ਕੋਈ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਟਕਰਾਅ ਦੇ ਨੇੜੇ ਪਹੁੰਚਦਾ ਦੇਖ ਸਕਦਾ ਹੈ ਪਰ ਜੇ ਮੁਕੰਮਲ ਟਕਰਾਅ ਛਿੜ ਜਾਂਦਾ ਹੈ ਤਾਂ ਇਸ ਨਾਲ ਭਾਰਤ ਲਈ ਵਿਚਰਨ ਦੀ ਥਾਂ ਘਟ ਜਾਵੇਗੀ। ਭਾਰਤ 'ਤੇ ਦੋਵਾਂ ਧਿਰਾਂ ਦਾ ਦਬਾਅ ਬਣੇਗਾ ਕਿ ਉਹ 'ਉਨ੍ਹਾਂ ਵਿਚੋਂ ਕਿਸੇ ਇਕ ਦੇ ਪਾਲ਼ੇ ਵਿਚ ਖਲੋਣ ਦੀ ਚੋਣ ਕਰੇ'। ਇਹ ਵੀ ਸੰਭਵ ਹੈ ਕਿ ਦਾਅ-ਪੇਚਕ ਕਾਰਨਾਂ ਕਰ ਕੇ ਅਮਰੀਕਾ ਤੇ ਚੀਨ ਆਪੋ-ਆਪਣੇ ਪ੍ਰਭਾਵ ਖੇਤਰਾਂ ਦੀ ਵੰਡ ਦੇ ਫ਼ੈਸਲੇ ਕਰ ਕੇ ਵੀ ਇਹ ਗੁਪਤ ਭਿਆਲੀ ਕਰ ਲੈਣ। ਅਮਰੀਕਾ ਅਤੇ ਉਸ ਵੇਲੇ ਦੇ ਸੋਵੀਅਤ ਸੰਘ ਵਿਚਕਾਰ ਸੀਤ ਯੁੱਧ ਦੌਰਾਨ ਇਹੀ ਹੋਇਆ ਸੀ। ਇਸ ਤਰ੍ਹਾਂ ਦੀ ਸੰਭਾਵਨਾ ਵਿਚ ਚੀਨ ਪੂਰਬ ਵਿਚ ਆਪਣੀ ਸਰਦਾਰੀ ਪੱਕੀ ਕਰ ਲਵੇਗਾ ਜਦਕਿ ਪੱਛਮੀ ਗੋਲਾਰਧ ਵਿਚ ਉਹ ਅਮਰੀਕਾ ਦੇ ਦਬਦਬੇ ਨੂੰ ਪ੍ਰਵਾਨ ਕਰ ਲਵੇ। ਚੀਨੀ ਰਣਨੀਤੀਕਾਰ ਅਕਸਰ ਇਸ ਕਿਸਮ ਦੀ ਵੰਡ ਦਾ ਸੰਕੇਤ ਦਿੰਦੇ ਰਹਿੰਦੇ ਹਨ ਜਿਸ ਤਹਿਤ ਪੱਛਮੀ ਪ੍ਰਸ਼ਾਂਤ ਦੇ ਅੱਧ ਵਿਚਕਾਰ ਰੇਖਾ ਮਿੱਥੀ ਗਈ ਹੈ ਜਿਸ ਨਾਲ ਹਿੰਦ ਪ੍ਰਸ਼ਾਂਤ ਖੇਤਰ ਚੀਨ ਦੇ ਪ੍ਰਭਾਵ ਹੇਠ ਆ ਜਾਵੇਗਾ। ਭਾਰਤ ਲਈ ਇਹ ਗੱਲ ਪ੍ਰਵਾਨ ਕਰਨੀ ਬਹੁਤ ਔਖੀ ਹੋਵੇਗੀ। ਹਾਲਾਂਕਿ ਫ਼ੌਰੀ ਤੌਰ 'ਤੇ ਅਜਿਹੀ ਸੰਭਾਵਨਾ ਨਹੀਂ ਲਗਦੀ ਪਰ ਇਸ ਨੂੰ ਪੂਰੀ ਤਰ੍ਹਾਂ ਰੱਦ ਵੀ ਨਹੀਂ ਕੀਤਾ ਜਾ ਸਕਦਾ।



ਇਸ ਪ੍ਰਸੰਗ ਵਿਚ ਅਮਰੀਕਾ-ਚੀਨ ਸਬੰਧਾਂ ਵਿਚ ਹੋਈਆਂ ਹਾਲੀਆ ਘਟਨਾਵਾਂ ਦੀ ਕੀ ਅਹਿਮੀਅਤ ਬਣਦੀ ਹੈ? 10 ਅਤੇ 11 ਮਈ ਨੂੰ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸਲੀਵਾਨ ਨੇ ਵੀਏਨਾ ਵਿਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ ਹੈ। ਰਿਪੋਰਟਾਂ ਮੁਤਾਬਕ ਵ੍ਹਾਈਟ ਹਾਊਸ ਦਾ ਕਹਿਣਾ ਹੈ- "ਦੋਵਾਂ ਧਿਰਾਂ ਵਿਚਕਾਰ ਅਮਰੀਕਾ ਤੇ ਚੀਨ ਦੇ ਦੁਵੱਲੇ, ਕੌਮਾਂਤਰੀ ਅਤੇ ਖੇਤਰੀ ਸੁਰੱਖਿਆ ਨਾਲ ਜੁੜੇ ਅਹਿਮ ਮੁੱਦਿਆਂ, ਯੂਕਰੇਨ ਖਿਲਾਫ ਰੂਸੀ ਹਮਲੇ ਅਤੇ ਜਲਡਮਰੂ ਪਾਰ ਦੇ ਮੁੱਦਿਆਂ ਅਤੇ ਕੁਝ ਹੋਰਨਾਂ ਵਿਸ਼ਿਆਂ ਉਪਰ ਚੰਗੇ ਮਾਹੌਲ ਵਿਚ ਠੋਸ ਤੇ ਉਸਾਰੂ ਗੱਲਬਾਤ ਹੋਈ ਹੈ।" ਚੀਨ ਦੀ ਖ਼ਬਰ ਏਜੰਸੀ ਸਿਨਹੂਆ ਨੇ ਵੀ ਵਾਰਤਾ ਲਈ ਇਹ ਜਿਹੇ ਸ਼ਬਦਾਂ ਦਾ ਇਸਤੇਮਾਲ ਕੀਤਾ ਹੈ ਕਿ "ਚੀਨ ਅਮਰੀਕਾ ਸਬੰਧਾਂ ਵਿਚ ਆਏ ਅੜਿੱਕੇ ਹਟਾ ਕੇ ਇਨ੍ਹਾਂ ਨੂੰ ਸਥਿਰ ਕਰਨ ਲਈ ਗਹਿਰੀ, ਠੋਸ ਤੇ ਉਸਾਰੂ ਗੱਲਬਾਤ ਹੋਈ ਹੈ।" ਇਸ ਨਾਲ ਅਮਰੀਕਾ ਅਤੇ ਚੀਨ ਵਿਚਕਾਰ ਦੁਵੱਲੇ ਸਬੰਧਾਂ ਅਤੇ ਵੱਖ ਵੱਖ ਪੱਧਰਾਂ 'ਤੇ ਅੰਤਰ-ਕਿਰਿਆ ਤੇ ਗੱਲਬਾਤ ਮੁੜ ਸ਼ੁਰੂ ਹੋਣ ਦਾ ਰਾਹ ਸਾਫ਼ ਹੋ ਗਿਆ ਹੈ। ਇਹ ਵੀ ਸੁਣਨ ਵਿਚ ਆਇਆ ਹੈ ਕਿ ਜਲਵਾਯੂ ਤਬਦੀਲੀ ਬਾਰੇ ਅਮਰੀਕੀ ਰਾਸ਼ਟਰਪਤੀ ਦੇ ਵਿਸ਼ੇਸ਼ ਦੂਤ ਜੌਹਨ ਕੈਰੀ ਨੂੰ ਚੀਨ ਦਾ ਦੌਰਾ ਕਰਨ ਦਾ ਸੱਦਾ ਦਿੱਤਾ ਗਿਆ ਹੈ। ਅਮਰੀਕੀ ਵਪਾਰ ਦੀ ਪ੍ਰਤੀਨਿਧ ਕੈਥਰੀਨ ਤਾਈ 25 26 ਮਈ ਨੂੰ ਡਿਟ੍ਰਾਏ ਵਿਖੇ 'ਐਪੈਕ' ਦੇ ਵਪਾਰ ਮੰਤਰੀਆਂ ਦੀ ਮੀਟਿੰਗ ਵਿਚ ਚੀਨ ਦੇ ਵਣਜ ਮੰਤਰੀ ਵਾਂਗ ਵਿਨਤਾਓ ਨਾਲ ਮੁਲਾਕਾਤ ਕਰਨਗੇ ਅਤੇ ਜੂਨ ਮਹੀਨੇ ਸਿੰਗਾਪੁਰ ਵਿਚ ਸ਼ੰਗਰੀ-ਲਾ ਸੰਵਾਦ ਮੌਕੇ ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਵਲੋਂ ਆਪਣੇ ਚੀਨੀ ਹਮਰੁਤਬਾ ਜਨਰਲ ਲੀ ਸ਼ਾਂਗਫੂ ਨਾਲ ਗੱਲਬਾਤ ਹੋਣ ਦੇ ਆਸਾਰ ਹਨ। ਅਮਰੀਕਾ ਚੀਨ ਦੇ ਨਵੇਂ ਰਾਜਸੀ ਢਾਂਚੇ ਨਾਲ ਰਾਬਤਾ ਕਾਇਮ ਕਰਨਾ ਚਾਹੁੰਦਾ ਹੈ। ਚੀਨ ਵਿਚ ਨਵੀਂ ਪੀੜ੍ਹੀ ਦੀ ਲੀਡਰਸ਼ਿਪ ਆਈ ਹੈ ਜਿਸ ਦੇ ਕਈ ਚਿਹਰੇ ਨਵੇਂ ਹਨ। ਚੀਨ ਵੀ ਇਸ ਮਾਮਲੇ ਵਿਚ ਅਗਾਂਹ ਕਦਮ ਵਧਾ ਰਿਹਾ ਹੈ।

ਅਮਰੀਕਾ ਅਤੇ ਚੀਨ ਦੇ ਸਬੰਧਾਂ ਵਿਚ ਇਸ ਨਵੇਂ ਪੜਾਅ ਦਾ ਸੰਕੇਤ ਉਦੋਂ ਮਿਲਿਆ ਸੀ ਜਦੋਂ ਅਮਰੀਕਾ ਦੀ ਖਜ਼ਾਨਾ ਮੰਤਰੀ ਜੈਨੇਟ ਯੈਲਨ ਨੇ ਲੰਘੀ 20 ਅਪਰੈਲ ਨੂੰ ਜੌਹਨ ਹੌਪਕਿਨਜ਼ ਯੂਨੀਵਰਸਿਟੀ ਵਿਚ ਭਾਸ਼ਣ ਦਿੰਦਿਆਂ ਕਾਫ਼ੀ ਸੰਜਮੀ ਸ਼ਬਦਾਂ ਦੀ ਵਰਤੋਂ ਕੀਤੀ ਸੀ। ਯੈਲਨ ਨੇ ਆਖਿਆ ਕਿ ਅਮਰੀਕਾ ਚੀਨ ਦੀ ਵਧ ਰਹੀ ਖੁਸ਼ਹਾਲੀ ਨੂੰ ਖ਼ਤਰੇ ਵਜੋਂ ਨਹੀਂ ਲੈਂਦਾ ਕਿਉਂਕਿ ਖੁਸ਼ਹਾਲ ਚੀਨ ਅਮਰੀਕਾ ਅਤੇ ਬਾਕੀ ਦੁਨੀਆ ਲਈ ਲਾਹੇਵੰਦ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਸੀ ਕਿ ਅਮਰੀਕਾ ਆਪਣੇ ਅਰਥਚਾਰੇ ਦੀਆਂ ਤੰਦ ਚੀਨ ਨਾਲੋਂ ਤੋੜਨੀਆਂ ਨਹੀਂ ਚਾਹੁੰਦਾ ਅਤੇ ਜੇ ਸਾਡੇ ਅਰਥਚਾਰੇ ਅਲੱਗ ਥਲੱਗ ਹੋਣ ਨਾਲ ਦੋਵਾਂ ਮੁਲਕਾਂ ਲਈ ਭਿਆਨਕ ਸਿੱਟੇ ਨਿਕਲਣਗੇ ਅਤੇ ਬਾਕੀ ਦੁਨੀਆ ਵੀ ਅਸਥਿਰ ਹੋ ਜਾਵੇਗੀ। ਇਸ ਨੁਕਤੇ 'ਤੇ ਜ਼ੋਰ ਦਿੰਦਿਆਂ ਬੀਬੀ ਯੈਲਨ ਨੇ ਆਖਿਆ ਕਿ ਅਮਰੀਕਾ ਅਤੇ ਚੀਨ ਵਿਚਕਾਰ ਇਸ ਵੇਲੇ 750 ਅਰਬ ਡਾਲਰ ਦਾ ਵਪਾਰ ਹੋ ਰਿਹਾ ਹੈ।

ਇਨ੍ਹਾਂ ਟਿੱਪਣੀਆਂ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਦੋਵਾਂ ਧਿਰਾਂ ਦੀ ਸੁਰ ਤੇ ਲਹਿਜ਼ਾ ਹੁਣ ਕਾਫ਼ੀ ਬਦਲ ਗਿਆ ਹੈ ਜਦਕਿ ਪਿਛਲੇ ਕੁਝ ਅਰਸੇ ਤੋਂ ਵਾਸ਼ਿੰਗਟਨ ਤੋਂ ਉਪਜਦੇ ਬਿਰਤਾਂਤ ਦਾ ਲਬੋ-ਲਬਾਬ ਕਾਫ਼ੀ ਤਿੱਖਾ ਹੋਇਆ ਕਰਦਾ ਸੀ। ਯੈਲਨ ਨੇ ਚੀਨ ਨੂੰ ਉਚ ਤਕਨੀਕੀ ਬਰਾਮਦਾਂ 'ਤੇ ਲਾਈਆਂ ਕੁਝ ਪਾਬੰਦੀਆਂ ਹਟਾਉਣ ਦੀ ਸੰਭਾਵਨਾ ਨਹੀਂ ਦਰਸਾਈ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਪਾਬੰਦੀਆਂ ਕੌਮੀ ਸੁਰੱਖਿਆ ਦੇ ਸਰੋਕਾਰਾਂ ਨੂੰ ਮੁੱਖ ਰੱਖ ਕੇ ਲਾਈਆਂ ਗਈਆਂ ਸਨ ਅਤੇ ਇਨ੍ਹਾਂ ਦਾ ਦਾਇਰਾ ਬਹੁਤ ਸੀਮਤ ਹੈ।

ਇਸ ਸਭ ਕਾਸੇ ਦਾ ਕੀ ਮਤਲਬ ਨਿਕਲਦਾ ਹੈ? ਦੇਖਣ ਲਾਇਕ ਗੱਲ ਇਹ ਹੈ ਕਿ ਯੂਕਰੇਨ ਖਿਲਾਫ਼ ਜੰਗ ਵਿਚ ਰੂਸ ਦੀ ਟੇਢੇ ਢੰਗ ਨਾਲ ਮਦਦ ਕਰਨ ਦੇ ਬਾਵਜੂਦ ਅਮਰੀਕਾ ਨੇ ਚੀਨ ਨਾਲ ਆਪਣੇ ਸਬੰਧਾਂ ਨੂੰ ਭਾਵੇਂ ਬਿਹਤਰ ਨਾ ਕਹੋ ਪਰ ਇਨ੍ਹਾਂ ਨੂੰ ਸਥਿਰ ਕਰਨ ਦੀ ਪਹਿਲ ਵਿਚ ਕੋਈ ਝਿਜਕ ਨਹੀਂ ਦਿਖਾਈ। ਤਾਇਵਾਨ ਮੁੱਦਾ ਜੋ ਪਿਛਲੇ ਕੁਝ ਸਮੇਂ ਤੋਂ ਟਕਰਾਅ ਦਾ ਕੇਂਦਰ ਬਣ ਰਿਹਾ ਸੀ, ਵਿਚ ਕੁਝ ਨਰਮਾਈ ਆਉਣ ਦੇ ਆਸਾਰ ਹਨ। ਚੀਨੀ ਧਿਰ ਦੀ ਤਰਫ਼ੋਂ ਕੁਝ ਟਿੱਪਣੀਆ ਆ ਰਹੀਆਂ ਸਨ ਜਿਨ੍ਹਾਂ ਵਿਚ ਦਲੀਲ ਦਿੱਤੀ ਗਈ ਸੀ ਕਿ ਭਾਵੇਂ ਤਾਇਵਾਨ ਦਾ ਦਰਜਾ ਅਜਿਹੀ 'ਬੌਟਮ ਲਾਈਨ' ਗਿਣਿਆ ਜਾਂਦਾ ਹੈ ਜਿਸ ਨੂੰ ਪਾਰ ਨਹੀਂ ਕੀਤਾ ਜਾ ਸਕਦਾ ਪਰ ਇਹ ਅਮਰੀਕਾ ਤੇ ਚੀਨ ਦੇ ਸਬੰਧਾਂ ਨੂੰ ਸਮੁੱਚੇ ਰੂਪ ਵਿਚ ਪਰਿਭਾਸ਼ਤ ਨਹੀਂ ਕਰਦੀ। ਸਾਫ਼ ਪਤਾ ਲੱਗਦਾ ਹੈ ਕਿ ਦੋਵੇਂ ਧਿਰਾਂ ਨੇ ਤਾਇਵਾਨ ਜਲਡਮਰੂ ਵਿਚ ਸੰਭਾਵੀ ਤੌਰ 'ਤੇ ਖ਼ਤਰਨਾਕ ਟਕਰਾਅ ਦਾ ਰੂਪ ਧਾਰਨ ਕਰਨ ਵਾਲੀ ਸਥਿਤੀ ਤੋਂ ਵਾਪਸ ਆਉਣ ਦਾ ਫ਼ੈਸਲਾ ਕਰ ਲਿਆ ਹੈ। ਅਮਰੀਕਾ ਦੀ ਇਹ ਪਹਿਲ ਪਿਛਲੇ ਮਹੀਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਦੀ ਸਫਲ ਚੀਨ ਫੇਰੀ ਤੋਂ ਬਾਅਦ ਸਾਹਮਣੇ ਆਈ ਹੈ। ਯੂਕਰੇਨ ਦੇ ਸਵਾਲ 'ਤੇ ਚੀਨ ਦੇ ਸਟੈਂਡ ਨੂੰ ਦੇਖਦਿਆਂ ਅਮਰੀਕਾ ਦੀ ਪਹਿਲ ਨੂੰ ਚੀਨ ਦੇ 'ਤੁਸ਼ਟੀਕਰਨ' ਵਜੋਂ ਦੇਖਿਆ ਜਾ ਰਿਹਾ ਹੈ। ਫਰਾਂਸ ਅਤੇ ਜਰਮਨੀ ਹਾਲਾਂਕਿ ਦੋਵੇਂ ਚੀਨ ਨੂੰ ਵਿਵਸਥਾ ਦੇ ਤੌਰ 'ਤੇ ਵਿਰੋਧੀ ਮੰਨਦੇ ਹਨ ਪਰ ਉਹ ਇਸ ਨਾਲ ਸੰਪਰਕ ਬਣਾ ਕੇ ਰੱਖਣ ਦੀ ਅਹਿਮੀਅਤ ਦਰਸਾਉਂਦੇ ਰਹੇ ਹਨ। ਹੁਣ ਅਮਰੀਕਾ ਵੀ ਇਸੇ ਰਾਹ 'ਤੇ ਆ ਗਿਆ ਹੈ।

ਕੀ ਭਾਰਤ ਨੂੰ ਇਸ ਦੀ ਚਿੰਤਾ ਕਰਨੀ ਚਾਹੀਦੀ ਹੈ? ਸ਼ਾਇਦ ਇਸ ਪੜਾਅ 'ਤੇ ਚਿੰਤਾ ਦੀ ਲੋੜ ਨਹੀਂ ਹੋਵੇਗੀ ਕਿਉਂਕਿ ਅਜੇ ਇਹ ਗੱਲ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਘਟਨਾਵਾਂ ਦੀ ਪਰਵਾਜ਼ ਕਿਹੋ ਜਿਹੀ ਰਹਿੰਦੀ ਹੈ ਅਤੇ ਕੀ ਮੌਜੂਦਾ ਜਾਂ ਕਿਸੇ ਹੋਰ ਵਿਵਾਦਪੂਰਨ ਮੁੱਦੇ ਕਰ ਕੇ ਇਹ ਪ੍ਰਕਿਰਿਆ ਲੀਹੋਂ ਨਹੀਂ ਲੱਥ ਜਾਵੇਗੀ। ਉਂਝ, ਅੱਗੇ ਚੱਲ ਕਿ ਉਨ੍ਹਾਂ ਦੇ ਸਬੰਧ ਕਿਹੋ ਜਿਹਾ ਰੂਪ ਧਾਰਦੇ ਹਨ, ਇਸ ਦਾ ਭਾਰਤ ਦੇ ਹਿੱਤਾਂ 'ਤੇ ਅਸਰ ਪਵੇਗਾ ਅਤੇ ਇਸ ਨੂੰ ਧਿਆਨ ਨਾਲ ਵਾਚ ਕੇ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਸਬਬੀਂ, ਅਮਰੀਕਾ ਵਿਚ ਇਹ ਗੱਲ ਵੀ ਚੱਲ ਰਹੀ ਹੈ ਕਿ ਚੀਨ ਨਾਲ ਸੰਭਾਵੀ ਹਥਿਆਰਬੰਦ ਟਕਰਾਅ ਦੀ ਸੂਰਤ ਵਿਚ ਭਾਰਤ 'ਤੇ ਇਹ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਉਹ ਅਮਰੀਕਾ ਦਾ ਸਾਥ ਦੇਵੇਗਾ। ਇਸ ਤੋਂ ਇਹ ਅੰਦਾਜ਼ਾ ਲਾਇਆ ਗਿਆ ਕਿ ਅਮਰੀਕਾ ਨੂੰ ਚੀਨ ਨਾਲ ਆਪਣਾ ਤਣਾਅ ਘਟਾਉਣ ਬਾਬਤ ਭਾਰਤ ਦੇ ਰੱਦੇ-ਅਮਲ ਦੀ ਬਹੁਤੀ ਪ੍ਰਵਾਹ ਕਰਨ ਦੀ ਲੋੜ ਨਹੀਂ ਹੈ।

# ਪਾਕਿਸਤਾਨ 'ਚ ਸੱਤਾ ਦੀ ਲੜਾਈ

ਵੈਸਟਮਿੰਸਟਰ ਐਬੇ (ਯੂ.ਕੇ.) ਵਿਚ ਸਾਰੇ ਪੂਰਬ-ਆਧੁਨਿਕ ਸੰਸਕਾਰਾਂ ਤੇ ਰੀਤਾਂ ਦੌਰਾਨ ਵੱਖਰੇ ਜ਼ਮਾਨੇ ਦੇ ਜਾਪਦੇ ਸਮਾਗਮ ਦੌਰਾਨ ਹਰ ਕਿਸੇ ਨੂੰ ਬਾਦਸ਼ਾਹ ਚਾਰਲਸ ਦੇ ਰਾਜ ਤਿਲਕ ਦੀ ਰਸਮ ਦੀ ਉਡੀਕ ਸੀ। ਕਰੀਬ 70 ਸਾਲ ਪਹਿਲਾਂ 2 ਜੂਨ, 1953 ਨੂੰ ਜਦੋਂ ਮਹਾਰਾਣੀ ਐਲਿਜ਼ਬੈਥ ਦੋਇਮ ਨੂੰ ਰਾਜ ਗੱਦੀ ਦੀ ਸਹੁੰ ਚੁਕਾਈ ਗਈ ਸੀ ਤਾਂ ਉਨ੍ਹਾਂ ਦੇ ਰਾਜਸ਼ਾਹੀ ਇਲਾਕਿਆਂ ਵਿਚ ਪਾਕਿਸਤਾਨ ਵੀ ਸ਼ਾਮਲ ਸੀ। ਜ਼ਾਹਿਰ ਹੈ ਕਿ ਉਨ੍ਹਾਂ ਦੇ ਪੁੱਤਰ ਨੂੰ ਇਹ ਸ਼ਾਹੀ ਠਾਠ ਹਾਸਲ ਨਹੀਂ ਹੈ ਕਿ ਉਹ ਇਨ੍ਹਾਂ 'ਆਜ਼ਾਦ' ਮੁਲਕਾਂ ਨੂੰ ਆਪਣੇ ਇਲਾਕਿਆਂ ਵਜੋਂ ਗਿਣ ਸਕੇ; ਤਾਂ ਵੀ ਇਹ ਹਕੀਕਤ

**ਰਾਜੇਸ਼ ਰਾਮਚੰਦਰਨ**

ਕਿਸੇ ਵੀ ਤਰ੍ਹਾਂ ਉੱਤਰ-ਬਸਤੀਵਾਦੀ ਸਮਾਜਾਂ, ਖ਼ਾਸਕਰ ਦੱਖਣੀ ਏਸ਼ੀਆ ਦੇ ਨਾਕਾਮਯਾਬ ਮੁਲਕਾਂ ਉਤੇ ਐਂਗਲੋ-ਅਮਰੀਕੀ ਉੱਦਮ ਦੇ ਪ੍ਰਭਾਵ ਨੂੰ ਨਹੀਂ ਘਟਾਉਂਦੀ।

ਪਾਕਿਸਤਾਨ ਦੀ ਇਹ ਮੰਦਹਾਲੀ ਉਸ ਦੀ ਆਪਣੀ ਪੈਦਾਵਾਰ ਹੈ ਜਿਹੜੀ ਬਰਤਾਨੀਆ ਦੇ ਫ਼ਾਰਸ ਦੀ ਖਾੜੀ ਵਿਚਲੇ ਆਪਣੇ ਸਾਮਰਾਜੀ ਹਿੱਤਾਂ ਅਤੇ ਤੇਲ ਦੇ ਭੰਡਾਰਾਂ ਦੀ ਸੋਵੀਅਤਾਂ ਖ਼ਿਲਾਫ਼ ਰਾਖੀ ਕਰਨ ਦੇ ਰਣਨੀਤਕ ਮਕਸਦ ਅਤੇ ਭਾਰਤੀ ਕੌਮਪ੍ਰਸਤਾਂ ਪ੍ਰਤੀ ਉਨ੍ਹਾਂ ਦੇ ਡੂੰਘੇ ਸ਼ੱਕਾਂ ਤੋਂ ਪ੍ਰੇਰਿਤ ਹੈ। ਇਸ ਲਈ ਜਦੋਂ ਫ਼ੌਜੀ ਤਾਨਾਸ਼ਾਹ ਅਤੇ ਉਨ੍ਹਾਂ ਦੇ ਪਸੰਦੀਦਾ ਮੋਹਰੇ ਪੱਛਮ ਵੱਲੋਂ ਸੁੱਟੇ ਸੱਤਾ ਦੇ ਟੁਕੜਿਆਂ ਲਈ ਲੜਦੇ ਹਨ ਤਾਂ ਉਦੋਂ ਸਿਰਫ਼ ਉਸ ਮੁਲਕ ਦੇ ਬਦਕਿਸਮਤ ਲੋਕ ਹੀ ਹਾਰਦੇ ਹਨ। ਇਹੋ ਕਹਾਣੀ ਲਗਾਤਾਰ ਦੁਹਰਾਈ ਜਾਂਦੀ ਹੈ। ਪਹਿਲਾਂ ਜਨਰਲ ਯਾਹੀਆ ਖ਼ਾਨ ਨੇ ਜ਼ੁਲਫ਼ਿਕਾਰ ਅਲੀ ਭੁੱਟੋ ਨੂੰ ਸਹਾਰਾ ਦਿੱਤਾ ਜਾਂਦਾ ਹੈ, ਫਿਰ ਭੁੱਟੋ ਉਸ ਦੀ ਪਿੱਠ ਵਿਚ ਛੁਰਾ ਮਾਰਦੇ ਹਨ; ਫਿਰ ਖ਼ੁਦ ਚੁਣੇ ਹੋਏ ਜਨਰਲ ਜ਼ਿਆ-ਉਲ-ਹੱਕ ਵੱਲੋਂ ਗੱਦੀਉਂ ਲਾਹੇ ਜਾਣ ਅਤੇ ਫਾਂਸੀ ਦਿੱਤੇ ਜਾਣ ਲਈ। ਭੁੱਟੋ ਨੇ ਜਨਰਲ ਜ਼ਿਆ ਨੂੰ ਫ਼ੌਜ ਦਾ ਮੁਖੀ ਬਣਾਉਣ ਲਈ ਸੱਤ ਸੀਨੀਅਰ ਜਰਨੈਲਾਂ ਦੀ ਸੀਨੀਅਰਤਾ ਨੂੰ ਨਜ਼ਰਅੰਦਾਜ਼ ਕੀਤਾ ਸੀ।

ਪਾਕਿਸਤਾਨ ਵਿਚ ਰਾਜ ਪਲਟਿਆਂ, ਕਤਲਾਂ, ਹੇਰਾਫੇਰੀ ਵਾਲੀਆਂ ਚੋਣਾਂ ਅਤੇ ਸਮੇਂ ਸਮੇਂ ਉਤੇ ਆਈਆਂ ਫ਼ੌਜੀ ਤਾਨਾਸ਼ਾਹੀਆਂ ਦੇ ਘਿਨਾਉਣੇ ਡਰਾਮੇ ਵਿਚ ਲਗਾਤਾਰ ਰਹਿਣ ਵਾਲਾ ਇਕੋ-ਇਕ ਅਦਾਕਾਰ ਐਂਗਲੋ-ਅਮਰੀਕੀ ਹਿੱਤ ਹੈ ਜਿਸ ਵੱਲੋਂ ਇਥੋਂ ਤੱਕ ਕਿ 30 ਲੱਖ ਬੰਗਲਾਦੇਸ਼ੀਆਂ ਦੇ ਕਤਲੇਆਮ ਨੂੰ ਵੀ ਜਾਇਜ਼ ਠਹਿਰਾ ਦਿੱਤਾ ਜਾਂਦਾ ਹੈ। ਤਾਂ ਕੀ ਹੁਣ ਇਹੋ ਕੁਝ ਦੇਸ਼ ਦੇ ਬਹੁਤ ਜ਼ਿਆਦਾ ਮਕਬੂਲ ਸਿਆਸਤਦਾਨ ਇਮਰਾਨ ਖ਼ਾਨ ਦੇ ਮਾਮਲੇ ਵਿਚ ਹੋਣ ਵਾਲਾ ਹੈ? ਕਿਸੇ ਵੀ ਤਰ੍ਹਾਂ ਦੀ ਕਾਮਯਾਬੀ ਤੋਂ ਵਾਂਝੇ ਤੀਜੀ ਦੁਨੀਆ ਦੇ ਬਹੁਤ ਹੀ ਗ਼ਰੀਬ ਮੁਲਕ ਲਈ ਇਮਰਾਨ ਖ਼ਾਨ ਨੇ ਕ੍ਰਿਕਟ ਦੀ ਸ਼ਾਨ ਲਿਆਂਦੀ, ਜਦੋਂ ਉਸ ਦੀ ਕਪਤਾਨੀ ਹੇਠ ਪਾਕਿਸਤਾਨ ਨੇ 1992 ਦਾ ਸੰਸਾਰ ਕ੍ਰਿਕਟ ਕੱਪ ਜਿੱਤਿਆ ਪਰ ਉਸ ਨੇ ਇਸ ਸ਼ਾਨਦਾਰ ਜਿੱਤ ਨੂੰ ਲਾਹੌਰ ਵਿਚ ਆਪਣੀ ਅੰਮੀ ਦੀ ਯਾਦ ਵਿਚ ਕੈਂਸਰ ਹਸਪਤਾਲ ਬਣਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਸਮਰਪਿਤ ਕਰ ਕੇ ਇਸ ਨੂੰ ਨਿਜੀ ਰੂਪ ਦੇ ਦਿੱਤਾ। ਉਸ ਨੇ ਵੱਡੇ ਪੱਧਰ 'ਤੇ ਧਿਆਨ ਦਾ ਕੇਂਦਰ ਬਣੇ ਆਪਣੇ ਇਸ ਮੌਕੇ ਨੂੰ ਸਮੂਹਿਕ ਕੋਸ਼ਿਸ਼ ਅਤੇ ਟੀਮ ਦੀ ਜਿੱਤ ਤੋਂ ਬਦਲ ਕੇ ਆਪਣੀ ਜ਼ਾਤੀ ਜਿੱਤ ਬਣਾ ਦਿੱਤਾ।

ਅਗਲੇ ਤਿੰਨ ਦਹਾਕਿਆਂ ਦੌਰਾਨ ਇਮਰਾਨ ਨੇ ਬੜੀ ਸਫਲਤਾ ਨਾਲ ਕ੍ਰਿਕਟ ਵਿਚਲੀਆਂ ਆਪਣੀਆਂ ਪ੍ਰਾਪਤੀਆਂ ਨੂੰ ਆਪਣੇ ਸਿਆਸੀ ਸਰਮਾਏ ਵਿਚ ਬਦਲ ਲਿਆ, ਉਹ ਵੀ ਸੱਚੇ ਇਸਲਾਮੀ ਵਾਲੀ ਵੰਨਗੀ ਦੇ ਰੂਪ ਵਿਚ ਜੋ ਜ਼ਾਹਿਰਾ ਤੌਰ 'ਤੇ ਵਿਚਾਰਧਾਰਕ ਢੰਗ ਨਾਲ ਪਾਕਿਸਤਾਨ ਦੇ ਫ਼ੌਜੀ-ਇੰਟੈਲੀਜੈਂਸ ਢਾਂਚੇ ਨੂੰ ਬਣਾਈ ਰੱਖਦੀ ਹੈ। ਜਿਨਾਹ ਵੱਲੋਂ ਬਰਤਾਨਵੀ ਆਕਾਵਾਂ ਦੀ ਸ਼ਹਿ ਉਤੇ ਸਿਰਜੀ ਦੋ ਕੌਮਾਂ ਦੀ ਮਨਘੜਤ ਮਿੱਥ ਨੂੰ ਸਿਰਫ਼ ਇਸਲਾਮੀ ਕੌਮਪ੍ਰਸਤੀ/ਰਾਸ਼ਟਰਵਾਦ ਦੇ ਨਵੇਂ ਹਮਾਇਤੀਆਂ ਨਾਲ ਹੀ ਕਾਇਮ ਰੱਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਪੱਛਮ ਤੇ ਫ਼ੌਜ ਦਾ ਥਾਪੜਾ ਹਾਸਲ ਹੋਵੇ। ਇਮਰਾਨ ਵੱਲੋਂ ਚੋਣਾਂ ਜਿੱਤ ਕੇ ਸੱਤਾ ਤੱਕ ਪੁੱਜਣ ਦਾ ਤੈਅ ਕੀਤਾ ਗਿਆ ਪੈਂਡਾ ਭਾਵੇਂ ਚੋਣ-ਹੇਰਾਫੇਰੀ ਵਾਲਾ ਹੋਵੇ ਜਾਂ ਕੁਝ ਹੋਰ ਪਰ ਇਸ ਨੂੰ ਫ਼ੌਜ ਨੇ ਹੀ ਯਕੀਨੀ ਬਣਾਇਆ ਸੀ ਜਿਸ ਨੂੰ ਉਸ (ਇਮਰਾਨ) ਦੇ ਅਚੂਕ ਕ੍ਰਿਸ਼ਮੇ ਨੇ ਮੰਜ਼ਲ ਤੱਕ ਪਹੁੰਚਾਇਆ। ਉਂਝ, ਜਿਵੇਂ ਹਮੇਸ਼ਾ ਹੀ ਇਸਲਾਮੀ ਮਕਬੂਲ ਆਗੂਆਂ ਦੇ ਮਾਮਲੇ ਵਿਚ ਵਾਪਰਦਾ ਹੈ, ਇਮਰਾਨ ਵੀ ਮਜ਼ਹਬੀ ਨਾਅਰਿਆਂ ਤੇ ਜਹਾਦੀ ਜਨੂੰਨ ਦੇ ਸ਼ੋਰ ਵਿਚ ਭੁਲੇਖੇ ਦਾ ਸ਼ਿਕਾਰ ਹੋ ਗਿਆ।

ਇਹ ਸਾਰੀ ਕਹਾਣੀ ਉਦੋਂ ਨਾਕਾਮ ਹੋ ਗਈ ਜਦੋਂ ਇਮਰਾਨ ਨੇ ਫ਼ੌਜ ਅਤੇ ਅਮਰੀਕੀਆਂ ਖ਼ਿਲਾਫ਼ ਪੈਂਤੜਾ ਮੱਲ ਲਿਆ, ਯੂਕਰੇਨ ਜੰਗ ਦੀ ਸ਼ੁਰੂਆਤ ਵੇਲੇ ਰੂਸ ਦਾ ਦੌਰਾ ਕੀਤਾ ਅਤੇ ਬਾਅਦ ਵਿਚ ਅਮਰੀਕੀਆਂ ਉਤੇ ਆਪਣੀ ਸਰਕਾਰ ਨੂੰ ਡੇਗਣ ਦਾ ਇਲਜ਼ਾਮ ਲਾਇਆ। ਇਮਰਾਨ ਨੇ ਇਥੋਂ ਤੱਕ ਕਿ ਭਾਰਤ ਦੀ ਆਜ਼ਾਦ ਵਿਦੇਸ਼ ਨੀਤੀ ਦੀ ਖ਼ੂਬੀ ਨੂੰ ਵੀ ਮੰਨਿਆ ਜਿਹੜੀ ਤੀਜੀ ਦੁਨੀਆ ਦੀਆਂ ਬਸਤੀਵਾਦੀ ਦੌਰ ਤੋਂ ਬਾਅਦ ਵਾਲੀਆਂ ਚਿੰਤਾਵਾਂ ਤੋਂ ਪਾਰ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਉਹ ਇਕ ਆਮ ਇਸਲਾਮਪ੍ਰਸਤ ਲੋਕ-ਲੁਭਾਊ ਤੋਂ ਕਿਤੇ ਵਧ ਕੇ ਹੈ ਕਿਉਂਕਿ ਉਹ ਆਪਣੀ ਪੱਛਮ-ਵਿਰੋਧੀ ਬਿਆਨਬਾਜ਼ੀ ਦਾ ਇਸਤੇਮਾਲ ਪਾਕਿਸਤਾਨੀ ਫ਼ੌਜ ਨੂੰ ਨਾਵਾਜਬ ਠਹਿਰਾਉਣ ਲਈ ਕਰਨ ਵਿਚ ਕਾਮਯਾਬ ਰਿਹਾ। ਫਿਰ ਉਸ ਦੇ ਕੱਟੜ ਹਮਾਇਤੀ ਮਹਿਜ਼ ਲੁੰਪਨ ਪ੍ਰੋਲਤਾਰੀ ਵਰਗ ਤੱਕ ਹੀ ਸੀਮਤ ਨਹੀਂ ਸਗੋਂ ਉਨ੍ਹਾਂ ਵਿਚ ਫ਼ੌਜ ਦੇ ਹੇਠਲੇ ਪੱਧਰ ਦੇ ਅਫ਼ਸਰ ਵੀ ਸ਼ਾਮਲ ਹਨ ਜਿਨ੍ਹਾਂ ਨੇ ਹੋ ਸਕਦਾ ਹੈ, ਫ਼ੌਜੀ ਹੈਡਕੁਆਰਟਰਾਂ ਸਣੇ ਹੋਰ ਫ਼ੌਜੀ ਟਿਕਾਣਿਆਂ ਉਤੇ ਹਮਲਿਆਂ ਵਿਚ ਵੀ ਮਦਦ ਕੀਤੀ ਹੋਵੇ।

ਇਮਰਾਨ ਖ਼ਾਨ ਦੀ ਰਿਹਾਈ ਅਤੇ ਅਦਾਲਤੀ ਅਹਾਤੇ ਅੰਦਰ ਉਸ ਨੂੰ ਹੌਸਲੇ ਨਾਲ ਤੁਰਦਾ ਦਿਖਾਉਂਦੀ ਵੀਡੀਓ, ਉਸ ਦੇ ਫ਼ੌਜ ਨੂੰ ਝੁਕਾਉਣ ਵਿਚ ਕਾਮਯਾਬ ਰਹਿਣ ਦਾ ਸਬੂਤ ਹਨ। ਉਸ ਨੂੰ ਇਹ ਤਾਕਤ ਸਿਰਫ਼ ਉਸ ਦੇ ਲੋਕਾਂ ਨਾਲ ਸੰਪਰਕ ਤੋਂ ਮਿਲਦੀ ਹੈ। ਦਿਲਚਸਪ ਗੱਲ ਹੈ ਕਿ ਇਮਰਾਨ ਦੀ ਗ੍ਰਿਫ਼ਤਾਰੀ ਤੋਂ ਫੌਰੀ ਬਾਅਦ ਵਾਇਰਲ ਕੀਤੀ ਕਿਸੇ ਪਾਕਿਸਤਾਨੀ ਦੀ ਦੱਸੀ ਜਾਂਦੀ ਵ੍ਹੱਟਸਐਪ ਕਲਿਪ ਵਿਚ ਦਾਅਵਾ ਕੀਤਾ ਗਿਆ ਕਿ ਤਿੰਨ ਫ਼ੌਜੀ ਕੋਰ ਕਮਾਂਡਰਾਂ ਨੇ ਆਪਣੇ ਘਰਾਂ ਦੇ ਹਮਲਿਆਂ ਦਾ ਸ਼ਿਕਾਰ ਹੋਣ ਕਾਰਨ ਘਰ ਛੱਡ ਦਿੱਤੇ ਹਨ ਅਤੇ ਉਨ੍ਹਾਂ ਨੇ ਫ਼ੌਜੀ ਮੁਖੀ ਜਨਰਲ ਸਈਦ ਆਸਿਮ ਮੁਨੀਰ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਚਲੋ, ਇਮਰਾਨ ਦੀ ਰਿਹਾਈ ਮੁਲਕ ਦੇ ਵਿਗੜ ਰਹੇ ਹਾਲਾਤ ਅਤੇ ਲੋੜ ਪੈਣ 'ਤੇ ਵਿਦਰੋਹ ਦੇ ਖ਼ਦਸ਼ੇ ਦਾ ਸਬੂਤ ਹੈ।

ਇਸ ਦੌਰਾਨ ਪਾਕਿਸਤਾਨੀ ਫ਼ੌਜ ਚੀਨ ਨਾਲ ਆਪਣੀ ਗੂੜ੍ਹੀ ਦੋਸਤੀ ਹੋਰ ਪੱਕੀ ਕਰ ਰਹੀ ਹੈ ਜਿਸ ਲਈ ਉਹ ਚੀਨ ਦੀ ਪੱਟੀ ਤੇ ਸੜਕ ਪਹਿਲਕਦਮੀ ਲਈ ਅਫ਼ਗਾਨਿਸਤਾਨ ਨਾਲ ਵਿਚੋਲਗੀ ਵੀ ਕਰ ਰਹੀ ਹੈ ਜੋ ਜ਼ਾਹਿਰਾ ਤੌਰ 'ਤੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦੇ ਇਸਤੇਮਾਲ ਰਾਹੀਂ ਭਾਰਤ ਦੀ ਘੇਰਾਬੰਦੀ ਨੂੰ ਮਜ਼ਬੂਤ ਕਰੇਗਾ। ਇਸ ਪ੍ਰਸੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਾਸ਼ਿੰਗਟਨ ਦਾ ਪਹਿਲਾ ਸਰਕਾਰੀ ਦੌਰਾ ਕੀਤਾ ਜਾ ਰਿਹਾ ਹੈ। ਨਾਲ ਹੀ ਭਾਰਤ-ਅਮਰੀਕਾ ਭਾਈਵਾਲੀ ਦੇ ਨਵੇਂ ਅਧਿਆਏ ਦੀ ਇੰਨੀ ਜ਼ਿਆਦਾ ਲੋੜ ਪੱਛਮ ਤੇ ਹਿੰਦੋਸਤਾਨ ਲਈ ਇਸ ਤੋਂ ਪਹਿਲਾਂ ਕਦੇ ਨਹੀਂ ਰਹੀ। ਇਸ ਸਾਰੇ ਦੌਰ ਦੌਰਾਨ ਭਾਰਤ ਦੋ ਮੁਹਾਜ਼ਾਂ ਉਤੇ ਦੁਸ਼ਮਣੀ ਦਾ ਸਾਹਮਣਾ ਕਰ ਰਿਹਾ ਹੈ: ਇਕ ਪਾਸੇ ਇਕ ਗੁਆਂਢੀ ਵੱਲੋਂ ਉਸ ਦੀ ਫ਼ੌਜ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ; ਦੂਜੇ ਪਾਸੇ ਅਮਰੀਕਾ ਵੱਲੋਂ ਉਸ ਨੂੰ ਮਾਲੀ ਮਜ਼ਬੂਤੀ ਦਿੱਤੀ ਜਾ ਰਹੀ ਹੈ। ਇਸ ਲਈ ਇਹ ਭਾਰਤ ਦੀ ਜ਼ਰੂਰਤ ਨਾਲੋਂ ਕਿਤੇ ਵੱਧ ਅਮਰੀਕਾ ਦੀ ਲੋੜ ਹੈ ਕਿ ਚਹੁੰ-ਧਿਰੀ ਸੁਰੱਖਿਆ ਸੰਵਾਦ ਨੂੰ ਅਰਥ ਭਰਪੂਰ ਭੂ-ਸਿਆਸੀ ਪਛਾਣ ਤੱਕ ਪਹੁੰਚਾਇਆ ਜਾਵੇ (ਕਿਸੇ ਵੀ ਗੱਠਜੋੜ ਨੂੰ ਆਦਰਸ਼ ਰੂਪ ਵਿਚ ਸਮਾਂ ਲੈਣਾ ਚਾਹੀਦਾ ਹੈ) ਜਿਹੜਾ ਚੀਨੀ ਪਸਾਰਵਾਦ ਵਿਚ ਦਖ਼ਲ ਦੇ ਕੇ ਇਸ ਨੂੰ ਰੋਕ ਸਕੇ।

ਇਕ ਪਾਸੇ ਜਿਥੇ ਪੱਛਮ ਨੇ ਭਾਰਤ ਦੀ ਨਸਲੀ ਵੰਡ ਦੇ ਪੱਖ ਵਿਚ ਕੰਮ ਕੀਤਾ, ਇਸ ਦੀ ਜਮਹੂਰੀਅਤ ਅਤੇ ਫੈਡਰਲਿਜ਼ਮ ਨੂੰ ਨਾਵਾਜਬ ਬਣਾਉਣ ਦੀ ਕੋਸ਼ਿਸ਼ ਕੀਤੀ, ਫ਼ਿਰਕੂ ਵੱਖਵਾਦੀ ਤਾਕਤਾਂ ਅਤੇ ਸੱਭਿਆਚਾਰਕ ਦਾਅਵੇਦਾਰਾਂ ਨੂੰ ਹੱਲਾਸ਼ੇਰੀ ਦਿੱਤੀ; ਉਥੇ ਦੂਜੇ ਪਾਸੇ ਬਗ਼ਾਵਤ ਦੀ ਸੂਰਤ ਵਿਚ ਪਾਕਿਸਤਾਨ ਦੇ ਖਿੰਡ-ਪੁੰਡ ਜਾਣ ਦਾ ਖ਼ਤਰਾ ਵਧੇਰੇ ਹਕੀਕੀ ਅਤੇ ਭਿਆਨਕ ਹੈ ਕਿਉਂਕਿ ਇਸ ਹਾਲਤ ਵਿਚ ਇਸ ਦੇ ਪਰਮਾਣੂ ਅਸਲ੍ਹਾਖ਼ਾਨੇ ਦਾ ਕੀ ਬਣੇਗਾ। ਪਾਕਿਸਤਾਨੀ ਫ਼ੌਜ, ਇਮਰਾਨ ਵਰਗੇ ਸਿਆਸਤਦਾਨਾਂ ਅਤੇ ਨਾਲ ਹੀ ਆਮ ਲੋਕਾਂ ਦੇ ਜ਼ਿਆਦਾ ਤੋਂ ਜ਼ਿਆਦਾ ਚੀਨ ਦੇ ਕਰੀਬ ਜਾਣ ਨਾਲ ਪਾਕਿਸਤਾਨ ਉਮੀਦ ਨਾਲੋਂ ਕਿਤੇ ਛੇਤੀ ਪੱਛਮੀ ਪਕੜ ਵਿਚੋਂ ਖਿਸਕ ਰਿਹਾ ਹੈ। ਸੋਵੀਅਤਾਂ ਵੱਲੋਂ 1940ਵਿਆਂ ਵਿਚ ਪੈਦਾ ਕੀਤੇ ਸਾਰੀ ਤਰ੍ਹਾਂ ਦੇ ਖ਼ਤਰੇ ਹੁਣ ਪਾਕਿਸਤਾਨ-ਚੀਨ-ਰੂਸ ਗੱਠਜੋੜ ਕਾਰਨ ਕਈ ਗੁਣਾ ਵਧ ਗਏ ਹਨ ਜਿਨ੍ਹਾਂ ਦਾ ਕੰਧ 'ਤੇ ਲਿਖਿਆ ਪੜ੍ਹਨ ਤੋਂ ਪੱਛਮ ਹੀ ਇਨਕਾਰੀ ਹੈ।

ਇਕ ਅਜਿਹੇ ਆਗੂ ਜਿਹੜਾ ਗੁਆਂਢ ਵੱਲ ਦੋਖੀ ਰਵੱਈਆ ਰੱਖਦਾ ਹੋਵੇ, ਦੇ ਤਾਨਾਸ਼ਾਹੀ ਤਾਕਤਾਂ ਹਾਸਲ ਕਰ ਲੈਣ ਵਾਲੀ ਹਾਲਤ ਵਿਚ ਉਭਾਰ ਦਾ ਇਕੋ-ਇਕ ਬਦਲ ਫ਼ੌਜ ਵੱਲੋਂ ਸੱਤਾ ਉਤੇ ਕਬਜ਼ਾ ਕਰ ਲੈਣਾ ਹੀ ਹੋ ਸਕਦਾ ਹੈ ਜਿਹੜਾ ਕਾਫ਼ੀ ਨਜ਼ਦੀਕ ਜਾਪਦਾ ਹੈ। ਇਸ ਦਾ ਸਿੱਟਾ, ਵਧੇਰੇ ਧਿਰਾਂ ਦੀ ਸ਼ਮੂਲੀਅਤ ਨਾਲ ਚੀਨ ਦੇ ਖ਼ਤਰੇ ਨੂੰ ਟੱਕਰ ਦੇਣ ਦੇ ਰੂਪ ਵਿਚ ਨਿਕਲ ਸਕਦਾ ਹੈ ਭਾਵੇਂ ਇਸ ਨਾਲ ਇਕ ਮੁਲਕ ਦਾ ਖ਼ਾਤਮਾ ਹੀ ਹੁੰਦਾ ਹੋਵੇ। ਇਸ ਦੌਰਾਨ, ਜੇ ਜਨਰਲ ਮੁਨੀਰ ਹਥਿਆਰਬੰਦ ਫ਼ੌਜਾਂ ਨੂੰ ਇਕਮੁੱਠ ਰੱਖਣ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਉਹ ਪਹਿਲਾਂ ਵਾਲੀ ਹਾਲਤ ਬਹਾਲ ਕਰਨ ਵਿਚ ਸਫਲ ਹੋ ਸਕਦੇ ਹਨ। ਜਿਥੋਂ ਤੱਕ ਪੱਛਮ ਦਾ ਸਵਾਲ ਹੈ, ਉਹ ਜਾਂ ਤਾਂ ਭਾਰਤੀ ਰਾਸ਼ਟਰਵਾਦੀਆਂ ਪ੍ਰਤੀ ਆਪਣੇ ਸ਼ੱਕਾਂ ਨੂੰ ਦੂਰ ਕਰ ਸਕਦਾ ਹੈ ਜਾਂ ਫਿਰ ਚੀਨੀ ਦਬਦਬੇ ਨੂੰ ਮਨਜ਼ੂਰ ਕਰ ਸਕਦਾ ਹੈ।

# ਸ਼ਾਂਤੀ ਬਹਾਲ

## ਕਹਾਣੀ

**ਬਰੈਂਪਟਨ (ਕੈਨੇਡਾ) ਵੱਸਦੇ ਕਹਾਣੀਕਾਰ ਮੇਜਰ ਮਾਂਗਟ ਦੀ ਕਹਾਣੀ 'ਸ਼ਾਂਤੀ ਬਹਾਲ' ਅੱਜ ਦੇ ਉਸ ਮਨੁੱਖ ਦੀ ਕਹਾਣੀ ਹੈ ਜੋ ਦੋ ਨਹੀਂ, ਅਣਗਿਣਤ ਪੁੜਾਂ ਵਿਚਕਾਰ ਪੀਸਿਆ ਜਾ ਰਿਹਾ ਹੈ। ਇਹ ਅਸਲ ਵਿਚ ਅੱਜ ਦੇ ਮਨੁੱਖ ਦੀ ਤ੍ਰਾਸਦੀ ਹੈ ਕਿ ਸਿਆਸਤ ਦੀ ਸੱਤਾ ਦੀ ਭੁੱਖ ਉਸ ਨੂੰ ਲਗਾਤਾਰ ਨਪੀੜ ਰਹੀ ਹੈ।**

"ਵਿਚ ਕੰਟਰੀ ਯੂ ਫਰੌਮ?" ਮੈਂ ਨੋਲਾ ਨੂੰ ਪੁੱਛਿਆ।

"ਸਾਊਥ ਕੋਰੀਆ।"

ਤੇਫੇਰ ਉਹ ਆਪਣਾ ਪਿਛੋਕੜ ਦੱਸਣ ਲੱਗ ਪਿਆ। ਉਸਦਾ ਦਾਦਾ ਕੋਈ ਪੰਜਾਹ ਕੁ ਸਾਲ ਪਹਿਲਾਂ ਅਮਰੀਕਾ ਆਇਆ ਸੀ। ਇਹ ਉਸ ਨਾਲ ਮੇਰੀ ਪਹਿਲੀ ਗੱਲਬਾਤ ਸੀ। ਮਿਲਦੇ ਤਾਂ ਅਸੀਂ ਇਕ ਸਾਲ ਤੋਂ ਆ ਰਹੇ ਸਾਂ ਪਰ ਕਦੇ ਗੱਲਬਾਤ ਨਹੀਂ ਸੀ ਹੋਈ।

"ਸਕਿਉਰਟੀ ਦੀ ਜੌਬ ਕਿੰਨੀ ਦੇਰ ਕੀਤੀ?" ਮੈਂ ਉਸ ਨੂੰ ਅਗਲਾ ਸਵਾਲ ਪੁੱਛਿਆ।

"ਟੂ ਈਅਰਜ਼।"

ਮੈਂ ਜਿੰਨਾ ਕੁ ਸਵਾਲ ਪੁੱਛਦਾ, ਉਹ ਉਨਾ ਕੁ ਜਵਾਬ ਦੇ ਦਿੰਦਾ। ਪਿਛਲੇ ਸਾਲ ਉਹ ਕਾਸਟਾ ਅਤੇ ਗਾਰਡਾ, ਦੋਨੋਂ ਮਸ਼ਹੂਰ ਸਕਿਉਰਟੀ ਕੰਪਨੀਆਂ ਨਾਲ ਕੰਮ ਕਰਦਾ ਰਿਹਾ ਸੀ ਜਿਨ੍ਹਾਂ ਕੋਲ ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਸੀ। ਕੁਝ ਸਮਾਂ ਉਸਦੀ ਡਿਊਟੀ ਗੇਟ ਨੰਬਰ 315 'ਤੇ ਸੀ ਜਿੱਥੋਂ ਅਕਸਰ ਅਸੀਂ ਲੰਘਦੇ ਸੀ। ਮੇਰੀ ਉਸ ਨਾਲ ਜਾਣ ਪਛਾਣ ਹੋ ਗਈ ਸੀ।



**ਮੇਜਰ ਮਾਂਗਟ**
ਫੋਨ: +1-905-796-9797

ਮੈਂ ਜਾਣਿਆ ਕਿ ਨੋਲਾ ਹੁਕਮ ਵਿਚ ਰਹਿਣ ਵਾਲਾ ਬੰਦਾ ਹੈ, ਕਾਇਦੇ ਕਾਨੂੰਨ ਦੀ ਪਾਲਣਾ ਕਰਨ ਵਾਲਾ। ਜਦੋਂ ਦਾ ਉਹ ਸਾਡੀ ਕੰਪਨੀ ਵਿਚ ਆਇਆ ਸੀ, ਏਥੇ ਵੀ ਉਸਦੇ ਉਹ ਹੀ ਅਸੂਲ ਸਨ। ਨਾ ਤਾਂ ਉਹ ਕੰਮ 'ਤੇ ਕਦੇ ਲੇਟ ਹੁੰਦਾ ਤੇ ਨਾ ਹੀ ਕੰਮ ਤੋਂ ਜੀਅ ਚੁਰਾਉਂਦਾ। ਕੰਮ 'ਤੇ ਵਾਧੂ ਗੱਲਾਂ ਕਰਨੀਆਂ ਜਾਂ ਫੋਨ ਦੇਖੀ ਜਾਣਾ ਵੀ ਉਸ ਨੂੰ ਚੰਗਾ ਨਹੀਂ ਸੀ ਲੱਗਦਾ।

ਹੁਣ ਏਅਰ ਕਰਾਫਟ ਮੇਨਟੀਨੈਂਸ ਵਿਭਾਗ ਵਿਚ ਉਸਦੀ ਪ੍ਰੋਬੇਸ਼ਨ ਪੂਰੀ ਹੋ ਚੁੱਕੀ ਸੀ। ਮਕੈਨੀਕਲ ਬੈਕਰਾਊਂਡ ਹੋਣ ਕਾਰਨ ਹੀ ਉਹ ਮੇਨਟੀਨੈਂਸ ਵਿਚ ਆਇਆ ਸੀ। ਤੇ ਹੁਣ ਉਸ ਨੂੰ ਆਪ ਵੀ ਉਸੇ ਸਕਿਉਰਟੀ ਵਿਚੋਂ ਲੰਘਣਾ ਪੈਂਦਾ ਸੀ। ਉਸ ਦੀ ਟੀਮ ਮੇਰੇ ਨਾਲ ਬਣੀ ਸੀ। ਹੌਲੀ ਹੌਲੀ ਉਹ ਮੇਰੇ ਨਾਲ ਖੁੱਲ੍ਹਣ ਲੱਗ ਪਿਆ।

"ਅਮਰੀਕਾ ਆਉਣਾ ਕਿਵੇਂ ਹੋਇਆ ਸੀ?" ਇਕ ਦਿਨ ਮੈਂ ਉਤਸੁਕਤਾ ਨਾਲ ਪੁੱਛਿਆ।

ਜਦੋਂ ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਲੜ ਰਹੇ ਸਨ ਤਾਂ ਵੱਡੀਆਂ ਤਾਕਤਾਂ ਵੀ ਧਿਰ ਬਣ ਗਈਆਂ ਸਨ। ਉਦੋਂ ਅਮਰੀਕਾ ਦੱਖਣੀ ਕੋਰੀਆ ਨਾਲ ਖੜ੍ਹ ਗਿਆ। ਮੇਰੇ ਪਿਤਾ ਨੂੰ ਉਦੋਂ ਅਮਰੀਕਨ ਫੌਜਾਂ ਨਾਲ ਮਿਲ ਕੇ ਕੰਮ ਕਰਨਾ ਪਿਆ ਸੀ। ਉਦੋਂ ਹੀ ਇਕ ਅਮਰੀਕਨ ਨੇਵੀ ਕਮਾਂਡਰ ਨੇ ਮੇਰੇ ਪਿਤਾ ਨੂੰ ਅਮਰੀਕਾ ਆ ਕੇ ਵਸਣ ਦੀ ਸਲਾਹ ਦਿੱਤੀ ਸੀ। ਤੇ ਫੇਰ ਉਹ ਜੰਗਬੰਦੀ ਤੋਂ ਬਾਅਦ ਪਰਿਵਾਰ ਸਮੇਤ ਅਮਰੀਕਾ ਆ ਗਿਆ ਸੀ।

"ਫੇਰ ਕੈਨੇਡਾ ਕਦੋਂ ਆਇਆ?" ਮੈਂ ਅਗਲਾ ਸਵਾਲ ਕਰ ਦਿੱਤਾ।

"ਮੇਰੀ ਪੜ੍ਹਾਈ ਤਾਂ ਮਕੈਨੀਕਲ ਇੰਜਨੀਅਰਿੰਗ ਦੀ ਹੈ ਪਰੰਤੂ ਮੈਂ ਕਈ ਸਾਲ ਯੂਨਾਈਟਿਡ ਨੇਸ਼ਨ ਨਾਲ ਪੀਸ ਕੀਪਰ ਦੀ ਜੌਬ ਕਰਦਾ ਰਿਹਾ ਹਾਂ। ਫੇਰ ਦਿਮਾਗੀ ਪਰੇਸ਼ਾਨੀ ਕਾਰਨ ਇਹ ਜੌਬ ਮੈਨੂੰ ਛੱਡਣੀ ਪੈ ਗਈ। ਕੈਨੇਡਾ ਆਉਣ ਦਾ ਇਕ ਕਾਰਨ ਇਹ ਵੀ ਸੀ।

ਕੁੱਝ ਦੇਰ ਰੁਕ ਕੇ ਉਹ ਫੇਰ ਬੋਲਿਆ, "ਅਮਰੀਕਾ ਰਹਿੰਦਿਆਂ ਮੈਨੂੰ ਬਹੁਤ ਬੇਚੈਨੀ ਹੋਣ ਲੱਗ ਪਈ ਸੀ, ਮੈਂ ਡੀਪਰੈਸ਼ਨ ਵਿਚ ਚਲਾ ਗਿਆ ਸਾਂ। ਡਾਕਟਰ ਨੇ ਕਿਹਾ ਸੀ ਕਿ ਮੈਂ ਜਗ੍ਹਾ ਬਦਲ ਲਵਾਂ। ਮੇਰੇ ਲਈ ਜਾਂ ਸਾਊਥ ਕੋਰੀਆ ਜਾ ਕੇ ਵਸਣ ਦਾ ਰਾਹ ਸੀ, ਤੇ ਜਾਂ ਕੈਨੇਡਾ। ਉਦੋਂ ਹੀ ਮੈਂ ਕੈਨੇਡਾ ਵਾਸਤੇ ਵਰਕ ਪਰਮਿਟ ਲਈ ਅਪਲਾਈ ਕਰ ਦਿੱਤਾ ਜੋ ਮੈਨੂੰ ਉਸੇ ਸਾਲ ਮਿਲ ਗਿਆ। ਤੇ ਬੱਸ ਮੈਂ ਕੈਨੇਡਾ ਆ ਗਿਆ।"

ਮੈਂ ਮਹਿਸੂਸ ਕੀਤਾ ਕਿ ਨੋਲਾ ਗੱਲਾਂ ਕਰਦਾ ਕਰਦਾ, ਅਜੇ ਵੀ ਕਦੇ ਕਦੇ ਤਣਾਅ ਵਿਚ ਆ ਜਾਂਦਾ ਹੈ। ਮੈਨੂੰ ਲੱਗਿਆ ਕਿ ਕੁੱਝ ਗੱਲਾਂ ਉਹ ਮੇਰੇ ਤੋਂ ਲੁਕਾ ਰਿਹਾ ਏ। ਗੱਲਾਂ ਕਰਦਾ ਕਰਦਾ ਉਹ ਚੁੱਪ ਕਰ ਜਾਂਦਾ, ਜਿਵੇਂ ਕੁੱਝ ਕਹਿਣ ਤੋਂ ਡਰਦਾ ਹੋਵੇ। ਇਕ ਦਿਨ ਤਾਂ ਉਹ ਕਹਿ ਹੀ ਬੈਠਿਆ ਕਿ ਪੀਸ ਕੀਪਰ ਦੀ ਨੌਕਰੀ ਸਮੇਂ ਉਸ ਦੀ ਤਾਇਨਾਤੀ ਇਰਾਕ ਅਤੇ ਅਫਗਾਨਿਸਤਾਨ ਵਿਚ ਵੀ ਰਹੀ ਹੈ, ਤਾਂ ਮੇਰੇ ਕੰਨ ਖੜ੍ਹੇ ਹੋ ਗਏ। ਉਸ ਦੇ ਅੰਦਰੋਂ ਬਹੁਤ ਕੁੱਝ ਕਢਵਾਇਆ ਜਾ ਸਕਦਾ ਸੀ। ਉਸ ਦੇ ਅੰਦਰ ਢੇਰਾਂ ਦੇ ਢੇਰ ਘਟਨਾਵਾਂ ਹੋਣਗੀਆਂ ਜੋ ਉਸ ਨੂੰ ਪਰੇਸ਼ਾਨ ਕਰੀ ਰੱਖਦੀਆਂ। ਨੋਲਾ ਦੇ ਬਦਲਦੇ ਵਰਤਾਰਿਆਂ ਨੂੰ ਸਮਝਣ ਲਈ ਮੈਂ ਉਸਦੇ ਅੰਦਰ ਉੱਤਰਨ ਦਾ ਫੈਸਲਾ ਕੀਤਾ। ਫੇਰ ਹੌਲੀ ਹੌਲੀ ਉਸ ਦੇ ਮਨ ਨੂੰ ਸੰਨ੍ਹ ਲਾਉਣ ਵਿਚ ਸਫਲ ਵੀ ਹੋ ਗਿਆ।

"ਮੇਰਾ ਪਿਤਾ ਕੋਰੀਅਨ ਫੌਜ ਵਿਚ ਸਾਰਜੈਂਟ ਸੀ। ਜਦੋਂ ਸੰਨ 1950 ਵਿਚ ਯੈਲੋ ਸੀਅ ਕਿਨਾਰੇ, ਕੋਰੀਅਨ ਪੈਨਸੂਆਲਾ 'ਤੇ 25 ਜੂਨ ਤੋਂ 27 ਜੁਲਾਈ ਤਕ ਲਗਭਗ ਇਕ ਮਹੀਨਾ ਘਮਸਾਣ ਦੀ ਲੜਾਈ ਹੋਈ ਤਾਂ ਉਹ ਅਮਰੀਕਨ ਫੌਜਾਂ ਨਾਲ ਮਿਲ ਕੇ ਬਾਗੀਆਂ ਖਿਲਾਫ ਲੜਿਆ। ਉਸ ਨੂੰ ਅਮਰੀਕਾ ਨੇ ਕਈ ਸਨਮਾਨਾਂ ਨਾਲ ਨਿਵਾਜਿਆ ਤੇ ਅਮਰੀਕਾ ਵਸਣ ਦੀ ਪੇਸ਼ਕਸ਼ ਕੀਤੀ। ਜਦੋਂ ਕੋਰੀਆ ਦੋ ਭਾਗਾਂ ਵਿਚ ਵੰਡਿਆ ਗਿਆ ਤਾਂ ਮੇਰੇ ਪਿਤਾ ਨੇ ਫੌਜ ਛੱਡ ਕੇ ਅਮਰੀਕਾ ਵਸਣ ਦਾ ਮਨ ਬਣਾ ਲਿਆ।"

ਉਹ ਮੈਨੂੰ ਆਪਣੀ ਕਹਾਣੀ ਸੁਣਾਉਂਦਾ ਰਿਹਾ। ਜਦੋਂ ਵੀ ਵਕਤ ਮਿਲਦਾ ਤਾਂ ਉਹ ਅਗਲੀ ਕੜੀ ਜੋੜ ਲੈਂਦਾ।

"ਮੈਂ ਤਿੰਨ ਭਰਾਵਾਂ ਵਿਚ ਸਭ ਤੋਂ ਛੋਟਾ ਹਾਂ। ਮੇਰਾ ਜਨਮ 1975 ਦਾ ਹੈ। ਜਦੋਂ ਮੈਂ ਵੱਡਾ ਹੋਇਆ ਤਾਂ ਮੇਰਾ ਪਿਤਾ ਚਾਹੁੰਦਾ ਸੀ ਕਿ ਮੈਂ ਅਮਰੀਕਨ ਫੌਜ ਵਿਚ ਭਰਤੀ ਹੋ ਜਾਵਾਂ ਤੇ ਮੈਨੂੰ ਵੀ ਠੀਕ ਲੱਗਿਆ। ਸਾਲ 1995 ਵਿਚ ਮੈਂ ਅਮਰੀਕਨ ਫੌਜ ਵਿਚ ਭਰਤੀ ਹੋ ਗਿਆ। ਟ੍ਰੇਨਿੰਗ ਲਈ ਅਤੇ ਹਥਿਆਰ ਚਲਾਉਣੇ ਸਿੱਖੇ। ਫੇਰ ਮੈਂ ਹੁਕਮ ਵਿਚ ਬੱਝਾ ਸੈਨਿਕ ਬਣ ਗਿਆ। ਮੇਰਾ ਪਿਤਾ ਤਾਂ ਬਹੁਤ ਖੁਸ਼ ਸੀ ਪਰ ਮਾਂ ਨਹੀਂ ਸੀ ਚਾਹੁੰਦੀ ਕਿ ਮੈਂ ਫੌਜ ਵਿਚ ਜਾਵਾਂ। ਮਾਂ ਦਾ ਦਿਹਾਂਤ ਸੰਨ 2000 ਵਿਚ ਹੋ ਗਿਆ ਜੋ ਮੇਰੇ ਲਈ ਪਹਿਲੀ ਵੱਡੀ ਸੱਟ ਸੀ।"

ਮੈਂ ਉਸ ਦੀਆਂ ਗੱਲਾਂ ਦੇ ਹੁੰਗਾਰੇ ਭਰਦਾ ਤੇ ਮਨ 'ਚੋਂ ਉੱਠਦੇ ਸਵਾਲ ਰੱਖਦਾ।

"ਜਦੋਂ ਸੰਨ 2001 ਵਿਚ ਟਵਿੱਨ ਟਾਵਰਾਂ 'ਤੇ ਹਮਲਾ ਹੋਇਆ ਤੇ ਹਜ਼ਾਰਾਂ ਲੋਕ ਮਾਰੇ ਗਏ, ਉੱਥੇ ਜੋ ਨੈਸ਼ਨਲ ਗਾਰਡ ਮਦਦ ਲਈ ਭੇਜੇ ਗਏ, ਉਨ੍ਹਾਂ ਵਿਚ ਮੈਂ ਵੀ ਸੀ। ਅਸੀਂ ਮਲਬੇ ਹੇਠ ਦੱਬੀਆਂ ਲਾਸ਼ਾਂ ਕੱਢਦੇ ਰਹੇ। ਲੋਕਾਂ ਦਾ ਦਰਦ ਧੁਰ ਅੰਦਰ ਤਕ ਚੀਰ ਗਿਆ। ਮੇਰਾ ਮਨ ਪਸੀਜਿਆ ਗਿਆ। ਕਈ ਵਾਰ ਮੇਰੀਆਂ ਭੁੱਬਾਂ ਨਿੱਕਲ ਜਾਂਦੀਆਂ। ਆਫੀਸਰ ਕਹਿੰਦੇ, ਸੈਨਿਕ ਨੂੰ ਭਾਵੁਕ ਨਹੀਂ ਹੋਣਾ ਚਾਹੀਦਾ, ਇਹ ਉਸਦੀ ਕਮਜ਼ੋਰੀ ਹੁੰਦਾ ਹੈ।" ਇਹ ਦੱਸਦਾ ਨੋਲਾ ਅੱਖਾਂ ਵੀ ਭਰ ਲੈਂਦਾ।

"ਮੈਂ ਸਕੂਲ ਤੋਂ ਹੀ ਵਲੰਟੀਅਰ ਵਰਕ ਕਰਦਾ ਰਿਹਾ ਹਾਂ। ਜਦੋਂ ਯੂਨੈਸਕੋ ਨੇ ਦੁਨੀਆ ਭਰ ਤੋਂ ਪੀਸ ਕੀਪਰ ਲੈਣੇ ਸਨ ਤਾਂ ਆਪਣੀ ਯੂਨਿਟ ਵਿਚੋਂ ਮੈਂ ਵੀ ਅਪਲਾਈ ਕਰ ਦਿੱਤਾ ਤੇ ਸਿਲੈਕਟ ਹੋ ਗਿਆ। ਬੱਸ ਫੇਰ ਮੇਰਾ ਅਗਲਾ ਜੀਵਨ ਯੂਨੈਸਕੋ ਦੇ ਪੀਸ ਕੀਪਰ ਵਜੋਂ ਕਈ ਦੇਸ਼ਾਂ ਵਿਚ ਗੁਜ਼ਰਿਆ। ਮੈਂ ਖੁਸ਼ ਸਾਂ, ਨਵੇਂ ਚੈਲਿੰਜ ਜ਼ਰੂਰ ਸਨ ਪਰ ਨਵੇਂ ਅਨੁਭਵ ਵੀ ਸਨ। ਕੋਈ ਪੱਕਾ ਠਿਕਾਣਾ ਨਹੀਂ ਸੀ। ਤੇ ਫੇਰ ਸਾਨੂੰ ਨਾਟੋ ਫੌਜਾਂ ਨਾਲ ਜੋੜ ਦਿੱਤਾ ਗਿਆ।"

"ਇਹ ਨਾਟੋ ਸੈਨਾਵਾਂ ਕੀ ਹੁੰਦੀਆਂ ਨੇ?" ਮੈਂ ਅਗਲਾ ਪ੍ਰਸ਼ਨ ਕੀਤਾ।

'ਨੌਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ' ਇਸਦਾ ਪੂਰਾ ਨਾਂ ਹੈ। ਇਸ ਵਿਚ ਉੱਤਰੀ ਅਮਰੀਕਾ ਤੋਂ ਇਲਾਵਾ ਯੂਰਪ ਦੇ ਉਣੱਤੀ ਦੇਸ਼ ਸ਼ਾਮਲ ਨੇ। ਜਦੋਂ ਇਨ੍ਹਾਂ ਦੇਸ਼ਾਂ ਵਿਚੋਂ ਕਿਸੇ 'ਤੇ ਵੀ ਬਿਪਤਾ ਪੈਂਦੀ ਹੈ, ਜਾਂ ਕਿਸੇ 'ਤੇ ਕੋਈ ਹਮਲਾ ਹੋ ਜਾਂਦਾ ਹੈ ਤਾਂ ਇਹ ਸਾਰੇ ਦੇਸ਼ ਇਕੱਠੇ ਹੋ ਕੇ ਕਾਰਵਾਈ ਕਰਦੇ ਨੇ। ਅਗਰ ਕੋਈ ਦੇਸ਼ ਯੂ.ਐੱਨ.ਓ. ਦੇ ਨਿਯਮਾਂ ਦੀ ਉਲੰਘਣਾ ਕਰੇ ਜਾਂ ਦੂਸਰੇ ਦੇਸ਼ਾਂ ਲਈ ਖਤਰਾ ਬਣੇ, ਤਾਂ ਵੀ ਨਾਟੋ ਸੈਨਾਵਾਂ ਉਸ ਦੇਸ਼ ਦੇ ਖਿਲਾਫ ਕਾਰਵਾਈ ਕਰਦੀਆਂ ਨੇ।" ਉਸ ਨੇ ਮੈਨੂੰ ਵਿਸਥਾਰ ਨਾਲ ਦੱਸਿਆ।

ਵਿਸ਼ਾ ਦਿਲਚਸਪ ਸੀ। ਉਸ ਦੀਆਂ ਗੱਲਾਂ ਸੁਣ ਕੇ ਮੇਰੀ ਦਿਲਚਸਪੀ ਹੋਰ ਵੀ ਵਧ ਗਈ। ਉਸ ਦੀਆਂ ਦੋ ਬੇਟੀਆਂ ਤੇ ਪਤਨੀ ਸੀ। ਸਕਿਉਰਟੀ ਕਰਮਚਾਰੀਆਂ ਵਿਚ ਉਹ ਸਭ ਤੋਂ ਵੱਖਰਾ ਸੀ, ਹੱਸਮੁੱਖ ਅਤੇ ਸਲੀਕੇ ਨਾਲ ਪੇਸ਼ ਆਉਣ ਵਾਲਾ। ਉਹ ਹੱਸਦਿਆਂ ਹੱਸਦਿਆਂ ਹੱਥ ਸਕੈਨ ਕਰਦਾ, ਮੈਟਲ ਡੀਟੈਕਟਰ ਘੁੰਮਾਉਂਦਾ। ਦੇਖਣ ਨੂੰ ਉਹ ਸਾਧਾਰਨ ਲੱਗਦਾ ਪਰ ਨਜ਼ਰਾਂ ਬਾਜ਼ ਦੀ ਅੱਖ ਵਰਗੀਆਂ। ਉਸ ਕੋਲ ਏਅਰਪੋਰਟ ਨਾਲ ਸੰਬੰਧਤ ਬਹੁਤ ਸਾਰੇ ਪਛਾਣ ਪੱਤਰ ਅਤੇ ਅਨੁਭਵ ਹੋਣ ਕਾਰਨ ਉਹ ਸਹਿਜੇ ਹੀ ਮੇਰੀ ਕੰਪਨੀ ਵਿਚ ਰੱਖਿਆ ਗਿਆ।

ਮੈਂ ਉਸ ਨੂੰ ਆਪਣੇ ਵਿਭਾਗ ਵਿਚ ਵੇਖ ਕੇ



ਹੈਰਾਨ ਹੋਇਆ। ਉਹ ਤਾਂ ਮੇਰੀ ਹੀ ਟੀਮ ਵਿਚ ਆ ਗਿਆ ਸੀ। ਅਸੀਂ ਏਅਰਕਰਾਫਟ ਵਿਚ ਮੇਨਟੀਨੈਂਸ ਨਾਲ ਸੰਬੰਧਤ ਕੰਮ ਕਰਦੇ। ਜਦੋਂ ਕੋਈ ਅਸਾਈਨਮੈਂਟ ਨਾ ਹੁੰਦੀ ਜਾਂ ਬਰੇਕ ਮਿਲਦੀ ਤਾਂ ਅਸੀ ਗੱਲਾਂ ਛੇੜ ਕੇ ਬਹਿ ਜਾਂਦੇ। ਅਸੀਂ ਇਕ ਦੂਜੇ ਨਾਲ ਆਪਣਾ ਪਿਛੋਕੜ ਸਾਂਝਾ ਕਰਦੇ। ਸਾਡੇ ਵਿਸ਼ੇ ਅੰਤਰ-ਰਾਸ਼ਟਰੀ ਸਮੱਸਿਆਵਾਂ ਦੁਆਲੇ ਘੁੰਮਦੇ ਰਹਿੰਦੇ। ਕਈ ਵਾਰ ਅਸੀਂ ਦੂਸਰੇ ਮੁਲਕਾਂ ਦੀਆਂ ਗੱਲਾਂ ਕਰਦੇ। ਕਈ ਹੋਰ ਲੋਕ ਵੀ ਸਾਡੇ ਨਾਲ ਸ਼ਾਮਲ ਹੋ ਜਾਂਦੇ।

"ਫੇਰ ਮੇਰੀ ਪੋਸਟਿੰਗ ਬਗਦਾਦ ਦੀ ਹੋ ਗਈ। ਇਹ ਸਾਲ 2007 ਦੀ ਗੱਲ ਹੈ। ਸੱਦਾਮ ਹੁਸੈਨ ਨੂੰ ਫਾਂਸੀ ਚੜ੍ਹਾਇਆ ਜਾ ਚੁੱਕਾ ਸੀ। ਅਮਰੀਕਾ ਨੇ ਇਰਾਕ 'ਤੇ ਜ਼ਬਰਦਸਤ ਹਮਲੇ ਕੀਤੇ ਸਨ। ਮਿਜ਼ਾਈਲਾਂ ਡਿੱਗਦੀਆਂ ਤਾਂ ਤੁਸੀਂ ਵੀ ਵੇਖੀਆਂ ਹੋਣਗੀਆਂ। ਇਰਾਕ ਨੂੰ ਢਾਹ ਢੇਰੀ ਕਰ ਦਿੱਤਾ ਗਿਆ ਸੀ। ਬਰਬਾਦੀ ਤੋਂ ਬਾਅਦ ਉੱਥੇ ਮੁੜ ਉਸਾਰੀ ਅਮਰੀਕਾ ਦੀ ਨਿਗਰਾਨੀ ਹੇਠ ਹੋ ਰਹੀ ਸੀ। ਯੂਨੈਸਕੋ ਨੇ ਉੱਥੇ ਪੀਸ ਕੀਪਰ ਭੇਜਣ ਦਾ ਐਲਾਨ ਕੀਤਾ ਜਿਨ੍ਹਾਂ ਵਿਚ ਮੇਰੀ ਵੀ ਚੋਣ ਹੋ ਗਈ।"

ਉਸ ਨੇ ਕੋਈ ਅਣਲਿਖਿਆ ਇਤਿਹਾਸ ਫਰੋਲ ਲਿਆ। ਅਜਿਹੀਆਂ ਕਹਾਣੀਆਂ ਕਿਤਾਬਾਂ ਜਾਂ ਟੀ.ਵੀ. ਚੈਨਲਾਂ ਤੋਂ ਨਹੀਂ ਮਿਲਦੀਆਂ।

"ਜਿਸ ਬੰਦੇ ਨੂੰ ਮੁੜ ਸੱਤਾ ਸੰਭਾਲੀ, ਉਹ ਅਮਰੀਕਾ ਦੀ ਕਠਪੁਤਲੀ ਸੀ। ਇਹ ਬੰਦਾ ਸ਼ੀਆ ਮੁਸਲਮਾਨ ਸੀ ਜਿਸ ਨੇ ਸੁੰਨੀਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਸ਼ੀਆ, ਸੁੰਨੀ ਅਤੇ ਕੁਰਦਾਂ ਦੀ ਤਿਕੋਨੀ ਟੱਕਰ ਜਾਰੀ ਹੋ ਚੁੱਕੀ ਸੀ। ਪਹਿਲਾਂ ਬੰਬਾਂ ਕਾਰਨ ਤੇ ਫੇਰ ਆਤਮਘਾਤੀ ਹਮਲਿਆਂ ਕਾਰਨ ਲੋਕ ਮਰਨੇ ਸ਼ੁਰੂ ਹੋ ਗਏ। ਜਦੋਂ ਅਸੀਂ ਬਗਦਾਦ ਜਾ ਕੇ ਉੱਤਰੇ ਤਾਂ ਹਰ ਪਾਸੇ ਹੀ ਅਫਰਾ-ਤਫਰੀ ਸੀ।"

ਮੈਂ ਨੋਲਾ ਨਾਲ ਇਕ ਦਿਨ ਗੱਲ ਕਰ ਰਿਹਾ ਸੀ ਤਾਂ ਦੋ ਤਿੰਨ ਬੰਦੇ ਹੋਰ ਸਾਡੀ ਗੱਲਬਾਤ ਵਿਚ ਸ਼ਾਮਲ ਹੋ ਗਏ। ਇਕ ਔਰਤ ਪੁੱਛ ਰਹੀ ਸੀ ਕਿ "ਅਮਰੀਕਨ ਸੈਨਿਕਾਂ ਦਾ ਇਰਾਕ ਦੇ ਸਾਧਾਰਨ ਲੋਕਾਂ ਨਾਲ ਕਿਹੋ ਜਿਹਾ ਵਿਹਾਰ ਸੀ?"

ਇਸ ਪ੍ਰਸ਼ਨ ਨੂੰ ਸੁਣਦਿਆਂ ਹੀ ਨੋਲਾ ਨੂੰ ਕੰਬਣੀ ਛਿੜ ਗਈ।

"ਇਹੋ ਤਾਂ ਵਜ੍ਹਾ ਸੀ ਕਿ ਮੈਨੂੰ ਪੀਸ ਕੀਪਰ ਦੀ ਨੌਕਰੀ ਛੱਡਣੀ ਪਈ।"

ਉਹਨੇ ਜ਼ੋਰਦਾਰ ਮੁੱਕਾ ਸਾਹਮਣੇ ਪਏ ਟੇਬਲ 'ਤੇ ਮਾਰਿਆ ਅਤੇ ਕਚੀਚੀ ਵੱਟੀ।

"ਜੋ ਕੁੱਝ ਤੁਹਾਨੂੰ ਦਿਖਾਇਆ ਜਾਂਦਾ ਏ, ਇਹ ਜ਼ਰਾ ਜਿੰਨਾ ਵੀ ਸੱਚ ਨਹੀਂ। ਸ਼ਾਂਤੀ ਬਹਾਲ ਕਰਨ ਗਏ ਮੇਰੇ ਵਰਗੇ ਪਤਾ ਨਹੀਂ ਕਿੰਨੇ ਹੀ ਅਸ਼ਾਂਤੀ ਭਰ ਕੇ ਮੁੜਦੇ ਨੇ।" ਉਹ ਨਮੋਸ਼ੀ ਨਾਲ ਭਰ ਗਿਆ।

"ਤੁਸੀਂ ਇਰਾਕ ਦੇ ਕਿਹੜੇ ਹਿੱਸੇ ਵਿਚ ਸੀ?" ਮੈਂ ਸਵਾਲ ਪੁੱਛਿਆ।

"ਪਹਿਲਾਂ ਕੁੱਝ ਦੇਰ ਅਸੀਂ ਬਗਦਾਦ ਰਹੇ, ਫੇਰ ਟਿਰਕਤ, ਮੌਸੂਲ ਤੇ ਸਿੰਜਰ ਵਰਗੀਆਂ ਥਾਵਾਂ 'ਤੇ, ਜਾਂ ਤੇਲ ਭੰਡਾਰਾਂ ਦੇ ਨੇੜੇ ਸਾਡੀ ਡਿਊਟੀ ਲੱਗਦੀ ਰਹੀ।"

"ਮੁਆਫ ਕਰਨਾ ਗੱਲ ਤਾਂ ਨਿੱਜੀ ਏ... ਪਰ ਕਿਉਂ ਛੱਡ ਦਿੱਤੀ ਨੌਕਰੀ?" ਮੈਂ ਪੁੱਛਿਆ।

"ਮੈਂ ਕੁੱਝ ਸਮਾਂ ਅਫਗਾਨਸਤਾਨ ਵਿਚ ਵੀ ਰਿਹਾਂ ਤੇ ਦੋ ਸਾਲ ਇਰਾਕ ਵਿਚ ਰਿਹਾ ਹਾਂ; ਜੋ ਕੁੱਝ ਮੈਂ ਵਾਪਰਦਾ ਵੇਖਿਆ, ਉਹ ਅਣਮਨੁੱਖੀ ਸੀ। ਮੇਰੇ ਨਾਲ ਕੰਮ ਕਰਨ ਵਾਲਿਆਂ ਨੇ ਵੀ ਕਈ ਅਜਿਹੀਆਂ ਕਹਾਣੀਆਂ ਦੱਸੀਆਂ ਕਿ ਮੇਰਾ ਦਿਲ ਟੁੱਟ ਗਿਆ। ਮੇਰੇ 'ਤੇ ਉਦਾਸੀ ਭਾਰੂ ਰਹਿਣ ਲੱਗੀ।" ਲੱਗਦਾ ਸੀ ਕਿ ਉਹ ਰੋ ਪਵੇਗਾ।

"ਮੈਂ ਅਮਰੀਕਨ ਸੈਨਿਕਾਂ ਨੂੰ ਨਾਬਾਲਿਗ ਲੜਕੀਆਂ ਨਾਲ ਹਵਸ ਪੂਰੀ ਕਰਦਿਆਂ ਵੇਖਿਆ। ਉਹ ਕਿਸੇ ਵੀ ਬਾਲਿਗ ਜਾਂ ਨਾਬਾਲਿਗ ਨੂੰ ਆਪਣੀ ਜਿਸਮਾਨੀ ਭੁੱਖ ਦਾ ਸ਼ਿਕਾਰ ਬਣਾ ਸਕਦੇ ਸਨ। ਰੌਲਾ ਪਾਉਣ ਵਾਲਿਆਂ ਨੂੰ ਬਿਲੇ ਲਗਾ ਜੰਗ ਦੇ ਖਾਤੇ ਪਾ ਦਿੱਤਾ ਜਾਂਦਾ ਸੀ। ਨਿਰਦੋਸ਼ਾਂ ਨੂੰ ਅੱਤਵਾਦੀ ਕਹਿ ਕੇ ਮਾਰਦੇ ਰਹੇ।"

ਉਹ ਰੁਕ ਕੇ ਫੇਰ ਬੋਲਿਆ।

"ਹਰ ਤਰ੍ਹਾਂ ਦੇ ਅੱਤਵਾਦੀਆਂ ਨੂੰ ਹਥਿਆਰ ਵੀ ਸਾਡੀਆਂ ਹੀ ਏਜੰਸੀਆਂ ਜਾਂ ਸਾਡੇ ਹੀ ਏਜੰਟ ਵੇਚਦੇ ਸਨ। ਪਹਿਲਾਂ ਹਿੰਸਾ ਕਰਵਾਈ ਜਾਂਦੀ, ਫੇਰ ਤੇਲ ਭੰਡਾਰਾਂ 'ਤੇ ਕਬਜ਼ੇ ਕੀਤੇ ਜਾਂਦੇ। ਜਾਣ ਬੁੱਝ ਕੇ ਅੱਗਾਂ ਲਗਾਈਆਂ ਜਾਂਦੀਆਂ। ਰਾਕਟ ਮਿਜ਼ਾਈਲ ਛੱਡੇ ਜਾਂਦੇ। ਮੇਰੇ ਅੰਦਰਲਾ ਮਨੁੱਖ ਮੈਨੂੰ ਲਾਹਣਤਾਂ ਪਾਉਂਦਾ।"

ਗੱਲ ਕਰਦਿਆਂ ਕਰਦਿਆਂ ਉਹ ਰੁਕ ਜਾਂਦਾ। ਟਿਸ਼ੂ ਨਾਲ ਅੱਖਾਂ ਪੂੰਝਦਾ ਤੇ ਫੇਰ ਸ਼ੁਰੂ ਹੋ ਜਾਂਦਾ।

"ਮੈਂ ਅੱਖੀਂ ਮਨੁੱਖੀ ਬੰਬ ਫਟਦੇ ਦੇਖੇ, ਗੋਲੀਆਂ ਨਾਲ ਛਲਣੀ ਹੁੰਦੇ ਸੀਨੇ ਦੇਖੇ, ਜ਼ਮੀਨਦੋਜ਼ ਵਿਸਫੋਟਿਕ ਸਮੱਗਰੀ ਦੇ ਫਟਣ ਨਾਲ ਹਵਾ ਵਿਚ ਉੱਡਦੇ ਮਨੁੱਖੀ ਚੀਥੜੇ ਦੇਖੇ। ਮੇਰਾ ਕਾਲਜਾ ਮੂੰਹ ਨੂੰ ਆਉਂਦਾ। ਆਤਮਾ ਲਾਹਣਤਾਂ ਪਾਉਂਦੀ। ਮੈਂ ਆਪਣੇ ਆਪ ਨੂੰ ਪੁੱਛਦਾ ਕਿ 'ਤੂੰ ਕਿਹੜੀ ਸ਼ਾਂਤੀ ਬਹਾਲ ਕਰਨ ਆਇਆ ਏਂ?'"

ਐਡਮੀਰਾ ਵਿਚੋਂ ਹੀ ਬੋਲੀ,"ਸਰਬੀਆ ਵਿਚ ਵੀ ਤਾਂ ਏਹੋ ਕੁੱਝ ਹੋਇਆ ਸੀ। ਹੁਣ ਸੀਰੀਆ ਵਿਚ ਵੀ ਏਹੋ ਕੁੱਝ ਹੋ ਰਿਹਾ ਏ।"

ਮਨਰਾਜ ਦੱਸ ਰਿਹਾ ਸੀ ਕਿ ਉਸਦੇ ਦੋ ਚਾਚੇ ਸਨ, ਇਕ ਇਰਾਕ ਵਿਚ ਤੇ ਦੂਸਰਾ ਲਿਬੀਆ ਵਿਚ।

"ਦੋਨੋਂ ਚੰਗੀਆਂ ਨੌਕਰੀਆਂ ਕਰਦੇ ਸਨ ਤੇ ਚੋਖੇ ਪੈਸੇ ਪਿੱਛੇ ਭੇਜਦੇ ਸਨ। ਉਹ ਉੱਥੋਂ ਦੀ ਖੁਸ਼ਹਾਲੀ ਦੀਆਂ ਗੱਲਾਂ ਸੁਣਾਉਂਦੇ। ਜੇ ਮੁਲਕ ਖੁਸ਼ਹਾਲ ਸਨ ਤਾਂ ਹੀ ਤਾਂ ਏਸ਼ੀਆ ਦੇ ਬਾਕੀ ਦੇਸ਼ਾਂ ਤੋਂ ਲੋਕ ਨੌਕਰੀਆਂ ਕਰਨ ਉੱਥੇ ਜਾਂਦੇ ਸਨ...। ਉਹੀ ਸੱਦਾਮ ਹੁਸੈਨ ਨੂੰ ਹਥਿਆਰ ਦੇ ਕੇ ਅਮਰੀਕਾ ਇਰਾਨ ਦੇ ਖਿਲਾਫ ਲੜਾਉਂਦਾ ਰਿਹਾ। ਉਦੋਂ ਤਾਂ ਉਹ ਚੰਗਾ ਸੀ। ਫੇਰ ਅਜਿਹਾ ਕੀ ਹੋ ਗਿਆ ਕਿ ਉਹ ਅਮਰੀਕਾ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ?"

"ਦੇਖੋ ਜੀ, ਮੁੱਖ ਸਮੱਸਿਆ ਤਾਂ ਤੇਲ ਦੀ ਆ। ਅਮਰੀਕਾ ਆਪਣੀਆਂ ਫੌਜਾਂ ਲੈ ਕੇ ਉੱਥੇ ਹੀ ਜਾਂਦੈ ਜਿੱਥੇ ਉਹਦੇ ਹਿੱਤ ਹੋਣ। ਉਹ ਹਥਿਆਰ ਵੇਚਦਾ ਹੈ ਤੇ ਕੁਦਰਤੀ ਸਾਧਨਾਂ ਨੂੰ ਦਬੋਚਦਾ ਹੈ। ਬਹਾਨੇ ਨਾਲ ਆਪਣਾ ਪੁਰਾਣਾ ਅਸਲਾ ਚਲਾ ਆਉਂਦਾ ਤੇ ਖਰਚਾ ਉਸ ਦੇਸ਼ ਸਿਰ ਮੜ੍ਹਦਾ ਹੈ ਜਿਸ ਦੀ ਮਦਦ ਕਰਨ ਗਿਆ ਹੋਵੇ। ਫੇਰ ਆਪਣੀਆਂ ਸ਼ਰਤਾਂ 'ਤੇ ਪੁੱਠੇ ਸਿੱਧੇ ਇਕਰਾਰਨਾਮੇ ਲਿਖਵਾਉਂਦਾ ਹੈ। ਇਹ ਵੀ ਨਵੀਂ ਕਿਸਮ ਦਾ ਸਾਮਰਾਜ ਹੈ।" ਰੌਬ ਕਹਿ ਰਿਹਾ ਸੀ।

"ਅਮਰੀਕਾ ਵਿਚ ਗੰਨ ਲਾਬੀ ਤੇ ਕਨਸਟਰੱਕਸ਼ਨ ਲਾਬੀ, ਦੋਨੋਂ ਭਾਰੂ ਨੇ। ਇਹ ਧਨਾਢ ਲੋਕ ਹੀ ਸਰਕਾਰਾਂ ਚੁਣਦੇ ਨੇ ਤੇ ਇਨ੍ਹਾਂ ਦਾ ਹੀ ਤੇਲ ਭੰਡਾਰਾਂ ਤੇ ਊਰਜਾ ਉੱਤੇ ਕਬਜ਼ੇ ਨੇ। ਰਾਜ ਕਰਨ ਵਾਲੇ ਤਾਂ ਇਨ੍ਹਾਂ ਦੀਆਂ ਕਠਪੁਤਲੀਆਂ ਨੇ। ਹੁਣ ਅਮਰੀਕਾ ਦੁਨੀਆ ਦਾ ਬੌਸ ਬਣਿਆ ਫਿਰਦੈ।" ਕਮਲ ਨੇ ਵੀ ਚੱਲਦੀ ਗੱਲ ਵਿਚ ਹਿੱਸਾ ਪਾ ਦਿੱਤਾ।

ਨੋਲਾ ਇਹ ਗੱਲਾਂ ਸੁਣਦਾ ਰਿਹਾ। ਮੈਂ ਉਸ ਨੂੰ ਫੇਰ ਪੁੱਛ ਲਿਆ।

"ਤੁਸੀਂ ਉੱਥੇ ਖਾਂਦੇ ਪੀਂਦੇ ਕੀ ਸੀ?"

"ਬੀਫ, ਚਿਕਨ, ਫਿਸ਼, ਗੋਟ, ਲੈਮ ਸਭ ਮਿਲਦਾ ਸੀ। ਅਸੀਂ ਲੋਕਲ ਖਾਣੇ ਵੀ ਟਰਾਈ ਕਰਦੇ ਸੀ। ਸੀਖ ਕਬਾਬ ਤੇ ਚਪਲੀ ਕਬਾਬ ਮੈਨੂੰ ਬਹੁਤ ਚੰਗੇ ਲੱਗਦੇ ਸੀ। ਚਿਕਨ ਜਾਂ ਗੋਟ ਬਰਿਆਨੀ ਵੀ ਬਣਾ ਲੈਂਦੇ ਸੀ। ਉੱਥੇ ਤਾਂ ਮੈਂ ਕੈਮਲ ਮਿਲਕ ਵੀ ਪੀਤਾ ਏ, ਤੇ ਅਰਬ ਦੀ ਸਵੀਟ ਬੁਕਲਾਵਾ ਵੀ ਖਾਧੀ ਏ।" ਹੁਣ ਉਹ ਮੁਸਕਰਾ ਰਿਹਾ ਸੀ।

"ਵੈਸੇ ਸਾਧਾਰਨ ਲੋਕ ਬੜੇ ਸਲੀਕੇ ਵਾਲੇ ਨੇ ਅਤੇ ਉਨ੍ਹਾਂ ਦਾ ਭੋਜਨ ਵੀ ਬੜਾ ਹੈਲਥੀ ਆ। ਮੈਂ ਤਾਂ ਸੁਣਿਆ ਸੀ ਕਿ ਦੁਨੀਆ ਨੂੰ ਰਹਿਣ ਦੇ ਤੌਰ ਤਰੀਕੇ ਸਿਖਾਉਣ ਵਾਲੇ ਇਹ ਹੀ ਲੋਕ ਸਨ। ਬੇਬੀਲੋਨ ਸੱਭਿਅਤਾ ਦਾ ਵਿਕਾਸ ਏਥੇ ਹੀ ਹੋਇਆ ਸੀ। ਮੈਸੋਪੋਟੇਮੀਆ ਦਾ ਮਤਲਬ ਵੀ ਦੋ ਦਰਿਆਵਾਂ ਵਿਚਕਾਰ ਹੈ; ਭਾਵ ਦਜ਼ਲਾ ਤੇ ਫਿਰਾਤ ਦਰਿਆਵਾਂ ਦੇ ਵਿਚਕਾਰ ਪਨਪਣ ਵਾਲੀ ਸੱਭਿਅਤਾ। ਮੇਰੀ ਤਾਂ ਡਿਊਟੀ ਵੀ ਬੇਬੀਲੋਨ ਸ਼ਹਿਰ ਵਿਚ ਰਹੀ ਹੈ। ਕਦੇ ਕਦੇ ਮੈਨੂੰ ਲੱਗਦਾ ਹੈ ਕਿ ਸਾਰਾ ਕੁੱਝ ਜਾਣ ਬੁੱਝ ਕੇ ਤਬਾਹ ਕਰ ਦਿੱਤਾ ਗਿਆ। ਇਹ ਲੜਾਈਆਂ ਕਿਸੇ ਗਹਿਰੀ ਸਾਜ਼ਿਸ਼ ਦਾ ਹੀ ਨਤੀਜਾ ਨੇ।" ਉਹ ਫਿਕਰਮੰਦੀ ਜ਼ਾਹਰ ਕਰ ਰਿਹਾ ਸੀ।

ਮੈਂ ਨੋਲਾ ਨੂੰ ਧਿਆਨ ਨਾਲ ਵੇਖਦਾ ਰਿਹਾ। ਉਹ ਲੰਬਾ ਸਮਾਂ ਉਦਾਸੀ ਰੋਗ ਦਾ ਸ਼ਿਕਾਰ ਰਿਹਾ ਸੀ। ਉਸ ਅੰਦਰਲੀਆਂ ਕੋਮਲ ਭਾਵਨਾਵਾਂ ਅਜੇ ਵੀ ਵਲੂੰਧਰੀਆਂ ਪਈਆਂ ਸਨ। ਉਸ ਦਾ ਸਭ ਕਾਸੇ ਤੋਂ ਵਿਸ਼ਵਾਸ ਉੱਠ ਚੁੱਕਾ ਸੀ। ਉਸ ਵੱਲੋਂ ਜੌਬ 'ਤੇ ਸੁਣੀਆਂ ਹੌਲਨਾਕ ਕਹਾਣੀਆਂ ਵੀ ਉਸਦੇ ਮਨ ਵਿਚ ਘੁੰਮਦੀਆਂ ਰਹਿੰਦੀਆਂ।

ਕੰਬੋਡੀਆ, ਯਮਨ ਤੇ ਕਈ ਹੋਰ ਦੇਸ਼ਾਂ ਦੀਆਂ ਕਹਾਣੀਆਂ ਵੀ ਉਸੇ ਤਰ੍ਹਾਂ ਦੀਆਂ ਸਨ। ਔਰਤਾਂ ਨੂੰ ਪਸ਼ੂਆਂ ਵਾਂਗ ਅਗਵਾ ਕਰਕੇ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਰਿਹਾ। ਬੱਚਿਆਂ ਨੂੰ ਮਾਵਾਂ ਦੇ ਸਾਹਮਣੇ ਹੀ ਬੰਬਾਂ ਨਾਲ ਉਡਾ ਦਿੱਤਾ ਜਾਂਦਾ ਰਿਹਾ। ਘਰ ਬਾਰ ਢਹਿ ਢੇਰੀ ਕਰ ਦਿੱਤੇ ਜਾਂਦੇ ਰਹੇ। ਹੋਰ ਤਾਂ ਹੋਰ ਮਰਿਆਂ ਦੇ ਅੰਗ ਵੇਚਣ ਵਾਲੇ ਵੀ ਪੂਰੀ ਤਰ੍ਹਾਂ ਸਰਗਰਮ ਰਹੇ। ਸਭ ਮਿਲੀਭੁਗਤ ਸੀ। ਪੈਸਾ ਪ੍ਰਧਾਨ ਸੀ। ਇਹ ਸੀ ਇੱਕੀਵੀਂ ਸਦੀ ਦਾ ਚਿਹਰਾ ਮੋਹਰਾ ਜੋ ਨੋਲਾ ਨੂੰ ਪਰੇਸ਼ਾਨ ਕਰੀ ਰੱਖਦਾ।

ਮੈਂ ਕੋਈ ਮਨੋਵਿਗਿਆਨਕ ਨਹੀਂ ਸੀ ਜੋ ਨੋਲਾ ਨੂੰ ਪੂਰੀ ਤਰ੍ਹਾਂ ਸਮਝ ਸਕਦਾ। ਟੋਰਾਂਟੋ ਦਾ ਪੀਅਰਸਨ ਏਅਰਪੋਰਟ ਵੀ ਗਲੋਬਲ ਹੱਬ ਸੀ। ਨਿੱਕਾ ਜਿਹਾ ਸੰਸਾਰ ਜਿੱਥੇ ਦੁਨੀਆ ਭਰ ਨਾਲ ਸੰਬੰਧਤ ਕਾਮੇ ਕੰਮ ਕਰਦੇ ਸਨ।

**(ਬਾਕੀ ਅਗਲੇ ਸਫੇ 'ਤੇ)**


# ਹਾਲੀਵੁੱਡ ਦਾ ਪੂਰਨ ਸਿੱਖੀ ਸਰੂਪ ਵਾਲਾ ਅਦਾਕਾਰ ਵਾਰਿਸ ਆਹਲੂਵਾਲੀਆ

ਵਾਰਿਸ ਸਿੰਘ ਆਹਲੂਵਾਲੀਆ ਨਿਊਯਾਰਕ ਦਾ ਰਹਿਣ ਵਾਲਾ ਇਕ ਹਰਫਨਮੌਲਾ ਵਿਅਕਤੀ ਤੇ ਸੰਪੂਰਨ ਸਿੱਖੀ ਸਰੂਪ ਵਾਲਾ ਕਲਾਕਾਰ ਹੈ। ਉਹ ਐਕਟਰ, ਮਾਡਲ, ਦਾਨਵੀਰ ਤੇ ਕੱਪੜਿਆਂ ਅਤੇ ਜ਼ੇਵਰਾਂ ਦਾ ਵਿਸ਼ਵ ਪ੍ਰਸਿੱਧ ਡਿਜ਼ਾਈਨਰ ਹੈ। ਉਸ ਦਾ ਜਨਮ 1974 ਵਿਚ ਅੰਮ੍ਰਿਤਸਰ ਵਿਖੇ ਹੋਇਆ ਸੀ ਤੇ ਜਦੋਂ ਉਹ ਪੰਜ ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਨਿਊਯਾਰਕ ਹਿਜਰਤ ਕਰ ਗਿਆ ਸੀ। ਉਸ ਨੇ ਕੋਲੰਬੀਆ ਯੂਨੀਵਰਸਿਟੀ ‘ਤੋਂ ਫੈਸ਼ਨ ਡਿਜ਼ਾਇਨਿੰਗ ਦੀ ਡਿਗਰੀ ਹਾਸਲ ਕੀਤੀ ਤੇ ਕੁਝ

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਫੋਨ: 95011-00062**

ਸਾਲ ਪ੍ਰਸਿੱਧ ਫੈਸ਼ਨ ਡਿਜ਼ਾਇਨਰਾਂ ਨਾਲ ਕੰਮ ਕਰਨ ਤੋਂ ਬਾਅਦ ਆਪਣੀ ਕੰਪਨੀ ‘ਹਾਊਸ ਆਫ ਵਾਰਿਸ’ ਦੀ ਸ਼ੁਰੂਆਤ ਕਰ ਲਈ। ਅੱਜ ਇਹ ਕੰਪਨੀ ਵਿਸ਼ਵ ਪੱਧਰ ‘ਤੇ ਕਰੋੜਾਂ ਦਾ ਕਾਰੋਬਾਰ ਕਰ ਰਹੀ ਹੈ। ਉਸ ਦੀ ਕੰਪਨੀ ਦੇ ਜ਼ੇਵਰ ਅਤੇ ਕੱਪੜੇ ਪੁਰਾਣੇ ਸ਼ਾਹੀ ਘਰਾਣਿਆ ਦੇ ਡਿਜ਼ਾਈਨਾਂ ਤੋਂ ਪ੍ਰਭਾਵਿਤ ਹਨ। ਇਸ ਲਈ ਉਹ ਸਾਲ ਵਿਚ ਕਈ ਵਾਰ ਰੋਮ ਅਤੇ ਰਾਜਸਥਾਨ ਦਾ ਦੌਰਾ ਕਰਦਾ ਹੈ ਤੇ ਸੁਨਿਆਰਿਆਂ ਅਤੇ ਦਰਜੀਆਂ ਦੇ ਉਨ੍ਹਾਂ ਘਰਾਣਿਆਂ ਤੋਂ ਕੰਮ ਕਰਵਾਉਂਦਾ ਹੈ, ਜੋ ਸਦੀਆਂ ਤੋਂ ਰਾਜਿਆਂ-ਮਹਾਰਾਜਿਆਂ ਦੇ ਜ਼ੇਵਰ ਅਤੇ ਕੱਪੜੇ ਤਿਆਰ ਕਰਦੇ ਰਹੇ ਹਨ।

ਵਾਰਿਸ ਦਾ ਮਾਡਲਿੰਗ ਕੈਰੀਅਰ ਵੀ ਬੁਲੰਦੀਆਂ ‘ਤੇ ਹੈ ਤੇ ਉਹ ਕਈ ਵਾਰ ਵੋਗ ਅਤੇ ਵੈਨਿਟੀ ਫੇਅਰ ਵਰਗੇ ਸੰਸਾਰ ਦੇ ਚੋਟੀ ਦੇ ਫੈਸ਼ਨ ਮੈਗਜ਼ੀਨਾਂ ਦੇ ਕਵਰ ‘ਤੇ ਛਪ ਚੁੱਕਾ ਹੈ। ਉਹ ਇਸ ਵੇਲੇ ਜ਼ੇਵਰ ਨਿਰਮਾਣ ਵਿਚ ਵੱਡਾ ਨਾਮ ਹੈ ਤੇ ਡੀ ਬੀਅਰਜ਼, ਟਿਲਡਾ ਸਵਿੰਟਨ, ਪਰਿੰਗਲ ਆਫ ਸਕਾਟਲੈਂਡ, ਬੈਂਜਾਮੀ ਚੋਅ, ਲੁੱਕਮੈਟਿਕ, ਦੀ ਵੈੱਬਸਟਰ ਮਿਆਮੀ ਅਤੇ ਕੋਈਲੈਟ ਪੈਰਿਸ ਆਦਿ ਵਰਗੀਆਂ ਦੁਨੀਆਂ ਦੀਆਂ ਚੋਟੀ ਦੀਆਂ ਜ਼ੇਵਰ ਕੰਪਨੀਆਂ ਨਾਲ ਮਿਲ ਕੇ ਮਰਦਾਂ ਅਤੇ ਔਰਤਾਂ ਵਾਸਤੇ ਜ਼ੇਵਰ ਤਿਆਰ ਕਰਦਾ ਹੈ। ਉਹ ਇਨਸਾਨੀਅਤ ਦੇ ਭਲੇ ਵਾਸਤੇ ਵੀ ਵਧ ਚੜ੍ਹ ਕੇ ਯੋਗਦਾਨ



ਪਾਉਂਦਾ ਹੈ। ਨਵੰਬਰ 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਪੀੜਤਾਂ ਵਾਸਤੇ ਉਸ ਨੇ ਆਪਣੇ ਸਾਥੀਆਂ ਮਾਰਟੀਅਰ ਸਿੰਗਰ ਅਤੇ ਟੀਨਾ ਭੋਜਵਾਨੀ ਨਾਲ ਮਿਲ ਕੇ 11 ਕਰੋੜ ਰੁਪਏ ਦੀ ਮਦਦ ਭੇਜੀ ਸੀ। 2013 ਵਿਚ ਉਸ ਨੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਡਿਜ਼ਾਈਨਰ ਕੱਪੜਿਆਂ ਦੇ ਹਾਊਸ ਆਫ ਵਾਰਿਸ ਨਾਮਕ ਸਟੋਰ ਖੋਲ੍ਹੇ ਹਨ ਜੋ ਸਫਲਤਾ ਪੂਰਵਕ ਚੱਲ ਰਹੇ ਹਨ।

ਦਾ ਲਾਈਫ ਐਕੁਐਟਿਕ (2004) ਉਸ ਦੀ ਪਹਿਲੀ ਫਿਲਮ ਸੀ। ਉਹ ਹੁਣ ਤੱਕ 14 ਫਿਲਮਾਂ ਤੇ 6 ਟੀ.ਵੀ ਸੀਰੀਅਲਾਂ ਵਿਚ ਕੰਮ ਕਰ ਚੁੱਕਾ ਹੈ। ਵਾਰਿਸ ਆਹਲੂਵਾਲੀਆ ਦੀ ਸਭ ਤੋਂ ਵੱਡੀ ਸਫਲਤਾ ਇਹ ਹੈ ਕਿ ਉਹ ਹਾਲੀਵੱਡ ਦੀਆਂ ਫਿਲਮਾਂ ਵਿਚ ਪੂਰਨ ਸਿੱਖੀ ਸਰੂਪ ਵਿਚ ਕੰਮ ਕਰਦਾ ਹੈ ਜਿਸ ਕਾਰਨ ਅਮਰੀਕਾ ਵਿਚ ਅਲ ਕਾਇਦਾ ਦੁਆਰਾ ਕੀਤੇ ਗਏ 9 ਸਤੰਬਰ 2011 ਦੇ ਹਮਲਿਆ ਤੋਂ ਬਾਅਦ ਆਮ ਅਮਰੀਕਨਾਂ ਨੂੰ ਇਹ ਸਮਝਾਉਣ ਵਿਚ ਸਫਲਤਾ ਮਿਲੀ ਹੈ ਕਿ



ਸਿੱਖ ਅਰਬੀਆਂ ਤੋਂ ਅਲੱਗ ਕੌਮੀਅਤ ਦੇ ਲੋਕ ਹਨ। 2006 ਵਿਚ ਆਈ ਹਾਲੀਵੁੱਡ ਦੀ ਹਿੱਟ ਫਿਲਮ, ਦੀ ਇਨਸਾਈਡ ਮੈਨ (ਜਿਸ ਵਿਚ ਹਾਲੀਵੁੱਡ ਦੇ ਸੁਪਰ ਸਟਾਰ ਡੈਂਜ਼ਲ ਵਾਸ਼ਿੰਗਟਨ ਨੇ ਕੰਮ ਕੀਤਾ ਸੀ) ਵਿਚ ਉਸ ਨੇ ਵਿਕਰਮ ਵਾਲੀਆ ਨਾਮਕ ਬੈਂਕ ਮੁਲਾਜ਼ਮ ਦਾ ਰੋਲ ਨਿਭਾਇਆ ਸੀ। ਇਹ ਰੋਲ ਸਿਰਫ ਸਿੱਖਾਂ ਦੀ ਦਸਤਾਰ ਦੀ ਅਹਿਮੀਅਤ ਵਿਖਾਉਣ ਲਈ ਹੀ ਫਿਲਮ ਵਿਚ ਪਾਇਆ ਗਿਆ ਸੀ। ਫਿਲਮ ਵਿਚ ਕੁਝ ਲੁਟੇਰੇ ਬੈਂਕ ‘ਤੇ ਕਬਜ਼ਾ ਕਰ ਲੈਂਦੇ ਹਨ ਤੇ ਮੁਲਾਜ਼ਮਾਂ ਅਤੇ ਗਾਹਕਾਂ ਨੂੰ ਬਾਹਰ ਕੱਢ ਦਿੰਦੇ ਹਨ। ਪੁਲਿਸ ਇਸ ਸ਼ੱਕ ਕਾਰਨ ਕਿ ਕਿਤੇ ਲੁਟੇਰੇ ਇਨ੍ਹਾਂ ਵਿਚ ਰਲ ਕੇ ਬਾਹਰ ਨਾ ਆ ਗਏ ਹੋਣ, ਸਭ ਨੂੰ ਘੇਰ ਲੈਂਦੇ ਹਨ ਤੇ ਤਲਾਸ਼ੀ ਲੈਂਦੇ ਹਨ। ਜਦੋਂ ਇੱਕ ਪੁਲਿਸ ਅਫਸਰ ਵਾਰਿਸ ਦੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਅੱਗੋਂ ਚਿਲਾਉਂਦਾ ਹੈ ਕਿ ਮੈਂ ਸਿੱਖ ਹਾਂ, ਮੇਰੀ ਦਸਤਾਰ ਨੂੰ ਹੱਥ ਨਹੀਂ ਲਾਉਣਾ। ਇਸ ‘ਤੇ ਇੱਕ ਸੀਨੀਅਰ ਪੁਲਿਸ ਅਫਸਰ ਉਸ ਪੁਲਿਸ ਵਾਲੇ ਨੂੰ ਸਮਝਾਉਂਦਾ ਹੈ ਕਿ ਦਸਤਾਰ ਨਾ ਉਤਾਰੀ ਜਾਵੇ, ਕਿਉਂਕਿ ਇਹ ਸਿੱਖਾਂ ਲਈ ਪਵਿੱਤਰ ਹੁੰਦੀ ਹੈ।

ਐਨੀ ਪ੍ਰਸਿੱਧੀ ਦੇ ਬਾਵਜੂਦ ਵਾਰਿਸ ਨੂੰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। 2016 ਵਿਚ ਉਸ ਨੂੰ ਦਸਤਾਰ ਉਤਾਰ ਕੇ ਤਲਾਸ਼ੀ ਦੇਣ ਤੋਂ ਇਨਕਾਰ ਕਰਨ ਕਾਰਨ ਮੈਕਸੀਕੋ ਤੋਂ ਨਿਊਯਾਰਕ ਦੀ ਫਲਾਈਟ (ਏਅਰੋ ਮੈਕਸੀਕੋ) ਵਿਚ ਸਫਰ ਕਰਨ ਤੋਂ ਰੋਕ ਦਿੱਤਾ ਗਿਆ ਸੀ, ਜਿਸ ਕਾਰਨ ਉਹ ਨਿਊਯਾਰਕ ਫੈਸ਼ਨ ਵੀਕ ਵਿਚ ਹਿੱਸਾ ਨਹੀਂ ਸੀ ਲੈ ਸਕਿਆ। ਇਸ ਤੋਂ ਬਾਅਦ ਉਸ ਨੇ ਮੈਕਸੀਕੋ ਇੰਟਰਨੈਸ਼ਨਲ ਏਅਰਪੋਰਟ ਅਥਾਰਟੀ ਅਤੇ ਏਅਰੋ ਮੈਕਸੀਕੋ ਨੂੰ ਸਿੱਖਾਂ ਦੀ ਦਸਤਾਰ ਦੀ ਮਹੱਤਤਾ ਬਾਰੇ ਇੱਕ ਚਿੱਠੀ ਲਿਖ ਕੇ ਭੇਜੀ ਸੀ ਤੇ ਏਅਰਲਾਈਨ ਦੇ ਖਿਲਾਫ ਕੇਸ ਦਾਇਰ ਕੀਤਾ ਸੀ। 2017 ਵਿਚ ਏਅਰਪੋਰਟ ਅਤੇ ਏਅਰਲਾਈਨ ਦੇ ਅਧਿਕਾਰੀਆਂ ਨੂੰ ਉਸ ਤੋਂ ਮਾਫੀ ਮੰਗਣੀ ਪਈ ਸੀ। 2010 ਵਿਚ ਵੈਨਿਟੀ ਫੇਅਰ ਫੈਸ਼ਨ ਮੈਗਜ਼ੀਨ ਨੇ ਉਸ ਨੂੰ ਵਿਸ਼ਵ ਦੇ ਸਭ ਤੋਂ ਵੱਧ ਸਲੀਕੇਦਾਰ ਢੰਗ ਨਾਲ ਕੱਪੜੇ ਪਹਿਨਣ ਵਾਲੇ ਦਸ ਵਿਅਕਤੀਆਂ ਵਿਚ ਸਥਾਨ ਦਿੱਤਾ ਸੀ।

---

***(ਪਿਛਲੇ ਸਫੇ ਦਾ ਬਾਕੀ)***

ਜਦੋਂ ਉਹ ਕਿਸੇ ਮੁਸਾਫਰ ਨੂੰ ਸੀਰੀਆ, ਅਫਗ਼ਾਨਸਤਾਨ ਜਾਂ ਇਰਾਕ ਤੋਂ ਆਉਂਦਾ ਵੇਖਦਾ ਤਾਂ ਇਕਦਮ ਭਾਵੁਕ ਹੋ ਜਾਂਦਾ। ਫੇਰ ਮੁਸਕਰਾਉਂਦਾ ਕਿ ਸ਼ੁਕਰ ਆ, ਇਹ ਮੌਤ ਦੇ ਮੂੰਹ ‘ਚੋਂ ਨਿਕਲ ਆਇਆ ਏ।

ਫੇਰ ਇਕ ਦਿਨ ਦੀ ਖਬਰ ਸੀ ਕਿ ਅਮਰੀਕਾ ਦੇ ਸ਼ਹਿਰ ਪੈਂਟਾਗਨ ਵਿਚ ਇਕ ਸਾਬਕਾ ਫੌਜੀ ਨੇ ਨਿਜੀ ਗੰਨ ਨਾਲ ਕੁੱਝ ਲੋਕ ਮਾਰ ਦਿੱਤੇ ਨੇ। ਅਮਰੀਕਾ ਵਿਚ ਅਜਿਹੀਆਂ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆਂ ਸਨ, ਜਦੋਂ ਜੰਗਾਂ ਯੁੱਧਾਂ ਤੋਂ ਪਰਤੇ ਮਨੋਰੋਗੀ ਸੈਨਿਕਾਂ ਵੱਲੋਂ ਸਮੂਹਕ ਕਤਲੇਆਮ ਕੀਤਾ ਗਿਆ ਸੀ। ਨੋਲਾ ਕਹਿੰਦਾ ਸੀ ਕਿ ਉਹ ਵੀ ਅਜਿਹੀ ਸਥਿਤੀ ਦੇ ਨੇੜਿਉਂ ਹੀ ਪਰਤਿਆ ਹੈ। ਲੰਬਾ ਸਮਾਂ ਉਸ ਦੀ ਕੌਂਸਲਿੰਗ ਹੋਈ ਸੀ ਤੇ ਨਵਾਂ ਜੀਵਨ ਸ਼ੁਰੂ ਕਰਨ ਦੀ ਪ੍ਰੇਰਨਾ ਮਿਲੀ ਜਿਸ ਕਰਕੇ ਉਹ ਹੁਣ ਟੋਰਾਂਟੋ ਸੀ।

ਉਹ ਹੋਰ ਗੱਲਾਂ ਦੱਸਦਾ ਰਿਹਾ,”ਮੈਂ ਵੀ ਆਪਣੀ ਗੰਨ ਨਾਲ ਖੁਦਕਸ਼ੀ ਕਰਨ ਦੀ ਸੋਚੀ ਸੀ। ਇਹ ਇਰਾਕ ਦੀ ਗੱਲ ਆ। ਮੇਰੇ ਕਮਾਂਡਰ ਨੂੰ ਪਤਾ ਲੱਗ ਗਿਆ। ਉਸ ਨੂੰ ਇਹ ਵੀ ਡਰ ਸੀ ਕਿ ਕਿਤੇ ਮੈਂ ਆਪਣੇ ਸੈਨਿਕਾਂ ‘ਤੇ ਹੀ ਨਾ ਹਮਲਾ ਕਰ ਦੇਵਾਂ। ਮੈਨੂੰ ਤੁਰੰਤ ਰੀਹੈਵ ਵਿਚ ਭੇਜ ਦਿੱਤਾ ਤੇ ਫੇਰ ਵਾਪਸ ਅਮਰੀਕਾ ਭੇਜ ਦਿੱਤਾ। ਏਥੇ ਮੇਰੀ ਇਕ ਸਾਲ ਕੌਂਸਲਿੰਗ ਚੱਲਦੀ ਰਹੀ। ਅੰਤ ਨੂੰ ਮੈਨੂੰ ਪੈਕਿਜ ਦੇ ਕੇ ਸਮੇਂ ਤੋਂ ਪਹਿਲਾਂ ਹੀ ਰਿਟਾਇਰ ਕਰ ਦਿੱਤਾ, ਤੇ ਮੈਂ ਬਹੁਤ ਸ਼ੁਕਰ ਕੀਤਾ।”

ਉਸ ਕੋਲ਼ ਅਜੇ ਵੀ ਕੁੱਝ ਤਸਵੀਰਾਂ ਸੰਭਾਲੀਆਂ ਹੋਈਆਂ ਸਨ। ਕਿਤੇ ਉਹ ਖੰਜੂਰ ਦੇ ਰੁੱਖ ਹੇਠ ਖੜ੍ਹਾ ਸੀ ਤੇ ਕਿਤੇ ਕਿਸੇ ਊਠ ਕੋਲ਼। ਕੁੱਝ ਤਸਵੀਰਾਂ ਵਿਚ ਬੁਰਕੇ ਹਿਜਾਬ ਵਾਲੀਆਂ ਔਰਤਾਂ, ਤੇ ਕਿਤੇ ਨਿੱਕੀਆਂ ਟੋਪੀਆਂ ਤੇ ਲੰਬੀਆਂ ਦਾੜ੍ਹੀਆਂ ਵਾਲੇ ਮਰਦ ਸਨ। ਇਕ ਥਾਂ ਉਹ ਆਪ ਵੀ ਨਿੱਕੀ ਟੋਪੀ ਤੇ ਸਲਵਾਰ ਕਮੀਜ਼ ਪਹਿਨੀ ਊਠਾਂ ਦੇ ਕਾਫਲੇ ਨਾਲ ਤੁਰਿਆ ਜਾ ਰਿਹਾ ਸੀ।

ਮੈਂ ਇਕ ਦਿਨ ਫੇਰ ਉਸ ਨੂੰ ਸਵਾਲ ਕਰ ਦਿੱਤਾ, “ਕੀ ਯੂਨੈਸਕੋ ਨੂੰ ਇਹ ਜ਼ੁਲਮ ਨਹੀਂ ਦਿਸਦੇ? ਜਦੋਂ ਇਰਾਕ ਕੋਲ਼ੋਂ ਕੈਮੀਕਲ ਹਥਿਆਰ ਮਿਲੇ ਹੀ ਨਹੀਂ, ਫੇਰ ਉਸ ‘ਤੇ ਹਮਲਾ ਕਿਉਂ ਕੀਤਾ ਗਿਆ? ਯੂ.ਐਨ.ਓ., ਅਮਰੀਕਾ ਨੂੰ ਇਹ ਸਵਾਲ ਕਿਉਂ ਨਹੀਂ ਪੁੱਛਦਾ?”

“ਯੂ.ਐਨ.ਓ. ਅਮਰੀਕਾ ਦਾ ਹੀ ਤਾਂ ਹੈ; ਜੋ ਅਮਰੀਕਾ ਕਹੇਗਾ, ਉਹ ਓਹੀ ਕਰੇਗਾ, ਉਸੇ ਦੀ ਬੋਲੀ ਬੋਲੇਗਾ ਤੇ ਅੰਤ ਨੂੰ ਉਸੇ ਦੇ ਹੱਕ ਵਿਚ ਭੁਗਤੇਗਾ। ਰੈੱਡ ਕਰਾਸ, ਪੀਸ ਕੀਪਰ; ਇਹ ਸਭ ਦਿਖਾਵੇ ਦੀਆਂ ਸੰਸਥਾਵਾਂ ਨੇ ਤੇ ਅੰਦਰੂਨੀ ਮਕਸਦ ਤਾਂ ਕੁੱਝ ਹੋਰ ਨੇ।”

“ਅੱਛਾ!” ਮੈਂ ਹੈਰਾਨ ਹੋਇਆ।

“ਜਦੋਂ ਹਥਿਆਰ ਲਾਬੀ ਆਪਣਾ ਕੰਮ ਮੁਕਾ ਲੈਂਦੀ ਏ, ਫੇਰ ਕੰਨਸਟਰਕਸ਼ਨ ਲਾਬੀ ਅੱਗੇ ਆਉਂਦੀ ਹੈ। ਲੋਕਾਂ ਲਈ ਹਸਪਤਾਲ, ਸੜਕਾਂ, ਸਕੂਲ, ਪਾਰਕ ਉਸਾਰਨ ਦੇ ਠੇਕੇ ਲਏ ਜਾਂਦੇ ਨੇ। ਕਠਪੁਤਲੀ ਸਰਕਾਰਾਂ ਬਣਾਉਣ ਕਰਕੇ ਇਹ ਕੰਮ ਸਹਿਜੇ ਹੀ ਹੋ ਜਾਂਦਾ ਹੈ। ਫੇਰ ਉਸ ਦੇਸ਼ ਦਾ ਧਨ ਦੌਲਤ ਤੇ ਕੁਦਰਤੀ ਭੰਡਾਰ ਲੁੱਟੇ ਜਾਂਦੇ ਨੇ। ਵਿਕਾਸ ਦੇ ਨਾਂ ‘ਤੇ ਵਸਤਾਂ ਵੇਚ ਕੇ ਕੌਮਾਂ ਦੇ ਸਿਰ ਕਰਜ਼ੇ ਚੜ੍ਹਾਏ ਜਾਂਦੇ ਨੇ। ਰਾਜਨੀਤਕ ਲੋਕਾਂ ਨੂੰ ਕਮਿਸ਼ਨ ਦਿੱਤੇ ਜਾਂਦੇ ਨੇ। ਫੇਰ ਏਸੇ ਕਰਜ਼ੇ ਦੀ ਆੜ ਵਿਚ ਨਵੇਂ ਸਮਝੌਤੇ ਕਰ ਕੇ ਅਗਲੇ ਦਹਾਕਿਆਂ ਲਈ ਕਿਸੇ ਦੇਸ਼ ਨੂੰ ਆਪਣੀ ਬਸਤੀ ਬਣਾ ਕੇ ਲੁੱਟਿਆ ਜਾਂਦਾ ਏ।” ਨੋਲਾ ਮਨ ਅੰਦਰਲੇ ਭੇਤ ਖੋਲ੍ਹਦਾ ਰਿਹਾ।

ਮੈਨੂੰ ਭਾਰਤ ਦੇ ਇਤਿਹਾਸ ਦੀ ਯਾਦ ਆਈ, ਕਿਵੇਂ ਈਸਟ ਇੰਡੀਆ ਕੰਪਨੀ ਨੇ ਆਪਣੇ ਵਪਾਰ ਦੇ ਬਹਾਨੇ ਦੇਸ਼ ਨੂੰ ਦੱਬ ਲਿਆ ਸੀ। ਫੇਰ ਕਿਵੇਂ ਸੌ ਸਾਲ, ਭਾਰਤ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ। ਧਨ ਦੌਲਤ ਤੇ ਕੁਦਰਤੀ ਸਰੋਤਾਂ ਨੂੰ ਲੁੱਟਿਆ ਗਿਆ। ਹੁਣ ਲੁੱਟਣ ਦਾ ਤਰੀਕਾ ਬਦਲ ਗਿਆ ਸੀ। ਇਰਾਦੇ ਉਹ ਹੀ ਸਨ। ਹੁਣ ਅਗਲੇ ਖੁਦ ਰਾਜ ਨਹੀਂ ਸੀ ਕਰਦੇ ਪਰ ਆਪਣੇ ਹੱਥ ਠੋਕਿਆਂ ਨੂੰ ਰਾਜ ਗੱਦੀ ‘ਤੇ ਬਿਠਾ ਕੇ ਪੂਰੇ ਦੇਸ਼ ਨੂੰ ਮੰਡੀ ਬਣਾ ਲੈਂਦੇ ਤੇ ਆਪਣਾ ਸਮਾਨ ਵੇਚਦੇ। ਟੈਲੀਵਿਜ਼ਨ, ਸੋਸ਼ਲ ਮੀਡੀਆ ਤੇ ਇੰਟਰਨੈੱਟ ਅੱਜ ਦੇ ਨਵੇਂ ਹਥਿਆਰ ਸਨ ਜੋ ਸਰੀਰਾਂ ਨੂੰ ਨਹੀਂ ਬਲਕਿ ਮਨ ਦੀ ਸੋਚ ਨੂੰ ਮਾਰਦੇ ਸਨ ਅਤੇ ਬੰਦਾ ਮੰਡੀ ਦਾ ਗ਼ੁਲਾਮ ਹੋ ਜਾਂਦਾ ਸੀ।

“ਅਫ਼ਗ਼ਾਨਿਸਤਾਨ ਵੀ ਤਾਂ ਅਫੀਮ, ਚਰਸ, ਹੈਰੋਇਨ, ਮੌਰਫੀਨ ਦੀ ਮੰਡੀ ਸੀ। ਦੁਨੀਆ ਦਾ ਸਭ ਤੋਂ ਵੱਡਾ ਵਪਾਰ ਡਰੱਗ ਸਮਗਲਿੰਗ ਹੈ ਜਿਹਦੇ ਵਿਚ ਬਹੁਤ ਪੈਸਾ ਹੈ ਤੇ ਇਹ ਧੰਦਾ, ਨੇਤਾ ਲੋਕਾਂ ਦੀ ਪੁਸ਼ਤ ਪਨਾਹੀ ਤੋਂ ਬਗ਼ੈਰ ਨੀ ਚੱਲਦਾ। ਦੂਸਰਾ ਦੁਨੀਆ ਦੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਜੋ ਰੈੱਡ ਕਰਾਸ ਨਾਲ ਵੀ ਜੁੜੀਆਂ ਹੋਈਆਂ ਨੇ, ਦੁਨੀਆ ਨੂੰ ਚਲਾਉਣ ਦਾ ਬਹੁਤ ਵੱਡਾ ਪਹੀਆ ਹਨ। ਫਰਮਾਸੂਟੀਕਲ ਕੰਪਨੀਆਂ, ਡਰੱਗ ਮਾਫੀਆ ਸਭ ਰਲੇ ਮਿਲੇ ਨੇ। ਕੁਦਰਤੀ ਸਾਧਨਾਂ ਦੀ ਵੀ ਖਿੱਚ ਸੀ, ਏਵੇਂ ਨਹੀਂ ਅਮਰੀਕਾ ਸੜੇ ਸੁੱਕੇ ਪਹਾੜਾਂ ਵਿਚ ਧੱਕੇ ਖਾਣ ਗਿਆ।” ਮੈਂ ਆਪਣੀ ਦਲੀਲ ਰੱਖੀ ਜਿਸ ਨਾਲ ਨੋਲਾ ਪੂਰੀ ਤਰ੍ਹਾਂ ਸਹਿਮਤ ਸੀ। ਤੇ ਬੋਲਿਆ,”ਇਹ ਸਿਰਫ ਤਾਕਤ ਹਥਿਆਉਣ ਦੀ ਲੜਾਈ ਆ। ਪਹਿਲਾਂ ਕੋਈ ਬਹਾਨਾ ਬਣਾ ਕੇ ਜੰਗ ਛੇੜੀ ਜਾਂਦੀ ਆ, ਫੇਰ ਮਦਦ ਬਹਾਨੇ ਜਾ ਕੇ ਮਿਲਟਰੀ ਬੇਸ ਬਣਾਏ ਜਾਂਦੇ ਨੇ, ਕਮਿਊਨੀਕੇਸ਼ਨ ਸੈੱਟ ਕੀਤੀ ਜਾਂਦੀ ਆ। ਤੇ ਫੇਰ ਪੂਰਾ ਜਾਲ ਵਿਛਾ ਦਿੱਤਾ ਜਾਂਦਾ ਏ ਤਾਂ ਕਿ ਭੋਲਾ ਪੰਛੀ ਪਰ ਵੀ ਨਾ ਮਾਰ ਸਕੇ।”

ਸਾਡੀਆਂ ਗੱਲਾਂ ਕਦੇ ਕਿਸੇ ਪਾਸੇ ਨਿੱਕਲ ਜਾਂਦੀਆਂ ਤੇ ਕਦੇ ਕਿਸੇ ਪਾਸੇ। ਨੋਲਾ ਕਦੇ ਹੁੰਗਾਰੇ ਭਰਦਾ ਤੇ ਕਦੇ ਪੂਰੀ ਬਹਿਸ ਦਾ ਕੇਂਦਰ ਬਣ ਜਾਂਦਾ।

ਅਸੀਂ ਉਸ ਦਿਨ ਜੌਬ ‘ਤੇ ਸੀ, ਤੇ ਸਾਹਮਣੇ ਕਸਟਮ ਐਂਡ ਇਮੀਗਰੇਸ਼ਨ ਅਧਿਕਾਰੀਆਂ ਦੀ ਗੱਡੀ ਖੜ੍ਹੀ ਸੀ। ਕੁੱਝ ਦੇਸ਼ਾਂ ਤੋਂ ਆਈਆਂ ਫਲਾਈਟਾਂ ਦਾ ਕਸਟਮ ਤੇ ਪਾਸਪੋਰਟ ਗੇਟਾਂ ‘ਤੇ ਹੀ ਚੈੱਕ ਕੀਤੇ ਜਾਂਦਾ ਸੀ। ਵਿਦੇਸ਼ਾਂ ਤੋਂ ਆਉਣ ਵਾਲੀ ਡਰੱਗ ਜਾਂ ਨਸ਼ੀਲੇ ਪਦਾਰਥਾਂ ਦੀ ਤਲਾਸ਼ ਵੀ ਏਥੇ ਹੀ ਕੀਤੀ ਜਾਂਦੀ ਸੀ।

ਇਹ ਉਡਾਣ ਕਿੰਗਸਟਨ ਯਮੀਕਾ ਤੋਂ ਆਈ ਸੀ ਜਿਸ ਨੂੰ ਚੈੱਕ ਕਰਨ ਲਈ ਕਸਟਮ ਵਾਲਿਆਂ ਦੀਆਂ ਗੱਡੀਆਂ ਨੇ ਦੋਵਾਂ ਪਾਸਿਆਂ ਤੋਂ ਜਹਾਜ਼ ਨੂੰ ਘੇਰਿਆ ਹੋਇਆ ਸੀ। ਅਸੀਂ ਇਸ ਏਅਰ ਕਰਾਫਟ ਵਿਚ ਕੁੱਝ ਟੀ.ਵੀ. ਸਕਰੀਨ, ਕੇਬਲਾਂ, ਆਰਮ ਰੈਸਟਾਂ, ਹੈੱਡ ਰੈਸਟਾਂ ਤੇ ਫੂਡ ਟਰੇਅ ਟੇਬਲ ਠੀਕ ਕਰਨੇ ਸਨ ਜੋ ਟਰਬੂਲੈਂਸ ਸਮੇਂ ਅਕਸਰ ਢਿੱਲੇ ਹੋ ਜਾਂਦੇ। ਪਾਇਲਟ ਨੇ ਅਜਿਹਾ ਏਅਰ ਵਿਚੋਂ ਹੀ ਮੇਨਟੀਨੈਂਸ ਨੂੰ ਦੱਸ ਦਿੱਤਾ ਸੀ ਤਾਂ ਕਿ ਅਗਲੀ ਉਡਾਣ ਤੋਂ ਪਹਿਲਾਂ ਸਭ ਕੁੱਝ ਠੀਕ ਹੋ ਸਕੇ ਪਰੰਤੂ ਤਲਾਸ਼ੀ ਲੈਣ ਚੜ੍ਹੇ ਆਫੀਸਰ ਥੱਲੇ ਹੀ ਨਹੀਂ ਸੀ ਆ ਰਹੇ। ਤੇ ਸਾਡੀ ਗੱਲਬਾਤ ਹੁਣ ਇਨ੍ਹਾਂ ‘ਤੇ ਹੀ ਚੱਲ ਰਹੀ ਸੀ।

“ਨੋਲਾ ਤੂੰ ਸਕਿਉਰਟੀ ‘ਤੇ ਸਰਚ ਕਰਦਿਆਂ ਕਿਸੇ ਪੈਸੰਜਰ ਕੋਲ਼ੋਂ ਡਰੱਗ ਫੜੀ ਆ?” ਡੈਨੀ ਨੇ ਪੁੱਛਿਆ।

“ਅਗਲੇ ਏਨੇ ਪਾਗ਼ਲ ਨੀ ਹੁੰਦੇ ਬਈ ਸਕਿਉਰਟੀ ਲਾਂਘੇ ਰਾਹੀਂ ਡਰੱਗ ਲੈ ਕੇ ਆਉਣ। ਹਾਂ ਕਦੇ ਕਦੇ ਸਾਧਾਰਨ ਮੁਸਾਫਰ ਭੁੱਲ ਭੁਲੇਖੇ ਨਾ-ਮਾਤਰ ਨਸ਼ਾ ਲੈ ਵੀ ਆਉਂਦੇ ਨੇ। ਵੱਡੀਆਂ ਖੇਪਾਂ ਤਾਂ ਮਿਲੀਭੁਗਤ ਨਾਲ ਹੀ ਆਉਂਦੀਆਂ ਨੇ ਜਿਨ੍ਹਾਂ ਵਿਚ ਪਾਇਲਟ, ਕਰੂਅ ਮੈਂਬਰ, ਬੈਗ ਹੈਂਡਲਰ, ਮਕੈਨਿਕ, ਪਲਾਨਰ ਵੀ ਰਲ਼ੇ ਹੋ ਸਕਦੇ ਨੇ ਤੇ ਰਾਜਨੀਤਕ ਲੋਕ ਵੀ। ਕਈ ਵਾਰ ਤਾਂ ਕਸਟਮ ਅਧਿਕਾਰੀ ਵੀ ਵਿਕੇ ਹੋਏ ਹੁੰਦੇ ਨੇ।” ਉਹ ਅੰਦਰਲੀਆਂ ਗੱਲਾਂ ਦੱਸ ਰਿਹਾ ਸੀ।

“ਵੱਡੇ ਮਗਰਮੱਛਾਂ ਨੂੰ ਕੋਈ ਹੱਥ ਨੀ ਪਾਉਂਦਾ। ਫੜੇ ਸਿਰਫ ਛੋਟੇ ਜਾਂਦੇ ਨੇ ਜਿਨ੍ਹਾਂ ਦੀ ਵੱਡਿਆਂ ਨਾਲ ਸੁਰ ਨਹੀਂ ਮਿਲਦੀ। ਕਈ ਦੇਸ਼ ਵੀ ਬਹੁਤ ਵੱਡੇ ਮਗਰਮੱਛ ਨੇ।” ਡੈਨੀ ਹੱਸਿਆ।

“ਸਾਡੇ ਵਰਗੇ ਲੋਕ ਤਾਂ ਵਰਤੇ ਜਾਣ ਲਈ ਹੁੰਦੇ ਨੇ ਜੋ ਇਨ੍ਹਾਂ ਮਗਰਮੱਛਾਂ ਲਈ ਰਸਤਾ ਤਿਆਰ ਕਰਦੇ ਨੇ। ਸਾਡਾ ਪੀਸ ਕੀਪਿੰਗ ਦਾ ਕੰਮ ਵੀ ਸ਼ਾਂਤ ਮੰਡੀ ਲਈ ਵਿਵਸਥਾ ਪੈਦਾ ਕਰਨ ਤੋਂ ਇਲਾਵਾ ਕੁੱਝ ਨਹੀਂ ਸੀ।” ਨੋਲਾ ਫੇਰ ਗੰਭੀਰ ਹੋ ਗਿਆ।

ਸਾਡੇ ਵਿਚ ਚੁੱਪ ਪਸਰ ਗਈ।

ਕੈਨੇਡਾ ਦੀ ਟਰੂਡੋ ਸਰਕਾਰ ਨੇ ਅਸ਼ਾਂਤ ਮੁਲਕਾਂ ਵਿਚੋਂ ਪਨਾਹਗੀਰ ਲੈਣ ਦਾ ਵੱਡਾ ਫੈਸਲਾ ਕਰ ਲਿਆ ਸੀ। ਸੀਰੀਅਨ ਰਿਫਿਊਜੀ ਧੜਾ ਧੜ ਆ ਰਹੇ ਸਨ। ਉੱਥੇ ਬੰਬ ਵਰ੍ਹਾਏ ਜਾ ਰਹੇ ਸਨ। ਸ਼ੀਆ ਸੁੰਨੀ ਟੱਕਰ ਕਰਵਾਈ ਜਾ ਰਹੀ ਸੀ, ਜਿਵੇਂ ਕੋਈ ਤਮਾਸ਼ਬੀਨ ਮੁਰਗ਼ਿਆਂ ਦੀ ਲੜਾਈ ਜਾਂ ਸਾਨ੍ਹਾਂ ਦਾ ਭੇੜ ਆਪਣੇ ਮਨੋਰੰਜਨ ਲਈ ਕਰਵਾਉਂਦਾ ਹੈ। ਲੋਕ ਇਹ ਭੇੜ ਦੇਖਣ ਲੱਗ ਜਾਂਦੇ ਨੇ ਤੇ ਚੋਰ ਉਨ੍ਹਾਂ ਦਾ ਘਰ ਲੁੱਟ ਲੈਂਦੇ ਨੇ। ਕਿਤੇ ਕੁਰਦਾਂ ਦਾ ਕਤਲ, ਕਿਤੇ ਆਈਸਿਸ ਦਾ ਅੱਤਿਆਚਾਰ। ਉਸ ਅਨੁਸਾਰ ਬਹੁਤਾ ਮੀਡੀਆ ਤਾਂ ਸਰਕਾਰਾਂ ਦਾ ਧੂਤਰੂ ਸੀ। ਨੋਲਾ ਦੇ ਖਦਸ਼ੇ ਹੁਣ ਸਾਨੂੰ ਵੀ ਸਮਝ ਆਉਣ ਲੱਗ ਪਏ ਸਨ।

“ਇਹ ਲੜਾਈਆਂ ਤਾਂ ਲੁੱਟਣ ਦੀਆਂ ਨੇ ਜੋ ਕਦੇ ਨਹੀਂ ਰੁਕਣੀਆਂ। ਲੋਕਾਂ ਦਾ ਏਕਾਂ ਇਨ੍ਹਾਂ ਕਦੇ ਨਹੀਂ ਹੋਣ ਦੇਣਾ। ਸੀਰੀਆ ਵਿਚ ਪੰਜ ਲੱਖ ਲੋਕਾਂ ਦੇ ਕਤਲ ਹੋ ਚੁੱਕੇ ਨੇ। ਮੁੜ ਉਸਾਰੀ ਲਈ ਤੇ ਮੰਡੀ ਦੀ ਬਹਾਲੀ ਲਈ ਸਾਡੇ ਵਰਗੇ ਫੇਰ ਝੋਕ ਦਿੱਤੇ ਜਾਣਗੇ।” ਨੋਲਾ ਸਿਰ ਮਾਰਦਾ ਬੋਲ ਰਿਹਾ ਸੀ।

“ਸ਼ਾਂਤੀ, ਕਬਰਾਂ… ਵਰਗੀ ਸ਼ਾਂਤੀ। ਜਿੱਥੇ ਕੋਈ ਵਿਰੋਧ ਨਾ ਕਰੇ। ਕੋਈ ਰੌਲ਼ਾ ਨਾ ਪਾਵੇ। ਕਿਸੇ ਗੱਲ ‘ਤੇ ਏਕਾ ਨਾ ਹੋਵੇ।”

ਘਬਰਾਹਟ ਘਟਾਉਣ ਦੀਆਂ ਗੋਲੀਆਂ ਵਾਲੀ ਸ਼ੀਸ਼ੀ ਨੋਲਾ ਦੇ ਹੱਥ ਵਿਚ ਕੰਬ ਰਹੀ ਸੀ।

ਕੋਈ ਬੋਲਿਆ, “ਯਾਰ ਪੁਰਾਣੀਆਂ ਗੱਲਾਂ ਨਾ ਛੇੜੋ, ਇਸ ਨੂੰ ਪੈਨਿਕ ਅਟੈਕ ਹੋ ਜਾਂਦੈ।”

ਉਸਦੀ ਘਬਰਾਹਟ ਤਾਂ ਵਧਦੀ ਹੀ ਜਾ ਰਹੀ ਸੀ। ਲੀਡ ਨੇ ਮੈਨੇਜਰ ਨੂੰ ਫੋਨ ਕਰ ਦਿੱਤਾ।

ਗੱਡੀ ਆਈ ਤੇ ਨੋਲਾ ਨੂੰ ਚੁੱਕ ਕੇ ਲੈ ਗਈ।

ਸਾਡੀ ਗੱਡੀ ਵਿਚ ਚੁੱਪ ਪਸਰ ਗਈ।

ਜੰਗ ਤੋਂ ਬਾਅਦ, ਸ਼ਮਸ਼ਾਨ ਵਰਗੀ ਚੁੱਪ।

ਨੋਲਾ ਜਾ ਚੁੱਕਾ ਸੀ।

ਪਿੱਛੇ ਰਹਿ ਗਈ ਸੀ ਮੁਰਦਾ ਸ਼ਾਂਤੀ।

ਫੇਰ ਕੋਈ ਨਾ ਬੋਲਿਆ।

ਨੋਲਾ ਦੇ ਹੱਥ ਵਿਚ ਫੜੀ ਦਵਾਈਆਂ ਵਾਲੀ ਸ਼ੀਸ਼ੀ ਵਾਂਗ।

ਮੇਰਾ ਦਿਮਾਗ ਹਿੱਲਦਾ ਜਾਪਿਆ।

# ਬੋਤੇ ਨੂੰ ਜਹਾਜ਼ ਤੋਂ ਉੱਤਮ ਸਵਾਰੀ ਮੰਨਦਾ ਸਰਵਣ ਸਿੰਘ

*'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਾਰ ਉੱਘਾ ਲੇਖਕ ਸਰਵਣ ਸਿੰਘ ਪਾਠਕਾਂ ਦੀ ਨਜ਼ਰ ਹੈ।*

ਸਰਵਣ ਸਿੰਘ ਦੀ ਤੇ ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਦੋ ਰੇਲ ਗੱਡੀਆਂ ਵਰਗੀ ਸੀ, ਜੋ ਦੋ ਸਟੇਸ਼ਨਾਂ ਵਿਚਕਾਰ ਦੂਹਰੀ ਪਟੜੀ ਉੱਤੇ ਇਕ ਦੂਜੀ ਦੇ ਕੋਲੋਂ ਦੀ ਲੰਘ ਜਾਂਦੀਆਂ ਹਨ। 1967 ਵਿਚ ਜਦੋਂ ਉਹ ਖਾਲਸਾ ਕਾਲਜ ਦਿੱਲੀ ਦੀ ਪ੍ਰੋਫ਼ੈਸਰੀ ਛੱਡ ਕੇ ਢੁੱਡੀਕੇ ਕਾਲਜ ਵਿੱਚ ਪ੍ਰੋਫ਼ੈਸਰ ਲੱਗਣ ਲਈ ਪੰਜਾਬ ਵੱਲ ਚਾਲੇ ਪਾ ਰਿਹਾ ਸੀ, ਮੈਂ ਪੰਜਾਬ ਵਿਚੋਂ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਦੀ ਪ੍ਰੋਫ਼ੈਸਰੀ ਛੱਡ ਕੇ ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਵਿੱਚ ਕੰਮ ਕਰਨ ਲਈ ਦਿੱਲੀ ਵੱਲ ਕੂਚ ਕਰ ਰਿਹਾ ਸੀ।



ਸਰਵਣ ਸਿੰਘ ਆਪ ਤਾਂ ਦਿੱਲੀ ਤੋਂ ਆ ਗਿਆ ਪਰ ਪਿੱਛੇ ਦਿਲਚਸਪ ਗੱਲਾਂ ਛੱਡ ਆਇਆ। ਜਿਵੇਂ ਅਤਰ-ਫੁਲੇਲ ਲਾਏ ਵਾਲਾ ਬੰਦਾ ਬੈਠਕ ਵਿਚੋਂ ਉੱਠ ਕੇ ਚਲਿਆ

**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਗਿਆ ਹੋਵੇ ਤੇ ਮਹਿਕ ਪਿੱਛੇ ਛੱਡ ਗਿਆ ਹੋਵੇ। ਅਨਜਾਣੇ ਸਰਵਣ ਸਿੰਘ ਨਾਲ ਮੇਰੀ ਕੜੀ ਗੁਰਦੇਵ ਸਿੰਘ ਰੁਪਾਣਾ ਸੀ। ਉਹ ਉਹਦੇ ਵੇਲੇ ਤੋਂ ਦਿੱਲੀ ਸੀ ਤੇ ਦੋਵੇਂ ਚੰਗੇ ਦੋਸਤ ਸਨ। ਹੁਣ ਉਹ ਮੇਰਾ ਦੋਸਤ ਬਣ ਗਿਆ ਸੀ। ਮੇਰੇ ਦਿੱਲੀ ਪਹੁੰਚਣ ਵੇਲੇ ਹੀ ਅਜਿਹੇ ਯਾਰਾਂ ਦੇ ਯਾਰ ਤੇ ਮੌਜੀ ਬੰਦੇ ਦਾ ਉਥੋਂ ਚਲੇ ਜਾਣਾ, ਅਨਜਾਣਿਆ ਹੋਣ ਦੇ ਬਾਵਜੂਦ, ਕਿਸੇ ਮਿੱਤਰ-ਪਿਆਰੇ ਦੇ ਚਲੇ ਜਾਣ ਵਾਂਗ ਲਗਦਾ। ਰੁਪਾਣੇ ਦੀ ਇਸ ਹੈਰਾਨੀ ਵਿਚ ਮੇਰੀ ਹੈਰਾਨੀ ਵੀ ਰਲ ਜਾਂਦੀ ਕਿ ਉਹ ਦਿੱਲੀ ਦਾ ਖਾਲਸਾ ਕਾਲਜ ਛੱਡ ਕੇ ਢੁੱਡੀਕੇ ਦੇ ਪੇਂਡੂ ਕਾਲਜ ਵਿਚ ਕਿਉਂ ਚਲਿਆ ਗਿਆ!

ਮਗਰੋਂ ਸਰਵਣ ਸਿੰਘ ਨਾਲ ਵਾਹ ਪਿਆ ਤਾਂ ਇਹਦੇ ਦਿੱਲੀ ਤੋਂ ਢੁੱਡੀਕੇ ਚਲੇ ਜਾਣ ਦੀ ਉਲਝਣ ਵੀ ਛੇਤੀ ਹੀ ਹੱਲ ਹੋ ਗਈ। ਸਗੋਂ ਇਹ ਸਾਫ਼ ਹੋ ਗਿਆ ਕਿ ਇਹ ਬੰਦਾ ਦਿੱਲੀ ਰਹਿ ਹੀ ਨਹੀਂ ਸੀ ਸਕਦਾ। ਜਿਹੜਾ ਭਲਾਮਾਣਸ ਸਾਰੀ ਉਮਰ ਪ੍ਰੋਫ਼ੈਸਰੀ-ਪ੍ਰਿੰਸੀਪਲੀ ਕਰ ਕੇ ਅਤੇ ਅਮਰੀਕਾ, ਕੈਨੇਡਾ ਤੇ ਯੂਰਪ ਗਾਹ ਕੇ ਕਹਿੰਦਾ ਹੈ, ਪੈਂਟਾਂ-ਪਜਾਮੇ ਚਾਦਰੇ ਦੀ ਰੀਸ ਨਹੀਂ ਕਰ ਸਕਦੇ, ਉਹਦਾ ਤੰਗ ਪਤਲੂਨਾਂ ਤੇ ਘੁੱਟਵੀਆਂ ਪਜਾਮੀਆਂ ਵਾਲੀ ਉਸ ਸਮੇਂ ਦੀ ਦਿੱਲੀ ਵਿੱਚ ਗੁਜ਼ਾਰਾ ਕਿਥੋਂ ਹੋਣਾ ਸੀ! ਮਹਾਂਨਗਰ ਆਖਦਾ ਹੈ, ਇਥੇ ਰਹਿਣਾ ਹੈ ਤਾਂ ਮੇਰੇ ਅਨੁਸਾਰ ਢਲ ਪਰ ਇਹ ਦਿੱਲੀ ਨੂੰ ਆਪਣਾ ਪਿੰਡ ਚਕਰ ਬਣਾਈ ਬੈਠਾ ਸੀ।

ਯੂਨੀਵਰਸਿਟੀ ਨੇੜੇ ਕੋਈ ਢਾਬਾ ਨਾ ਹੋਣ ਕਰਕੇ ਇਹ ਉਹਦੀ ਬਾਹਰਲੀ ਕੰਧ ਉੱਤੇ ਬੈਠ ਮੌਜ ਨਾਲ ਲੱਤਾਂ ਹਿਲਾ-ਹਿਲਾ ਕੇ 'ਲੰਚ' ਕਰਦਾ। ਹਵਾ ਦੇ ਬੁੱਲੇ ਮਾਣਦਿਆਂ ਤੇ ਲੰਘਣ-ਟੱਪਣ ਵਾਲੀਆਂ ਦੇ ਨਜ਼ਾਰੇ ਲੈਂਦਿਆਂ ਕੀਤਾ ਜਾਂਦਾ ਇਹ 'ਲੰਚ' ਸੜਕ-ਕਿਨਾਰੇ ਬੈਠੇ ਮੱਕੀ ਦੀਆਂ ਛੱਲੀਆਂ ਭੁੰਨਣ ਵਾਲੇ ਤੋਂ ਲਈਆਂ ਨੇਂਬੂ ਘਸਾ ਕੇ ਨੂਣ ਭੁੱਕੇ ਵਾਲੀਆਂ ਤਿੰਨ-ਚਾਰ ਛੱਲੀਆਂ ਦਾ ਹੁੰਦਾ। ਪੇਂਡੂ ਜੀਵਨ ਜਾਨਦਾਰ, ਤਕੜੀਆਂ, ਸਖ਼ਤ ਚੀਜ਼ਾਂ ਦੁਆਲੇ ਘੁੰਮਦਾ ਹੈ ਜਿਨ੍ਹਾਂ ਦੇ ਸੌਖੇ ਕੀਤਿਆਂ ਟੁੱਟਣ ਦਾ ਡਰ ਨਹੀਂ ਹੁੰਦਾ। ਸ਼ਹਿਰ ਨਰਮ-ਨਾਜ਼ਕ ਚੀਜ਼ਾਂ ਦਾ ਭਰਿਆ ਹੁੰਦਾ ਹੈ ਜਿਨ੍ਹਾਂ ਨੂੰ ਹੱਥ ਲਾਉਂਦਿਆਂ ਪੇਂਡੂ ਬੰਦਾ ਉਨ੍ਹਾਂ ਦੇ ਟੁੱਟਣ ਤੋਂ ਡਰਦਾ ਹੈ। ਇਸੇ ਕਰਕੇ ਜਦੋਂ ਸ਼ਹਿਰ ਵਿਚ ਪੂਰੀਆਂ-ਛੋਲੇ ਖਾਂਦੇ ਪੇਂਡੂ ਨੂੰ ਕੰਚ ਦੇ ਗਲਾਸ ਵਿਚ ਪਾਣੀ ਰੱਖਿਆ ਜਾਂਦਾ ਹੈ, ਉਹ ਉਹਨੂੰ ਡਿੱਗ ਕੇ ਟੁੱਟਣ ਤੋਂ ਬਚਾਉਣ ਲਈ ਝੱਟ ਕਿਨਾਰਿਉਂ ਦੂਰ ਮੇਜ਼ ਦੇ ਅੰਦਰ ਨੂੰ ਖਿਸਕਾ ਦਿੰਦਾ ਹੈ। ਸ਼ਹਿਰ ਨਰਮ-ਨਾਜ਼ਕ ਚੀਜ਼ਾਂ ਨਾਲ ਰਹਿਣਾ ਸਿੱਖਣ ਦੀ ਤੇ ਖੱਦਰ ਦੇ ਗਲਾਸ ਦੀ ਥਾਂ ਕੰਚ ਦੇ ਗਲਾਸ ਵਿਚ ਪਾਣੀ ਪੀਣ ਲੱਗਣ ਦੀ ਮੰਗ ਕਰਦਾ ਹੈ।

ਐਮ. ਏ. ਪੰਜਾਬੀ ਦੀ ਜਮਾਤ ਵਿਚ ਇਹ ਇਕੱਲਾ ਪੇਂਡੂ ਮੁੰਡਾ, ਜਿਸ ਨਾਲ ਪੰਜ ਸ਼ਹਿਰੀ ਕੁੜੀਆਂ ਸਨ। ਇਹਨੂੰ ਛੱਲੀਆਂ ਚਬਦਾ ਦੇਖ ਚੁੱਕੀਆਂ ਕੁੜੀਆਂ ਦੁਪਹਿਰ ਦੀ ਰੋਟੀ ਬਾਰੇ ਪੁਛਦੀਆਂ ਤੇ ਫੇਰ ਟਿੱਚਰ ਕਰਦੀਆਂ, "ਕਿਤੇ ਛੱਲੀਆਂ-ਛੁੱਲੀਆਂ ਚੱਬ ਕੇ ਹੀ ਤਾਂ ਨਹੀਂ ਡੰਗ ਸਾਰੀ ਜਾਂਦੇ?" ਇਹਨੂੰ ਕੱਚਾ ਹੋਇਆ ਦੇਖ ਉਹ ਇਕ-ਇਕ ਫੁਲਕਾ ਵੱਧ ਲਿਆ ਕੇ ਆਪਣੇ ਨਾਲ ਰੋਟੀ ਖੁਆਉਣ ਦੀ ਪੇਸ਼ਕਸ਼ ਕਰਦੀਆਂ। ਤਾਂ ਵੀ ਇਹ 'ਰੱਬ ਨੇ ਦਿੱਤੀਆਂ ਗਾਜਰਾਂ, ਵਿਚੇ ਰੰਬਾ ਰੱਖ' ਦੀ ਪੁਰਖਿਆਂ ਦੀ ਦਿੱਤੀ ਮੱਤ ਚੇਤੇ ਨਾ ਕਰਦਾ, ਸਗੋਂ ਡੇਰੇ ਵਾਲੇ ਸਾਧ ਵਾਂਗ ਕਿਸੇ ਤਿੱਥ-ਤਿਹਾਰ ਨੂੰ ਖਾਣਾ ਖਾ ਲੈਣਾ ਤਾਂ ਪਰਵਾਨ ਕਰਦਾ, ਪਰ ਰੋਜ਼-ਰੋਜ਼ ਨਹੀਂ। ਇਹ ਸਵੈਜੀਵਨੀ ਵਿਚ ਲਿਖਦਾ ਹੈ, "ਕੁੜੀਆਂ ਬੜੀਆਂ ਪਿਆਰੀਆਂ ਸਨ। ਉਨ੍ਹਾਂ ਕੋਲੋਂ ਅਤਰ-ਫੁਲੇਲ ਦੀਆਂ ਮਹਿਕਾਂ ਆਉਂਦੀਆਂ। ਹਸਦੀਆਂ ਤਾਂ ਉਨ੍ਹਾਂ ਦੇ ਚਿੱਟੇ ਦੰਦ ਚਮਕਦੇ। ਗੋਰੀਆਂ ਗੱਲ੍ਹਾਂ ਵਿਚ ਟੋਏ ਪੈਂਦੇ। ਇਕ ਕੁੜੀ, ਜੋ ਕੁਝ ਵਧੇਰੇ ਹੀ ਮੋਹ ਕਰਦੀ, ਫੁਲਕੇ ਖਾਣ ਦੀ ਗਿਣਤੀ ਪੁਛਦੀ ਤਾਂ 'ਜੇ ਕਿਤੇ ਤੂੰ ਫੁਲਕੇ ਲਾਹ ਕੇ ਦੇਈ ਚੱਲੇਂ, ਮੈਂ ਰੱਜਾਂ ਹੀ ਨਾ' ਆਖਣਾ ਤਾਂ ਚਾਹੁੰਦਾ ਪਰ ਆਖ ਨਾ ਸਕਦਾ।

ਅੱਗੇ ਚੱਲ ਕੇ ਜਦੋਂ ਇਹ 'ਨਚਾਰ' ਕਹਾਣੀ ਵਿਚ ਇਕ ਕੁੜੀ ਦੀਆਂ ਅੱਖਾਂ ਬਾਰੇ 'ਉਹਦੀਆਂ ਅੱਖਾਂ ਤਾਂ ਨਸ਼ਿਆਂ ਦੇ ਬਾਗ਼ ਹਨ ਬਾਗ਼' ਕਹਾਉਂਦਾ ਹੈ ਤਾਂ ਇਸੇ ਕੁੜੀ ਦੀਆਂ ਅੱਖਾਂ ਚੇਤੇ ਕਰ ਕੇ ਕਹਾਉਂਦਾ ਹੈ। ਪਰ ਇਹ ਇਕਬਾਲ ਕਰਦਾ ਹੈ ਕਿ ਉਨ੍ਹੀਂ ਦਿਨੀਂ ਬੜਾ ਬਣਦਾ-ਫ਼ਬਦਾ ਹੋਣ ਤੇ ਚਿੱਤ ਕੁੜੀਆਂ ਦੀ ਸੰਗਤ ਮਾਣ ਕੇ ਖ਼ੁਸ਼ ਹੁੰਦਾ ਹੋਣ ਦੇ ਬਾਵਜੂਦ 'ਮੇਰਾ ਪੇਂਡੂ ਪਿਛੋਕੜ ਮੈਨੂੰ ਭਾਪਿਆਂ ਦੀਆਂ ਕੁੜੀਆਂ ਨਾਲ ਬਹੁਤਾ ਘੁਲਣ-ਮਿਲਣ ਨਹੀਂ ਸੀ ਦਿੰਦਾ!' ਮਨ ਵਿਚੋਂ ਕੰਚ ਦਾ ਗਲਾਸ ਟੁੱਟ ਜਾਣ ਦਾ ਡਰ ਹੀ ਨਹੀਂ ਸੀ ਨਿਕਲਦਾ! ਅਜਿਹੇ ਬੰਦੇ ਲਈ ਦਿੱਲੀ ਨਾਲੋਂ ਢੁੱਡੀਕੇ ਹੀ ਠੀਕ ਸੀ।

ਵੈਸੇ ਇਹਦੀ ਦਿੱਲੀ ਤੋਂ ਢੁੱਡੀਕੇ ਪਹੁੰਚਣ ਦੀ ਕਹਾਣੀ ਵੀ ਇਹਦੀਆਂ ਹੋਰ ਬਹੁਤ ਸਾਰੀਆਂ ਕਰਨੀਆਂ ਵਾਂਗ ਅਨੋਖੀ ਹੀ ਹੈ। ਕਾਲਜੀ ਵਿਦਿਆਰਥੀ ਹੁੰਦਿਆਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਪੂਰਨਮਾਸ਼ੀ' ਪੜ੍ਹਿਆ ਤਾਂ ਇਹ ਉਹਦਾ ਮੁਰੀਦ ਹੋ ਗਿਆ। ਮਗਰੋਂ ਉਹਦੇ ਨਾਵਲ 'ਰਾਤ ਬਾਕੀ ਹੈ' ਨੇ ਤਾਂ ਇਹਦੇ ਉੱਤੇ ਟੂਣਾ ਹੀ ਕਰ ਦਿੱਤਾ। ਦੋਵਾਂ ਦੇ ਪਿੰਡ, ਇਹਦਾ ਚਕਰ ਤੇ ਕੰਵਲ ਦਾ ਢੁੱਡੀਕੇ, ਨੇੜੇ-ਨੇੜੇ ਹੋਣ ਸਦਕਾ ਜਾਣ-ਪਛਾਣ ਵੀ ਹੋ ਗਈ। ਕੰਵਲ ਦੀਆਂ ਓਦੋਂ ਤੱਕ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਕੇ ਤੇ ਉਥੇ ਬਲਰਾਜ ਸਾਹਨੀ ਦਾ ਆਉਣਾ-ਜਾਣਾ ਸੁਣ ਕੇ, ਇਹਦਾ ਕਹਿਣਾ ਹੈ, "ਮੇਰੇ ਮਨ ਵਿਚ ਪਿੰਡ ਢੁੱਡੀਕੇ ਲਈ ਰੁਮਾਂਸ ਪੈਦਾ ਹੋ ਗਿਆ"। ਕੰਵਲ ਦੀ ਅਗਵਾਈ ਵਿਚ ਢੁੱਡੀਕੇ ਕਾਲਜ ਖੁੱਲ੍ਹਿਆ ਤਾਂ ਪ੍ਰੋ. ਪ੍ਰੀਤਮ ਸਿੰਘ ਨੇ ਕੰਵਲ ਨੂੰ ਸਲਾਹ ਦਿੱਤੀ ਕਿ ਲੈਕਚਰਰ ਪਿੰਡਾਂ ਦੇ ਹੀ ਰੱਖਿਓ, ਸ਼ਹਿਰੀਏ ਜੇ ਆ ਵੀ ਗਏ, ਪਿੰਡ ਵਿਚ ਟਿਕਣੇ ਨਹੀਂ। ਕੰਵਲ ਦੀ ਇਸ ਮੁਹਿੰਮ ਵਿਚ ਢੁੱਡੀਕੇ ਦਾ ਹੀ ਕਵੀ ਦਰਸ਼ਨ ਗਿੱਲ, ਜੋ ਮਗਰੋਂ ਕੈਨੇਡਾ-ਵਾਸੀ ਬਣ ਗਿਆ ਸੀ, ਸਰਕਾਰੀ ਕਾਲਜ ਦੀ ਨੌਕਰੀ ਛੱਡ ਕੇ ਆਉਣ ਤੋਂ ਨਾਂਹ ਕਰ ਗਿਆ, ਪਰ ਸਰਵਣ ਸਿੰਘ ਦਿੱਲੀ ਛੱਡ ਕੇ ਆਉਣ ਲਈ ਤਿਆਰ ਹੋ ਗਿਆ।

ਕਾਲਜ ਚੱਲ ਪਿਆ। ਕੰਵਲ ਸੰਤੁਸ਼ਟ ਹੋ ਕੇ ਬਦੇਸ ਦੌਰੇ 'ਤੇ ਚਲਿਆ ਗਿਆ। ਕੁਝ ਦਿਨਾਂ ਵਿਚ ਹੀ ਸਰਵਣ ਸਿੰਘ ਨੂੰ ਦਿੱਲੀ ਦੇ ਉਦਰੇਵੇਂ ਦਾ ਦੌਰਾ ਪੈ ਗਿਆ ਤੇ ਇਹ ਅਸਤੀਫ਼ਾ ਦੇ ਕੇ ਦਿੱਲੀ, ਜਿਥੋਂ ਇਹ ਅਜੇ ਛੁੱਟੀ ਲੈ ਕੇ ਆਇਆ ਹੋਇਆ ਸੀ, ਵਾਪਸ ਪੜ੍ਹਾਉਣ ਜਾ ਲੱਗਿਆ। ਬਦੇਸੋਂ ਆਏ ਕੰਵਲ ਨੂੰ ਗੁੱਸਾ ਚੜ੍ਹਨਾ ਕੁਦਰਤੀ ਸੀ। ਉਹਨੇ ਮਿਹਣਾ ਮਾਰਿਆ, "ਜੇ ਪਿੰਡਾਂ ਦੇ ਮੁੰਡਿਆਂ ਨੇ ਪੜ੍ਹ-ਲਿਖ ਕੇ ਪਿੰਡਾਂ ਵਿਚ ਨਹੀਂ ਪੜ੍ਹਾਉਣਾ, ਸ਼ਹਿਰਾਂ ਦੀ ਹਰੀ ਅੰਗੂਰੀ ਹੀ ਚਰਨੀ ਐ, ਤਾਂ ਥੋਨੂੰ ਪੜ੍ਹਾਉਣ ਦਾ ਕੀ ਫ਼ਾਇਦਾ ਹੋਇਆ?" ਕੰਵਲ ਦੇ ਮਿਹਣਿਆਂ ਦਾ ਮਾਰਿਆ ਇਹ ਆਉਣ ਲਈ ਫੇਰ ਤਿਆਰ ਹੋ ਗਿਆ।

ਜਦੋਂ ਇਹਨੇ ਖਾਲਸਾ ਕਾਲਜ, ਦਿੱਲੀ ਦੇ ਪ੍ਰਿੰਸੀਪਲ ਗੁਰਬਚਨ ਸਿੰਘ ਬੱਲ ਦੇ ਸਾਹਮਣੇ ਆਪਣਾ ਅਸਤੀਫ਼ਾ ਰੱਖਿਆ, ਉਹ ਸਾਰਾ ਮਾਜਰਾ ਸੁਣ ਕੇ ਬੋਲਿਆ, "ਤੂੰ ਅਜੇ ਨਿਆਣਾ ਹੈਂ। ਤੈਨੂੰ ਯਾਦ ਨਹੀਂ, ਇਸ ਕਾਲਜ ਦੀ ਪੱਕੀ ਪੋਸਟ ਤੈਨੂੰ ਕਿਵੇਂ ਮਿਲੀ ਹੈ? ਇਥੇ ਤਰੱਕੀ ਕਰੇਂਗਾ। ਮੁੜ ਕੇ ਪਿੰਡ ਚਲਾ ਗਿਆ ਤਾਂ ਸਾਰੀ ਉਮਰ ਪਛਤਾਏਂਗਾ।"

ਪਰ ਇਹ ਵਾਰ-ਵਾਰ ਇਹੋ ਦੁਹਰਾਉਂਦਾ ਰਿਹਾ, "ਮੈਂ ਢੁੱਡੀਕੇ ਵਾਲਿਆਂ ਨੂੰ 'ਹਾਂ' ਕਰ ਆਇਆ ਹਾਂ। ਹੁਣ ਮੈਂ ਨਾਂਹ ਨਹੀਂ ਕਰ ਸਕਦਾ!"

ਆਖ਼ਰ ਪ੍ਰਿੰਸੀਪਲ ਬੱਲ ਨੇ ਪਰੇਸ਼ਾਨ ਹੋ ਕੇ ਹਥਿਆਰ ਸੁਟਦਿਆਂ ਕਿਹਾ, "ਓਨਲੀ ਏ ਜਾਟ ਆਰ ਏ ਫ਼ੂਲ ਕੈਨ ਡੂ ਦਿਸ!" (ਇਹੋ ਜਿਹਾ ਕੰਮ



ਜਾਂ ਜੱਟ ਕਰ ਸਕਦਾ ਹੈ ਜਾਂ ਬੇਵਕੂਫ਼!)

ਇਹਨੇ ਜਵਾਬ ਦਿੱਤਾ, "ਸਰ, ਤੁਹਾਡਾ ਅੱਧਾ ਫ਼ਿਕਰਾ ਬਿਲਕੁਲ ਸਹੀ ਐ!" ਤੇ ਪ੍ਰਿੰਸੀਪਲ ਨੂੰ ਅਤੇ ਦਿੱਲੀ ਨੂੰ ਫ਼ਤਿਹ ਬੁਲਾ ਕੇ ਇਹ ਢੁੱਡੀਕੇ ਪਹੁੰਚ ਗਿਆ। ਹੁਣ ਇਹਨੇ ਸਿਦਕ ਦਿਖਾਇਆ। ਦਿੱਲੀ ਦਾ ਹੇਰਵਾ ਕਰਨ ਦੀ ਥਾਂ ਇਹ ਲਾਲਾ ਲਾਜਪਤ ਰਾਏ ਕਾਲਜ, ਢੁੱਡੀਕੇ ਵਿਚ ਇਉਂ ਰਚ ਗਿਆ ਜਿਵੇਂ ਮੱਛੀ ਪਾਣੀ ਵਿਚ ਸਹਿਜ ਹੁੰਦੀ ਹੈ। ਬਹੁਤੇ ਲੋਕ ਇਹਨੂੰ ਢੁੱਡੀਕੇ ਦਾ ਜੰਮ-ਪਲ ਹੀ ਸਮਝਣ ਲੱਗੇ। 1967 ਤੋਂ 1996 ਤੱਕ, ਸਮਝੋ ਤਿੰਨ ਦਹਾਕੇ, ਇਹਨੇ ਉਥੇ ਕੰਮ ਕਰਦਿਆਂ ਚੰਗਾ ਨਾਂ ਕਮਾਇਆ। 1996 ਵਿਚ ਡਾ. ਸਰਦਾਰਾ ਸਿੰਘ ਜੌਹਲ ਇਹਨੂੰ ਅਮਰਦੀਪ ਮੈਮੋਰੀਅਲ ਕਾਲਜ, ਮੁਕੰਦਪੁਰ ਪ੍ਰਿੰਸੀਪਲ ਬਣਾ ਕੇ ਲੈ ਗਏ। ਚਾਰ ਸਾਲ ਇਹ ਉਸ ਕੁਰਸੀ ਉੱਤੇ ਬੈਠਾ ਤੇ ਇਨ੍ਹਾਂ ਚਾਰ ਸਾਲਾਂ ਵਿਚ ਇਹਦੀ ਪ੍ਰਬੰਧਕੀ ਸੂਝ ਨੇ ਖ਼ੂਬ ਵਡਿਆਈ ਖੱਟੀ। ਵਿਦਿਆਰਥੀਆਂ ਦੀ ਗਿਣਤੀ, ਜੋ ਇਹਦੇ ਪਹੁੰਚਣ ਸਮੇਂ 328 ਸੀ, ਇਹਦੀ ਵਿਦਾਇਗੀ ਵੇਲੇ 1,135 ਹੋ ਚੁੱਕੀ ਸੀ। ਪੰਜਾਬ ਦੇ ਕਿਸੇ ਪੇਂਡੂ ਕਾਲਜ ਦੀ ਅਜਿਹੀ ਤਰੱਕੀ ਆਪਣੀ ਮਿਸਾਲ ਆਪ ਸੀ।

ਇਹ ਇਸ ਮੱਤ ਦੀ ਇਕ ਵਧੀਆ ਮਿਸਾਲ ਹੈ ਕਿ ਲੇਖਕ ਤਾਂ ਲੇਖਕ ਹੁੰਦਾ ਹੈ, ਕਿਸੇ ਇਕ ਵਿਧਾ ਵਿਚ ਬਹੁਤਾ ਲਿਖਣ ਦਾ ਭਾਵ ਇਹ ਨਹੀਂ ਹੁੰਦਾ ਕਿ ਉਹ ਹੋਰ ਵਿਧਾਵਾਂ ਵਿਚ ਵਧੀਆ ਨਹੀਂ ਲਿਖ ਸਕਦਾ ਜਾਂ ਨਹੀਂ ਲਿਖਦਾ। ਅੱਜ ਦੇ ਇਸ ਪ੍ਰਮੁੱਖ ਖੇਡ-ਲੇਖਕ ਨੇ ਖੇਡ-ਸਾਹਿਤ ਤੋਂ ਇਲਾਵਾ ਵੀ ਕਈ ਵਿਧਾਵਾਂ ਵਿਚ ਬਹੁਤ ਕੁਛ ਲਿਖਿਆ ਹੈ ਤੇ ਵਧੀਆ ਲਿਖਿਆ ਹੈ। ਸਗੋਂ ਇਹ ਖੇਡ-ਲੇਖਕ ਮਗਰੋਂ ਬਣਿਆ, ਪਹਿਲੀਆਂ ਪੁਲਾਂਘਾਂ ਤਾਂ ਇਹਨੇ ਕਹਾਣੀਕਾਰ ਵਜੋਂ ਪੁੱਟੀਆਂ। ਪਹਿਲੀ ਹੀ ਕਹਾਣੀ 'ਨਚਾਰ' 1965 ਵਿਚ ਚੋਟੀ ਦੇ ਮਾਸਕ 'ਆਰਸੀ' ਵਿਚ ਛਪੀ। ਨਚਾਰਾਂ ਦੇ ਜਲਸਿਆਂ ਦੀ ਆਪਣੀ ਹੀ ਖਿੱਚ ਹੁੰਦੀ ਸੀ। ਜਿਨ੍ਹਾਂ ਨੇ ਇਹ ਜਲਸੇ ਦੇਖੇ ਹੋਏ ਸਨ, ਉਹ ਕਹਾਣੀ ਦਾ ਨਾਂ ਦੇਖ ਕੇ ਇਹਨੂੰ ਪੜ੍ਹੇ ਬਿਨਾਂ ਰਹਿ ਹੀ ਨਹੀਂ ਸਨ ਸਕਦੇ। ਇਉਂ ਇਹ ਪਹਿਲੀ ਕਹਾਣੀ ਹੀ ਚਰਚਿਤ ਹੋ ਗਈ।

ਰਸਾਲੇ ਵਿਚ ਉਹਦੇ ਛਪ ਗਈ ਹੋਣ ਦਾ ਇਹਨੂੰ ਅਜੇ ਪਤਾ ਵੀ ਨਹੀਂ ਸੀ। ਇਹ ਡਾ. ਹਰਿਭਜਨ ਸਿੰਘ ਕੋਲ ਬੈਠਾ ਹੋਇਆ ਸੀ, ਜਦੋਂ ਤਾਰਾ ਸਿੰਘ 'ਆਰਸੀ' ਦਾ ਨਵਾਂ ਅੰਕ ਅੱਗੇ ਕਰਦਿਆਂ ਬੋਲਿਆ, "ਡਾਕਟਰ ਸਾਹਿਬ, ਐਤਕੀਂ ਦੀ 'ਆਰਸੀ' ਵਿਚ ਇਕ ਕਹਾਣੀ ਪੜ੍ਹਨ ਵਾਲੀ ਐ। ਕਿਸੇ ਨਵੇਂ ਲੇਖਕ ਦੀ ਐ।" ਇਹਦੇ ਦੱਸਣ ਮਗਰੋਂ ਇਹਦੇ ਹੀ ਮੂੰਹੋਂ ਸੁਣ ਕੇ ਡਾ. ਹਰਿਭਜਨ ਸਿੰਘ ਨੇ ਵੀ ਕਹਾਣੀ ਦੀ ਤਾਰੀਫ਼ ਕੀਤੀ। ਜਿਸ ਨਵੇਂ ਲੇਖਕ ਦੀ ਪਹਿਲੀ ਹੀ ਕਹਾਣੀ ਦੀ ਸਿਫ਼ਤ ਡਾ. ਹਰਿਭਜਨ ਸਿੰਘ ਤੇ ਤਾਰਾ ਸਿੰਘ ਵਰਗੇ ਮਹਾਂਰਥੀ ਕਰਨ, ਉਹਦੀ ਕਲਮ ਦੇ ਦਮ ਬਾਰੇ ਸ਼ੱਕ ਦੀ ਗੁੰਜਾਇਸ਼ ਕਿਥੇ ਰਹਿ ਜਾਂਦੀ ਹੈ!

ਫੇਰ ਇਹ ਖਿਡਾਰੀਆਂ ਦੇ ਕਲਮੀ ਚਿਤਰ ਲਿਖਣ ਲੱਗ ਪਿਆ। ਸ਼ਰੀਕ ਉੱਜੜਿਆ, ਵਿਹੜਾ ਮੋਕਲਾ! ਖੇਡ-ਲੇਖਕ ਬਣਨ ਤੋਂ ਮਗਰੋਂ ਵੀ ਜਦੋਂ ਕਦੀ-ਕਦਾਈਂ ਇਹਦੀ ਕਹਾਣੀ ਛਪਦੀ, ਮੈਂ ਕਹਿੰਦਾ, ਚੰਗਾ ਹੋਇਆ, ਸਰਵਣ ਸਿੰਘ ਦੀ ਕਲਮ ਖੇਡਾਂ ਵਾਲੇ ਪਾਸੇ ਪੈ ਗਈ! ਇਹਦੀ ਕਹਾਣੀ ਵਿਚ ਏਨੀ ਕੁ ਜਾਨ ਹੈ ਸੀ ਕਿ ਇਹਨੇ ਸਾਡੇ, ਆਪਣੇ ਹਾਣੀ ਕਹਾਣੀਕਾਰਾਂ ਦੇ ਸਾਹਮਣੇ ਜਰੀਬ ਸੁੱਟ ਕੇ ਕਹਿਣਾ ਸੀ, ਲਉ ਭਰਾਵੋ, ਮੇਰੇ ਹਿੱਸੇ ਦਾ ਅਸਮਾਨ ਵੰਡ ਕੇ ਮੇਰੇ ਹਵਾਲੇ ਕਰੋ। ਇਹਨੂੰ ਗੱਲ ਤੋਂ ਗਲਪ ਤੇ ਸੁਣੀ-ਦੇਖੀ ਤੋਂ ਕਹਾਣੀ ਬਣਾਉਣ ਦੀ ਕਲਾ ਆਉਂਦੀ ਹੈ। 'ਨਚਾਰ' ਕਹਾਣੀ ਦਾ ਪਿਛੋਕੜ ਬਿਆਨਦਿਆਂ ਇਹ ਬਿਲਕੁਲ ਵੱਖਰੇ ਥਾਂਵਾਂ ਉੱਤੇ, ਬਿਲਕੁਲ ਵੱਖਰੇ ਪ੍ਰਸੰਗਾਂ ਵਿਚ ਵਾਪਰੀਆਂ ਘਟਨਾਵਾਂ ਅਤੇ ਵੱਖ-ਵੱਖ ਦੇਖੇ ਹੋਏ ਦ੍ਰਿਸ਼ਾਂ ਬਾਰੇ ਦਸਦਾ ਹੈ ਕਿਵੇਂ ਇਹਨੇ ਇਹ ਸਭ ਕੁਝ ਇਸ ਕਹਾਣੀ ਦੀ ਇਕ ਲੜੀ ਵਿਚ ਲਿਆ ਪਰੋਇਆ। ਕਹਾਣੀ ਤਾਂ ਹੈ ਹੀ ਅਸੰਬੰਧਿਤ ਘਟਨਾਵਾਂ ਨੂੰ ਇਕੋ ਲੜੀ ਵਿਚ ਪਰੋਣ ਦੀ ਅਤੇ ਕਈ ਬੰਦਿਆਂ ਦੇ ਸੁਭਾਵਾਂ ਦੇ ਟੋਟੇ ਲੈ ਕੇ ਇਕ ਪੂਰਾ ਪਾਤਰ ਸਿਰਜਣ ਦੀ ਕਲਾ।

ਕੁਝ ਸਾਲ ਮਗਰੋਂ 'ਆਰਸੀ' ਵਿਚ ਹੀ ਇਹਦੀ ਕਹਾਣੀ 'ਬੁੱਢਾ ਤੇ ਬੀਜ' ਛਪੀ। ਖੇਤੀਬਾੜੀ ਯੂਨੀਵਰਸਿਟੀ ਦੇ ਨਵੇਂ ਵਿਕਸਿਤ ਕੀਤੇ ਕਣਕ ਦੇ ਬੀ ਦੀ ਪ੍ਰਤੀ ਕਿਸਾਨ ਚਾਰ ਕਿਲੋ ਦੀ ਥੈਲੀ ਕਿਵੇਂ ਨਾ ਕਿਵੇਂ ਹਾਸਲ ਕਰਨ ਲਈ ਲੋੜਵੰਦਾਂ ਦੀਆਂ ਭੀੜਾਂ ਜੁੜੀਆਂ ਹੋਈਆਂ ਹਨ। ਖਿੱਚ-ਧੂਹ ਤੇ ਧੱਕਮ-ਧੱਕੇ ਵਾਲੀ ਇਸ ਜੱਦੋ-ਜਹਿਦ ਵਿਚ ਇਕ ਬਜ਼ੁਰਗ ਵੀ ਸ਼ਾਮਲ ਹੈ। ਸੱਤਰ-ਅੱਸੀ ਸਾਲ ਦੀ ਸਿਵਿਆਂ ਨੂੰ ਜਾਣ ਵਾਲੀ ਬਿਰਧ ਉਮਰ, ਘਸਮੈਲੇ ਕੱਪੜੇ, ਬੱਗੀ ਦਾੜ੍ਹੀ, ਜਟੂਰੀਆਂ ਪੱਗ ਦੇ ਪੇਚਾਂ ਵਿਚੋਂ ਬਾਹਰ ਨਿੱਕਲੀਆਂ ਹੋਈਆਂ, ਮੋਢੇ ਝੋਲ਼ਾ ਤੇ ਲੋਕਾਂ ਦੀਆਂ ਟਿੱਚਰਾਂ ਦਾ ਨਿਸ਼ਾਨਾ। ਧੱਕੇ ਨਾਲ ਡਿਗਦਾ ਹੈ ਪਰ ਫੇਰ ਕਤਾਰ ਵਿਚ ਫਸ ਜਾਂਦਾ ਹੈ। ਜ਼ੋਰ ਦਾ ਇਕ ਹੋਰ ਧੱਕਾ ਪੈਂਦਾ ਹੈ ਤਾਂ ਉਹ ਕਤਾਰ ਵਿਚੋਂ ਬਾਹਰ ਗੋਡਣੀਏਂ ਜਾ ਡਿਗਦਾ ਹੈ। ਉਹਦੀ ਐਨਕ ਡਿੱਗ ਪੈਂਦੀ ਹੈ ਜਿਸ ਨੂੰ ਉਹ ਭੋਇੰ ਉੱਤੇ ਹੱਥ ਮਾਰ ਕੇ ਭਾਲਦਾ ਹੈ। ਜਦੋਂ ਮੈਂ-ਪਾਤਰ ਉਹਨੂੰ ਖੜ੍ਹਾ ਹੋਣ ਵਿਚ ਮਦਦ ਕਰ ਕੇ ਡਰ ਸਾਂਝਾ ਕਰਦਾ ਹੈ ਕਿ "ਮੈਨੂੰ ਨਹੀਂ ਲਗਦਾ, ਤੁਸੀਂ ਸਿਰੇ ਲੱਗ ਸਕੋਂਗੇ ਕਿਉਂਕਿ ਧੱਕੇ ਅਜੇ ਹੋਰ ਵੀ ਪੈਣਗੇ", ਉਹ ਅਡੋਲ ਆਖਦਾ ਹੈ, "ਇਹ ਗੱਲ ਤੂੰ ਮੇਰੇ 'ਤੇ ਛੱਡ ਦੇ, ਬੀ ਤਾਂ ਮੈਂ ਲੈ ਕੇ ਹੀ ਮੁੜੂੰ!" ਕਹਾਣੀ ਪੜ੍ਹ ਕੇ ਉਹ ਬਜ਼ੁਰਗ ਮੈਨੂੰ ਅਰਨੈਸਟ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੇ ਨਾਇਕ ਸਾਂਤਿਆਗੋ ਦਾ ਜੌੜਾ ਭਰਾ ਲਗਦਾ ਹੈ। ਕਹਾਣੀ ਦਾ ਹੈਮਿੰਗਵੇ ਦੇ ਨਾਵਲ ਵਰਗਾ ਨਾਂ 'ਬੁੱਢਾ ਤੇ ਬੀਜ' ਦਸਦਾ ਹੈ ਕਿ ਸਰਵਣ ਸਿੰਘ ਨੂੰ ਵੀ ਇਉਂ ਹੀ ਲੱਗਿਆ ਸੀ। ਇਹ ਗੱਲ ਮਗਰੋਂ

## ਕਲਮੀ ਚਿੱਤਰ

ਇਹਨੇ ਵੀ ਦੱਸੀ ਕਿ ਕਿੰਨੇ ਹੀ ਦਿਨ ਉਹ ਬਾਬਾ ਇਹਦੇ ਮਨ ਉੱਤੇ ਸਾਂਤਿਆਗੋ ਵਾਂਗ ਛਾਇਆ ਰਿਹਾ।

ਸਰਵਣ ਸਿੰਘ ਮਨੁੱਖੀ ਹਿੰਮਤ, ਸਿਦਕ-ਸਿਰੜ ਤੇ ਜੇਤੂ ਜਜ਼ਬੇ ਦਾ ਅਡੋਲ ਪ੍ਰਸੰਸਕ ਹੈ। ਇਹਦੀ ਇਸੇ ਭਾਵਨਾ ਨੇ ਬੀ ਵਾਲਾ ਬਾਬਾ ਸਿਰਜਿਆ ਤੇ ਇਹੋ ਭਾਵਨਾ ਇਹਦੀ ਸਮੁੱਚੀ ਰਚਨਾ ਵਿਚ, ਖਾਸ ਕਰ ਕੇ ਖੇਡਾਂ ਤੇ ਖਿਡਾਰੀਆਂ ਬਾਰੇ ਇਹਦੀਆਂ ਲਿਖਤਾਂ ਵਿਚ ਸਮਾਈ ਹੋਈ ਹੈ। ਇਹ ਕਹਿੰਦਾ ਹੈ, "ਮਨੁੱਖ ਦੀ ਸ਼ਕਤੀ ਤੇ ਸਾਹਸ ਦਾ ਕੋਈ ਸਿਰਾ ਨਹੀਂ। ਬੰਦੇ ਦੇ ਬੁਲੰਦ ਜੇਰੇ ਅੱਗੇ ਐਵਰੈਸਟ ਜਿੱਡੀਆਂ ਚੋਟੀਆਂ ਦੀ ਉਚਾਈ ਵੀ ਤੁੱਛ ਹੈ। ਮਨੁੱਖ ਜੂਝਣ ਲਈ ਪੈਦਾ ਹੋਇਆ ਹੈ। ਮੁੱਢ-ਕਦੀਮ ਤੋਂ ਮਨੁੱਖ ਦੇ ਜਾਏ ਪ੍ਰਕਿਰਤਕ ਸ਼ਕਤੀਆਂ ਨਾਲ ਜੂਝਦੇ ਆਏ ਹਨ। ਖੇਡਾਂ ਮਨੁੱਖ ਦੀ ਜੁਝਾਰ ਸ਼ਕਤੀ ਵਿਚ ਵਾਧਾ ਕਰਨ ਲਈ ਹਨ। ਖੇਡ ਦੇ ਮੈਦਾਨਾਂ ਵਿਚ ਬੰਦੇ ਦੀ ਲਗਨ, ਦ੍ਰਿੜ੍ਹਤਾ ਤੇ ਜਿੱਤਾਂ ਜਿੱਤਣ ਲਈ ਸਿਰੜ ਦਾ ਪਤਾ ਲਗਦਾ ਹੈ। ਮਨੁੱਖ ਫ਼ਤਿਹ ਹਾਸਲ ਕਰਨ ਲਈ ਜੰਮਿਆ ਹੈ। ਉਹ ਅੰਦਰ ਤੇ ਬਾਹਰ ਸਭਨਾਂ ਤਾਕਤਾਂ ਨੂੰ ਜਿੱਤ ਲੈਣਾ ਲੋਚਦਾ ਹੈ। ਇਕ ਪਾਸੇ ਉਹ ਜੱਗ ਜਿੱਤਣ ਦੇ ਆਹਰ ਵਿਚ ਹੈ ਤੇ ਦੂਜੇ ਪਾਸੇ ਮਨ ਜਿੱਤਣ ਦੇ। ਉਹ ਧਰਤੀ ਤੇ ਸਾਗਰ ਗਾਹੁਣ ਪਿੱਛੋਂ ਪੁਲਾੜ ਦੀ ਹਿੱਕ ਚੀਰ ਕੇ ਅਗਾਂਹ ਲੰਘ ਜਾਣਾ ਚਾਹੁੰਦਾ ਹੈ।"

ਚੰਗਾ ਕਹਾਣੀਕਾਰ ਉਹ ਹੁੰਦਾ ਹੈ, ਜਿਸ ਨੂੰ ਕਹਾਣੀ ਲਿਖਣੀ ਹੀ ਨਾ ਆਉਂਦੀ ਹੋਵੇ, ਆਪਣੀ ਤੇ ਹੋਰਾਂ ਦੀ ਕਹਾਣੀ ਦੀ ਨਿਰਖ-ਪਰਖ ਵੀ ਆਉਂਦੀ ਹੋਵੇ। ਕੋਈ ਹੋਰ ਕਹਾਣੀਕਾਰ ਗੱਲ ਕਿਥੋਂ ਕਰ ਰਿਹਾ ਹੈ, ਕਿਉਂ ਕਰ ਰਿਹਾ ਹੈ ਤੇ ਕਿਵੇਂ ਕਰ ਰਿਹਾ ਹੈ! ਸਾਹਿਤ ਸਭਾ ਦਿੱਲੀ ਦੀ ਹਫ਼ਤੇਵਾਰ ਬੈਠਕ ਵਿਚ ਸੁਣੀ ਸਤਿਆਰਥੀ ਜੀ ਦੀ ਕਹਾਣੀ ਬਾਰੇ ਇਹ ਨਿਰਣਾ ਕਰਦਾ ਹੈ, "ਕਹਾਣੀ ਦਾ ਇਕ ਫ਼ਿਕਰਾ ਦੂਜੇ ਨਾਲ ਮੇਲ ਨਹੀਂ ਸੀ ਖਾਂਦਾ। ਇਕ ਫ਼ਿਕਰੇ ਵਿਚ ਸੱਪ ਡੰਗ ਮਾਰਦਾ ਸੀ ਤੇ ਦੂਜੇ ਫ਼ਿਕਰੇ ਵਿਚ ਰੰਗਮਹਿਲ ਨੂੰ ਅੱਗ ਲੱਗ ਜਾਂਦੀ ਸੀ। ਇਕ ਪੈਰੇ ਵਿਚ ਭੂਚਾਲ ਦਾ ਜ਼ਿਕਰ ਸੀ, ਦੂਜੇ ਵਿਚ ਰਿਸ਼ੀਆਂ-ਮੁਨੀਆਂ ਦੀ ਸਮਾਧੀ ਦਾ ਤੇ ਵਿਚੇ ਲਕ-ਟੁਣੂੰ-ਟੁਣੂੰ ਹੋਈ ਜਾਂਦੀ ਸੀ। ਕਹਾਣੀ ਵਾਲੀ ਕੋਈ ਗੱਲ ਨਹੀਂ ਸੀ ਪਰ ਫ਼ਿਕਰੇਬਾਜ਼ੀ ਕਮਾਲ ਦੀ ਸੀ।"

ਰਾਇ ਪੁੱਛੇ ਤੋਂ ਇਹ ਆਖਦਾ ਹੈ, "ਮੈਨੂੰ ਤਾਂ ਨਾ ਇਹ ਨਿੱਕੀ ਕਹਾਣੀ ਲੱਗੀ ਹੈ, ਨਾ ਵੱਡੀ ਤੇ ਨਾ ਹੀ ਨਾਵਲੈੱਟ। ਇਹ ਸਤਿਆਰਥੀ ਸਾਹਿਬ ਦਾ ਨਵਾਂ ਹੀ ਪੰਗਾ ਹੈ, ਜਿਸ ਦਾ ਕੋਈ ਨਵਾਂ ਹੀ ਨਾਂ ਰੱਖਿਆ ਜਾਣਾ ਚਾਹੀਦਾ ਹੈ। ਇਸ ਦੇ ਸਿਰਲੇਖ ਬਾਰੇ ਮੇਰਾ ਸੁਝਾਅ ਹੈ ਕਿ 'ਸਮੁੰਦਰ ਵਿਚ ਡੁਬਦਾ ਸ਼ਹਿਰ' ਦੀ ਥਾਂ 'ਸ਼ਹਿਰ ਵਿਚ ਡੁਬਦਾ ਸਮੁੰਦਰ' ਰੱਖ ਲਿਆ ਜਾਵੇ ਤਾਂ ਵਧੇਰੇ ਜਚੇਗਾ। ਜਦੋਂ ਹੇਠਾਂ ਸਾਰਾ ਕੁਛ ਉਲਟਾ-ਪੁਲਟਾ ਕੀਤਾ ਹੋਇਆ ਹੈ ਤਾਂ ਸਿਰਲੇਖ ਵੀ ਉਲਟਾ ਹੀ ਚਾਹੀਦਾ ਹੈ।" ਸਤਿਆਰਥੀ ਜੀ ਤਾਂ ਆਪ ਅਜਿਹੀਆਂ ਭਾਸ਼ਾਈ ਕਲਾਬਾਜ਼ੀਆਂ ਦੇ ਮੰਨੇ ਹੋਏ ਉਸਤਾਦ ਸਨ। ਇਹ ਸੁਝਾਅ ਸੁਣ ਕੇ ਉਹ ਗਦਗਦ ਹੋ ਗਏ ਤੇ 'ਆਰਸੀ' ਵਿਚ ਉਹ ਕਹਾਣੀ ਇਹਦੇ ਦੱਸੇ ਨਾਂ ਨਾਲ ਹੀ ਛਪੀ।

ਸਰਵਣ ਸਿੰਘ ਦੀਆਂ ਸਾਹਿਤਕ ਤੇ ਭੂਗੋਲਿਕ ਉਡਾਰੀਆਂ ਦੇਖ ਕੇ ਮੈਂ ਆਪਣਾ ਇਹ ਅੰਦਾਜ਼ਾ ਵੀ ਪਾਠਕਾਂ ਨਾਲ ਸਾਂਝਾ ਕਰਨ ਬਾਰੇ ਸੋਚਦਾ ਕਿ ਇਹ ਸਾਊ-ਸਿੱਧਾ ਤਾਂ ਜ਼ਰੂਰ ਹੈ ਪਰ ਏਨਾ ਵੀ ਨਹੀਂ। ਇਹਦੀਆਂ ਚੁਸਤੀਆਂ ਦੇ ਕਿੱਸੇ ਅਨੇਕ ਹਨ, ਇਕ ਤੋਂ ਇਕ ਚੜ੍ਹਦਾ! ਇਹ ਕਿਸੇ ਦੀ ਦੱਸੀ ਜੁਗਤ ਅਨੁਸਾਰ ਪਿੰਡ ਨੂੰ ਜਾਣ ਲੱਗਿਆ ਹਰ ਵਾਰ ਰਾਤ ਨੂੰ ਦਿੱਲੀ ਤੋਂ ਪੰਜਾਬ ਮੇਲ ਦੇ ਸੌਣ ਵਾਲੇ ਡੱਬੇ ਦੇ ਟੀਟੀ ਦੇ ਢਿੱਡ ਉੱਤੇ ਪੋਲੀ ਜਿਹੀ ਉਂਗਲ ਲਾਉਂਦਾ ਅਤੇ ਉਹਦੇ ਇਸ਼ਾਰੇ ਨਾਲ ਖੂੰਜੇ ਵਿਚ ਜਾ ਕੇ ਦਸਾਂ ਦਾ ਨੋਟ ਉਹਦੇ ਹੱਥ ਫੜਾ ਵਿਹਲੇ ਸਲੀਪਰ ਉੱਤੇ ਆਰਾਮ ਨਾਲ ਸੌਂ ਜਾਂਦਾ। ਕਾਲਜ ਦੀ ਅਥਲੈਟਿਕ ਟੀਮ ਦਾ ਅੱਧਾ ਦੁੱਧ ਕਪਤਾਨ ਬਣਿਆ ਇਹ ਛੱਲੀਆਂ ਵਾਲਾ ਛਕਦਾ। ਭੇਤ ਦੀ ਗੱਲ ਇਹੋ ਸੀ ਕਿ ਜਿਹੜੇ ਖਿਡਾਰੀ ਪ੍ਰੈਕਟਿਸ ਕਰਨ ਨਾ ਆਉਂਦੇ, ਉਨ੍ਹਾਂ ਦੀਆਂ ਹਾਜ਼ਰੀਆਂ ਭਰ ਕੇ ਕੁੱਖਾਂ ਇਹ ਆਪ ਕੱਢ ਲੈਂਦਾ!

ਢੁੱਡੀਕੇ ਕਾਲਜ ਵਾਲੀ ਇੰਟਰਵਿਊ ਕਰਨ ਵਾਲਿਆਂ ਵਿਚ ਸ਼ਾਮਲ ਚੂਹੜਚੱਕ ਦਾ ਜਥੇਦਾਰ

ਭਜਨ ਸਿੰਘ ਸਿੱਧੂ ਪਹਿਲਾਂ ਤਾਂ ਇਹਦਾ ਬਿਨ-ਗੋਤਾ ਇਕਹਿਰਾ ਨਾਂ ਸੁਣ ਕੇ ਇਹਦੇ ਜੱਟ ਹੋਣ ਦੀ ਤਸੱਲੀ ਕਰਦਾ ਹੈ ਤੇ ਫੇਰ ਦਾਰੂ ਪੀਣ ਜਾਂ ਨਾ ਪੀਣ ਬਾਰੇ ਪੁਛਦਾ ਹੈ। ਇਹ ਮਚਲਾ ਹੋ ਕੇ ਆਖਦਾ ਹੈ, "ਮੈਨੂੰ ਤੁਹਾਡੇ ਸਵਾਲ ਦੀ ਸਮਝ ਨਹੀਂ ਆਈ।" ਜਸਵੰਤ ਸਿੰਘ ਕੰਵਲ ਦੇ 'ਚਲੋ ਛੱਡੋ, ਕੋਈ ਹੋਰ ਸਵਾਲ ਪੁੱਛੋ' ਕਹਿਣ ਦੇ ਬਾਵਜੂਦ ਜਥੇਦਾਰ ਖੰਘੂਰਾ ਮਾਰ ਕੇ ਫੇਰ ਉਹੀ ਸਵਾਲ ਕਰਦਾ ਹੈ, "ਕਾਕਾ, ਤੂੰ ਜੱਟਾਂ ਦਾ ਮੁੰਡਾ ਐਂ, ਮੈਂ ਪੁਛਦਾ ਹਾਂ, ਘੁੱਟ ਪੀ ਵੀ ਲੈਨਾ ਐਂ?"

ਦੁਬਿਧਾ ਇਹ ਸੀ ਕਿ ਜਥੇਦਾਰ ਦਾਰੂ ਨਾ ਪੀਣ ਵਾਲੇ ਨੂੰ ਚੰਗਾ ਸਮਝਦਾ ਹੈ ਜਾਂ ਅੱਗੇ ਨੂੰ ਦਾਰੂ ਦਾ ਰਾਹ ਖੋਲ੍ਹਣ ਦਾ ਚਾਹਵਾਨ ਹੈ? ਕੀ ਪਤਾ, ਉਹ ਹਾਂ ਜਾਂ ਨਾਂਹ ਨੂੰ ਕਿਵੇਂ ਲਵੇ? ਇਹਦਾ ਜਵਾਬ ਹੈ, "ਜਦੋਂ ਆਖੋਂਗੇ, ਪ੍ਰੋਗਰਾਮ ਬਣਾ ਲਵਾਂਗੇ। ਬਾਕੀ ਕੰਵਲ ਸਾਹਿਬ ਨਾਲ ਸਲਾਹ ਕਰ ਲਿਉ।" ਪਿੱਛੋਂ ਇਹ ਹੁੱਬ ਕੇ ਦਸਦਾ ਹੈ, "ਮੈਂ ਝੂਠ ਬੋਲਣੋਂ ਵੀ ਬਚ ਗਿਆ ਤੇ ਸੱਚੀ ਗੱਲ ਵੀ ਨਾ ਦੱਸੀ! ਮੈਨੂੰ ਨਿਯੁਕਤੀ-ਪੱਤਰ ਮਿਲ ਗਿਆ।"

ਗੁਰੂ ਨਾਨਕ ਕਾਲਜ ਮੋਗਾ ਦੇ ਪ੍ਰਿੰਸੀਪਲ ਲਈ ਇੰਟਰਵਿਊ ਸਮੇਂ ਇਹ ਅਰਜ਼ੀ ਭੇਜਣ ਵਾਲੇ ਦਿਨ ਤੋਂ ਹੀ ਦਾੜ੍ਹੀ ਮਾੜੀ-ਮੋਟੀ ਠੱਪਣੀ ਵੀ ਬੰਦ ਕਰ ਦਿੰਦਾ ਹੈ ਅਤੇ ਕਰੁੱਤੇ ਆਏ ਹੋਏ ਦੋ-ਚਾਰ ਧੌਲੇ ਵੀ ਅਣਪੱਟੇ ਰਹਿਣ ਦਿੰਦਾ ਹੈ। ਕਹਿੰਦਾ ਹੈ, "ਏਨੀ ਕੁ ਸਿਆਣਪ ਤਾਂ ਵਰਤਣੀ ਹੀ ਪੈਣੀ ਸੀ, ਨਹੀਂ ਤਾਂ ਜਥੇਦਾਰਾਂ ਨੇ ਪਤਿਤ ਸਮਝ ਕੇ ਹੀ ਜਵਾਬ ਦੇ ਦੇਣਾ ਸੀ।" ਸਿੱਟੇ ਵਜੋਂ ਨਿਯੁਕਤੀ-ਪੱਤਰ ਇਹਨੂੰ ਹੀ ਮਿਲਦਾ ਹੈ।

ਇਹਦੀ ਸਿਆਣਪ ਤੇ ਚਤੁਰਾਈ ਇਕ ਪੁੱਤਰ ਨੂੰ ਕੈਨੇਡਾ ਵਸਾਉਣ ਤੇ ਦੂਜੇ ਨੂੰ ਪੰਜਾਬ ਵਿਚ ਰੱਖਣ ਤੋਂ ਵੀ ਦਿਸਦੀ ਹੈ। ਇਥੋਂ ਦੀਆਂ ਗਰਮੀਆਂ ਦੀ ਭੈੜੀ ਰੁੱਤੇ ਟਿਕਾਣਾ ਕੈਨੇਡਾ ਬਣਦਾ ਹੈ ਜਿਸ ਨੂੰ ਅੱਡਾ ਬਣਾ ਕੇ ਇਹ ਯੂਰਪ ਤੇ ਅਮਰੀਕਾ ਵਿਚ ਇਉਂ ਘੁੰਮਦਾ-ਫਿਰਦਾ ਹੈ, ਜਿਵੇਂ ਖੇਤੀਂ ਗੇੜੇ ਮਾਰਦਾ ਹੋਵੇ। ਕੈਨੇਡਾ ਦੇ ਸੀਤ ਸਿਆਲ ਦੇ ਮੁਕਾਬਲੇ ਇਥੋਂ ਦੇ ਨਿੱਘੇ ਸਿਆਲ ਵਿਚ ਡੇਰਾ ਪ੍ਰੋਫ਼ੈਸਰ ਪੁੱਤਰ ਕੋਲ ਆ ਲਾਉਂਦਾ ਹੈ, ਜਿਥੋਂ ਇਹ ਦਿੱਲੀ-ਦੱਖਣ ਤੱਕ ਸਾਹਿਤਕ ਮਾਰ ਕਰਦਾ ਹੈ।

ਸਾਡੀ ਪੀੜ੍ਹੀ ਦੇ ਜੀਵਨ ਸੁਹਾਣੇ ਸਬੱਬਾਂ ਤੇ ਅਨੋਖੇ ਮੌਕਾ-ਮੇਲਾਂ ਨਾਲ ਭਰੇ ਪਏ ਹਨ। ਸਾਡੀ, ਸਰਵਣ ਸਿੰਘ ਤੇ ਮੇਰੇ ਵਰਗਿਆਂ ਦੀ ਪੀੜ੍ਹੀ ਅਨਪੜ੍ਹ ਜਾਂ ਲਗਭਗ ਅਨਪੜ੍ਹ ਪੇਂਡੂ ਕਿਸਾਨ ਪਰਿਵਾਰਾਂ ਦੇ ਪੜ੍ਹੇ ਹੋਏ ਪੁੱਤਾਂ ਦੀ ਪਹਿਲੀ ਪੀੜ੍ਹੀ ਸੀ। ਸਾਡੀ ਕਿਸੇ ਮੰਜ਼ਿਲ ਦਾ ਪਤਾ ਘਰਦਿਆਂ ਨੂੰ ਤਾਂ ਕਿਥੋਂ ਹੋਣਾ ਸੀ, ਸਾਨੂੰ ਆਪ ਵੀ ਨਹੀਂ ਸੀ ਹੁੰਦਾ। ਨਾ ਹੀ ਕੋਈ ਹੋਰ ਦੱਸਣ ਵਾਲਾ ਹੁੰਦਾ ਸੀ। ਮੰਜ਼ਿਲ ਨੇ ਆਪ ਤਾਂ ਸੈਣਤਾਂ ਕਿਥੋਂ ਮਾਰਨੀਆਂ ਹੋਈਆਂ। ਪਰ ਅਸ਼ਕੇ ਇਸ ਪੀੜ੍ਹੀ ਦੇ, ਜਿਹੜੀ ਪਗਡੰਡੀ ਮਿਲੀ, ਉਸੇ ਨੂੰ ਸ਼ਾਹਰਾਹ ਸਮਝਦਿਆਂ ਤੇ ਢੋਲੇ ਦੀਆਂ ਲਾਉਂਦਿਆਂ, ਜਿਥੇ ਪੜਾਅ ਹੋਇਆ, ਉਸੇ ਨੂੰ ਸੁਹਾਵਣੀ ਮੰਜ਼ਿਲ ਵਿੱਚ ਪਲਟ ਲਿਆ। ਐਨ ਉਸੇ ਤਰ੍ਹਾਂ ਜਿਵੇਂ ਜੱਟ ਬੰਜਰ ਪਈ ਧਰਤੀ ਨੂੰ ਵਾਹ-ਸੁਹਾਗ ਕੇ ਵਧੀਆ ਉਪਜਾਊ ਖੇਤ ਵਿਚ ਪਲਟ ਲੈਂਦਾ ਹੈ।

ਸਰਵਣ ਸਿੰਘ ਨੇ ਤਾਂ ਪਰ ਹੱਦ ਹੀ ਕਰ ਦਿੱਤੀ! ਘਰੋਂ ਸਲਾਹ ਕਰ ਕੇ ਜਾਂਦਾ ਕਿਸੇ ਹੋਰ ਸ਼ਹਿਰ ਦੇ ਸਕੂਲ-ਕਾਲਜ ਵਿਚ ਦਾਖ਼ਲ ਹੋਣ ਦੀ ਤੇ ਅੱਡੇ ਤੋਂ ਉਥੋਂ ਦੀ ਬੱਸ ਨਾ ਮਿਲਣ ਕਰਕੇ ਸਾਹਮਣੇ ਖੜ੍ਹੀ ਬੱਸ ਫੜ ਦਾਖ਼ਲ ਕਿਸੇ ਹੋਰ ਸ਼ਹਿਰ ਜਾ ਹੁੰਦਾ। ਫਾਜ਼ਿਲਕਾ ਤੋਂ ਗੱਡੀ ਚੜ੍ਹਿਆ ਸੀ ਮਹਿੰਦਰਾ ਕਾਲਜ ਪਟਿਆਲੇ ਤੋਂ ਐਮ. ਏ. ਕਰਨ, ਉੱਤਰ ਗਿਆ ਮੁਕਤਸਰ ਤੋਂ ਬੀ. ਐੱਡ. ਕਰਨ! ਸਭ ਤੋਂ ਦਿਲਚਸਪ ਕਿੱਸਾ ਤਾਂ ਇਹਦੇ ਦਿੱਲੀ ਪਹੁੰਚਣ ਦਾ ਹੈ। ਬੀ. ਐੱਡ ਕਰ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਐਮ. ਏ. ਵਿਚ ਦਾਖ਼ਲ ਹੋਣ ਜਾਣਾ ਸੀ। ਚਕਰੋਂ ਬੱਧਨੀ ਤੱਕ ਸਾਈਕਲ, ਬੱਧਨੀ ਤੋਂ ਮੋਗੇ ਤੱਕ ਬਸ ਤੇ ਅੱਗੇ ਅੰਮ੍ਰਿਤਸਰ ਦੀ ਬੱਸ। ਬੱਧਨੀ ਦੇ ਰਾਹ ਵਿਚ ਸਾਈਕਲ ਦੇ ਟਾਇਰ ਦਾ ਪਟਾਕਾ ਪੈ ਜਾਂਦਾ ਹੈ ਤੇ ਮੋਗੇ ਵਾਲੀ ਬੱਸ ਮੀਂਹ ਦੇ ਖੋਭੇ ਵਿਚ ਖੁੱਭ ਜਾਂਦੀ ਹੈ। ਨਤੀਜੇ ਵਜੋਂ ਅੰਮ੍ਰਿਤਸਰ ਜਾਣ ਵਾਲੀ ਆਖ਼ਰੀ ਬਸ ਵੀ ਖੁੰਝ ਜਾਂਦੀ ਹੈ। ਮੋਗੇ ਕੋਈ ਠਾਹਰ ਨਹੀਂ, ਬਿਚਾਰਾ ਜਾਵੇ ਤਾਂ ਕਿਧਰ ਜਾਵੇ? ਦਿੱਲੀ ਸ਼ਹਿਰ ਦੀ ਰਾਜਧਾਨੀ ਵਾਲੀ ਟੌਹਰ ਬਾਰੇ ਵੀ ਸੁਣਿਆ ਹੋਇਆ ਸੀ ਤੇ ਉਥੋਂ ਦੇ ਲਾਲ ਕਿ਼ਲੇ ਦੀ ਸ਼ਾਹੀ ਸ਼ਾਨ ਬਾਰੇ ਵੀ। ਇਕ ਵਾਰ ਕਿਸੇ ਨੇ ਉਥੋਂ ਦੇ ਖਾਲਸਾ ਕਾਲਜ ਵਿਚ ਐਮ. ਏ. ਪੰਜਾਬੀ ਹੋਣ ਬਾਰੇ ਵੀ ਦੱਸਿਆ ਸੀ। ਨਾਲੇ ਰਾਤ ਕੱਟਣ ਦਾ ਫ਼ਿਕਰ ਵੀ ਨਹੀਂ ਸੀ ਰਹਿਣਾ, ਰਾਹ ਵਿੱਚ ਸੁੱਤਿਆਂ ਲੰਘ ਜਾਊ। ਇਹਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵਾਲਾ ਨਾਅਰਾ 'ਚਲੋ ਦਿੱਲੀ' ਲਾਇਆ ਤੇ ਖਾਲਸਾ ਕਾਲਜ ਦਿੱਲੀ ਐਮ. ਏ. ਦਾ ਵਿਦਿਆਰਥੀ ਜਾ ਬਣਿਆ!

ਕਹਾਣੀਕਾਰ ਵਜੋਂ ਮੁੱਢਲੀਆਂ ਪੁਲਾਂਘਾਂ ਤੋਂ ਖੇਡ-ਸਾਹਿਤ ਦੀ ਮੈਰਾਥਨ ਵੱਲ ਮੋੜ ਵੀ ਏਨਾ ਹੀ ਸਬੱਬੀ ਸੀ। ਇਹਦਾ ਕਹਿਣਾ ਹੈ, "ਖੇਡਾਂ ਤੇ ਖਿਡਾਰੀਆਂ ਬਾਰੇ ਮੈਂ ਗਿਣ-ਮਿਥ ਕੇ ਨਹੀਂ ਸੀ ਲਿਖਣ ਲੱਗਿਆ। ਮੇਰੇ ਨਾਲ ਤਾਂ ਉਵੇਂ ਹੋਈ ਜਿਵੇਂ ਸੁੰਘਿਆ ਸੀ ਫੁੱਲ ਕਰ ਕੇ, ਰੌਂਅ ਗਿਆ ਹੱਡਾਂ ਵਿੱਚ ਸਾਰੇ!" ਕਿਵੇਂ ਵੀ ਹੋਇਆ, ਫੁੱਲ ਦੀ ਖ਼ੁਸ਼ਬੋ ਤਾਂ ਹੱਡਾਂ ਵਿੱਚ ਪੂਰੀ ਤਰ੍ਹਾਂ ਰਮ ਹੀ ਗਈ ਸੀ। ਇਸੇ ਕਰਕੇ ਇਹਦੀ ਖੇਡ-ਸਾਹਿਤਕਾਰੀ ਨਾਲ ਨਾ ਕੋਈ ਗਉਂ ਜੁੜਿਆ ਹੋਇਆ ਹੈ ਤੇ ਨਾ ਕੋਈ ਲੋਭ-ਲਾਲਚ।

ਕੁੱਝ ਸਮਾਂ ਪਹਿਲਾਂ ਤੱਕ, ਪਹਿਲਵਾਨ, ਡੰਡ-ਬੈਠਕਾਂ ਕੱਢਣ ਵਾ਼ਲੇ, ਕਬੱਡੀ ਦੇ ਖਿਡਾਰੀ, ਭਾਰ-ਚੁਕਾਵੇ ਅਤੇ ਅਨੇਕਾਂ ਹੋਰ ਦੇਸੀ ਖੇਡਾਂ ਦੇ ਖਿਡਾਰੀ ਪੰਜਾਬ ਦੇ ਲਗਭਗ ਹਰ ਪਿੰਡ ਵਿਚ ਹੁੰਦੇ ਸਨ। ਲੋਕ ਉਨ੍ਹਾਂ ਨੂੰ ਪਿੰਡ ਦਾ ਮਾਣ ਸਮਝਦੇ। ਪਹਿਲਵਾਨਾਂ ਨੂੰ ਤਾਂ ਸਾਧੂਆਂ-ਸੰਤਾਂ ਵਾਂਗ ਭਲੇ ਪੁਰਸ਼ ਸਮਝਿਆ ਜਾਂਦਾ ਸੀ। ਪਿੰਡ ਵਾ਼ਲੇ ਉਨ੍ਹਾਂ ਨੂੰ ਪੀਪੇ ਭਰ-ਭਰ ਘਿਓ ਭੇਟ ਕਰਦੇ। ਜਦੋਂ ਸਾਹਿਤ ਹੋਰ ਸਭ ਵਿਧਾਵਾਂ ਵਿਚ ਤੇਜ਼ੀ ਨਾਲ ਪ੍ਰਫੁੱਲਤ ਹੋਣ ਲੱਗਿਆ, ਖੇਡਾਂ-ਖਿਡਾਰੀਆਂ ਬਾਰੇ ਲਿਖਣ ਲਈ ਕੋਈ ਲੇਖਕ ਪ੍ਰੇਰਿਤ ਨਾ ਹੋਇਆ। ਫੇਰ ਵਲਾਇਤ-ਵਾਸੀ ਬਲਬੀਰ ਸਿੰਘ ਕੰਵਲ ਨੇ 1964 ਵਿਚ 'ਭਾਰਤ ਦੇ ਪਹਿਲਵਾਨ' ਪੁਸਤਕ ਛਪਵਾ ਕੇ ਪੰਜਾਬੀ ਖੇਡ-ਸਾਹਿਤ ਦੀ ਪਗਡੰਡੀ ਪਾਈ। ਇਸ ਪਗਡੰਡੀ ਨੂੰ ਸ਼ਾਹਰਾਹ ਬਣਾਉਣ ਦਾ ਅਤੇ 1966 ਤੋਂ ਖੇਡਾਂ ਤੇ ਖਿਡਾਰੀਆਂ ਬਾਰੇ ਨਿੱਠ ਕੇ ਲਗਾਤਾਰ ਲਿਖਣ ਦਾ ਸਿਹਰਾ ਸਰਵਣ ਸਿੰਘ ਦੇ ਸਿਰ ਬਝਦਾ ਹੈ। ਇਸੇ ਕਰਕੇ ਇਹਨੂੰ ਪੰਜਾਬੀ ਖੇਡ-ਸਾਹਿਤ ਦਾ ਮੋਹੜੀਗੱਡ ਮੰਨਿਆ ਜਾਂਦਾ ਹੈ। ਡਾ. ਹਰਿਭਜਨ ਸਿੰਘ ਇਹਨੂੰ 'ਸ਼ਬਦਾਂ ਦਾ ਓਲੰਪੀਅਨ' ਆਖਦਾ ਸੀ।

ਸਰਵਣ ਸਿੰਘ ਦਾ ਖੇਡ-ਲੇਖਕ ਬਣਨਾ ਵੀ ਸਬੱਬ ਹੀ ਸੀ। 1966 ਵਿਚ ਇਹ ਖਾਲਸਾ ਕਾਲਜ ਦਿੱਲੀ ਵਿਚ ਪੜ੍ਹਾਉਂਦਾ ਸੀ ਤੇ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਗਿਆ ਹੋਇਆ ਸੀ। ਪਤਾ ਲੱਗਿਆ ਕਿ ਕਿੰਗਸਟਨ ਵਿਚ ਹੋਣ ਵਾ਼ਲੀਆਂ ਕਾਮਨਵੈਲਥ ਖੇਡਾਂ ਲਈ ਕੌਮੀ ਪੱਧਰ ਦੇ ਅਥਲੀਟਾਂ ਦਾ ਕੋਚਿੰਗ ਕੈਂਪ ਪਟਿਆਲੇ ਦੇ ਕੌਮੀ ਖੇਡ ਇੰਸਟੀਚਿਊਟ ਵਿਚ ਲੱਗਿਆ ਹੋਇਆ ਹੈ। ਉਨ੍ਹਾਂ ਵਿਚੋਂ ਕੁਝ ਅਥਲੀਟ ਇਹਦੇ ਚੰਗੇ ਜਾਣੂ ਸਨ। ਉਨ੍ਹਾਂ ਨੂੰ ਮਿਲਣ ਦੀ ਨੀਤ ਨਾਲ ਇਹ ਪਟਿਆਲੇ ਜਾ ਪਹੁੰਚਿਆ। ਇਹਦਾ ਸਾਰਾ-ਸਾਰਾ ਦਿਨ ਅਥਲੀਟਾਂ ਦੀ ਸੰਗਤ ਵਿਚ ਬੀਤਦਾ। ਅਥਲੀਟ ਆਪਣੀ ਵਰਜ਼ਿਸ਼, ਖੇਡ-ਸਿਖਲਾਈ ਤੇ ਆਰਾਮ ਕਰਦੇ ਸਮਾਂ ਲੰਘਾਉਂਦੇ। ਸਰਵਣ ਸਿੰਘ ਉਨ੍ਹਾਂ ਨੂੰ ਦੇਖਦਾ ਰਹਿੰਦਾ, ਵਰਜ਼ਿਸ਼ ਤੇ ਖੇਡ ਨਾਲ ਕਮਾਏ ਹੋਏ ਉਨ੍ਹਾਂ ਦੇ ਸਰੀਰ, ਇਕ-ਦੂਜੇ ਨਾਲ ਹੁੰਦਾ ਹਾਸਾ-ਮਖੌਲ, ਉਨ੍ਹਾਂ ਦੀਆਂ ਆਦਤਾਂ, ਉਨ੍ਹਾਂ ਦਾ ਖਾਣ-ਪੀਣ, ਉਨ੍ਹਾਂ ਦੀ ਅਭਿਆਸੀ ਮਿਹਨਤ ਤੇ ਲਗਨ। ਉਹਨੀਂ ਦਿਨੀਂ ਬਲਵੰਤ ਗਾਰਗੀ ਦਾ ਸ਼ਬਦ-ਚਿੱਤਰਾਂ ਦਾ ਨਵਾਂ ਸੰਗ੍ਰਹਿ 'ਨਿੰਮ ਦੇ ਪੱਤੇ' ਸੱਜਰਾ-ਸੱਜਰਾ ਪੜ੍ਹਿਆ ਹੋਣ ਕਰਕੇ ਇਹਦੇ ਮਨ ਵਿਚ ਵਿਚਾਰ ਆਇਆ, ਕਿਉਂ ਨਾ ਏਨੇ ਨੇੜਿਉਂ ਤੱਕੇ ਇਹਨਾਂ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੇ ਸ਼ਬਦ-ਚਿੱਤਰ ਲਿਖੇ ਜਾਣ!

ਇਹ ਸਾਰਾ ਦਿਨ ਕੈਂਪ ਵਿਚ ਸ਼ਾਮਲ ਖਿਡਾਰੀਆਂ ਨੂੰ ਗਹੁ ਨਾਲ ਦੇਖਦਾ-ਨਿਹਾਰਦਾ ਰਹਿੰਦਾ ਤੇ ਰਾਤ ਨੂੰ ਆਪਣੇ ਟਿਕਾਣੇ ਆ ਕੇ ਉਹ ਸਭ ਕੁਝ ਕਾਗ਼ਜ਼ ਉੱਤੇ ਉਤਾਰ ਲੈਂਦਾ। ਨਤੀਜਾ ਇਹ ਹੋਇਆ ਕਿ ਤਿੰਨ ਹਫ਼ਤਿਆਂ ਮਗਰੋਂ ਘਰ ਪਰਤਦਿਆਂ ਦੋ ਕੁ ਦਰਜਨ ਖਿਡਾਰੀਆਂ ਬਾਰੇ ਦੋ ਕੁ ਸੌ ਪੰਨਿਆਂ ਦੀ ਕੱਚੀ ਸਮੱਗਰੀ ਇਹਦੇ ਝੋ਼ਲੇ ਵਿਚ ਸੀ। ਦਿੱਲੀ ਪਰਤ ਕੇ ਇਹਨੇ ਪਹਿਲਾ ਸ਼ਬਦ-ਚਿੱਤਰ 'ਮੁੜ੍ਹਕੇ ਦਾ ਮੋਤੀ' ਡਿਕੈਥਲੋਨ ਦੇ ਏਸ਼ੀਅਨ ਚੈਂਪੀਅਨ ਤੇ ਟੋਕੀਓ ਓਲੰਪਿਕ ਖੇਡਾਂ ਵਿਚ ਪੰਜਵੇਂ ਨੰਬਰ ਦੇ ਹਰਡਲਜ਼ ਦੌੜਾਕ ਗੁਰਬਚਨ ਸਿੰਘ ਬਾਰੇ ਲਿਖਿਆ ਜੋ 'ਆਰਸੀ' ਨੂੰ ਭੇਜ ਦਿੱਤਾ। ਛਪਿਆ ਤਾਂ ਪਾਠਕਾਂ ਨੇ ਖ਼ੂਬ ਸਲਾਹਿਆ। 'ਆਰਸੀ' ਵੱਲੋਂ ਮੰਗ ਆਉਂਦੀ ਰਹਿੰਦੀ, ਇਹ ਲਿਖਦਾ ਰਹਿੰਦਾ ਤੇ ਪਾਠਕ ਸਲਾਹੁੰਦੇ ਰਹਿੰਦੇ। ਫੇਰ ਹੋਰ ਅਖ਼ਬਾਰਾਂ-ਰਸਾਲਿਆਂ ਦੀ ਮੰਗ ਵੀ ਆਉਣ ਲੱਗੀ। ਹੁਣ ਤੱਕ ਜਿਨ੍ਹਾਂ ਖਿਡਾਰੀਆਂ ਨੂੰ ਇਹਨੇ ਆਪਣੇ ਸ਼ਬਦਾਂ ਵਿਚ ਚਿੱਤਰਿਆ ਹੈ, ਉਨ੍ਹਾਂ ਦੀ ਗਿਣਤੀ ਦੋ ਸੌ ਨੂੰ ਪੁੱਜ ਗਈ ਹੈ। ਨਾਲ ਹੀ ਪਾਠਕ ਦੇਸੀ-ਬਦੇਸੀ ਖੇਡਾਂ ਦੀਆਂ ਬਰੀਕੀਆਂ ਜਾਣਨ ਦੀ ਉਤਸੁਕਤਾ ਦਿਖਾਉਣ ਲੱਗੇ ਤੇ ਇਹਨੇ ਸੌ ਦੇ ਲਗਭਗ ਖੇਡਾਂ ਦੀ ਜਾਣਕਾਰੀ ਅਖ਼ਬਾਰਾਂ-ਰਸਾਲਿਆਂ ਰਾਹੀਂ ਉਨ੍ਹਾਂ ਤੱਕ ਪੁਜਦੀ ਕਰ ਦਿੱਤੀ। ਇਹਦੀਆਂ ਖੇਡ-ਲਿਖਤਾਂ ਅਨੇਕ ਦੇਸਾਂ ਦੇ ਪੰਜਾਬੀ ਅਖ਼ਬਾਰਾਂ ਵਿਚ ਛਪ ਕੇ ਬਹੁਤ ਵੱਡੇ ਪਾਠਕ-ਘੇਰੇ ਤੱਕ ਪੁਜਦੀਆਂ ਰਹੀਆਂ।

ਖੇਡ-ਲੇਖਨ ਦੇ ਮਾਰਗ ਉੱਤੇ ਤੁਰਿਆ ਤਾਂ ਸਰਵਣ ਸਿੰਘ ਇਕੱਲਾ ਹੀ ਸੀ ਪਰ ਕੁਝ ਹੀ ਸਾਲਾਂ ਮਗਰੋਂ ਸੱਜੇ-ਖੱਬੇ ਦੇਖਿਆ ਤਾਂ ਇਹਦੇ ਨਾਲ ਪੂਰਾ ਕਾਰਵਾਂ ਜੁੜ ਚੁੱਕਿਆ ਸੀ। ਹੁਣ ਪੰਜਾਬੀ ਵਿਚ ਪੰਜਾਹ ਕੁ ਖੇਡ-ਲੇਖਕ ਅਜਿਹੇ ਹਨ ਜਿਨ੍ਹਾਂ ਦੀ ਘੱਟੋ-ਘੱਟ ਇਕ ਪੁਸਤਕ ਤਾਂ ਛਪੀ ਹੀ ਹੈ ਤੇ ਕਈਆਂ ਦੀਆਂ ਇਕ ਤੋਂ ਵੱਧ ਪੁਸਤਕਾਂ ਵੀ ਛਪੀਆਂ ਹਨ। ਪੰਜਾਬੀ ਦੀਆਂ ਸਵਾ ਸੌ ਤੋਂ ਵੱਧ ਖੇਡ-ਪੁਸਤਕਾਂ ਵਿਚ ਇਕੱਲੇ ਸਰਵਣ ਸਿੰਘ ਦਾ ਯੋਗਦਾਨ ਦੋ ਦਰਜਨ ਖੇਡ-ਪੁਸਤਕਾਂ ਨਾਲ ਪੰਜਵਾਂ ਹਿੱਸਾ ਬਣ ਜਾਂਦਾ ਹੈ! ਪੇਂਡੂ ਟੂਰਨਾਮੈਂਟਾਂ ਤੋਂ ਲੈ ਕੇ ਕੌਮੀ ਖੇਡਾਂ, ਏਸ਼ੀਅਨ ਖੇਡਾਂ, ਕਾਮਨਵੈਲਥ ਖੇਡਾਂ ਤੇ ਵਿਸ਼ਵ ਕੱਪਾਂ ਵਿਚੋਂ ਦੀ ਹੁੰਦਿਆਂ ਓਲੰਪਿਕ ਖੇਡਾਂ ਤੇ ਅੰਤਰਰਾਸ਼ਟਰੀ ਕਬੱਡੀ ਮੇਲੇ ਵੇਖੇ ਹੋਣ ਦੀ ਇਹਦੀ ਗਿਣਤੀ ਸੈਂਕੜਿਆਂ ਵਿਚ ਹੈ। ਇਹਦੀਆਂ ਤਿੰਨ ਪੁਸਤਕਾਂ ਤਾਂ ਅੱਖੀਂ ਡਿੱਠੇ ਖੇਡ-ਮੇਲਿਆਂ ਬਾਰੇ ਹੀ ਛਪ ਚੁੱਕੀਆਂ ਹਨ। ਇਹਨੇ ਸੌ ਤੋਂ ਵੱਧ ਖੇਡ-ਮੇਲਿਆਂ ਵਿਚ ਕਬੱਡੀ ਦੇ ਮੈਚਾਂ ਦੀ ਰਸ-ਭਰੀ ਭਾਸ਼ਾ ਵਿਚ ਕਮੈਂਟਰੀ ਕਰ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ ਹੈ। ਇਹਨੇ ਪੰਜਾਬੀ, ਭਾਰਤੀ ਤੇ ਵਿਸ਼ਵ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਿਆ ਹੈ। ਦੇਸੀ, ਏਸ਼ੀਆਈ, ਕਾਮਨਵੈਲਥ ਤੇ ਓਲੰਪਿਕ ਖੇਡ-ਉਤਸਵਾਂ ਦਾ ਨਜ਼ਾਰਾ ਦਿਖਾਇਆ ਹੈ ਅਤੇ ਅਨੇਕ ਛੋਟੇ-ਵੱਡੇ ਖੇਡ-ਮੁਕਾਬਲਿਆਂ ਦਾ ਹਾਲ ਕਲਮਬੰਦ ਕੀਤਾ ਹੈ।

ਸਰਵਣ ਸਿੰਘ ਆਪਣੇ ਘੁੰਮਣ-ਫਿਰਨ ਤੇ ਤੋਰੇ-ਫੇਰੇ ਦੇ ਸ਼ੌਕ ਦੀ ਗੱਲ ਕਰਦਾ ਹੈ ਤਾਂ ਇਹ ਵੀ ਦਸਦਾ ਹੈ ਕਿ ਇਸ ਸ਼ੌਕ ਨੇ ਉਹਦੀ ਜੀਵਨ-ਜਾਚ ਉੱਤੇ ਕਿਵੇਂ ਅਸਰ ਪਾਇਆ, "ਮੈਨੂੰ ਬਚਪਨ ਦੇ ਤੋਰੇ-ਫੇਰੇ ਨੇ ਤਿੰਨ ਆਦਤਾਂ ਪਾਈਆਂ। ਪਹਿਲੀ ਆਦਤ ਪੈਦਲ ਚੱਲਣ ਦੀ ਪਈ ਜੋ ਹਾਲਾਂ ਤੱਕ ਬਰਕਰਾਰ ਹੈ। ਅੱਜ ਵੀ ਮੇਰੇ ਲਈ ਚਾਰ-ਪੰਜ ਕਿਲੋਮੀਟਰ ਤੁਰਨਾ ਲੱਤਾਂ ਹਿਲਾਉਣ ਸਮਾਨ ਹੈ। ਕਦੇ-ਕਦੇ ਮੇਰੀ ਸੈਰ ਸੱਤ-ਅੱਠ ਕਿਲੋਮੀਟਰ ਤੱਕ ਵੀ ਚਲੀ ਜਾਂਦੀ ਹੈ। ਪੰਜ-ਛੇ ਕਿਲੋਮੀਟਰ ਤੁਰੇ ਬਿਨਾਂ ਤਾਂ ਮੈਨੂੰ ਨੀਂਦ ਹੀ ਨਹੀਂ ਆਉਂਦੀ। ਦੂਜੀ ਆਦਤ ਮੈਨੂੰ ਚਿੱਠਿਆਂ ਤੋਂ ਪੁਸਤਕਾਂ ਪੜ੍ਹਨ ਦੀ ਪਈ ਤੇ ਤੀਜੀ ਆਦਤ, ਮੈਂ ਮੇਲੇ ਵੇਖਣ ਦਾ ਸ਼ੌਕੀ ਬਣ ਗਿਆ। ਇਨ੍ਹਾਂ ਤਿੰਨਾਂ ਆਦਤਾਂ ਨੇ ਹੀ ਮੈਨੂੰ ਹਾਲੇ ਤੱਕ ਤਰੋ-ਤਾਜ਼ਾ ਰੱਖਿਆ ਹੋਇਆ ਹੈ। ਜੀਹਨੇ ਦੁਨੀਆ ਦਾ ਮੇਲਾ ਵੇਖਣਾ ਹੋਵੇ, ਉਹ ਹੋਰ ਕੁਝ ਕਰੇ ਜਾਂ ਨਾ ਕਰੇ, ਪਰ ਤੋਰਾ-ਫੇਰਾ ਜ਼ਰੂਰ ਰੱਖੇ। ਤੋਰੇ-ਫੇਰੇ ਵਿਚ ਹੀ ਜੀਵਨ ਦਾ ਚਾਅ ਹੈ, ਖੇੜਾ ਹੈ, ਆਨੰਦ ਹੈ। ਕੁਝ ਵੇਖਣ ਦੀ ਇੱਛਾ ਤੇ ਕੁਝ ਮਾਣਨ ਦੀ ਰੀਝ ਹਮੇਸ਼ਾ ਬਣੀ ਰਹਿਣੀ ਚਾਹੀਦੀ ਹੈ। ਇੱਛਾ ਮੁੱਕ ਜਾਵੇ ਤਾਂ ਜੀਵਨ ਦੇ ਆਹਰ ਹੀ ਮੁੱਕ ਜਾਂਦੇ ਹਨ। ਰੀਝਾਂ ਮਰ ਜਾਣ ਤਾਂ ਕਲਪਨਾ ਵੀ ਕੁਮਲਾਅ ਜਾਂਦੀ ਹੈ।

"ਬੰਦਾ ਇੱਛਾਵਾਂ ਤੇ ਕਾਮਨਾਵਾਂ ਦੇ ਸਿਰ ਉੱਤੇ ਹੀ ਪੀੜ੍ਹੀ-ਦਰ-ਪੀੜ੍ਹੀ ਜਿਉਂਦਾ ਆ ਰਿਹਾ ਹੈ। ਕੁਝ ਕਰਨ ਦੀ ਤੇ ਕੁਝ ਮਾਣਨ ਦੀ ਤਰੰਗ ਅਤੇ ਇਸ ਤਰੰਗ ਨੂੰ ਪੂਰੀ ਕਰਨ ਲਈ ਆਹਰੇ ਲੱਗੇ ਰਹਿਣਾ ਹੀ ਜ਼ਿੰਦਗੀ ਹੈ। ਇਕ ਗੱਲ ਹੋਰ ਵੀ ਹੈ। ਧਰਤੀ, ਚੰਦ, ਸੂਰਜ ਤੇ ਤਾਰੇ, ਸਭ ਹਰਕਤ ਵਿਚ ਹਨ। ਪੰਖੇਰੂ ਬਿਨਾਂ ਮਤਲਬ ਹੀ ਉਡਾਰੀਆਂ ਨਹੀਂ ਭਰੀ ਜਾਂਦੇ। ਹੀਰੇ ਹਿਰਨ ਭਲਾ ਕਾਹਦੇ ਲਈ ਚੁੰਗੀਆਂ ਭਰਦੇ ਹਨ! ਮੱਛੀਆਂ ਪਾਣੀ ਵਿਚ ਕਿਉਂ ਤਰਦੀਆਂ ਤੇ ਕਲੋਲਾਂ ਕਰਦੀਆਂ ਹਨ! ਦਰਿਆ ਵਗਦੇ ਰਹਿਣ ਨਾਲ ਹੀ ਤਰੋਤਾਜ਼ਾ ਹਨ। ਖੜ੍ਹੇ ਪਾਣੀ ਮੁਸ਼ਕ ਮਾਰਨ ਲੱਗ ਪੈਂਦੇ ਹਨ। ਘੁਰਨਿਆਂ ਵਿਚ ਬੈਠੇ ਤਾਂ ਸ਼ੇਰ-ਬਘੇਲੇ ਵੀ ਸ਼ਿਕਾਰ ਮਾਰਨੋਂ ਰਹਿ ਜਾਣ ਤੇ ਭੁੱਖੇ ਮਰ ਜਾਣ। ਹਵਾਵਾਂ ਰੁਮਕਦੀਆਂ ਰਹਿੰਦੀਆਂ ਹਨ ਅਤੇ ਧੁੱਪਾਂ ਚੜ੍ਹਦੀਆਂ ਤੇ ਲਹਿੰਦੀਆਂ ਰਹਿੰਦੀਆਂ ਹਨ। ਬ੍ਰਹਿਮੰਡ ਦਾ ਨਾਦ ਵਜਦਾ ਰਹਿੰਦਾ ਹੈ। ਇਹੋ ਤਾਂ ਜੀਵਨ ਦਾ ਭੇਤ ਹੈ! ਹਰਕਤ ਵਿਚ ਹੀ ਜ਼ਿੰਦਗੀ ਹੈ। ਕੁਦਰਤ ਦਾ ਸ਼ੁਕਰ ਹੈ, ਹਾਲਾਂ ਹਰਕਤ ਵਿਚ ਹਾਂ ਤੇ ਘੁੰਮ-ਫਿਰ ਕੇ ਦੁਨੀਆ ਦਾ ਮੇਲਾ ਵੇਖ ਰਿਹਾ ਹਾਂ।"

ਇਹਨੇ ਖੇਡਾਂ ਦੇ ਸੰਬੰਧ ਵਿਚ ਪੂਰੇ ਸਿਦਕ-ਸਿਰੜ ਨਾਲ ਖੋਜ ਵੀ ਕੀਤੀ ਹੈ। ਇਹਦੀ ਖੋਜ ਦਸਦੀ ਹੈ ਕਿ ਪੰਜਾਬ ਦੀਆਂ ਨਿਰੋਲ ਆਪਣੀਆਂ ਦੇਸੀ ਖੇਡਾਂ ਦੀ ਗਿਣਤੀ ਸੌ ਤੋਂ ਵੱਧ ਹੈ, ਜਿਨ੍ਹਾਂ ਵਿਚੋਂ ਸਤਾਸੀ ਖੇਡਾਂ ਦੀ ਜਾਣਕਾਰੀ ਤਾਂ ਇਹਨੇ ਆਪਣੀ ਪੁਸਤਕ 'ਪੰਜਾਬ ਦੀਆਂ ਦੇਸੀ ਖੇਡਾਂ' ਵਿਚ ਸ਼ਾਮਲ ਕੀਤੀ ਹੋਈ ਹੈ। ਇਹਨੇ ਪੰਜਾਬੀ ਹਾਕੀ-ਖਿਡਾਰੀਆਂ ਦੇ ਕੁਝ ਦਿਲਚਸਪ ਅੰਕੜੇ ਵੀ ਲੱਭੇ ਹਨ। ਜਦੋਂ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਦੀ ਝੰਡੀ ਸੀ, ਓਦੋਂ ਹਾਕੀ ਨੂੰ ਆਪਣੀ ਖਿੱਦੋ-ਖੂੰਡੀ ਦਾ ਨੇਮਬੱਧ ਰੂਪ ਸਮਝਣ ਵਾਲੇ ਪੰਜਾਬੀ ਖਿਡਾਰੀ ਭਾਰਤੀ ਟੀਮ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਸਨ। 1928 ਤੋਂ 2012 ਤੱਕ ਦੇ ਓਲੰਪਿਕ ਹਾਕੀ ਮੁਕਾਬਲਿਆਂ ਵਿਚ 137 ਸਿੱਖ ਖਿਡਾਰੀ ਖੇਡੇ ਤੇ ਉਨ੍ਹਾਂ ਨੇ 254 ਗੋਲ ਕੀਤੇ।

ਸਿੱਖ ਖਿਡਾਰੀ ਨੌਂ ਦੇਸਾਂ, ਭਾਰਤ, ਕੀਨੀਆ, ਤਨਜ਼ਾਨੀਆ, ਯੂਗੰਡਾ, ਮਲੇਸ਼ੀਆ, ਸਿੰਗਾਪੁਰ, ਕੈਨੇਡਾ, ਇੰਗਲੈਂਡ ਤੇ ਹਾਂਗਕਾਂਗ ਦੀਆਂ ਓਲੰਪਿਕ ਹਾਕੀ ਟੀਮਾਂ ਵਿਚ ਸ਼ਾਮਲ ਰਹੇ। 1972 ਦੀਆਂ ਮਿਊਨਿਖ਼ ਓਲੰਪਿਕ ਖੇਡਾਂ ਵਿਚ ਇੰਡੀਆ, ਕੀਨੀਆ, ਯੂਗੰਡਾ ਤੇ ਮਲੇਸ਼ੀਆ ਦੀਆਂ ਟੀਮਾਂ ਵਿਚ 30 ਸਿੱਖ ਖਿਡਾਰੀਆਂ ਨੇ ਆਪਣਾ ਕਮਾਲ ਦਿਖਾਇਆ ਤੇ 35 ਗੋਲ ਕੀਤੇ। ਜਦੋਂ ਯੂਗੰਡਾ ਤੇ ਜਰਮਨੀ ਵਿਚਕਾਰ ਹਾਕੀ ਦਾ ਮੁਕਾਬਲਾ ਹੋਇਆ, ਯੂਗੰਡਾ ਦੀ ਟੀਮ ਵਿਚ ਕਪਤਾਨ ਸਮੇਤ ਦਸ ਸਿੱਖ ਖਿਡਾਰੀ ਦੇਖ ਕੇ ਦਰਸ਼ਕ ਸਮਝਦੇ ਰਹੇ ਕਿ ਮੁਕਾਬਲਾ ਭਾਰਤ ਤੇ ਜਰਮਨੀ ਵਿਚਕਾਰ ਹੈ। ਜਦੋਂ ਕੀਨੀਆ ਤੇ ਯੂਗੰਡਾ ਵਿਚਕਾਰ ਮੈਚ ਹੋਇਆ ਤਾਂ ਦੋਵਾਂ ਟੀਮਾਂ ਵਿਚ ਸਿੱਖ ਖਿਡਾਰੀਆਂ ਦੀ ਗਿਣਤੀ ਦੇਖ ਕੇ ਇਉਂ ਲੱਗਿਆ ਜਿਵੇਂ ਮੈਚ ਦੋ ਦੇਸਾਂ ਵਿਚਕਾਰ ਨਹੀਂ, ਦੋ ਖਾਲਸਾ ਕਾਲਜਾਂ ਵਿਚਕਾਰ ਹੋ ਰਿਹਾ ਹੋਵੇ! ਸਰਵਣ ਸਿੰਘ ਦੀਆਂ ਖੇਡ-ਲਿਖਤਾਂ ਵਿਚ ਅਜਿਹੀਆਂ ਅਨੇਕ ਦਿਲਚਸਪ ਗੱਲਾਂ ਪੜ੍ਹਨ ਨੂੰ ਮਿਲਦੀਆਂ ਹਨ।

ਪੰਜਾਬੀ ਖਿਡਾਰੀਆਂ ਨੇ ਕੁਸ਼ਤੀ ਤੇ ਕਬੱਡੀ ਵਰਗੀਆਂ ਦੇਸੀ ਖੇਡਾਂ ਦੇ ਨਾਲ-ਨਾਲ ਪੱਛਮ ਤੋਂ ਆਈਆਂ ਹੋਰ ਖੇਡਾਂ ਵਿਚ ਵੀ ਖ਼ੂਬ ਨਾਮਣਾ ਖੱਟਿਆ ਅਤੇ ਉਨ੍ਹਾਂ ਨੂੰ ਪੰਜਾਬ ਦੀ ਧਰਤੀ ਨਾਲ ਲਿਆ ਜੋੜਿਆ। ਸਰਵਣ ਸਿੰਘ ਨੇ ਖੇਡਾਂ ਤੇ ਖਿਡਾਰੀਆਂ ਨੂੰ ਕਮਾਲ ਦੀ ਵਾਰਤਕ ਵਿਚ ਸਾਕਾਰਨ ਦਾ ਪੂਰਨੇ-ਪਾਊ ਉੱਦਮ ਕੀਤਾ ਤੇ ਇਸ ਵਿਚ ਖਿਡਾਰੀਆਂ ਵਾਂਗ ਹੀ ਭਰਪੂਰ ਆਦਰ-ਮਾਣ ਕਮਾਇਆ! ਵਾਰਤਕ ਲਿਖਦਾ ਉਹਦਾ ਮਨ ਨਾਲੋ-ਨਾਲ ਸ਼ਾਇਰ ਵੀ ਹੋਇਆ ਹੁੰਦਾ ਹੈ। ਲਿਖਣਾ ਉਹਨੂੰ ਨਸ਼ਾ ਚਾੜ੍ਹ ਦਿੰਦਾ ਹੈ।

ਕਬੱਡੀ ਬਾਰੇ ਲਿਖੀਆਂ ਉਹਦੀਆਂ ਕੁਝ ਸਤਰਾਂ ਦੇਖੋ, "ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਧਾਵਿਆਂ ਤੇ ਪਕੜਾਂ ਦੀ ਲੀਲ੍ਹਾ। ਜ਼ੋਰਾਵਰ ਜੁੱਸਿਆਂ ਦਾ ਕੌਤਕੀ ਨਜ਼ਾਰਾ। ਜਿਵੇਂ ਢੋਲ ਦਾ ਡੱਗਾ ਪੰਜਾਬੀਆਂ ਦੇ ਪੱਬ ਚੁੱਕ ਦਿੰਦਾ ਹੈ, ਤਿਵੇਂ ਕਬੱਡੀ-ਕਬੱਡੀ ਦਾ ਅਲਾਪ ਰੋਮ-ਰੋਮ ਵਿਚ ਝਰਨਾਟਾਂ ਛੇੜ ਜਾਂਦਾ ਹੈ। ਕਬੱਡੀ ਪੰਜਾਬੀਆਂ ਦੇ ਲਹੂ ਵਿਚ ਸਮਾਈ ਹੋਈ ਹੈ। ਕਬੱਡੀ ਦਾ ਸਾਹ ਪੰਜਾਬੀਆਂ ਲਈ ਜੀਵਨ-ਸੁਆਸ ਹੈ ਜੀਹਨੂੰ ਲਏ ਬਿਨਾਂ ਉਨ੍ਹਾਂ ਦਾ ਸਰਦਾ ਨਹੀਂ, ਭਾਵੇਂ ਉਹ ਪੰਜਾਬ ਦੀ ਧਰਤੀ ਉੱਤੇ ਰਹਿਣ ਤੇ ਭਾਵੇਂ ਵਲੈਤੀਂ ਜਾ ਵਸਣ!...ਬੇਸ਼ੱਕ ਝੱਖੜ ਝੁਲਦਾ ਹੋਵੇ, ਬਿਜਲੀ ਕੜਕਦੀ ਹੋਵੇ, ਨਦੀ ਚੜ੍ਹੀ ਹੋਵੇ ਤੇ ਸ਼ੀਹਾਂ ਨੇ ਪੱਤਣ ਮੱਲੇ ਹੋਏ ਹੋਣ, ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹਾ ਹੈ, ਫੇਰ ਕਿਹੜਾ ਪੰਜਾਬੀ ਹੈ, ਜਿਹੜਾ ਵਗਦੀ ਨੈਂ ਵਿਚ ਨਾ ਠਿੱਲ੍ਹੇ! ਉਹ ਰਾਹ ਵਿਚ ਪੈਂਦੇ ਸੱਪਾਂ-ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਦਾਇਰੇ ਦੁਆ਼ਲੇ ਜਾ ਖੜ੍ਹੇਗਾ।"

ਇਸੇ ਤਰ੍ਹਾਂ ਦੀ ਪਾਠਕਾਂ ਨੂੰ ਮੋਹ ਲੈਣ ਵਾਲੀ ਸ਼ੈਲੀ ਵਿਚ ਉਹ ਖਿਡਾਰੀਆਂ ਤੇ ਹੋਰਾਂ ਦੇ ਸ਼ਬਦ-ਚਿੱਤਰ ਸਿਰਜਦਾ ਹੈ। ਜਗਤ-ਪ੍ਰਸਿੱਧ ਮੁੱਕੇਬਾਜ਼ ਮੁਹੰਮਦ ਅਲੀ ਨੂੰ ਕੁਝ ਹੀ ਸਤਰਾਂ ਵਿਚ ਇਸ ਤੋਂ ਚੰਗਾ ਹੋਰ ਕੋਈ ਕੀ ਉਲੀਕੇਗਾ! "ਮੁਹੰਮਦ ਅਲੀ ਬਾਰੇ ਲਿਖਣਾ ਸ਼ਬਦਾਂ ਨਾਲ ਘੁਲਣਾ ਹੈ। ਉਹ ਅਲੋਕਾਰ ਵਿਅਕਤੀ ਹੈ। ਉਸ ਨੇ ਧਰਮ ਬਦਲਿਆ, ਕੋਚ ਬਦਲੇ, ਨਾਂ ਬਦਲਿਆ, ਸ਼ੌਕ ਬਦਲੇ, ਇਥੋਂ ਤੱਕ ਕਿ ਪਤਨੀਆਂ ਬਦਲ ਕੇ ਚਾਰ ਵਿਆਹ ਕੀਤੇ। ਉਸ ਨੇ ਵਿਸ਼ਵ ਪੱਧਰ ਦੇ ਦਰਜਨਾਂ ਭੇੜ ਭਿੜੇ, ਤਿੰਨ ਵਾਰ ਮੁੱਕੇਬਾਜ਼ੀ ਦਾ ਵਰਲਡ ਚੈਂਪੀਅਨ ਬਣਿਆ, ਤਿੰਨ ਪਤਨੀਆਂ ਨੂੰ ਤਲਾਕ ਦਿੱਤੇ ਤੇ ਅੱਠ ਬੱਚਿਆਂ ਦਾ ਬਾਪ ਬਣਿਆ। ਅਠਾਰਾਂ ਸਾਲਾਂ ਦੀ ਉਮਰ ਵਿਚ ਉਹਨੇ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਿਆ ਤੇ ਚੁਤਾਲੀ ਸਾਲਾਂ ਦੀ ਉਮਰ ਵਿਚ ਅਠਾਈ ਸਾਲਾਂ ਦੀ ਮਨੋਵਿਗਿਆਨੀ ਯੋਲੰਡਾ ਨਾਲ ਚੌਥਾ ਵਿਆਹ ਕੀਤਾ। ਉਹਦੀ ਧੀ ਲੈਲਾ ਵੀ ਤਕੜੀ ਮੁੱਕੇਬਾਜ਼ ਬਣੀ।"

ਪੰਜਾਬੀ ਵਿਚ ਕੋਈ ਵਿਰਲਾ-ਟਾਂਵਾਂ ਤਾਂ ਆਲੋਚਕ ਹੈ ਪਰ ਬਹੁਤੇ ਫ਼ਤਵਾਬਾਜ਼ ਹਨ। ਇਕ ਅਜਿਹੇ ਫ਼ਤਵਾਬਾਜ਼ ਨੇ ਕਈ ਸਾਲ ਪਹਿਲਾਂ ਇਕ ਸਾਹਿਤਕ ਗੋਸ਼ਟੀ ਵਿਚ ਉਸ ਸਮੇਂ ਅੱਧੀ ਦਰਜਨ ਖੇਡ-ਪੁਸਤਕਾਂ ਦੇ ਲੇਖਕ ਬਣ ਚੁੱਕੇ ਸਰਵਣ ਸਿੰਘ ਨੂੰ ਕਿਹਾ ਸੀ, "ਖੇਡਾਂ ਤੇ ਖਿਡਾਰੀਆਂ ਬਾਰੇ ਲਿਖਤਾਂ ਨੂੰ ਸਾਹਿਤ ਨਹੀਂ ਮੰਨਿਆ ਜਾ ਸਕਦਾ। ਨਾ ਹੀ ਇਨ੍ਹਾਂ ਬਾਰੇ ਲਿਖਣ ਵਾਲਿਆਂ ਨੂੰ ਸਾਹਿਤਕਾਰ ਕਿਹਾ ਜਾ ਸਕਦਾ ਹੈ। ਉਹ ਪੱਤਰਕਾਰ ਹੋ ਸਕਦੇ ਹਨ ਪਰ ਸਾਹਿਤਕਾਰ ਨਹੀਂ।" ਇਹਨੇ ਅਜਿਹੀਆਂ ਟਿੱਪਣੀਆਂ ਨਾਲ ਦਿਲ ਨਹੀਂ ਛੱਡਿਆ ਸਗੋਂ ਇਨ੍ਹਾਂ ਨੂੰ ਖਿਡਾਰੀ ਦੇ ਪਿੰਡੇ ਨੂੰ ਲੱਗੀ ਮਿੱਟੀ ਵਾਂਗ ਝਾੜ ਕੇ ਅੱਗੇ ਵਧਦਾ ਗਿਆ।

ਪੰਜਾਬੀ ਵਿਚ ਖੇਡ-ਸਾਹਿਤ ਦੀ ਕਿਸੇ ਪ੍ਰੰਪਰਾ ਦੀ ਅਣਹੋਂਦ ਵੱਲ ਦੇਖਦਿਆਂ ਇਹਦੀ ਪ੍ਰਾਪਤੀ ਬਿਨਾਂ-ਸ਼ੱਕ ਵੱਡੀ ਹੈ। ਹੁਣ ਪੰਜਾਬੀ ਸਾਹਿਤ ਵਿਚ ਖੇਡ-ਲਿਖਤਾਂ ਨੂੰ ਸਿਰਫ਼ ਇਕ ਵਿਧਾ ਹੀ ਨਹੀਂ ਮੰਨਿਆ ਜਾਂਦਾ ਸਗੋਂ ਹੋਰ ਵਿਧਾਵਾਂ ਵਾਂਗ ਇਸ ਨਾਲ ਸੰਬੰਧਿਤ ਖੋਜ-ਕਾਰਜ ਕਰਦਿਆਂ ਕਈ ਖੋਜਾਰਥੀ ਐਮ. ਫਿਲ. ਤੇ ਪੀ-ਐੱਚ. ਡੀ. ਕਰ ਚੁੱਕੇ ਹਨ ਤੇ ਕਈ ਕਰ ਰਹੇ ਹਨ। ਇਹ ਪੰਜਾਬੀ ਖੇਡ-ਸਾਹਿਤ ਦੀ ਨਵੀਂ ਧਰਤੀ ਉੱਤੇ ਪਹਿਲੀਆਂ ਪੈੜਾਂ ਕਰ ਦਿੰਦਾ, ਉਹੋ ਬਹੁਤ ਹੋਣੀਆਂ ਸਨ। ਪਰ ਇਹਨੇ ਤਾਂ ਇਕੱਲੇ ਨੇ ਹੀ ਖੁੱਲ੍ਹਾ-ਮੋਕਲਾ ਮਾਰਗ ਬਣਾ ਦਿੱਤਾ। ਇਹਦੇ ਮੇਲ ਦਾ ਖੇਡ-ਲੇਖਕ ਪੰਜਾਬੀ ਵਿਚ ਕੋਈ ਦੂਜਾ ਪੈਦਾ ਹੋਣ ਦੀ ਸੰਭਾਵਨਾ ਅਜੇ ਤਾਂ ਨਜ਼ਰ ਨਹੀਂ ਆਉਂਦੀ।

ਭਾਵੇਂ ਇਹਨੇ ਆਪਣੀ ਮੂਲ ਵਿਧਾ ਕਹਾਣੀ ਨਾਲੋਂ ਤਾਂ ਨਾਤਾ ਤੋੜ ਲਿਆ, ਪਰ ਇਹਦਾ ਇਹ ਮਤਲਬ ਨਹੀਂ ਕਿ ਇਹ ਖੇਡ-ਸਾਹਿਤ ਤੱਕ ਹੀ ਸੀਮਤ ਹੋ ਗਿਆ। ਇਹਦੀਆਂ ਤਿੰਨ ਕਿਤਾਬਾਂ, 'ਪਿੰਡ ਦੀ ਸੱਥ 'ਚੋਂ', 'ਬਾਤਾਂ ਵਤਨ ਦੀਆਂ', 'ਫੇਰੀ ਵਤਨਾਂ ਦੀ', ਪੰਜਾਬ ਦੀ ਰਹਿਤਲ ਦੀਆਂ ਇਤਿਹਾਸਕ ਦਸਤਾਵੇਜ਼ਾਂ ਹਨ। ਜੀਵਨੀਆਂ ਤੇ ਸ਼ਬਦ-ਚਿੱਤਰਾਂ ਦੀ ਰਚਨਾ ਭਾਰੀ-ਗੌਰੀ ਤਾਂ ਹੈ ਹੀ, ਖੇਡ-ਸਾਹਿਤ ਵਾਂਗ ਹੀ ਹਰਮਨਪਿਆਰੀ ਵੀ ਹੋਈ ਹੈ। 'ਪੰਜਾਬ ਦੇ ਕੋਹੇਨੂਰ' ਨਾਂ ਨਾਲ ਸ਼ਬਦ-ਚਿੱਤਰਾਂ ਦੀਆਂ ਤਿੰਨ ਪੁਸਤਕਾਂ ਦੀ ਲੜੀ ਤਾਂ ਖਾਸ ਕਰ ਕੇ ਵਡਮੁੱਲੀ ਹੈ। ਅਮਰੀਕਾ ਦਾ ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' ਤੇ 'ਫੇਰੀ ਵਤਨਾਂ ਦੀ' ਵੀ ਲਿਖ ਛੱਡੇ ਹਨ। ਲਗਦੇ ਹੱਥ ਕਈ ਪੁਸਤਕਾਂ ਦਾ ਸੰਪਾਦਨ ਤੇ ਕਈਆਂ ਦਾ ਅਨੁਵਾਦ ਵੀ ਕੀਤਾ ਹੈ।

ਇਹ ਗਿਣਤੀ ਦੇ ਉਨ੍ਹਾਂ ਪੰਜਾਬੀ ਲੇਖਕਾਂ ਵਿਚੋਂ ਹੈ ਜੋ ਕਿਸੇ ਇਨਾਮ-ਸਨਮਾਨ ਲਈ ਤਰਲੇ ਨਹੀਂ ਮਾਰਦੇ। ਮਿਲ ਗਿਆ ਤਾਂ ਵਾਹ-ਭਲੀ, ਨਹੀਂ ਤਾਂ ਨਾ ਸਹੀ! ਇਹਨੂੰ ਪੰਜਾਬੀ ਸਾਹਿਤ ਟ੍ਰੱਸਟ ਢੁੱਡੀਕੇ ਦਾ ਵਿਸ਼ੇਸ਼ ਸਨਮਾਨ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਪੰਜਾਬੀ ਲੇਖਕ ਪੁਰਸਕਾਰ, ਪੰਜਾਬੀ ਸੱਥ ਲਾਂਬੜਾ ਦਾ ਸੱਯਦ ਵਾਰਸ ਸ਼ਾਹ ਪੁਰਸਕਾਰ, ਪੰਜਾਬੀ ਸਾਹਿਤ ਅਕਾਦਮੀ ਦਾ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ, ਪੁਰੇਵਾਲ ਖੇਡਾਂ ਦਾ ਸਰਬੋਤਮ ਖੇਡ ਲੇਖਕ ਗੁਰਜ, ਖਾਲਸਾ ਕਾਲਜ ਗਲੋਬਲ ਗੌਰਵ ਪੰਜਾਬੀ ਪੁਰਸਕਾਰ, ਪਰਵਾਸੀ ਅਦਾਰਾ ਟੋਰਾਂਟੋ ਦਾ ਪਰਵਾਸੀ ਲੇਖਕ ਪੁਰਸਕਾਰ, ਆਦਿ ਮਿਲੇ ਹਨ। ਸਪੋਰਟਸ ਅਥਾਰਟੀ ਆਫ਼ ਇੰਡੀਆ ਨੇ ਤਾਂ ਇਹਨੂੰ ਦੋ ਵਾਰ ਕੌਮੀ ਪੁਰਸਕਾਰ ਨਾਲ ਸਨਮਾਨਿਆ ਹੈ। ਸਾਹਿਤ ਸਭਾਵਾਂ ਵੱਲੋਂ ਤੇ ਖੇਡ ਮੇਲਿਆਂ ਦੇ ਪ੍ਰਬੰਧਕਾਂ ਵੱਲੋਂ ਮਿਲੇ ਮਾਣ-ਸਨਮਾਨਾਂ ਦੀ ਗਿਣਤੀ ਕੌਣ ਕਰੇ! ਅਨੇਕ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਤੇ ਸੈਮੀਨਾਰਾਂ ਦਾ ਇਹ ਸਰਗਰਮ ਭਾਈਵਾਲ ਰਿਹਾ। ਇਹਦੇ ਨਾਲ ਹੀ ਅਨੇਕ ਅਕਾਦਮਿਕ ਤੇ ਖੇਡ ਸੰਸਥਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਸਲਾਹਕਾਰ ਜਾਂ ਮੈਂਬਰ ਰਿਹਾ ਹੈ। ਵੱਡੀ ਗੱਲ ਇਹ ਹੈ ਕਿ ਇਹ ਇਹਦੀ ਇੱਛਾ ਦੇ ਨਹੀਂ ਸਗੋਂ ਦੇਣ ਵਾਲਿਆਂ ਦੀ ਪਾਰਖੂ ਅੱਖ ਦੇ ਫਲ ਹਨ। ਖੇਡ-ਲੇਖਕਾਂ ਬਾਰੇ ਸਾਹਿਤਕਾਰ ਨਾ ਹੋਣ ਦਾ ਫ਼ਤਵਾ ਦੇਣ ਵਾਲਾ ਆਲੋਚਕ ਤਾਂ ਹੁਣ ਪਤਾ ਨਹੀਂ ਕਿਥੇ ਹੈ ਤੇ ਕੀ ਹੈ, ਸਰਵਣ ਸਿੰਘ ਨੂੰ ਨਾ ਜਾਣਨ ਵਾਲਾ ਪੰਜਾਬੀ ਦਾ ਇਕ ਵੀ ਪਾਠਕ ਲੱਭਣਾ ਔਖਾ ਹੈ।

ਟੂਰਨਾਮੈਂਟਾਂ ਦੇ ਕੁਮੈਂਟੇਟਰ ਵਜੋਂ ਇਹਦਾ ਦੂਰ-ਦੂਰ ਦੇ ਦੇਸਾਂ ਵਿਚ ਜਾਣਾ ਦੇਖ ਕੇ ਮੈਂ ਇਕ ਵਾਰ ਪੁੱਛਿਆ, "ਉਹ ਤੈਨੂੰ ਕੁਛ ਦਿੰਦੇ ਵੀ ਹਨ ਕਿ ਏਸ ਉਮਰ ਵਿਚ ਐਵੇਂ ਭੱਜਿਆ ਫਿਰਦਾ ਹੈਂ?"

ਬੇਪਰਵਾਹੀ ਨਾਲ ਕਹਿੰਦਾ, "ਆਉਣ-ਜਾਣ ਦੀ ਹਵਾਈ ਟਿਕਟ ਭੇਜ ਦਿੰਦੇ ਐ, ਉਥੇ ਸਾਂਭ-ਸੰਭਾਈ ਵਧੀਆ ਕਰਦੇ ਐ, ਹੋਰ ਆਪਾਂ ਨੂੰ ਕੀ ਚਾਹੀਦੈ? ਆਪਾਂ ਨੂੰ ਸੁੱਖ ਨਾਲ ਕਿਹੜਾ ਕੋਈ ਘਾਟਾ ਐ ਕਿਸੇ ਗੱਲ ਦਾ!"

ਕੁਝ ਸਾਲ ਪਹਿਲਾਂ ਮੈਂ ਦਸ ਨੇੜਲੇ ਸੱਜਨਾਂ ਦੇ ਕਲਮੀ ਚਿੱਤਰਾਂ ਦਾ ਸੰਗ੍ਰਹਿ 'ਨੇੜੇ ਨੇੜੇ' ਛਪਵਾਇਆ ਸੀ। ਉਸ ਪਿੱਛੋਂ ਕਈ ਕਲਮੀ ਚਿੱਤਰ ਰਸਾਲਿਆਂ-ਪੁਸਤਕਾਂ ਵਿਚ ਛਪੇ। ਜਿਨ੍ਹਾਂ ਬਾਰੇ ਲਿਖਣ ਦੀ ਸਲਾਹ ਸੀ, ਉਨ੍ਹਾਂ ਵਿਚ ਸਰਵਣ ਸਿੰਘ ਨੇ ਤਾਂ ਸ਼ਾਮਲ ਹੋਣਾ ਹੀ ਸੀ। ਮੈਂ ਸੋਚਦਾ, ਜਦੋਂ ਲਿਖਿਆ, ਨਾਂ ਰੱਖਾਂਗਾ 'ਬੋਤੇ ਤੋਂ ਹਵਾਈ ਜਹਾਜ਼ ਤੱਕ'! ਸਾਡੇ ਇਲਾਕੇ ਵਿਚ ਸਾਡੀ ਚੜ੍ਹਦੀ ਉਮਰੇ ਪੂਰੇ ਟੱਬਰ ਨੇ ਕਿਤੇ ਵਿਆਹ-ਸਾਹੇ ਜਾਣਾ ਹੁੰਦਾ ਤਾਂ ਸੁਸਤ ਚਾਲ ਦੇ ਬਾਵਜੂਦ ਗੱਡਾ ਹੀ ਸਵਾਰੀ ਬਣਦਾ। ਬਹੁਤੇ ਬੰਦਿਆਂ ਨੂੰ ਢੋਣ ਵਾਲੀ ਹੋਰ ਕੋਈ ਸਵਾਰੀ ਹੈ ਹੀ ਨਹੀਂ ਸੀ। ਇਕੱਲੇ-ਦੁਕੱਲੇ ਦੇ ਜਾਣ ਲਈ ਜਿਵੇਂ ਹੁਣ ਲੋਕ ਮੋਟਰਸਾਈਕਲ ਜਾਂ ਕਾਰ ਦੀ ਚਾਬੀ ਘੁਮਾ ਲੈਂਦੇ ਹਨ, ਓਦੋਂ ਬੋਤੇ ਨੂੰ ਥਾਪੀ ਦਿੱਤੀ ਜਾਂਦੀ ਸੀ। ਹਵਾਈ ਜਹਾਜ਼ ਤਾਂ ਬੱਸ ਅਸੀਂ ਉੱਚਾ ਉਡਦਾ ਦੇਖਦੇ। ਚਿੜੀ ਕੁ ਜਿੱਡਾ ਜਹਾਜ਼ ਬਾਕੀ ਸਾਰਿਆਂ ਨਾਲੋਂ ਪਹਿਲਾਂ ਭਾਲਣਾ ਸਾਡੀ ਨਿਆਣਿਆਂ ਦੀ ਦਿਲਚਸਪ ਖੇਡ ਹੁੰਦੀ। ਇਸੇ ਕਰਕੇ ਸਰਵਣ ਸਿੰਘ ਆਪਣੀਆਂ ਲਿਖਤਾਂ ਵਿਚ ਬੋਤੇ ਦੀ ਸਵਾਰੀ ਦਾ ਜ਼ਿਕਰ ਹਵਾਈ ਜਹਾਜ਼ ਦੇ ਸਫ਼ਰ ਦੇ ਜ਼ਿਕਰ ਜਿੰਨੀ ਠਾਠ ਨਾਲ ਨਹੀਂ ਸਗੋਂ ਵੱਧ ਵਡਿਆਈ ਨਾਲ ਕਰਦਾ ਹੈ।

*(ਬਾਕੀ ਅਗਲੇ ਸਫੇ 'ਤੇ)*

# ਔਰਤ ਦੀ ਅਗਨ ਪ੍ਰੀਖਿਆ ਲਏ ਦਾ ਪ੍ਰਤੀਉੱਤਰ ਸਿਰਜਦਾ ਨਾਵਲ - ਵੇਸਵਾ ਨਹੀਂ ਹਾਂ ਮੈਂ

ਸਮਾਜ ਵਿਚ ਸਦੀਆਂ ਤੋਂ ਚਲੀ ਆ ਰਹੀ ਪੁਰਸ਼ ਪ੍ਰਧਾਨਤਾ ਔਰਤ ਕੋਲੋਂ ਉਸਦੀ ਸਰੀਰਕ-ਮਾਨਸਿਕਤਾ ਸੁੱਚਤਾ ਤੇ ਪਵਿੱਤਰਤਾ ਦੇ ਸਬੂਤ ਮੰਗਦੀ ਆ ਰਹੀ ਹੈ। ਸਮਾਜਿਕ ਵਿਡੰਬਨਾ ਇਹ ਹੈ ਕਿ ਵੇਸ਼ਵਾ ਕਹਾਉਣ ਵਾਲੀਆਂ ਵਧੇਰੇ ਕੁੜੀਆਂ ਨੇ ਆਪਣਾ ਸਰੀਰ ਵੇਚਣ ਦਾ ਕਿੱਤਾ ਆਪਣੀ ਮਰਜ਼ੀ ਨਾਲ ਨਹੀਂ ਚੁਣਿਆਂ ਹੁੰਦਾ, ਸਗੋਂ ਤਤਕਾਲੀ ਸਮਾਜਿਕ ਤੇ ਆਰਥਿਕ ਵਿਵਸਥਾ ਨੇ ਉਨ੍ਹਾਂ ਨੂੰ ਇਸ ਕਿੱਤੇ ਵੱਲ ਜਬਰੀ ਧੱਕਿਆ ਹੁੰਦਾ ਹੈ। ਕਵਿਤਾ ਖੇਤਰ ਤੋਂ ਗਲਪ ਖੇਤਰ ਵੱਲ ਆਈ ਹਰਦੀਪ ਬਾਵਾ ਨੇ ਆਪਣੇ

**ਨਿਰੰਜਣ ਬੋਹਾ**
**ਫੋਨ: 89682-82700**


ਪਲੇਠੇ ਨਾਵਲ 'ਵੇਸ਼ਵਾ ਨਹੀਂ ਹਾਂ ਮੈਂ' ਰਾਹੀਂ ਸਮਕਾਲੀ ਸਮਾਜਿਕ ਵਿਵਸਥਾ ਤੋਂ ਇਹ ਤਿੱਖਾ ਸੁਆਲ ਪੁੱਛਿਆ ਹੈ ਕਿ 21ਵੀਂ ਸਦੀ ਵਿਚ ਪਹੁੰਚ ਕੇ ਵੀ ਔਰਤ ਤੋਂ ਉਸਦੀ ਸਰੀਰਕ ਸੁੱਚਤਾ ਦੇ ਸੰਬੰਧ ਵਿੱਚ ਅਗਨ-ਪ੍ਰੀਖਿਆ ਕਿਉਂ ਮੰਗੀ ਜਾਂਦੀ ਹੈ ਤੇ ਪੁਰਸ਼ ਨੂੰ ਇਸ ਸਵਾਲ ਦਾ ਜਵਾਬ ਦੇਣ ਤੋਂ ਛੋਟ ਕਿਉਂ ਮਿਲਦੀ ਹੈ? ਨਾਵਲ ਦਾ ਕੇਂਦਰੀ ਸੁਆਲ ਇਹ ਵੀ ਹੈ ਕਿ ਜਦੋਂ ਕਿਸੇ ਔਰਤ ਨੂੰ ਭਰੀ ਸੱਥ ਵਿੱਚ ਆਪਣੇ ਵੇਸ਼ਵਾ ਨਾ ਹੋਣ ਦੀ ਦੁਹਾਈ ਦੇਣੀ ਪੈਂਦੀ ਹੋਵੇ ਤਾਂ ਉਸਦੇ ਮਨ ਤੇ ਕੀ ਬੀਤਦੀ ਹੈ?

ਨਾਵਲ ਦੀ ਕਹਾਣੀ ਅਨੁਸਾਰ ਸੁਰਮਣੀ ਤੇ ਉਸਦੀ ਸਹੇਲੀ ਮੰਨਤ ਆਪਣੇ ਜੀਵਨ ਨੂੰ ਸਹਿਜ ਤੇ ਆਮ ਜੀਵਨ ਵਾਂਗ ਜਿਉਣ ਦੀ ਇੱਛਾ ਰੱਖਣ ਵਾਲੀਆਂ ਸਧਾਰਣ ਕੁੜੀਆਂ ਹਨ ਤੇ ਉਨ੍ਹਾਂ ਨੂੰ ਸਧਾਰਣ ਕੁੜੀਆਂ ਤੋਂ ਵਿਕਾਊ ਔਰਤ ਬਣਾਉਣ ਵਿੱਚ ਸਮਕਾਲੀ ਸਮਾਜਿਕ ਤੇ ਆਰਥਿਕ ਵਰਤਾਰੇ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਸੁਰਮਣੀ ਦਾ ਬਾਪ ਸ਼ਰਾਬੀ ਤੇ ਨਿਕੰਮਾ ਹੈ, ਆਰਥਿਕ ਲੋੜਾਂ ਲਈ ਉਸਨੂੰ ਲੋਕਾਂ ਦੇ ਘਰਾਂ ਵਿਚ ਝਾੜੂ-ਪੋਚੇ ਦਾ ਕੰਮ ਕਰਨਾ ਪੈਂਦਾ ਹੈ। ਗਰੀਬੀ ਕਾਰਨ ਉਸਦੀ ਛੋਟੀ ਛੋਟੀ ਇੱਛਾ ਦੀ ਪੂਰਤੀ ਵੀ ਨਹੀਂ ਹੁੰਦੀ। ਅਜਿਹੀ ਸਥਿਤੀ ਵਿੱਚ ਦੇਹ ਵਿਉਪਾਰ ਦੀ ਦਲਾਲ ਪ੍ਰਕਾਸ਼ੋ ਉਸਨੂੰ ਉਸਦੀ ਜੁਆਨ ਉਮਰ ਦੇ ਸੁਪਨਿਆਂ ਦੀ ਪੂਰਤੀ ਲਈ ਇਹ ਕਿੱਤਾ ਅਪਨਾਉਣ ਲਈ ਪ੍ਰੇਰਿਤ ਕਰਦੀ ਹੈ ਤਾਂ ਉਹ ਕੁਝ ਸਮਾਂ ਘਰ ਦੀ ਹੱਦਾਂ ਪਾਰ ਕਰਨ ਜਾਂ ਨਾ ਕਰਨ ਦੇ ਦਵੰਦ ਵਿੱਚੋਂ ਲੰਘਦੀ ਹੈ ਤੇ ਫਿਰ ਸਮਾਜਿਕ ਤੌਰ ਤੇ ਵਰਜਿਤ ਇਸ ਰਾਹ 'ਤੇ ਤੁਰ ਪੈਂਦੀ ਹੈ।

ਮੰਨਤ ਨੂੰ ਇਹ ਕਿੱਤਾ ਉਦੋਂ ਅਪਣਾਉਣਾ ਪੈਂਦਾ ਹੈ ਜਦੋਂ ਉਹ ਆਪਣੇ ਮਾਪਿਆਂ ਦੀ ਮਰਜ਼ੀ ਤੋਂ ਉਲਟ ਗਰੀਬ ਘਰ ਦੇ ਮੁੰਡੇ ਦੀਪੇ ਨਾਲ ਅਦਾਲਤੀ ਵਿਆਹ ਕਰਵਾ ਲੈਂਦੀ ਹੈ। ਉਸਦੇ ਅਜਿਹਾ ਕਰਨ ਨਾਲ ਇਕ ਪਾਸੇ ਉਸਦੇ ਪੇਕਿਆਂ ਦੇ ਘਰ ਦਾ ਦਰਵਾਜ਼ਾ ਉਸ ਲਈ ਬੰਦ ਹੋ ਜਾਂਦਾ ਹੈ ਤੇ ਦੂਜੇ ਪਾਸੇ ਪ੍ਰੇਮੀ ਤੋਂ ਪਤੀ ਬਣਿਆ ਦੀਪਾ ਕੁਝ ਸਮੇਂ ਬਾਅਦ ਆਪਣਾ ਨਵਾਂ ਰੰਗ ਵਿਖਾਉਂਦਿਆਂ ਉਸਦੀ ਕੁੱਟਮਾਰ ਕਰਨ ਲੱਗਦਾ ਹੈ। ਅੰਤ ਆਪਣੀ ਗੋਦ ਵਿੱਚਲੇ ਪੁੱਤਰ ਦੇ ਪਾਲਣ ਪੋਸ਼ਣ ਤੇ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਉਸਨੂੰ ਵੀ ਕੁਝ ਸਮੇਂ ਲਈ ਸੁਰਮਣੀ ਵਾਲਾ ਰਸਤਾ ਹੀ ਅਪਨਾਉਣਾ ਪੈਂਦਾ ਹੈ।

ਇਹ ਨਾਵਲ ਸਮਾਜਿਕ ਤੌਰ 'ਤੇ ਤ੍ਰਿਸਕਾਰ ਦੀਆਂ ਪਾਤਰ ਬਣੀਆਂ ਅਜਿਹੀਆਂ ਕੁੜੀਆਂ ਦੇ ਮਾਨਸਿਕ ਸੰਤਾਪ ਪ੍ਰਤੀ ਡੂੰਘੀ ਹਮਦਰਦੀ ਵੀ ਰੱਖਦਾ ਹੈ ਅਤੇ ਉਨ੍ਹਾਂ ਦੇ ਸਮਾਜਿਕ ਸਨਮਾਨ ਦੀ ਪੁਨਰ ਬਹਾਲੀ ਲਈ ਯਤਨ ਵੀ ਕਰਦਾ ਹੈ। ਜਦੋਂ ਸੁਰਮਣੀ ਵੱਲੋਂ ਆਪਣੇ ਕਥਿਤ ਪ੍ਰੇਮੀ ਕਰਮੇ 'ਤੇ ਉਸ ਨਾਲ ਵਿਆਹ ਕਰਾਉਣ ਦਾ ਦਬਾਅ ਪਾਇਆ ਜਾਂਦਾ ਹੈ ਤਾਂ ਉਹ ਸਿਰਫ਼ ਉਸ ਨਾਲ ਅੱਗੇ ਲਈ ਕੋਈ ਸੰਬੰਧ ਰੱਖਣ ਤੋਂ ਹੀ ਇਨਕਾਰ ਨਹੀਂ ਕਰਦਾ, ਸਗੋਂ ਉਸਨੂੰ ਵੇਸਵਾ ਕਹਿ ਕੇ ਅਪਮਾਨਿਤ ਵੀ ਕਰਦਾ ਹੈ। ਇੱਕ ਵਾਰ ਤਾਂ ਕਰਮੇ ਦਾ ਅਜਿਹਾ ਵਿਵਹਾਰ ਉਸਨੂੰ ਬੇਹੋਸ਼ੀ ਦੀ ਅਵਸਥਾ ਵਿਚ ਲੈ ਜਾਂਦਾ ਹੈ ਪਰ ਛੇਤੀ ਹੀ ਉਹ ਇਸ ਸਦਮੇ ਵਿੱਚੋਂ ਉਭਰ ਕੇ ਕਰਮੇ ਦੇ ਸ਼ਬਦਾਂ ਨੂੰ ਚੁਣੌਤੀ ਵਜੋਂ ਕਬੂਲ ਲੈਂਦੀ ਹੈ। ਛੱਡੀ ਪੜ੍ਹਾਈ ਨੂੰ ਦੁਬਾਰਾ ਸ਼ੁਰੂ ਕਰਕੇ ਉਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਦੇ ਸਨਮਾਨਿਤ ਰੁਤਬੇ 'ਤੇ ਪਹੁੰਚ ਜਾਂਦੀ ਹੈ ਤਾਂ ਕਰਮੇ ਨੂੰ ਇਕ ਪੰਚਾਇਤੀ ਪ੍ਰਤੀਨਿੰਧ ਵਜੋਂ ਉਸਦਾ ਸਵਾਗਤ ਕਰਨਾ ਪੈਂਦਾ ਹੈ।

ਇਸ ਕਹਾਣੀ ਦੇ ਸਮਾਂਤਰ ਹੀ ਮੰਨਤ ਦੀ ਕਹਾਣੀ ਵੀ ਆਪਣੀ ਇੱਛਤ ਮੰਜ਼ਿਲ ਵੱਲ ਵੱਧਦੀ ਹੈ। ਫੇਸਬੁੱਕ 'ਤੇ ਆਕਾਸ਼ ਨਾਲ ਮੇਲ ਹੋਣ 'ਤੇ ਦੋਵਾਂ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਉਂਦੀਆਂ ਹਨ ਤੇ ਉਹ ਵਿਆਹ ਕਰਵਾ ਕੇ ਆਪਣੇ ਨਵਾਂ ਗ੍ਰਹਿਸਥੀ ਜੀਵਨ ਸ਼ੁਰੂ ਕਰ ਲੈਂਦੇ ਹਨ। ਭਾਵੇਂ ਆਕਾਸ਼ ਦੀਆਂ ਕਰਦੀ ਹੈ ਕਿ ਉਸਦੇ ਸਰੀਰ ਦਾ ਮੁੱਲ ਤਾਰ ਕੇ ਉਸ ਨਾਲ ਸੌਣ ਵਾਲਾ ਕਰਮਾ ਕਿਸੇ ਵੀ ਕੀਮਤ 'ਤੇ ਉਸਨੂੰ ਆਪਣੀ ਪਤਨੀ ਵਜੋਂ ਸਵੀਕਾਰ ਨਹੀਂ ਕਰੇਗਾ ਪਰ ਉਸ ਅਵਚੇਤਨ ਵਿਚ ਪਈ 'ਸੱਚੇ ਪ੍ਰੇਮ' ਦੀ ਮੱਧਕਾਲੀ ਧਾਰਣਾ ਉਸਨੂੰ ਆਖਿਰ ਤੱਕ ਭੁਲੇਖੇ ਵਿੱਚ ਪਾਈ ਰੱਖਦੀ ਹੈ।




ਲੱਤਾ ਪੋਲਿਓ ਗ੍ਰਸਤ ਹਨ ਪਰ ਮੰਨਤ ਉਸ ਦੀ ਤਨ ਮਨ ਨਾਲ ਸੇਵਾ ਕਰਕੇ ਆਪਣੇ ਘਰ ਪਰਿਵਾਰ ਦੀਆਂ ਨੀਂਹਾਂ ਨੂੰ ਮਜ਼ਬੂਤ ਕਰਨ ਵਿਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਰੱਖਦੀ।

ਭਾਵੇਂ ਇਸ ਨਾਵਲ ਦੇ ਸਮਾਜਿਕ ਸਰੋਕਾਰ ਮਾਨਵਵਾਦ ਦਾ ਪੱਖ ਪੂਰਦੇ ਹਨ ਪਰ ਨਾਵਲ ਦੀ ਕਹਾਣੀ ਆਪਣੇ ਯਥਾਰਥ ਦੀ ਭਰੋਸੇਯੋਗਤਾ ਕਾਇਮ ਰੱਖਣ ਦੀ ਬਜਾਇ ਭਾਵੁਕ ਆਦਰਸ਼ਵਾਦ ਵੱਲ ਕੁਝ ਵਧੇਰੇ ਝੁਕਾਅ ਰੱਖਦੀ ਪ੍ਰਤੀਤ ਹੁੰਦੀ ਹੈ। ਨਾਵਲ ਵਿਚ ਸੁਰਮਣੀ ਦੀ ਥਾਂ 'ਤੇ ਕਰਮਾ ਵੱਧ ਯਥਾਰਥਕ ਤੇ ਸਮੇਂ ਦੀ ਠੀਕ ਪ੍ਰਤੀਨਿੰਧਤਾ ਪਾਤਰ ਲੱਗਦਾ ਹੈ। ਸੁਰਮਣੀ ਦੀ ਸਹੇਲੀ ਮੰਨਤ ਸਮਾਜਿਕ ਯਥਾਰਥ ਦੀ ਹਕੀਕਤ ਨੂੰ ਪਛਾਣਦਿਆਂ ਉਸਨੂੰ ਸੁਚੇਤ ਵੀ

ਨਾਵਲ ਦੀ ਸੰਗਠਨਾਤਮਕ ਬੁਣਤ ਤੇ ਬਣਤਰ ਬਹੁਤ ਕੱਸਵੀਂ ਹੈ। ਨਾ ਤਾਂ ਇਸ ਵਿਚ ਵਾਧੂ ਦੇ ਪਾਤਰਾਂ ਦੀ ਭਰਮਾਰ ਹੈ ਤੇ ਨਾਂ ਹੀ ਵਾਧੂ ਦੀਆਂ ਘਟਨਾਵਾਂ ਦਾ ਖਿਲਾਰਾ ਹੈ। ਨਾਵਲ ਦੀ ਕਥਾ ਭਾਸ਼ਾ ਤੇ ਕਥਾ ਰੱਸ ਇਸ ਦੀ ਪੜ੍ਹਣ ਯੋਗਤਾ ਨੂੰ ਵਧਾਉਣ ਵਾਲਾ ਹੈ। ਇਹ ਨਾਵਲ ਹਰਦੀਪ ਬਾਵਾ ਦੇ ਚੰਗੇ ਸਾਹਿਤਕ ਭਵਿੱਖ ਦੀਆਂ ਨਰੋਈਆਂ ਸੰਭਾਵਨਾਵਾਂ ਨੂੰ ਪ੍ਰਗਟਾਉਣ ਵਾਲਾ ਹੈ, ਇਸ ਲਈ ਮੈਂ ਨਾਵਲਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਨ 'ਤੇ ਉਸਦਾ ਹਾਰਦਿਕ ਸਵਾਗਤ ਕਰਦਾ ਹਾਂ। ਇਹ ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ ਨੇ ਛਾਪਿਆ ਹੈ ਤੇ ਇਸ ਦੀ ਕੀਮਤ 200 ਰੁਪਏ ਹੈ

## ਨਵਸ਼ਰਨ ਲਈ ...

ਸਾਡਾ ਕੋਈ 'ਮੁਕਾਬਲਾ' ਨਹੀਂ
'ਉਨ੍ਹਾਂ' ਨਾਲ
'ਉਨ੍ਹਾਂ' ਕੋਲ ਫੌਜ ਹੈ - 14 ਲੱਖ
ਇੱਕ ਕਮਾਂਡਰ ਦੇ ਅਧੀਨ
ਅਸੀਂ 14 ਹਜ਼ਾਰ ਵੀ ਨਹੀਂ ਬੋਲਣ ਵਾਲੇ
ਤੇ ਜਿਹੜੇ ਹਾਂ ਜਾਣਦੇ ਤਕ ਨਹੀਂ
ਦੂਜਾ ਜਣਾ ਕਿੱਥੇ ਹੈ
ਜੀਂਦਾ ਹੈ ਕਿ ਮਰ ਚੁੱਕਾ ਹੈ?

ਫੇਰ ਵੀ ਸਾਥੋਂ ਗਿਣਤੀ ਦਿਆਂ ਤੋਂ
ਬਚਣ ਲਈ
'ਉਨ੍ਹਾਂ' ਸੋਲਾਂ ਲੱਖ ਪੁਲਸ ਹੈ ਰੱਖੀ
ਜਿਸਦਾ 1100 ਅਰਬ ਰੁਪਈਆ
ਸਾਲਾਨਾ ਖਰਚਾ ਦੇਂਦੇ ਹਾਂ ਅਸੀਂ
ਸੋਚੋ ਤਾਂ ਸਹੀ
ਸਾਡੇ ਵਿਚੋਂ ਹਰ ਇਕ ਨਾਲ ਲੜਨ ਲਈ
'ਉਨ੍ਹਾਂ' ਨੂੰ ਸਵਾ ਸਵਾ ਲੱਖ ਲਸ਼ਕਰ ਦੀ
ਲੋੜ ਕਿਉਂ ਪਈ ...?
'ਉਨ੍ਹਾਂ' ਕੋਲ ਅਦਾਲਤਾਂ ਹਨ ਆਪਣੇ 'ਤੇ

ਹੋਣ ਵਾਲੇ ਮੁਕੱਦਮੇ ਰੋਕਣ ਲਈ।
ਅਖ਼ਬਾਰਾਂ ਹਨ
ਆਪਣੀ ਹਰ ਕਰਤੂਤ ਲੁਕੋਣ ਲਈ।
'ਉਨ੍ਹਾਂ' ਕੋਲ ਜਾਸੂਸ ਹਨ
ਜੁਰਮ ਨਹੀਂ ਬਗਾਵਤ ਸੁੰਘਣ ਲਈ।
ਆਮਦਨ ਕਰ ਵਿਭਾਗ ਹੈ
ਸੱਚ ਬੋਲਦਿਆਂ 'ਤੇ ਜਜ਼ੀਆ ਠੋਸਣ ਲਈ।
ਛਾਪਾਮਾਰ ਦਸਤੇ ਹਨ
ਨਾ-ਅਹਿਲਾਂ ਨੂੰ ਡੱਕਣ ਲਈ।
ਦੇਸ ਦੇ 50 ਕਰੋੜ ਮਰਦਾਂ ਵਿਚੋਂ
ਉਹ 20-30 ਕਰੋੜ ਵੀ ਹਨ 'ਉਨ੍ਹਾਂ' ਕੋਲ
ਜਿਨ੍ਹਾਂ ਨੂੰ ਹਜ਼ਾਰ ਸਾਲਾਂ ਬਾਦ ਪਹਿਲੀ ਵਾਰ
'ਮਰਦ' ਹੋਣ ਦਾ ਅਹਿਸਾਸ
ਨਸੀਬ ਹੋਇਆ ਹੈ।

ਪਰ 'ਉਨ੍ਹਾਂ' ਕੋਲ ਜੇ ਕੁਝ ਨਹੀਂ ਤਾਂ
ਉਹ - ਅਸੀਂ ਹਾਂ ...
ਜੋ ਘੋਰ ਚੁੱਪ ਦੇ ਸਮੇਂ ਵਿਚ ਵੀ ਬੋਲਦੇ ਹਾਂ।
'ਉਨ੍ਹਾਂ' ਕੋਲ ਇਸ ਦੇਸ ਦੀਆਂ
ਕਈ ਕਰੋੜ ਨਾਰੀਆਂ ਵੀ ਨਹੀਂ
ਕਿਉਂਕਿ ਹਜ਼ਾਰ ਸਾਲਾਂ ਵਿਚ
ਕਿਸੇ ਨਾਰੀ ਨੂੰ
ਨਾਰੀ ਹੋਣ ਤੋਂ ਰੋਕ ਨਹੀਂ ਸਕਿਆ
ਕੋਈ ਗਜ਼ਨਵੀ ਅਬਦਾਲੀ ਜਾਂ ਗੌਰੀ।
ਨਾ ਕਿਸੇ ਨੂੰ ਔਰਤ ਹੋਣ ਲਈ
ਲੋੜ ਪਈ ਕਦੀ
ਕਿਸੇ ਸਿਆਸਤਦਾਨ ਦੀ ਤਸਦੀਕ ਦੀ
ਇਸਤ੍ਰੀ ਸਦਾ ਇਸਤ੍ਰੀ ਹੀ ਰਹੀ
ਪਿੰਜਰੇ ਜਾਂ ਜ਼ੰਜੀਰ ਵਿਚ ਵੀ ...।

ਕਿਸੇ ਵੀ ਨਵੀਂ 'ਨਵਸ਼ਰਨ' ਤੋਂ
ਘਬਰਾਹਟ ਹੁੰਦੀ ਹੈ 'ਉਨ੍ਹਾਂ' ਨੂੰ
ਏਸੇ ਲਈ ...
ਇਸ ਨਾ-ਬਰਾਬਰ ਲੜਾਈ ਵਿਚ ਅਸੀਂ
ਸ਼ਾਇਦ 'ਉਨ੍ਹਾਂ' ਤੋਂ ਜਿੱਤ ਨਾ ਸਕੀਏ
'ਉਨ੍ਹਾਂ' ਨੂੰ ਗੱਦੀ ਤੋਂ ਲਾਹ ਨਾ ਸਕੀਏ
ਪਰ ਅਸੀਂ ਚੁੱਪ ਹੋ ਕੇ
'ਉਨ੍ਹਾਂ' ਨੂੰ ਇਹ ਵਿਸ਼ਵਾਸ ਨਹੀਂ
ਕਰਨ ਦਿਆਂਗੇ
ਕਿ ਅਸੀਂ ਕਰ ਲਿਆ ਹੈ ਸਵੀਕਾਰ
ਸਾਨੂੰ ਵੰਡਣ ਵੱਢਣ ਤੇ ਵੇਚਣ ਦਾ ਕਾਰੋਬਾਰ।

ਅਸੀਂ ਬੋਲ ਬੋਲ ਕੇ ਸੌਣ ਨਹੀਂ ਦਿਆਂਗੇ
ਕਿਸੇ ਵੀ ਰਾਤ 'ਉਨ੍ਹਾਂ' ਨੂੰ
ਭਰੋਸਾ ਨਹੀਂ ਆਉਣ ਦਿਆਂਗੇ 'ਉਨ੍ਹਾਂ' ਨੂੰ
ਕਿ ਉਹ - 'ਠੀਕ' ਨੇ!
ਜਾਂ ਕਿ - ਉਹੀ 'ਠੀਕ' ਨੇ!

ਇਸ ਨਾ-ਬਰਾਬਰ ਲੜਾਈ ਵਿਚ
ਏਨਾ ਤਾਂ ਕਰ ਹੀ ਸਕਦੇ ਹਾਂ ਅਸੀਂ
ਜਦ ਤਕ 'ਆਖਰੀ' ਵਾਰੀ ਹਾਰ ਨਹੀਂ ਜਾਂਦੇ
ਓਦੋਂ ਤਕ ਤਾਂ ਲੜ ਹੀ ਸਕਦੇ ਹਾਂ ਅਸੀਂ
ਉਹ 'ਆਖਰੀ' ਵਾਰ ਕਦੋਂ ਹੋਵੇਗੀ
ਏਹ ਨਿਰਨਾ ਕਰਾਂਗੇ ਅਸੀਂ ...।

ਅਸੀਂ ਹੀ ਤਾਂ ਹਾਂ
ਜਿਨ੍ਹਾਂ ਦਾ ਮੁਕਾਬਲਾ ਹੈ -
'ਏਨ੍ਹਾਂ' ਨਾਲ ...
**-ਸੁਖਪਾਲ**

## ਬੋਤੇ ਨੂੰ ਜਹਾਜ਼ ਤੋਂ ਉੱਤਮ ਸਵਾਰੀ ਮੰਨਦਾ ਸਰਵਣ ਸਿੰਘ

**(ਪਿਛਲੇ ਸਫੇ ਦਾ ਬਾਕੀ)**

ਬੋਤੇ ਬਾਰੇ ਇਹਦਾ ਪ੍ਰਵਚਨ ਸੁਣੋ, ਜਿਸ ਵਿਚ, ਸਬੱਬ ਨਾਲ, ਇਹ ਆਪਣੇ ਸ਼ਬਦ-ਚਿੱਤਰ ਦਾ ਨਾਂ ਵੀ ਲਗਭਗ ਮੇਰੇ ਉਪਰੋਕਤ ਨਾਂ ਵਰਗਾ ਹੀ ਸੁਝਾਉਂਦਾ ਹੈ, "ਮੇਰਾ ਸ਼ੌਕ ਬੋਤੇ ਉੱਤੇ ਚੜ੍ਹਨ ਦਾ ਸੀ। ਬੋਤਾ ਮੈਂ ਭਜਾਉਂਦਾ ਵੀ ਬਹੁਤ ਸੀ। ਆਪਣੇ ਜਾਣੇ ਰੇਲ-ਗੱਡੀ ਬਣਾ ਦਿੰਦਾ ਸੀ। ਸਾਡੇ ਤਿਰਕਾਂ ਵਾਲੇ ਖੇਤ ਮੱਲ੍ਹੇ ਦੀ ਹੱਦ ਨਾਲ ਸਨ। ਇਕ ਦਿਨ ਉਥੋਂ ਪੱਠਿਆਂ ਦੀ ਚਿੱਲੀ ਲੱਦ ਕੇ ਲਿਆਉਣੀ ਸੀ। ਮੈਂ ਤੰਗੜ ਚੁੱਕਿਆ ਤੇ ਬੋਤੇ ਉੱਤੇ ਸਵਾਰ ਹੋ ਗਿਆ। ਪਿੱਛੋਂ ਬੱਗੜਾਂ ਦੀ ਬੋਤੀ ਮਗਰ ਲੱਗ ਗਈ। ਬੋਤੀ ਦੇ ਮਨ ਵਿਚ ਪਤਾ ਨਹੀਂ ਕੀ ਆਈ, ਉਹਨੇ ਸਾਡੇ ਬੋਤੇ ਦੀ ਪੂਛ ਉਤੇ ਅਚਾਨਕ ਦੰਦੀ ਵੱਢ ਦਿੱਤੀ। ਫੇਰ ਕੀ ਸੀ, ਬੋਤਾ ਇਉਂ ਨੱਠਿਆ ਜਿਵੇਂ ਰਾਕਟ ਛੁਟਦਾ ਹੈ! ਮੈਨੂੰ ਸੰਭਲਣਾ ਔਖਾ ਹੋ ਗਿਆ। ਆਸੇ-ਪਾਸੇ ਕਣਕਾਂ ਦੀ ਗੋਡੀ ਕਰਦੇ ਕਾਮੇ ਰੰਬੇ ਛੱਡ ਕੇ ਉੱਠ ਖੜ੍ਹੇ ਹੋਏ ਤੇ ਰੌਲਾ ਪਾਉਣ ਲੱਗੇ, 'ਬੋਤੇ ਨੂੰ ਰੋਕੋ ਓਏ, ਬੋਤੇ ਨੂੰ ਰੋਕੋ!' ਪਰ ਰੋਕਣਾ ਕੀਹਨੇ ਸੀ! ਬੋਤਾ ਤਾਂ ਬੰਬੂਕਾਟ ਬਣਿਆ ਜਾਂਦਾ ਸੀ। ਮੇਰੇ ਆਲੇ-ਦੁਆਲੇ ਧਰਤੀ ਘੁੰਮ ਰਹੀ ਸੀ, ਰੁੱਖ ਘੁੰਮ ਰਹੇ ਸਨ ਤੇ ਲਗਦਾ ਸੀ ਜਿਵੇਂ ਭੁਚਾਲ ਆ ਗਿਆ ਹੋਵੇ!

"ਮੈਂ ਬੁਲਿਟ ਮੋਟਰ ਸਾਈਕਲ ਉੱਤੇ ਘੰਟੇ ਦੀ ਸੌ ਕਿਲੋਮੀਟਰ ਰਫ਼ਤਾਰ ਨਾਲ ਅਤੇ ਕਾਰ ਉੱਤੇ ਸਵਾ ਸੌ ਕਿਲੋਮੀਟਰ ਦੀ ਰਫ਼ਤਾਰ ਨਾਲ ਸਫ਼ਰ ਕੀਤਾ ਹੈ, ਪਰ ਚੇਤੇ ਕਰਾਂ ਤਾਂ ਉਸ ਬੋਤੇ ਦੀ ਰਫ਼ਤਾਰ ਦੀਆਂ ਕਿਆ ਬਾਤਾਂ! ਪੂਛ ਦੀ ਪੀੜ ਦਾ ਵਿੰਨ੍ਹਿਆ ਬੋਤਾ ਵਾਵਰੋਲਾ ਬਣਿਆ ਜਾਂਦਾ ਸੀ ਤੇ ਮੈਂ ਕੁਹਾਠ ਨਾਲ ਜੋਕ ਵਾਂਗ ਚੰਬੜਿਆ ਹੋਇਆ ਸੀ। ਤੰਗੜ ਡਿੱਗ ਪਿਆ ਸੀ, ਪੱਗ ਉੱਡ ਗਈ ਸੀ, ਜੂੜਾ ਖੁੱਲ੍ਹ ਗਿਆ ਸੀ, ਪਰ ਅਸ਼ਕੇ ਮੇਰੇ ਕਿ ਮੈਂ ਡਿੱਗਿਆ ਨਹੀਂ ਸੀ। ਬੋਤਾ ਖੇਤ ਜਾ ਕੇ ਰੁਕਿਆ। ਸਿਆਲ ਦੀ ਰੁੱਤੇ ਵੀ ਬੋਤੇ ਦੇ ਪਿੰਡੇ ਤੋਂ ਮੁੜ੍ਹਕੇ ਦੀਆਂ ਤਤੀਰੀਆਂ ਵਗੀ ਜਾਂਦੀਆਂ ਸਨ ਤੇ ਮੇਰੀ ਕੌਡੀ ਵੀ ਧੜਕੀ ਜਾਂਦੀ ਸੀ। ਫਿਰ ਵੀ ਮੈਂ ਬੋਤੇ ਉੱਤੇ ਚੜ੍ਹਨ ਤੋਂ ਤੋਬਾ ਨਹੀਂ ਕੀਤੀ ਤੇ ਓਦੋਂ ਤੱਕ ਬੋਤੇ ਉੱਤੇ ਚੜ੍ਹਦਾ ਰਿਹਾ ਜਦੋਂ ਤੱਕ ਬੋਤਾ ਸਾਡੇ ਘਰ ਰਿਹਾ ਜਾਂ ਮੈਂ ਪਿੰਡ ਆਪਣੇ ਘਰ ਰਿਹਾ। ਜੇ ਕਿਸੇ ਨੇ ਮੇਰਾ ਰੇਖਾ-ਚਿੱਤਰ ਲਿਖਣਾ ਹੋਵੇ ਤਾਂ ਉਹਦਾ ਢੁੱਕਵਾਂ ਸਿਰਲੇਖ ਹੋ ਸਕਦਾ ਹੈ, ਬੋਤੇ ਦੀ ਸਵਾਰੀ ਤੋਂ ਹਵਾਈ ਜਹਾਜ਼ ਦੀ ਉਡਾਰੀ ਤੱਕ!"

ਆਪਣੇ ਲਿਖੇ ਸ਼ਬਦ-ਚਿੱਤਰ ਨੂੰ ਪਹਿਲਾਂ ਮੈਂ ਇਹਦਾ ਸੁਝਾਇਆ ਇਹ ਨਾਂ ਹੀ ਦਿੱਤਾ, ਪਰ ਫੇਰ ਮਨ ਵਿਚ ਆਇਆ, ਇਹ ਤਾਂ ਸ਼ਬਦ-ਚਿੱਤਰ ਲਿਖੇ ਜਾਣ ਤੋਂ ਵੀ ਪਹਿਲਾਂ ਉਹਦਾ ਸੁਝਾਇਆ ਸਾਧਾਰਨ ਸਿਰਲੇਖ ਹੈ, ਮੈਨੂੰ ਸਿਰਲੇਖ ਆਪਣੇ ਸ਼ਬਦ-ਚਿੱਤਰ ਵਿਚ ਸਾਹਮਣੇ ਆਏ ਬੋਤੇ ਤੇ ਹਵਾਈ ਜਹਾਜ਼ ਸੰਬੰਧੀ ਸਰਵਣ ਸਿੰਘ ਦੇ ਨਜ਼ਰੀਏ ਅਨੁਸਾਰ ਰੱਖਣਾ ਚਾਹੀਦਾ ਹੈ। ਇਉਂ ਮੇਰਾ ਹੁਣ ਵਾਲਾ ਸਿਰਲੇਖ ਆਪਣੇ ਪਹਿਲਾਂ ਸੋਚੇ ਸਿਰਲੇਖ ਤੇ ਇਹਦੇ ਸੁਝਾਏ ਸਿਰਲੇਖ ਤੋਂ ਫ਼ਰਕ ਵਾਲਾ ਹੋ ਗਿਆ: ਬੋਤੇ ਨੂੰ ਹਵਾਈ ਜਹਾਜ਼ ਤੋਂ ਉੱਤਮ ਸਵਾਰੀ ਮੰਨਣ ਵਾਲਾ ਸਰਵਣ ਸਿੰਘ।

2001 ਤੋਂ ਇਹ ਕੈਨੇਡਾ ਦਾ ਪਰਵਾਸੀ ਹੈ। ਓਦੋਂ ਤੋਂ ਗਰਮੀਆਂ ਕੈਨੇਡਾ ਵਿਚ ਤੇ ਸਰਦੀਆਂ ਪੰਜਾਬ ਵਿਚ ਕਟਦਾ ਹੈ। ਇਹ ਦਸਦਾ ਹੈ, "ਦਸੰਬਰ ਵਿਚ ਜਦੋਂ ਟੋਰਾਂਟੋ ਵਿਚ ਬਰਫ਼ਾਂ ਪੈਣ ਲਗਦੀਆਂ ਹਨ ਤਾਂ ਮੈਂ ਸਾਇਬੇਰੀਆ ਦੀਆਂ ਕੂੰਜਾਂ ਵਾਂਗ ਪੰਜਾਬ ਨੂੰ ਉਡਾਰੀ ਮਾਰ ਲੈਂਦਾ ਹਾਂ। ਮਈ ਦੀਆਂ ਲੂਆਂ ਵਗਣ ਤੋਂ ਪਹਿਲਾਂ-ਪਹਿਲਾਂ ਕੈਨੇਡਾ ਪਰਤ ਆਉਂਦਾ ਹਾਂ!"

ਸਰਵਣ ਦੀ ਇਕ ਵੱਡੀ ਸਿਫ਼ਤ ਇਹਦਾ ਟੱਬਰ ਦਾ ਬੰਦਾ ਹੋਣਾ ਹੈ, ਆਪਣੇ ਟੱਬਰ ਦਾ ਵੀ ਤੇ ਦੋਸਤਾਂ-ਮਿੱਤਰਾਂ ਦੇ ਟੱਬਰਾਂ ਦਾ ਵੀ। ਔਖ-ਸੌਖ ਨਾਲ ਗੁਜ਼ਾਰਾ ਕਰਨ ਵਾਲੇ ਸਾਧਾਰਨ ਕਿਸਾਨ ਪਰਿਵਾਰਾਂ ਵਿਚੋਂ ਪੜ੍ਹ ਜਾਣ ਵਾਲੇ ਬਹੁਤੇ ਮੁੰਡੇ, ਖਾਸ ਕਰ ਕੇ ਵਿਆਹ ਮਗਰੋਂ, ਸੋਚਣ ਲਗਦੇ ਹਨ ਕਿ ਘਰ-ਪਰਿਵਾਰ ਦਾ ਵਾਧੂ ਦਾ ਭਾਰ ਹੁਣ ਕਾਹਦੇ ਲਈ ਚੁੱਕਣਾ ਹੋਇਆ! ਉਹ ਅੱਡ ਹੋ ਜਾਂਦੇ ਹਨ ਤੇ ਘਰਦਿਆਂ ਨੂੰ ਪਹਿਲਾਂ ਵਾਂਗ ਠੂਠੇ ਨਾਲ ਕੁਨਾਲੀ ਵਜਾਉਂਦੇ ਛੱਡ ਕੇ ਮੌਜਾਂ ਕਰਦੇ ਹਨ। ਸਰਵਣ ਸਿੰਘ ਨੌਕਰੀ ਲੱਗਣ ਸਾਰ ਮਹਿਸੂਸ ਕਰਦਾ ਹੈ, "ਮੇਰੀ ਪੜ੍ਹਾਈ 'ਤੇ ਖਾਸਾ ਖ਼ਰਚ ਹੋਣ ਕਰਕੇ ਘਰ ਵਿਚ ਮੈਨੂੰ ਖਾਸੇ ਪੈਸੇ ਕਮਾ ਕੇ ਦੇਣੇ ਚਾਹੀਦੇ ਹਨ!" ਇਹ ਕਿਸਾਨ ਪਰਿਵਾਰ ਲਈ ਲੋੜੀਂਦੀ ਸਭ ਤੋਂ ਕੀਮਤੀ ਤੇ ਜ਼ਰੂਰੀ ਚੀਜ਼, ਜ਼ਮੀਨ ਖ਼ਰੀਦਣ ਵਿਚ ਸਹਾਈ ਹੁੰਦਾ ਹੈ, ਟਿਊਬਵੈੱਲ ਲੁਆਉਂਦਾ ਹੈ ਤੇ ਟਰੈਕਟਰ ਖਰੀਦਦਾ ਹੈ। ਜਿਥੋਂ ਵੀ, ਜਿਸ ਵੀ ਸਿਫ਼ਾਰਸ਼ ਜਾਂ ਜੁਗਾੜ ਨਾਲ ਕਣਕ ਦਾ ਨਵਾਂ ਨਿਕਲਿਆ ਬੀ ਮਿਲਦਾ ਹੈ, ਪ੍ਰੋਫ਼ੈਸਰ ਲੱਗਿਆ ਹੋਣ ਦੇ ਬਾਵਜੂਦ ਬੋਰੀ ਸਿਰ ਉੱਤੇ ਚੁੱਕ ਲਿਆਉਂਦਾ ਹੈ। ਗੱਲ ਕੀ, ਜਿੰਨਾ ਇਹ ਆਪ ਅੱਗੇ ਵਧਦਾ ਹੈ, ਆਪਣੇ ਨਾਂ ਦੀ ਲਾਜ ਪਾਲਦਿਆਂ ਸਰਵਣ-ਪੁੱਤ ਬਣ ਕੇ ਨਾਲੋ-ਨਾਲ ਘਰ-ਪਰਿਵਾਰ ਨੂੰ ਵੀ ਓਨਾ ਹੀ ਅੱਗੇ ਵਧਾਉਂਦਾ ਜਾਂਦਾ ਹੈ।

ਟੱਬਰਦਾਰੀ ਇਹਦੀ ਰਹਿਤਲ ਵਿਚ ਇਉਂ ਰਚੀ-ਵਸੀ ਹੋਈ ਹੈ ਕਿ ਜਦੋਂ ਆਉਂਦਾ ਹੈ, ਮੈਨੂੰ ਇਹ ਸਦਾ ਹੀ ਦੋਸਤ-ਮਿੱਤਰ ਨਾਲੋਂ ਵਧ ਕੇ ਸਾਡੇ ਵਡੇਰੇ ਪਰਿਵਾਰ ਦਾ ਇਕ ਜੀਅ, ਇਕ ਸਕਾ-ਸੰਬੰਧੀ ਲਗਦਾ ਹੈ। ਸਾਡੀ ਪਹਿਲੀ ਉਮਰੇ ਜਦੋਂ ਕੋਈ ਸਕਾ-ਸੰਬੰਧੀ ਆਉਂਦਾ, ਘਰ ਦੇ ਇਕ-ਇਕ ਜੀਅ ਦੀ ਸੁੱਖ-ਸਾਂਦ ਤੋਂ ਤੁਰ ਕੇ ਚਾਚਿਆਂ-ਤਾਇਆਂ ਦੇ ਪਰਿਵਾਰਾਂ ਵਿਚੋਂ ਦੀ ਹੁੰਦਾ ਹੋਇਆ ਮੱਝਾਂ, ਗਊਆਂ, ਬਲ੍ਹਦਾਂ, ਬੋਤਿਆਂ ਦਾ ਹਾਲ-ਚਾਲ ਪੁਛਦਿਆਂ ਇਕ-ਇਕ ਖੇਤ ਦੀ ਫ਼ਸਲ-ਬਾੜੀ ਤੱਕ ਜਾ ਪੁਜਦਾ। ਸਰਵਣ ਜਦੋਂ ਆਉਂਦਾ ਹੈ, ਉਹੋ ਜਿਹਾ ਸਕਾ-ਸੰਬੰਧੀ ਬਣ ਕੇ ਆਉਂਦਾ ਹੈ। ਕਿਹੜਾ ਬੱਚਾ ਕਿੱਥੇ ਹੈ ਤੇ ਕੀ ਕਰ ਰਿਹਾ ਹੈ! ਮੇਰੀ ਸਰੀਰਕ ਤੇ ਕਲਮੀ ਸਿਹਤ ਕਿਵੇਂ ਹੈ! ਤੇ 'ਭੈਣ ਜੀ' ਦੇ ਜਾਣ ਬਾਅਦ ਮੈਨੂੰ ਬਣੀ ਮੁਸ਼ਕਿਲ ਨੂੰ ਮਹਿਸੂਸ ਕਰਦਾ ਹੈ! ਉਨ੍ਹਾਂ ਭਲੇ ਵੇਲਿਆਂ ਵਿਚ ਤੁਰਨ ਲੱਗੇ ਰਿਸ਼ਤੇਦਾਰ ਮੇਰੇ ਵਰਗੇ ਵੱਲ ਹੱਥ ਕਰ ਕੇ ਆਖਦੇ, ਇਹਨੂੰ ਮੈਂ ਲੈ ਜਾਨਾਂ, ਦਸ-ਵੀਹ ਦਿਨ ਮਸਤੀ ਮਾਰ ਆਊ! ਇਕ ਵਾਰ ਇਹ ਆਇਆ ਤਾਂ ਮੇਰਾ ਬੇਟਾ ਬਚਪਨ ਵਿਚੋਂ ਨਿੱਕਲ ਕੇ ਜਵਾਨੀ ਦੀ ਦਿਹਲੀ ਉੱਤੇ ਖੜ੍ਹਾ ਸੀ। ਇਹ ਪੂਰੀ ਸੁਹਿਰਦਤਾ ਨਾਲ ਬੋਲਿਆ, "ਜਦੋਂ ਛੁੱਟੀਆਂ ਹੋਈਆਂ, ਇਹਨੂੰ ਦੋ ਕੁ ਮਹੀਨੇ ਮੈਂ ਲੈ ਜਾਊਂ। ਨਾਲੇ ਤਾਂ ਇਹਦਾ ਮਾਹੌਲ ਬਦਲ ਜਾਊ, ਨਾਲੇ ਮੈਂ ਇਹਨੂੰ ਕਸਰਤਾਂ ਸਿਖਾ ਦੇਊਂ। ਏਸ ਉਮਰ ਵਿਚ ਇਹਦੇ ਬਹੁਤ ਕੰਮ ਆਉਣਗੀਆਂ। ਸਰੀਰ ਵੀ ਗੁੰਦਵਾਂ ਹੋ ਜਾਊ, ਦਮ ਵੀ ਪੱਕ ਜਾਊ। ਅੱਗੇ ਨੂੰ ਉਹੋ ਕਸਰਤਾਂ ਕਰਦਾ ਰਹੇ, ਫੇਰ ਇਹ ਸਰੀਰਕ ਪੱਖੋਂ ਕਦੇ ਮਾਰ ਨਹੀਂ ਖਾਂਦਾ!"

ਇਹਨੇ ਖੇਡਾਂ ਤੇ ਖਿਡਾਰੀਆਂ ਬਾਰੇ ਤਾਂ ਰੱਜ ਕੇ ਲਿਖਿਆ ਹੀ ਹੈ, ਕਹਾਣੀਆਂ ਤੋਂ ਤੁਰ ਕੇ ਸਵੈਜੀਵਨੀ, ਜੀਵਨੀਆਂ, ਸਫ਼ਰਨਾਮੇ, ਹਾਸ-ਵਿਅੰਗ, ਕਲਮੀ ਚਿਤਰਾਂ, ਯਾਦਾਂ ਅਤੇ ਪੇਂਡੂ ਲੋਕਾਂ ਤੇ ਪੇਂਡੂ ਜੀਵਨ ਬਾਰੇ ਲੇਖਾਂ ਦੀ ਵੀ ਛਹਿਬਰ ਲਾ ਦਿੱਤੀ ਹੈ। ਹੁਣ ਆਪਣੇ ਮੁੱਢਲੇ ਆਲੋਚਕ ਉੱਤੇ ਵਿਅੰਗ ਕਰਦਾ ਹੋਇਆ ਆਖਦਾ ਹੈ, ਸ਼ਾਇਦ 'ਸਾਹਿਤਕਾਰ' ਬਣਨ ਲਈ ਨਾਵਲ-ਕਹਾਣੀਆਂ ਲਿਖਣ ਲਈ ਵੀ ਕਲਮ ਅਜ਼ਮਾ ਲਵਾਂ। ਮੈਨੂੰ ਲੱਗਿਆ, ਦੁਬਾਰਾ ਨਾਵਲ-ਕਹਾਣੀਆਂ ਲਿਖਣ ਦੀ ਗੱਲ ਕਰ ਕੇ ਇਹ ਐਵੇਂ ਸਾਨੂੰ, ਆਪਣੇ ਹਾਣੀ ਕਹਾਣੀਕਾਰਾਂ ਨੂੰ ਵੰਗਾਰਦਾ-ਡਰਾਉਂਦਾ ਹੈ।

ਸਰਵਣ ਸਿੰਘ ਮੈਥੋਂ ਪੂਰੇ 3 ਸਾਲ, 3 ਮਹੀਨੇ ਤੇ 3 ਹਫ਼ਤੇ ਛੋਟਾ ਹੈ। ਕਹਾਵਤ ਹੈ, "ਮਰਦ ਤੇ ਘੋੜੇ ਬੁੜ੍ਹੇ ਨਾ ਹੁੰਦੇ, ਜਿਉਂ-ਜਿਉਂ ਮਿਲਣ ਖੁਰਾਕਾਂ!" ਇਸ ਨੂੰ ਨਾ ਤਾਂ ਸਰੀਰਕ ਖੁਰਾਕ ਦਾ ਘਾਟਾ ਹੈ, ਨਾ ਮਾਨਸਿਕ ਚੈਨ ਦਾ ਤੇ ਨਾ ਹੀ ਰੂਹਾਨੀ ਰੱਜ ਦਾ! ਸੁੱਖ ਨਾਲ ਉਮਰ ਨਾਲੋਂ ਤਕੜਾ ਪਿਆ ਹੈ। ਜੇ ਕਿਤੇ ਦਾੜ੍ਹੀ ਰੰਗ ਲਵੇ, ਪਚਵੰਜਾ ਦਾ ਲੱਗੇ। ਅਜੇ ਇਹਨੇ ਲੰਮੀ ਉਮਰ ਮਾਣਨੀ ਹੈ ਤੇ ਬਹੁਤ ਕੁਝ ਹੋਰ ਲਿਖਣਾ ਹੈ। ਇਹਦੀ ਲੰਮੀ ਉਮਰ ਦਾ ਕਾਰਨ ਇਹ ਵੀ ਹੈ ਕਿ ਜਦੋਂ ਲੋੜ ਪਈ, ਰੱਬ ਦੇ ਉਮਰ-ਵਧਾਊ ਦਫ਼ਤਰ ਵਿੱਚ ਜਾਵੇਗਾ ਅਤੇ ਇਕ ਬੰਦੇ ਨੂੰ ਕਣਕ ਦਾ ਇਕ ਥੈਲੀ ਮਿਲਣ ਵਾਲਾ ਬੀ ਕਈ-ਕਈ ਥੈਲੀਆਂ ਲੈ ਆਉਣ ਵਾਲਾ ਗੁਰ ਵਰਤੇਗਾ। ਕਹੇਗਾ, "ਭੁੱਲਰ ਤੋਂ ਵੱਧ 3 ਸਾਲ, 3 ਮਹੀਨੇ ਤੇ 3 ਹਫ਼ਤੇ ਤਾਂ ਮੇਰੇ ਵੈਸੇ ਹੀ ਬਣਦੇ ਹਨ, ਐਹ ਤਿੰਨਾਂ ਤੀਆਂ ਵਿਚੋਂ ਸਾਲਾਂ ਵਾਲੇ ਤੀਏ ਨਾਲ ਬੱਸ ਇੱਕ ਤੀਆ ਹੋਰ ਪਾ ਦਿਉ!" ਤੇ ਫੇਰ ਕਣਕ ਦੇ ਬੀ ਦੀਆਂ ਵੱਧ ਥੈਲੀਆਂ ਵਾਲੇ ਲੇਖ ਵਾਂਗ ਇਹ ਇਕ ਲੇਖ ਉਮਰ ਦੇ ਇਸ ਵਧੀਕ ਲੁਆਏ ਹੋਏ ਤੀਏ ਬਾਰੇ ਵੀ ਜ਼ਰੂਰ ਲਿਖੇਗਾ!

# ਸੰਯੋਗੀ ਉਦਮ ਦਾ ਬਹੁ-ਵਿਧਾਵੀ ਕਲਾਕਾਰ: ਵਿਵਾਨ ਸੁੰਦਰਮ

ਵਿਵਾਨ ਸੁੰਦਰਮ ਨਹੀਂ ਰਹੇ। ਕਲਾ ਦੀ ਆਲਮੀ ਬਰਾਦਰੀ ਵਿਚ ਪੰਜਾਬ ਦੀ ਉਹ ਕੰਨੀ ਸੁੰਨੀ ਹੋ ਗਈ, ਜਿਸ ਵਿਚ ਪੰਜਾਬ ਦਾ ਆਲਮੀ ਕਲਾਕਾਰ ਮਨੁੱਖੀ ਸਰੋਕਾਰਾਂ ਅਤੇ ਅਹਿਸਾਸ ਦੀ ਨੁਮਾਇੰਦਗੀ ਕਰਨ ਵਾਲੀ ਹਰ ਕਲਾ ਜੁਗਤ ਵਿਚ ਸ਼ਾਮਿਲ ਸੀ। ਬਰਤਾਨਵੀ ਸਾਮਰਾਜੀਆਂ ਦੀ ਗਰਮ ਰੁੱਤ ਦੀ ਰਾਜਧਾਨੀ ਸ਼ਿਮਲਾ ਵਿਚ 28 ਮਈ 1943 ਨੂੰ ਜੰਮਿਆ ਵਿਵਾਨ ਸਮੁੱਚੀ ਦੁਨੀਆ ਵਿਚ ਕਲਾ ਵਰਤਾਉਣ ਤੋਂ ਬਾਅਦ ਸਾਮਰਾਜ ਦੀਆਂ ਨਵੀਆਂ ਜੁਗਤਾਂ ਦੀ ਥਾਹ ਪਾਉਣ ਵਿਚ ਲੱਗੀ ਹੋਈ ਮੁਲਕ ਦੀ ਰਾਜਧਾਨੀ ਦਿੱਲੀ ਵਿਚ 29 ਮਾਰਚ

ਦਲਜੀਤ ਅਮੀ


2023 ਨੂੰ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਵਿਵਾਨ ਇਨ੍ਹਾਂ ਅੱਸੀ ਸਾਲਾਂ ਦੇ ਅਹਿਸਾਸਮੰਦ ਅਤੇ ਬਾਸੂਰਤ ਗਵਾਹ ਸਨ ਜਿਨ੍ਹਾਂ ਨੇ ਆਪਣੀ ਗਵਾਹੀ ਦਰਦਮੰਦੀ ਨਾਲ ਦਰਜ ਕੀਤੀ।

ਵਿਵਾਨ ਦਾ ਜਨਮ ਅੰਮ੍ਰਿਤਾ ਸ਼ੇਰਗਿੱਲ ਦੀ ਮੌਤ ਤੋਂ ਤਕਰੀਬਨ ਡੇਢ ਸਾਲ ਬਾਅਦ ਹੋਇਆ ਪਰ ਉਨ੍ਹਾਂ ਨੇ ਆਪਣੀ ਮਾਸੀ ਦੀਆਂ ਯਾਦਾਂ ਅਤੇ ਕਲਾ ਨਾਲ ਤਾਉਮਰ ਸਾਂਝ ਨਿਭਾਈ, ਜਿਸ ਦਾ ਪਸਾਰਾ ਅੰਮ੍ਰਿਤਾ ਸ਼ੇਰਗਿੱਲ ਬਾਰੇ ਦੋ ਜਿਲਦਾਂ ਵਿਚ ਛਪੀ 'ਕੌਫ਼ੀ ਟੇਬਲ ਬੁੱਕ' ਅਤੇ ਸ਼ੇਰਗਿੱਲ ਸੁੰਦਰਮ ਆਰਟ ਫਾਊਂਡੇਸ਼ਨ ਦੇ ਕੰਮਾਂ ਤੋਂ ਵਡੇਰਾ ਹੈ। ਉਨ੍ਹਾਂ ਸੱਠਵਿਆਂ ਦੇ ਦਹਾਕੇ ਵਿਚ ਬੜੌਦਾ ਤੋਂ ਲਲਿਤ ਕਲਾਵਾਂ ਦੀ ਪੜ੍ਹਾਈ ਕਰਨ ਉਪਰੰਤ ਸਲੇਡ ਸਕੂਲ ਆਫ਼ ਆਰਟ, ਲੰਡਨ ਤੋਂ ਸਿਨੇਮਾ ਦੇ ਇਤਿਹਾਸ ਦਾ ਅਧਿਐਨ ਕੀਤਾ। ਉਹ ਵਿਦਿਆਰਥੀ ਲਹਿਰਾਂ ਵਿਚ ਸਰਗਰਮ ਰਹੇ। ਉਥੇ ਕਮਿਊਨ ਬਣਾਉਣ ਅਤੇ ਵਸਾਉਣ ਵਿਚ ਲੱਗੇ ਰਹੇ। ਸੱਤਰਵਿਆਂ ਦੇ ਦਹਾਕੇ ਵਿਚ ਉਹ ਵਾਪਸ ਆਏ ਤਾਂ ਕਲਾਕਾਰਾਂ ਅਤੇ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਵਿਚ ਕੰਮ ਕੀਤਾ। ਐਮਰਜੈਂਸੀ ਦੌਰਾਨ ਉਨ੍ਹਾਂ ਨੇ ਕਲਾਕਾਰਾਂ ਅਤੇ ਵਿਦਿਆਰਥੀਆਂ ਦੇ ਸਮਾਗਮਾਂ ਅਤੇ ਰੋਸ-ਮੁਜ਼ਾਹਰਿਆਂ ਵਿਚ ਇੰਤਜ਼ਾਮੀਆ ਭੂਮਿਕਾ ਨਿਭਾਈ।

ਵਿਵਾਨ ਦੇ ਪਿਤਾ ਕਲਿਆਣ ਸੁੰਦਰਮ ਇੰਡੀਆ ਦੇ ਲਾਅ ਕਮਿਸ਼ਨ ਦੇ ਚੇਅਰਮੈਨ (1968-71) ਰਹੇ। ਵਿਵਾਨ ਨੂੰ ਸਮਾਜ ਅਤੇ ਸਿਆਸਤ ਨੂੰ ਸਮਝਣ ਲਈ ਪਰਿਵਾਰ, ਪੜ੍ਹਾਈ ਅਤੇ ਦੌਰ ਨੇ ਵਸੀਹ ਨਜ਼ਰੀਆ ਪੇਸ਼ ਕੀਤਾ। ਇੱਕ ਪਾਸੇ ਪਰਿਵਾਰ ਸੱਤਾ ਦੇ ਗਲਿਆਰਿਆਂ ਅਤੇ ਕਲਾ ਜਗਤ ਅੰਦਰ ਵਾਸ ਕਰਦਾ ਸੀ ਅਤੇ ਦੂਜੇ ਪਾਸੇ ਉਹ ਦੌਰ ਤਬਦੀਲੀ-ਪਸੰਦ ਅਤੇ ਤਰੱਕੀ-ਪਸੰਦ ਲਹਿਰਾਂ ਦਾ ਤਕਰੀਬਨ ਸਿਖਰ ਸੀ, ਜਿਸ ਦੀ ਸਾਹ-ਰਗ ਵਿਦਿਆਰਥੀ ਸਨ। ਵਿਵਾਨ ਦੀ ਕਲਾ ਵਿਚ ਇਹ ਸਾਰਾ ਤਜਰਬਾ ਸਮੋਇਆ ਹੋਇਆ ਹੈ। ਉਨ੍ਹਾਂ ਦੀ ਨਫ਼ਾਸਤ ਅਤੇ ਸ਼ਿੱਦਤ ਹਰ ਕਲਾ-ਕਿਰਤ ਵਿਚ ਦਿਖਾਈ ਦਿੰਦੀ ਹੈ। ਉਨ੍ਹਾਂ ਦੀ ਸਿਆਸਤ ਕਲਾ-ਕਿਰਤਾਂ ਵਿਚ ਸਹਿਜ ਨਾਲ ਜ਼ਾਹਿਰ ਹੁੰਦੀ ਹੈ। ਵਿਵਾਨ ਦੀ ਕਲਾ ਦਾ ਖ਼ਾਸਾ ਸਮਾਜਿਕ ਇਤਫ਼ਾਕ, ਬਰਾਬਰੀ ਅਤੇ ਇਨਸਾਫ਼ ਨਾਲ ਜੁੜਿਆ ਹੈ। ਇਹ ਖ਼ਾਸਾ ਉਨ੍ਹਾਂ ਦੀਆਂ ਆਪਣੀਆਂ ਨੁਮਾਇਸ਼ਾਂ ਵਿਚ ਉਘੜਦਾ ਹੈ ਅਤੇ ਉਨ੍ਹਾਂ ਦੀ ਸ਼ਮੂਲੀਅਤ ਵਾਲੀਆਂ ਸੰਯੋਗੀ ਨੁਮਾਇਸ਼ਾਂ ਵਿਚ ਹੋਰ ਲਿਸ਼ਕਦਾ ਹੈ।

ਉਨ੍ਹਾਂ ਨੇ 1981 ਵਿਚ ਸੰਯੋਗੀ ਨੁਮਾਇਸ਼ 'ਪਲੇਸ ਫਾਰ ਪੀਪਲ' ਵਿਚ ਸ਼ਮੂਲੀਅਤ ਕੀਤੀ। ਇਹ ਸੰਯੋਗ ਨੁਮਾਇਸ਼ ਵਿਚ ਹੁੰਦਾ ਹੈ ਜਿਸ ਦੀ ਸ਼ੁਰੂਆਤ ਵਿਵਾਨ ਦੀ ਕਲਾ ਵਿਚ ਵਾਪਰਦੀ ਹੈ। 'ਪਲੇਸ ਫਾਰ ਪੀਪਲ' ਵਿਚ ਵਿਵਾਨ ਦਾ ਤੇਲ ਚਿੱਤਰ 'ਪੀਪਲ ਕੰਮ ਐਂਡ ਗੋਅ' ਸ਼ਾਮਿਲ ਹੋਇਆ ਜਿਸ ਵਿਚ ਤਿੰਨ ਕਲਾਕਾਰ ਦੀਆਂ ਤਸਵੀਰਾਂ ਬਣਾਈਆਂ ਗਈਆਂ ਹਨ, ਜੋ ਤਕਨੀਕੀ ਪੱਖੋਂ ਸਿਨੇਮਾ ਦਾ ਝਲਕਾਰਾ ਪਾਉਂਦੀਆਂ ਹਨ ਅਤੇ ਕਈ ਤਰ੍ਹਾਂ ਦੇ ਸੰਵਾਦ ਦੀ ਗੁੰਜਾਇਸ਼ ਨਾਲ ਜ਼ਰਖ਼ੇਜ਼ ਹਨ। ਚਿੱਤਰ ਵਿਚ ਕਲਾਕਾਰਾਂ ਦਾ ਸੰਯੋਗੀ ਸੰਵਾਦ ਕਲਾ ਦੀਆਂ ਦੋ ਵਿਧਾਵਾਂ ਵਿਚ ਸੰਵਾਦ ਕਰਦਾ ਹੋਇਆ ਨੁਮਾਇਸ਼ ਵਿਚ ਹੋਰ ਵਡੇਰੇ ਸੰਵਾਦ ਦਾ ਹਿੱਸਾ ਬਣਦਾ ਹੈ। ਵਿਵਾਨ ਅਤੇ ਉਸ ਦੀ ਭੈਣ ਨਵੀਨਾ ਸੁੰਦਰਮ ਕਸੌਲੀ ਆਰਟ ਸੈਂਟਰ ਦੇ ਬਾਨੀ ਸਨ, ਜੋ 1976-91 ਦੌਰਾਨ ਕਲਾ ਸਰਗਰਮੀ ਦਾ ਮਰਕਜ਼ ਸੀ। ਕਲਾ ਦੀਆਂ ਨੁਮਾਇਸ਼ਾਂ, ਕਲਾਕਾਰਾਂ ਦੀਆਂ ਸਰਗਰਮੀਆਂ ਅਤੇ ਕਲਾ ਬਾਰੇ ਸੰਵਾਦ ਕਸੌਲੀ ਆਰਟ ਸੈਂਟਰ ਦਾ ਖ਼ਾਸਾ ਸੀ। ਵਿਵਾਨ ਆਪਣੇ ਨਾਨਕਾ ਘਰ ਵਿਚ ਕਲਾਕਾਰਾਂ ਦੇ ਕਿਆਮ ਦਾ ਇੰਤਜ਼ਾਮ ਕਰਦੇ ਸਨ ਅਤੇ ਉਨ੍ਹਾਂ ਲਈ ਢੁਕਵਾਂ ਮਾਹੌਲ ਬਣਾਉਣ ਦੇ ਨਾਲ-ਨਾਲ ਸਰਪ੍ਰਸਤੀ ਦੇ ਲੋੜੀਂਦੇ ਵਸੀਲੇ ਜੋੜਦੇ ਸਨ।

ਵਿਵਾਨ ਬਹੁ-ਵਿਧਾਵੀ ਕਲਾਕਾਰ ਸਨ ਜੋ ਨਵੇਂ ਤਜਰਬੇ ਕਰਦੇ ਹੋਏ ਸਫ਼ਰਯਾਫ਼ਤਾ ਰਹਿੰਦੇ ਹਨ। ਉਹ 1990ਵਿਆਂ ਦੇ ਦਹਾਕੇ ਤੋਂ ਇੰਸਟਾਲੇਸ਼ਨ ਕਲਾ ਬਣਾਉਣ ਲੱਗੇ ਸਨ ਤਾਂ ਬੁੱਤਸਾਜ਼ੀ, ਫੋਟੋਕਾਰੀ, ਚਿੱਤਰਕਲਾ ਅਤੇ ਵੀਡੀਓ ਦਾ ਇਸਤੇਮਾਲ ਕਰਦੇ ਸਨ। ਲੱਭੀ ਹੋਈ ਅਤੇ ਰੱਦੀ ਸਮੱਗਰੀ ਦਾ ਇਸਤੇਮਾਲ ਕਰਦੇ ਸਨ। ਨਤੀਜੇ ਵਜੋਂ ਫੋਟੋਆਂ ਬੂਹੇ ਖੋਲ੍ਹ ਕੇ ਉਸ ਦੇ ਚਿੱਤਰਾਂ ਵਿਚ ਆ ਬੈਠੀਆਂ ਹਨ। ਪੁਰਾਣੀਆਂ ਫੋਟੋਆਂ ਡਿਜੀਟਲ ਦੁਨੀਆ ਨਾਲ ਖੇਡਣ ਲਗਦੀਆਂ ਹਨ। ਚਿੱਤਰ ਅਤੇ ਫੋਟੋਆਂ ਨਵੇਂ ਰੰਗਾਂ ਵਿਚ ਰੰਗੀਆਂ ਜਾਂਦੀਆਂ ਹਨ। ਅਣਦੱਸੀਆਂ ਕਹਾਣੀਆਂ ਸੁਣਾਉਣ ਲਗਦੀਆਂ ਹਨ। ਦਹਾਕਿਆਂ ਤੋਂ ਮਨ ਦੇ ਤਹਿਖ਼ਾਨਿਆਂ ਵਿਚ ਚੁੱਪ ਧਾਰੀ ਬੈਠੀਆਂ ਤਸਵੀਰਾਂ ਗੋਸ਼ਟਿ ਕਰਨ ਲਗਦੀਆਂ ਹਨ। ਜਦੋਂ 1992 ਵਿਚ ਮੁੰਬਈ ਫ਼ਿਰਕੂ ਹਿੰਸਾ ਦਾ ਸ਼ਿਕਾਰ ਹੋਇਆ ਤਾਂ ਵਿਵਾਨ ਦੀ ਕਲਾ ਨੇ ਹਮਦਰਦੀ



ਨਾਲ ਹੁੰਗਾਰਾ ਭਰਿਆ। ਇਹ ਇੰਸਟਾਲੇਸ਼ਨ ਖ਼ਸੂਸੀ ਜਗ੍ਹਾ ਲਈ ਬਣੀ ਅਤੇ ਕਲਕੱਤਾ ਦੇ ਵਿਕਟੋਰੀਆ ਹਾਲ ਵਿਚ 'ਹਿਸਟਰੀ ਪ੍ਰੋਜੈਕਟ' ਵਜੋਂ ਜਾਣੀ ਜਾਂਦੀ ਹੈ।

ਵਿਵਾਨ ਨੇ ਆਪਣੇ ਪਰਿਵਾਰ ਦੁਆਲੇ ਬਹੁਤ ਕੰਮ ਕੀਤਾ ਜੋ ਆਪਣੇ-ਆਪ ਵਿਚ ਕਈ ਤਰ੍ਹਾਂ ਦੀ ਵਿਰਾਸਤ ਦਾ ਸੰਗਮ ਹੈ। ਉਮਰਾਓ ਸਿੰਘ ਸ਼ੇਰਗਿੱਲ ਦੀ ਕਲਾ ਉਸ ਦੀ ਨਾਮੀ ਧੀ ਅੰਮ੍ਰਿਤਾ ਸ਼ੇਰਗਿੱਲ ਦੇ ਲਿਸ਼ਕ ਵਿਚ ਓਝਲ ਰਹੀ ਪਰ ਜਿਉਂ ਹੀ ਵਿਵਾਨ ਨੇ ਓਝਲ ਨੂੰ ਉਜਲ ਕੀਤਾ ਤਾਂ ਫੋਟੋਕਾਰ ਨਿਕਲ ਆਇਆ ਜਿਸ ਦੀਆਂ ਫੋਟੋਆਂ ਦੀਆਂ ਇੱਕ ਪਾਸੇ ਕੌਮਾਂਤਰੀ ਪੱਧਰ ਉਤੇ ਨੁਮਾਇਸ਼ਾਂ ਲੱਗੀਆਂ ਅਤੇ ਦੂਜੇ ਪਾਸੇ ਕਲਾ ਦੇ ਇਤਿਹਾਸਕਾਰਾਂ ਦੇ ਨਾਲ-ਨਾਲ ਪੜਚੋਲੀਆਂ ਦੀਆਂ ਪਾਰਖੂ ਨਜ਼ਰਾਂ ਵਿਚ ਆਈਆਂ। ਉਮਰਾਓ ਸਿੰਘ ਸ਼ੇਰਗਿੱਲ ਦੀਆਂ ਖਿੱਚੀਆਂ ਤਸਵੀਰਾਂ ਉਨ੍ਹਾਂ ਦੀ ਆਪਣੀ ਅਤੇ ਪਰਿਵਾਰ ਦੇ ਬਾਕੀ ਜੀਆਂ ਦੀਆਂ ਜ਼ਿੰਦਗੀਆਂ ਦੇ ਦਸਤਾਵੇਜ਼ ਹਨ। ਵਿਵਾਨ ਨੇ ਇਨ੍ਹਾਂ ਤਸਵੀਰਾਂ ਤੋਂ ਚਿੱਤਰ ਬਣਾਏ, ਇਨ੍ਹਾਂ ਦੇ ਡਿਜੀਟਲ ਮੋਨਟਾਜ ਬਣਾਏ ਜੋ ਉਨ੍ਹਾਂ ਦੀਆਂ ਯਾਦਾਂ ਅਤੇ ਅਹਿਸਾਸ ਦੇ ਨਵੇਂ ਤਾਣੇ-ਬਾਣੇ ਵਿਚ ਬੱਝ ਕੇ ਨਵੀਆਂ ਬਾਤਾਂ ਪਾਉਂਦੇ ਹਨ। ਉਨ੍ਹਾਂ ਦੇ ਕੰਮ ਦੀ ਇੱਕ ਤੰਦ ਉਨ੍ਹਾਂ ਦੀ ਮਾਸੀ (ਅੰਮ੍ਰਿਤਾ ਸ਼ੇਰਗਿੱਲ) ਅਤੇ ਦੂਜੀ ਨਾਨੇ (ਉਮਰਾਓ ਸਿੰਘ ਸ਼ੇਰਗਿੱਲ) ਦੇ ਕੰਮ ਦੀ ਲਗਾਤਾਰਤਾ ਵਿਚ ਹੈ। ਅੰਮ੍ਰਿਤਾ ਆਪਣੀ ਭੈਣ (ਵਿਵਾਨ ਦੀ ਮਾਂ, ਇੰਦਰਾ ਸ਼ੇਰਗਿੱਲ) ਸਮੇਤ ਪਰਿਵਾਰ ਦੇ ਹੋਰ ਜੀਆਂ ਅਤੇ ਆਂਢ-ਗੁਆਂਢ ਦੇ ਕਿਰਦਾਰਾਂ ਨੂੰ ਸਾਹਮਣੇ ਬਿਠਾ ਕੇ ਚਿੱਤਰਕਾਰੀ ਕਰਦੀ ਸੀ। ਉਹ ਅਸਲ ਕਿਰਦਾਰਾਂ ਨੂੰ ਨਮੂਨੇ ਵਜੋਂ ਇਸਤੇਮਾਲ ਕਰਦੀ ਸੀ। ਵਿਵਾਨ ਆਪਣੀ ਮਾਸੀ ਦੇ ਚਿੱਤਰਾਂ ਅਤੇ ਨਾਨੇ ਦੀਆਂ ਫੋਟੋਆਂ ਤੋਂ ਇਹੋ ਕੰਮ ਲੈਂਦੇ ਸਨ। ਇੱਕ ਤਸਵੀਰ ਵਿਚ ਵਿਵਾਨ ਆਪਣੇ ਨਾਨੇ ਦੀ ਗੋਦ ਵਿਚ ਕੈਮਰਾ ਫੜ ਕੇ ਬੈਠੇ ਹਨ ਪਰ ਜਦੋਂ ਵਿਵਾਨ ਕਲਾਕਾਰ ਵਜੋਂ ਇਸ ਤਸਵੀਰ ਦਾ ਇਸਤੇਮਾਲ ਕਰਦੇ ਹਨ ਤਾਂ ਇਹ ਭੁਲੇਖਾ ਪੈਂਦਾ ਹੈ ਕਿ ਤਸਵੀਰ ਵਾਲੇ ਬੱਚੇ ਦੇ ਕੈਮਰੇ ਨੇ ਤਸਵੀਰ ਖਿੱਚੀ ਹੈ। ਵਿਵਾਨ ਆਪਣੇ ਇਸ ਕੰਮ ਬਾਰੇ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੇ ਵੱਡ-ਆਕਾਰੀ ਚਿੱਤਰਾਂ ਵਿਚ ਅੰਮ੍ਰਿਤਾ ਦੇ ਚਿੱਤਰਾਂ ਅਤੇ ਉਮਰਾਓ ਸਿੰਘ ਦੀਆਂ ਫੋਟੋਆਂ ਦਾ ਇਸਤੇਮਾਲ ਕੀਤਾ ਅਤੇ ਇਨ੍ਹਾਂ ਦੇ ਵਿਚਕਾਰਲੀਆਂ ਥਾਂਵਾਂ ਵਿਚ ਰੰਗਾਂ ਨਾਲ ਆਪਣੀਆਂ ਬਾਤਾਂ ਦੀ ਬੁਣਤੀ ਪਾਈ ਹੈ।

ਵਿਵਾਨ ਸੁੰਦਰਮ ਕਈ ਜਥੇਬੰਦੀਆਂ ਅਤੇ ਅਦਾਰਿਆਂ ਦਾ ਹਿੱਸਾ ਰਹੇ। ਉਹ ਕਲਾ ਵਿਚ ਸੰਯੋਗੀ ਸਰਗਰਮੀ ਕਰਨ ਦੀ ਜੁਗਤਬੰਦੀ ਦੇ ਉਸਤਾਦ ਸਨ। ਉਹ ਸਫ਼ਦਰ ਹਾਸ਼ਮੀ ਯਾਦਗਾਰੀ ਟਰੱਸਟ (ਸਹਿਮਤ) ਦਾ ਬਾਨੀ ਟਰੱਸਟੀ ਸਨ। ਵਿਵਾਨ ਦੇ ਚਲਾਣੇ ਉਤੇ ਸ਼ਬਨਮ ਹਾਸ਼ਮੀ ਨੇ ਵਿਵਾਨ ਦੇ ਇਨ੍ਹਾਂ ਸ਼ਬਦਾਂ ਨੂੰ ਯਾਦ ਕੀਤਾ, "ਮਈ 1968 ਦੀ ਵਿਦਿਆਰਥੀ ਲਹਿਰ ਰਾਹੀਂ ਮੇਰੇ ਉਤੇ ਸਿਆਸਤ ਅਸਰਅੰਦਾਜ਼ ਹੋਈ ਤਾਂ ਮੇਰੇ ਵਿਚਾਰਧਾਰਕ ਝੁਕਾਅ ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲ ਹੋਇਆ ਭਾਵੇਂ ਕਿ ਮੈਂ ਇਸ ਦਾ ਮੈਂਬਰ ਕਦੇ ਨਹੀਂ ਰਿਹਾ। ਕਲਾ ਦੇ ਮੁਹਾਜ ਉਤੇ ਮੈਂ 1976 ਵਿਚ ਕਸੌਲੀ ਆਰਟ ਸੈਂਟਰ ਬਣਾਇਆ ਜਿਸ ਦੇ ਮਹਿਮਾਨਬਾਜ਼ ਅਤੇ ਪੁਰ-ਖ਼ਲੂਸ ਮਾਹੌਲ ਨਾਲ ਸਰਗਰਮੀ ਅਤੇ ਸੰਵਾਦ ਦਾ ਪਿੜ ਬੱਝਿਆ। ਸਹਿਮਤ ਦੇ ਬਾਨੀ ਟਰੱਸਟੀ ਵਜੋਂ 1990 ਤੋਂ 2003 ਤੱਕ ਮੈਂ ਲਕੀਰ ਖਿੱਚ ਕੇ ਕੀਤੀ ਜਾਣ ਵਾਲੀ ਸਿਆਸਤ ਦਾ ਹਿੱਸਾ ਰਿਹਾ। ਸਹਿਮਤ ਵੱਲੋਂ ਮੈਂ ਬਹੁਤ ਸਾਰੀਆਂ ਛੋਟੀਆਂ ਅਤੇ ਵੱਡੀਆਂ ਨੁਮਾਇਸ਼ਾਂ ਦੇ ਸੰਯੋਗੀ ਦਾ ਕੰਮ ਕੀਤਾ ਜਿਨ੍ਹਾਂ ਨੇ ਮੁਲਕ ਦੇ ਅੰਦਰ ਅਤੇ ਵਿਦੇਸ਼ਾਂ ਦਾ ਸਫ਼ਰ ਕੀਤਾ। ਇਨ੍ਹਾਂ ਨੁਮਾਇਸ਼ਾਂ ਨੇ ਆਵਾਮੀ ਸੰਵਾਦ ਦਾ ਪਿੜ ਬੰਨ੍ਹਣ ਲਈ ਨਵੀਆਂ ਜੁਗਤਾਂ ਅਤੇ ਰੂਪਾਂ ਦਾ ਇਸਤੇਮਾਲ ਕੀਤਾ।"

ਇਸ ਵੇਲੇ ਕੋਚੀ ਵਿਚ ਚੱਲ ਰਹੇ ਕੌਮਾਂਤਰੀ ਕਲਾ ਮੇਲੇ (ਕੋਚੀ-ਮੁਜ਼ੀਰਿਸ ਬਿਨਾਲੇ) ਵਿਚ ਵਿਵਾਨ ਸੁੰਦਰਮ ਦੀਆਂ ਦੋ ਕਲਾ ਲੜੀਆਂ ਵਿਚੋਂ ਕੁਝ ਕੰਮ ਸ਼ਾਮਿਲ ਕੀਤੇ ਗਏ ਹਨ। ਵਿਵਾਨ ਦੀ ਕਲਾ ਲੜੀ 'ਏ ਜਰਨੀ ਟੂ ਮੈਕਸੀਕੋ' ਦੀਆਂ ਕੁਝ ਡਰਾਇੰਗ ਲੰਘੇ ਦੌਰ ਦੇ ਹੁਕਮਰਾਨ ਦੀ ਤਾਕਤ ਅਤੇ ਜਕੜ ਨੂੰ ਪੇਸ਼ ਕਰਦੀਆਂ ਹਨ। ਇਸ ਦੇ ਨਾਲ ਹੀ 'ਦ ਹਾਈਟਸ ਆਫ ਮਾਚੋ ਪੀਚੋ' ਨਾਮ ਦੀ ਲੜੀ ਵਿਚੋਂ ਕੁਝ ਡਰਾਇੰਗ ਹਨ। ਇਸ ਲੜੀ ਵਿਚ ਪੱਚੀ ਡਰਾਇੰਗ ਹਨ ਜੋ ਪਾਬਲੋ ਨੈਰੂਦਾ ਦੀ ਇਸੇ ਨਾਮ ਦੀ ਨਜ਼ਮ ਨੂੰ ਸਿਜਦਾ ਹੈ। ਵਿਵਾਨ ਆਪਣੀ ਆਖ਼ਰੀ ਨੁਮਾਇਸ਼ ਨੂੰ ਚੱਲਦਾ ਛੱਡ ਗਿਆ ਹੈ ਜੋ ਕੋਚੀ ਵਿਚ ਸਮੁੰਦਰ ਦੇ ਕਿਨਾਰੇ ਲੱਗੀ ਹੋਈ ਹੈ। ਵਿਵਾਨ ਅੰਮ੍ਰਿਤਾ ਸ਼ੇਰਗਿੱਲ ਦੇ ਚਿੱਤਰਾਂ ਵਿਚੋਂ ਬਾਤਾਂ ਪਾਉਂਦੇ ਹਨ ਅਤੇ ਪਾਬਲੋ ਨੈਰੂਦਾ ਦੀ ਨਜ਼ਮ ਨਾਲ ਖੇਡਦੇ ਹਨ। ਅੰਮ੍ਰਿਤਾ ਸ਼ੇਰਗਿੱਲ ਨੇ ਕਿਸੇ ਵੇਲੇ ਕਿਹਾ ਸੀ, "ਯੂਰਪ ਪਿਕਾਸੋ, ਬਰੇਕ ਅਤੇ ਹੋਰ ਕਈਆਂ ਦਾ ਹੈ। ਇੰਡੀਆ ਸਿਰਫ਼ ਮੇਰਾ ਹੈ।" ਸ਼ਾਇਦ ਵਿਵਾਨ ਆਪਣੀ ਮਾਸੀ ਨੂੰ ਦੱਸ ਰਿਹਾ ਹੋਵੇਗਾ ਕਿ ਉਸ ਦੇ ਸਮੇਂ ਅਤੇ ਸਥਾਨ ਦਾ ਬਿਆਨੀਆ ਕਿਸੇ ਹੋਰ ਸੰਯੋਗੀ ਪੈਮਾਇਸ਼ ਵਿਚ ਹੈ।

***(ਲੇਖਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਵਜੋਂ ਕੰਮ ਕਰਦਾ ਹੈ।)***

# ਅਸੀਂ ਦਿਸ਼ਾਹੀਣ ਨਾਦਾਨ ਪਰਿੰਦੇ...

ਸਿਆਣੇ ਕਹਿੰਦੇ ਨੇ ਕਿ ਜ਼ਿੰਦਗੀ ਇਕ ਐਸਾ ਸਫ਼ਰ ਹੈ ਜਿਸ ਦਾ ਨਕਸ਼ਾ ਸਾਨੂੰ ਖ਼ੁਦ ਬਣਾਉਣਾ ਪੈਂਦਾ ਹੈ। ਪਰ ਸਵਾਲ ਇਹ ਐ ਕਿ ਕੀ ਅਸੀਂ ਸਫ਼ਰ ਤੇ ਹਾਂ? ਜੇ ਹਾਂ ਤਾਂ ਕਿਹੜੇ ਸਫ਼ਰ ਤੇ ਹਾਂ? ਕਿੱਥੇ ਹੈ ਸਾਡੇ ਸਫ਼ਰ ਦਾ ਨਕਸ਼ਾ? ਇਨ੍ਹਾਂ ਸਤਰਾਂ ਨੂੰ ਲਿਖਣ ਅਤੇ ਪੜ੍ਹਨ ਵਾਲਿਆਂ ਸਮੇਤ ਨੱਬੇ

ਡਾ. ਪਰਮਜੀਤ ਸਿੰਘ ਕੱਟੂ
ਰਾਸ਼ਟਰੀ ਫ਼ਿਲਮ ਪੁਰਸਕਾਰ ਵਿਜੇਤਾ
70873-20578

ਫੀਸਦੀ ਤੋਂ ਵਧੇਰੇ ਉਹ ਲੋਕ ਨੇ ਜਿਹੜੇ ਤੁਰਦੇ ਤਾਂ ਹਨ ਪਰ ਸਫ਼ਰ ਦਾ ਪਤਾ ਨਹੀਂ। ਉਨ੍ਹਾਂ ਦੇ ਪੈਰਾਂ ਨੂੰ ਕਿਸ ਨੇ ਨਕਸ਼ਿਆਂ 'ਚ ਢਾਲ ਦਿੱਤਾ, ਇਹ ਵੀ ਖ਼ਬਰ ਨਹੀਂ। ਅਸੀਂ ਕਿਸ ਦਿਸ਼ਾ ਵੱਲ ਜਾ ਰਹੇ ਹਾਂ?

ਵਿਸ਼ਵ ਪ੍ਰਸਿੱਧ ਅਦਾਕਾਰਾ ਕੇਟ ਵਿੰਸਲੇਟ ਨੇ ਬ੍ਰਿਟਿਸ਼ ਅਕੈਡਮੀ ਆਫ ਫਿਲਮ ਐਂਡ ਟੈਲੀਵਿਜ਼ਨ ਆਰਟਸ ਦੇ ਅਵਾਰਡ ਦੇਣ ਵਾਲੇ ਪ੍ਰੋਗਰਾਮ ਵਿਚ ਇਸੇ ਹਫਤੇ ਫ਼ਿਲਮਾਂ, ਟੀ.ਵੀ. ਅਤੇ ਇੰਟਰਨੈਟ ਉਪਰ ਕਲਾ ਦੇ ਨਾਂ ਤੇ ਪਰੋਸੀ ਜਾਂਦੀ ਸਮੱਗਰੀ ਬਾਰੇ ਕਿਹਾ ਕਿ 'ਕਿਰਪਾ ਕਰਕੇ ਨੁਕਸਾਨਦੇਹ ਤੇ ਖ਼ਤਰਨਾਕ ਸਮੱਗਰੀ ਨੂੰ ਮਿਟਾਓ, ਅਸੀਂ ਇਹ ਨਹੀਂ ਚਾਹੁੰਦੇ। ਅਸੀਂ ਆਪਣੇ ਬੱਚੇ ਵਾਪਸ ਚਾਹੁੰਦੇ ਹਾਂ। ਅਸੀਂ ਆਪਣੇ ਬੱਚਿਆਂ ਦੀ ਮਾਨਸਿਕ ਸਿਹਤ ਤੋਂ ਡਰਦੇ ਹੋਏ ਜਾਗਦੇ ਹੋਏ ਲੇਟਣਾ ਨਹੀਂ ਚਾਹੁੰਦੇ। ਕਿਸੇ ਵੀ ਨੌਜਵਾਨ ਨੂੰ, ਜੋ ਸ਼ਾਇਦ ਸੁਣ ਰਿਹਾ ਹੋਵੇ, ਜੋ ਮਹਿਸੂਸ ਕਰਦਾ ਹੈ ਕਿ ਉਹ ਇੱਕ ਗੈਰ-ਸਿਹਤਮੰਦ ਸੰਸਾਰ ਵਿੱਚ ਫਸਿਆ ਹੋਇਆ ਹੈ; ਕਿਰਪਾ ਕਰਕੇ ਮਦਦ ਕਰੋ।' ਕੇਟ ਦਾ ਇਹ ਕਥਨ ਸਾਡੀ ਆਲੇ-ਦੁਆਲੇ ਫੈਲੀ ਦਿਸ਼ਾਹੀਣਤਾ ਬਾਰੇ ਬੋਲਿਆ ਗਿਆ ਕੌੜਾ ਸੱਚ ਹੈ।

ਸਾਡੀ ਦਿਸ਼ਾਹੀਣਤਾ ਦਾ ਮਸਲਾ ਐਨਾ ਗੰਭੀਰ ਹੋ ਗਿਆ ਹੈ ਕਿ ਸਾਨੂੰ ਇਸ ਦਾ ਅਹਿਸਾਸ ਹੋਣੋਂ ਵੀ ਹਟ ਚੁੱਕਾ ਹੈ। ਸ਼ੋਸ਼ਲ ਮੀਡੀਆ ਨੇ ਸਾਡੇ ਨਵੇਂ ਨਾਇਕ ਪੈਦਾ ਕਰ ਦਿੱਤੇ ਹਨ। ਹਰ ਕੋਈ ਰੀਲਾਂ ਬਣਾ ਕੇ ਅਮੀਰ ਬਣਨਾ ਚਾਹ ਰਿਹਾ ਹੈ, ਜਿਥੇ ਕੋਈ ਵੀ ਚੀਜ਼ ਜ਼ਿੰਮੇਵਾਰਾਨਾ ਨਹੀਂ। ਬਸ ਅੰਕੜਿਆਂ ਦੀ ਅਜੀਬ ਦੌੜ ਹੈ। ਸ਼ੋਸ਼ਲ ਮੀਡੀਆ ਨੇ ਹਰ ਕਿਸੇ ਨੂੰ ਆਪਣੇ ਆਪ ਵਿਚ ਮਹਾਨ ਹੋਣ ਦਾ ਭਰਮ ਪੈਦਾ ਕਰਕੇ ਦਿਸ਼ਾਹੀਣਤਾ ਵਿਚ ਅਥਾਹ ਵਾਧਾ ਕੀਤਾ ਹੈ। ਇਹ ਅਜਿਹੀ ਦਿਸ਼ਾਹੀਣਤਾ ਹੈ ਕਿ ਨੱਬੇ ਫੀਸਦੀ ਸ਼ੋਸ਼ਲ ਮੀਡੀਆ ਦੇ ਵਰਤੋਂਕਾਰ ਮਾਨਸਿਕ ਰੋਗੀਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਦਿਸ਼ਾਹੀਣਤਾ ਦੀਆਂ ਵੀ ਬਹੁਤ ਦਿਸ਼ਾਵਾਂ ਹਨ। ਪੰਜਾਬ ਬਾਰੇ ਗੱਲ ਕਰਨੀ ਹੋਵੇ ਤਾਂ ਸਾਡੀ ਸਮੂਹਿਕ ਦਿਸ਼ਾਹੀਣਤਾ ਦੀ ਮਿਸਾਲ ਦੇਖਣੀ ਹੋਵੇ ਤਾਂ ਧਰਤੀ ਹੇਠਲੇ ਪਾਣੀਆਂ ਦੀ ਦੁਰਵਰਤੋਂ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀ ਮਿਸਾਲ ਦੇਖੀ ਜਾ ਸਕਦੀ ਹੈ। ਅਸੀਂ ਆਪਣੇ-ਆਪ ਨੂੰ ਸ਼ਰੇਆਮ ਬਰਬਾਦ ਕਰ ਰਹੇ ਹਾਂ। ਜੇ ਵਿਅਕਤੀਗਤ ਦਿਸ਼ਾਹੀਣਤਾ ਦੀ ਮਿਸਾਲ ਦੇਖਣੀ ਹੋਵੇ ਤਾਂ ਆਪਣੇ ਆਲੇ-ਦੁਆਲੇ ਕਿਸੇ ਵੀ ਨਸ਼ਾ ਕਰਨ ਵਾਲੇ ਨੂੰ ਦੇਖ ਲਵੋ ਜਾਂ ਰੱਬ ਦੇ ਘਰ ਜਾ ਕੇ ਬੇਅਦਬੀ ਕਰਨ ਵਾਲੇ ਨੂੰ ਦੇਖ ਲਵੋ। ਜੇ ਇਸਦੇ ਪਿੱਛੇ ਕੋਈ ਰਾਜਨੀਤੀ ਹੈ ਤਾਂ ਇਸ ਰਾਜਨੀਤੀ ਦੀ ਵੀ ਦਿਸ਼ਾਹੀਣਤਾ ਹੈ।

ਦੁਨੀਆਂ ਭਰ ਦੇ ਸਰਵੇ ਕਹਿੰਦੇ ਹਨ ਕਿ ਅੱਸੀ ਫੀਸਦੀ ਲੋਕ ਆਪਣੀ ਜ਼ਿੰਦਗੀ ਦਾ ਕੋਈ ਟੀਚਾ ਨਹੀਂ ਮਿੱਥਦੇ। ਸਿਰਫ ਵੀਹ ਫੀਸਦੀ ਹੀ ਹਨ ਜਿਨ੍ਹਾਂ ਨੇ ਫੈਸਲਾ ਕੀਤਾ ਹੁੰਦਾ ਹੈ ਕਿ ਉਹ ਜ਼ਿੰਦਗੀ ਵਿਚ ਕੀ ਚਾਹੁੰਦੇ ਹਨ। ਇਸ ਮਾਮਲੇ ਵਿਚ ਭਾਰਤੀਆਂ ਅਤੇ ਸਾਡਾ ਪੰਜਾਬੀਆਂ ਦਾ ਹਾਲ ਹੋਰ ਵੀ ਮਾੜਾ ਲਗਦਾ ਹੈ।

ਇਸੇ ਦਾ ਕਾਰਨ ਹੈ ਕਿ ਵਿਦਿਆਰਥੀ ਡਿਗਰੀਆਂ ਤਾਂ ਪਾਸ ਕਰਦੇ ਜਾ ਰਹੇ ਨੇ ਪਰ ਪਹੁੰਚਦੇ ਕਿਤੇ ਵੀ ਨਹੀਂ। ਬਿਨ੍ਹਾਂ ਸ਼ੱਕ ਇਸ ਵਿਚ ਸਾਡੇ ਸਿੱਖਿਆ ਪ੍ਰਬੰਧ ਦੀਆਂ ਘਾਟਾਂ ਅਤੇ ਸਰਕਾਰਾਂ ਦੀ ਕਮਜ਼ੋਰੀਆਂ ਵੀ ਹਨ।

ਜਦੋਂ ਸਾਡੇ ਸਾਹਮਣੇ ਕੋਈ ਮਕਸਦ ਨਹੀਂ ਹੁੰਦਾ ਤਾਂ ਅਸੀਂ ਦਿਸ਼ਾਹੀਣ ਭੀੜ ਦਾ ਹਿੱਸਾ ਹੀ ਹੁੰਦੇ ਹਾਂ ਭਾਵੇਂ ਅਸੀਂ ਕਿਤੇ ਇਕੱਲੇ ਹੀ ਕਿਉਂ ਨਾ ਖੜ੍ਹੇ ਹੋਈਏ। ਇਹ ਦਿਸ਼ਾਹੀਣ ਭੀੜਾਂ ਭਾਰਤ ਵਿਚ ਕੀ-ਕੀ ਰੰਗ ਦਿਖਾ ਰਹੀਆਂ ਨੇ, ਇਹ ਸਭ ਦੇ ਸਾਹਮਣੇ ਹਨ।

ਪੰਜਾਬ ਵਿਚੋਂ ਬਿਨ੍ਹਾਂ ਕਿਸੇ ਪੱਕੇ ਟੀਚੇ ਅਤੇ ਸਪਸ਼ਟ ਮਕਸਦ ਦੇ ਕੀਤਾ ਜਾ ਰਿਹਾ ਪਰਵਾਸ ਵੀ ਇਸੇ ਭੀੜ ਦੀ ਪੜ੍ਹੀ-ਲਿਖੀ ਉਦਾਹਰਨ ਹੈ। ਮੈਂ ਇਸ ਨੂੰ ਡੌਂਕੀ ਲਾਉਣਾ ਹੀ ਆਖਦਾ ਹਾਂ। ਜਿਥੇ ਗੈਰ-ਕਾਨੂੰਨੀ ਡੌਂਕੀ ਦੇ ਕਈ ਢੰਗ ਨੇ, ਸਮੁੰਦਰ ਰਾਹੀਂ ਡੌਂਕੀ, ਮਾਰੂਥਲ ਜਾਂ ਜੰਗਲ ਰਾਹੀਂ ਡੌਂਕੀ, ਉਥੇ ਪੜ੍ਹਾਈ ਦੇ ਨਾਂ ਤੇ ਜ਼ਿਆਦਾ ਲੋਕ ਆਈਲੈਟਸ ਦੇ ਸਰਟੀਫਿਕੇਟ ਰਾਹੀਂ ਡੌਂਕੀ ਲਾ ਰਹੇ ਨੇ। ਇਨ੍ਹਾਂ ਦੀ ਦਿਸ਼ਾ ਐਨੀ ਖਰਾਬ ਹੈ ਕਿ ਪੜ੍ਹਨ ਦੇ ਨਾਂ ਤੇ ਜਾ ਰਹੇ ਲੋਕਾਂ ਨੇ ਭਲਾਂ ਕਿਹੜੇ ਮਾਅਰਕੇ ਮਾਰ ਲਏ ਪੜ੍ਹਾਈ ਵਿਚ?

ਸਾਡੇ ਕੋਲ ਉਮਰ ਦੇ ਕਿਸੇ ਵੀ ਪੜਾਅ ਲਈ ਦਿਸ਼ਾ ਨਿਰਧਾਰਨ ਦਾ ਕੋਈ ਸੁਚੱਜਾ ਢੰਗ ਨਹੀਂ ਹੈ। ਇਹ ਪੱਛਮ ਕੋਲ ਵੀ ਨਹੀਂ ਹੈ। ਇਸੇ ਲਈ ਨੈੱਟਫਲੈਕਸ ਉਪਰ "ਗੈੱਟ ਸਮਾਰਟ ਵਿਚ ਮਨੀ" ਨਾਂ ਦੀ ਡਾਕੂਮੈਂਟਰੀ ਰਿਲੀਜ਼ ਕਰਨੀ ਪਈ। ਜਿਸ ਵਿਚ ਪੱਛਮੀ ਸਮਾਜ ਦੇ ਆਮ ਲੋਕਾਂ ਦੀ ਹਾਲਤ ਨੂੰ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੂੰ ਆਪਣੇ ਆਪ ਦੇ ਪੈਸੇ ਦੀ ਵਰਤੋਂ ਦੀ ਵੀ ਸਮਝ ਨਹੀਂ। ਇਸ ਪੱਖੋਂ ਅਸੀਂ ਵੀ ਬਹੁਤ ਖਤਰਨਾਕ ਹੱਦ ਤਕ ਕੋਰੇ ਹਾਂ। ਇਕ ਅੰਦਾਜ਼ੇ ਮੁਤਾਬਿਕ ਨੜਿੰਨਵੇਂ ਫੀਸਦੀ ਪਿੰਡਾਂ ਵਿਚ ਵਸਣ ਵਾਲੇ ਭਾਰਤੀਆਂ ਦਾ ਆਪਣਾ ਕੋਈ ਸਲਾਨਾ ਬਜਟ ਨਹੀਂ ਬਣਾਇਆ ਗਿਆ ਹੁੰਦਾ। ਇਨ੍ਹਾਂ ਸਤਰਾਂ ਨੂੰ ਪੜ੍ਹਨ ਵਾਲੇ ਵੀ ਜ਼ਰਾ ਆਪਣੇ ਬਾਰੇ ਸੋਚੋ, ਕੀ ਤੁਸੀਂ ਆਪਣੇ ਪਰਿਵਾਰ ਦਾ ਬਜਟ ਬਣਾਉਂਦੇ ਹੋ? ਸਾਡੀ ਦਿਸ਼ਾਹੀਣਤਾ ਦੇ ਮਾਮਲੇ ਉਨ੍ਹਾਂ ਕਿਸਾਨਾਂ ਵਰਗੇ ਹਨ ਜਿਹੜੇ ਲਿਮਟਾਂ ਲੈ ਕੇ ਟਰੈਕਟਰ ਖਰੀਦਦੇ ਹਨ ਤੇ ਫੇਰ ਟਰੈਕਟਰ ਵੇਚ ਕੇ ਕੁੜੀ ਦਾ ਵਿਆਹ ਕਰ ਦਿੰਦੇ ਹਨ।

ਕਾਸ਼, ਕੋਈ ਸਾਨੂੰ ਵਿਸ਼ਵਾਸ ਅਤੇ ਸਹੀ ਦਿਸ਼ਾ ਦੀ ਕਹਾਣੀ ਵਾਰ-ਵਾਰ ਯਾਦ ਕਰਵਾ ਸਕੇ ਜੋ ਸਾਨੂੰ ਉਂਗਲੀਮਾਲ ਹੋਣ ਤੋਂ ਅਗਾਂਹ ਦੀ ਦਿਸ਼ਾ ਵਿਚ ਲੈ ਜਾ ਸਕੇ।

ਨਿਰਸੰਦੇਹ, ਪੰਜਾਬ ਕੋਲ ਦਿਸ਼ਾਹੀਣਤਾ ਤੋਂ ਬਚਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਹਨ। ਕਾਸ਼, ਕੋਈ ਸਾਨੂੰ ਯਾਦ ਕਰਾਉਂਦਾ ਰਹੇ ਕਿ ਪੰਜਾਬੀ ਦੀ ਧਰਤੀ ਉਪਰ ਗੁਰੂ ਸਾਹਿਬਾਨ ਨੇ 239 ਸਾਲ ਦੇਹੀ ਰੂਪ ਵਿਚ ਸਾਡੀ ਆਬੋ-ਹਵਾ ਬਦਲ ਦਿੱਤੀ ਸੀ, ਸਾਡੀ ਜੈਨੇਟਿਕਸ ਬਦਲ ਦਿੱਤੀ ਸੀ। ਏਥੋਂ ਦੇ ਬਾਸ਼ਿੰਦਿਆਂ ਨੂੰ ਸਿਰਲੱਥ ਯੋਧੇ ਬਣਾ ਦਿੱਤਾ ਸੀ। ਇਹ ਯੋਧੇ ਉਦੋਂ ਵੀ ਨਾ ਡੋਲੇ ਜਦੋਂ ਸਿਰਾਂ ਦੇ ਮੁੱਲ ਪੈ ਰਹੇ ਸਨ। ਚਰਖੜੀਆਂ 'ਤੇ ਚੜ੍ਹੇ, ਬੰਦ-ਬੰਦ ਕਟਵਾਏ, ਤਨ ਆਰਿਆਂ ਨਾਲ ਚੀਰੇ ਗਏ, ਦੇਗਾਂ 'ਚ ਉਬਾਲੇ ਗਏ, ਖੋਪਰੀਆਂ ਲਾਹੀਆਂ ਗਈਆਂ ਪਰ ਸੀਅ ਨਾ ਕੀਤੀ। ਕਾਸ਼, ਅਸੀਂ ਅਰਦਾਸ ਵਿਚ ਮਨ ਕਰਕੇ ਸ਼ਾਮਿਲ ਹੋ ਜਾਈਏ ਤੇ ਸਰਬੱਤ ਦਾ ਭਲਾ ਮੰਗ ਲਈਏ...।

# ਸੰਵਿਧਾਨ ਦੀ ਰੂਹ ਦਾ ਕਤਲ- ਸੂਬਿਆਂ ਦੇ ਹੱਕ ਖੋਹਣਾ

ਕੇਂਦਰ ਸਰਕਾਰ ਨੇ, ਭਾਰਤ ਦੀ ਸੁਪਰੀਮ ਕੋਰਟ ਦੀ ਦਿੱਲੀ ਸਰਕਾਰ ਦੇ ਹੱਕ 'ਚ ਦਿੱਤੇ ਫੈਸਲੇ ਤੋਂ ਤੁਰੰਤ ਬਾਅਦ ਇਕ ਆਰਡੀਨੈਂਸ ਜਾਰੀ ਕੀਤਾ ਹੈ, ਜਿਸ ਵਿਚ ਦਿੱਲੀ ਸਰਕਾਰ ਦੇ ਅਧਿਕਾਰੀਆਂ ਦੀਆਂ ਬਦਲੀਆਂ ਅਤੇ ਤਾਇਨਾਤੀ ਵਿਚ ਉਪ ਰਾਜਪਾਲ ਦੀ ਭੂਮਿਕਾ ਦੇ ਨਾਲ-ਨਾਲ ਦਿੱਲੀ ਸਰਕਾਰ ਦੇ ਹੱਕਾਂ ਦਾ ਵੀ ਜ਼ਿਕਰ ਹੈ। ਕਿਹਾ ਜਾ ਰਿਹਾ ਹੈ ਕਿ ਕੇਂਦਰ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਉਨ੍ਹਾਂ ਦਾ ਖੋਹਿਆ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਹੋਇਆ ਹੱਕ ਵਾਪਸ ਕਰ ਦਿੱਤਾ ਹੈ। ਦਿੱਲੀ ਦੇ ਉਪ ਰਾਜਪਾਲ ਨੂੰ ਇਸ ਆਰਡੀਨੈਂਸ ਅਧੀਨ ਪਹਿਲਾਂ ਵਾਲੇ ਹੱਕ ਮਿਲ ਜਾਣਗੇ। ਕੀ ਇਹ ਸੂਬਿਆਂ ਦੇ ਸੰਵਿਧਾਨਕ ਹੱਕਾਂ ਉਤੇ ਨੰਗਾ-ਚਿੱਟਾ ਛਾਪਾ ਨਹੀਂ ਹੈ।

ਸੁਪਰੀਮ ਕੋਰਟ ਨੇ ਪਿਛਲੇ ਦਿਨੀਂ ਆਪਣੇ ਫੈਸਲੇ 'ਚ ਕਿਹਾ ਕਿ ਸਹਿਕਾਰੀ ਸੰਘਵਾਦ ਦੀ ਭਾਵਨਾ ਤਹਿਤ ਕੇਂਦਰ ਨੂੰ ਸੰਵਿਧਾਨ ਵਲੋਂ ਤੈਅ ਕੀਤੀਆਂ ਹੱਦਾਂ ਅੰਦਰ ਰਹਿ ਕੇ ਆਪਣੀ ਤਾਕਤ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨੇ ਕਿਹਾ ਕਿ ਐਲ ਸੀ ਟੀ ਡੀ (ਕੌਮੀ ਰਾਜਧਾਨੀ ਖੇਤਰ ਦਿੱਲੀ) ਦਾ ਨਿਵੇਕਲਾ ਸੰਘੀ ਮਾਡਲ ਹੈ ਅਤੇ ਉਸਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਪਰ ਕੇਂਦਰ ਸਰਕਾਰ ਸਮੇਂ ਸਮੇਂ 'ਤੇ ਆਪਣੀ ਨਾਦਰਸ਼ਾਹੀ ਸੋਚ ਅਧੀਨ ਵਿਰੋਧੀ ਧਿਰ ਵਲੋਂ ਕਾਬਜ਼ ਸੂਬਿਆਂ ਦੇ ਪ੍ਰਬੰਧ 'ਚ ਦਖਲ ਦੇਣ ਲਈ ਰਾਜਪਾਲਾਂ ਦੀ ਵਰਤੋਂ ਕਰਦੀ ਹੈ ਅਤੇ ਬਹੁਤੀ ਵੇਰ ਉਨ੍ਹਾਂ ਰਾਜਪਾਲਾਂ ਦੀ ਸਹਾਇਤਾ ਨਾਲ ਸਰਕਾਰਾਂ ਤੋੜ ਦਿੰਦੀ ਹੈ।

ਪਿਛਲੇ ਸਾਲ ਜੂਨ ਵਿਚ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਕਾਂਗਰਸ ਤੇ ਐਨ ਸੀ ਪੀ ਗੱਠਜੋੜ ਮਹਾਂ ਵਿਕਾਸ ਅਗਾੜੀ ਵਿਚ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਦੇ ਹਮਾਇਤੀਆਂ ਨੇ ਸ਼ਿਵ ਸੈਨਾ ਤੋਂ ਬਗਾਵਤ ਕਰ ਕੇ ਭਾਰਤੀ ਜਨਤਾ ਪਾਰਟੀ ਦੀ ਸਹਾਇਤਾ ਨਾਲ ਸੱਤਾ ਹਾਸਲ ਕੀਤੀ। ਉਸ ਘਟਨਾਕ੍ਰਮ ਦੌਰਾਨ ਸੂਬੇ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਦੀ ਭੂਮਿਕਾ ਬਾਰੇ ਕਈ ਸਵਾਲ ਉਠਾਏ ਗਏ ਅਤੇ ਮਾਮਲਾ ਸੁਪਰੀਮ ਕੋਰਟ ਪਹੁੰਚਿਆ।

ਸਰਬਉੱਚ ਅਦਾਲਤ ਦੇ ਸੰਵਾਧਾਨਕ ਬੈਂਚ ਨੇ ਰਾਜਪਾਲ ਦੀਆਂ ਉਸ ਸਮੇਂ ਦੀਆਂ ਕਾਰਵਾਈਆਂ ਨੂੰ ਗਲਤ ਦੱਸਿਆ। ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਕਿ ਰਾਜਪਾਲਾਂ ਨੂੰ ਸਿਆਸੀ ਭੂਮਿਕਾ ਨਹੀਂ ਨਿਭਾਉਣੀ ਚਾਹੀਦੀ ਅਤੇ ਦੂਸਰਾ ਇਹ ਕਿ ਕੋਈ ਰਾਜਪਾਲ ਕਿਸੇ ਸਿਆਸੀ ਦਲ ਵਿਚਲੇ ਝਗੜੇ ਕਾਰਨ ਕਿਸੇ ਸਰਕਾਰ ਨੂੰ ਬਹੁਮਤ ਸਾਬਤ ਕਰਨ ਦਾ ਆਦੇਸ਼ ਨਹੀਂ ਦੇ ਸਕਦਾ। ਅਸਲ ਵਿਚ ਤਾਂ ਰਾਜਪਾਲ ਆਪ ਭੂਮਿਕਾ ਨਹੀਂ ਨਿਭਾਉਂਦੇ, ਉਹ ਤਾਂ ਉਪਰੋਂ ਆਏ ਕੇਂਦਰ ਸਰਕਾਰ ਦੇ ਹੁਕਮਰਾਨਾਂ ਦੇ ਹੁਕਮਾਂ ਨੂੰ ਅਮਲੀ ਰੂਪ ਦਿੰਦੇ ਹਨ। ਜੋ ਕਿਸੇ ਵੀ ਹਾਲਤ ਵਿਚ ਠੀਕ ਨਹੀਂ ਹੈ।

ਪੰਜਾਬ ਦੇ ਰਾਜਪਾਲ ਵਲੋਂ ਵੀ ਸਮੇਂ-ਸਮੇਂ 'ਤੇ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਸਰਕਾਰ ਨਾਲ ਆਢਾ ਲਾਇਆ ਜਾ ਰਿਹਾ ਹੈ। ਕਈ ਹਾਲਤਾਂ ਵਿਚ ਰਾਜ ਪ੍ਰਬੰਧ ਦੇ ਕੰਮਾਂ 'ਚ ਬੇਲੋੜਾ ਦਖਲ ਵੀ ਦਿੱਤਾ ਜਾ ਰਿਹਾ ਹੈ, ਜਿਸ ਨਾਲ ਸੂਬੇ ਦੀ ਅਫ਼ਸਰਸ਼ਾਹੀ ਵਿਚ ਗਲਤ ਸੰਦੇਸ਼ ਜਾਂਦਾ ਹੈ।

ਕੇਂਦਰ ਦੀ ਸਰਕਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੂਬਿਆਂ ਦੇ ਹੱਕਾਂ 'ਚ ਦਖ਼ਲ ਦਿੰਦੀ ਹੈ। ਇਹ ਦਖ਼ਲ ਸੂਬਾ ਸਰਕਾਰ ਦੇ ਚਲਦੇ ਕੰਮਾਂ 'ਚ ਖਲਲ ਪੈਦਾ ਕਰਦਾ ਹੈ। ਪਿਛਲੇ ਦਿਨੀਂ ਪੰਜਾਬ ਦਾ ਦਿਹਾਤੀ ਵਿਕਾਸ ਫੰਡ ਕੇਂਦਰ ਵਲੋਂ ਰੋਕ ਦਿੱਤਾ ਗਿਆ। ਮੰਡੀ ਫ਼ੀਸ (ਖਰੀਦ ਵਿਕਰੀ 'ਤੇ ਲਾਇਆ ਜਾਂਦਾ ਟੈਕਸ) ਦੀ ਦਰ ਤਿੰਨ ਫ਼ੀਸਦੀ ਤੋਂ ਘਟਾ ਕੇ 2 ਫ਼ੀਸਦੀ ਕਰ ਦਿੱਤੀ ਜਿਸ ਨਾਲ ਰਾਜ ਸਰਕਾਰ ਨੂੰ ਵਿਕਾਸ ਲਈ ਮਿਲਦਾ ਰੈਵੇਨਿਊ ਘਟ ਗਿਆ। ਪ੍ਰਮੁੱਖ ਮੁੱਦਾ ਤਾਂ ਇਹ ਹੈ ਕਿ ਕੀ ਕੇਂਦਰ ਸਰਕਾਰ ਨੂੰ ਅਜਿਹਾ ਦਖ਼ਲ ਦੇਣ ਦਾ ਹੱਕ ਹੈ?

ਸੰਵਿਧਾਨ ਦੇ ਫੈਡਰਲ ਢਾਂਚੇ ਦਾ ਅਸੂਲ ਹੈ ਕਿ ਕੇਂਦਰ ਸਰਕਾਰ ਅਜਿਹਾ ਦਖ਼ਲ ਨਾ ਦੇਵੇ, ਕਿਉਂਕਿ ਇਹ ਫੈਡਰਲਿਜ਼ਮ ਦੇ ਸਿਧਾਂਤ ਦੇ ਵਿਰੁੱਧ ਹੈ। ਦਿਹਾਤੀ ਵਿਕਾਸ ਫੰਡ ਪੰਜਾਬ ਦਾ ਹੈ। ਮੰਡੀ ਫ਼ੀਸ ਦਾ ਪ੍ਰਬੰਧ ਸੂਬੇ ਪੰਜਾਬ ਨੇ ਵੇਖਣਾ ਹੈ। ਮੰਡੀਆਂ ਪੰਜਾਬ ਸਰਕਾਰ ਦੀਆਂ ਹਨ। ਜਿਨਸ ਦੀ ਵਿਕਰੀ 'ਤੇ ਲਾਏ ਜਾਂਦੇ ਟੈਕਸ ਖਰੀਦਦਾਰ ਨੇ ਦੇਣੇ ਹਨ ਤਾਂ ਫਿਰ ਕੇਂਦਰ ਸਰਕਾਰ ਕਿਸ ਹੈਸੀਅਤ 'ਚ ਪੰਜਾਬ ਸਰਕਾਰ ਦੇ ਕੰਮ ਵਿਚ ਦਖ਼ਲ ਦਿੰਦੀ ਹੈ। ਕੇਂਦਰ ਸਰਕਾਰ ਤਾਂ ਪੰਜਾਬ ਸਰਕਾਰ ਵਲੋਂ ਇਸ ਪੇਂਡੂ ਵਿਕਾਸ ਫੰਡ ਦੇ ਵਰਤਣ ਬਾਰੇ ਵੀ ਸਵਾਲ ਉਠਾਉਂਦੀ ਹੈ।

ਇਹ ਹੀ ਨਹੀਂ ਕਿ ਸਿਰਫ਼ ਭਾਜਪਾ ਦੀ ਕੇਂਦਰ ਸਰਕਾਰ ਹੀ ਸੂਬਿਆਂ ਦੇ ਅਧਿਕਾਰਾਂ ਦਾ ਹਨਨ ਕਰਦੀ ਹੈ। ਕੇਂਦਰ 'ਚ ਪਿਛਲੇ ਸਾਲਾਂ ਵਿਚ ਕਾਬਜ਼ ਰਹੀਆਂ ਵੱਖੋ-ਵੱਖ ਪਾਰਟੀਆਂ ਦੀਆਂ ਸਰਕਾਰਾਂ ਆਪਣੇ ਵੱਧ ਅਧਿਕਾਰਾਂ ਲਈ ਸਿਆਸੀ ਮਨੋਰਥ ਲਈ ਵਰਤਦੀਆਂ ਆਈਆਂ ਹਨ। ਭਾਜਪਾ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰ ਕੇ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਬਣਾਏ, ਜੋ ਕਿ ਫੈਡਰਲ ਢਾਂਚੇ ਦੇ ਅਸੂਲਾਂ 'ਚ ਸਿੱਧਾ ਦਖ਼ਲ ਸਨ। ਪਿਛਲੇ ਸਮਿਆਂ 'ਚ ਆਪਣੀਆਂ ਵਿਰੋਧੀ ਸੂਬਾ ਸਰਕਾਰਾਂ ਨੂੰ ਵੀ ਉਸ ਸਮੇਂ ਰਾਜ ਕਰਦੀ ਕਾਂਗਰਸ ਪਾਰਟੀ ਨੇ ਨਾ ਬਖ਼ਸ਼ਿਆ।

ਹੁਣ ਵੀ ਲਗਾਤਾਰ ਸੂਬਿਆਂ ਦੇ ਅਧਿਕਾਰਾਂ ਅਤੇ ਕੇਂਦਰੀਕਰਨ ਦੇ ਰੁਝਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕੇਂਦਰ ਸਰਕਾਰ ਵਲੋਂ ਜੰਮੂ-ਕਸ਼ਮੀਰ ਦਾ ਸਿੱਧਾ ਪ੍ਰਬੰਧ ਆਪਣੇ ਹੱਥ 'ਚ ਲੈਣ ਲਈ 370 ਧਾਰਾ ਖ਼ਤਮ ਕੀਤੀ, ਸੂਬੇ ਦੀ ਵੰਡ ਕੀਤੀ ਅਤੇ ਪ੍ਰਬੰਧ ਸਿੱਧਾ ਆਪਣੇ ਹੱਥ ਲਿਆ। ਕੀ ਇਹ ਜਮਹੂਰੀ ਕਦਰਾਂ ਕੀਮਤਾਂ ਦੀ ਉਲੰਘਣਾ ਨਹੀਂ ਹੈ?

ਸੰਵਿਧਾਨ ਅਨੁਸਾਰ ਕਾਰਜਪਾਲਿਕਾ, ਨਿਆਂਪਾਲਿਕਾ ਤੇ ਵਿਧਾਨ ਪਾਲਿਕਾ ਦੇ ਦਰਮਿਆਨ ਸੱਤਾ ਦੀ ਵੰਡ ਕੀਤੀ ਗਈ ਹੈ। ਇਸ ਵਿਚ ਕਿਸੇ ਵੀ ਸੰਸਥਾ ਨੂੰ ਸਰਬ ਸ਼ਕਤੀਮਾਨ ਬਣਨ ਦੀ ਖੁੱਲ੍ਹ



ਨਹੀਂ ਦਿੱਤੀ ਗਈ। ਪਰ ਇਸ ਸਮੇਂ ਪਾਰਲੀਮੈਂਟ ਉਤੇ ਕਾਬਜ਼ ਹਾਕਮ ਧਿਰ ਸੱਤਾ ਦੀ ਰਾਜਨੀਤੀ, ਲੋਕਾਂ ਅਤੇ ਸਰੋਤਾਂ ਉਤੇ ਬੇਇੰਤਹਾ ਕੰਟਰੋਲ ਕਰਨ ਦੇ ਰਾਹ ਉਤੇ ਹੈ।

ਕੇਂਦਰੀ ਸਰੋਤਾਂ ਦਾ ਵਪਾਰੀਕਰਨ, ਕੇਂਦਰੀਕਰਨ ਅਤੇ ਨਿੱਜੀਕਰਨ ਕੀਤਾ ਜਾ ਰਿਹਾ ਹੈ। ਸੱਤਾ ਪ੍ਰਾਪਤੀ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਮੀਡੀਆ ਉਤੇ ਪੂਰਾ ਕੰਟਰੋਲ ਕਰ ਕੇ, ਸ਼ਖਸੀ ਪ੍ਰਬੰਧਨ ਨੂੰ ਤਰਜੀਹ ਦੇ ਕੇ ਤਾਨਾਸ਼ਾਹੀ ਸੋਚ ਅਧੀਨ ਰਾਜ ਪ੍ਰਬੰਧ ਚਲਾਇਆ ਜਾ ਰਿਹਾ ਹੈ, ਜੋ ਦੇਰ-ਸਵੇਰ ਸੂਬਿਆਂ ਦੇ ਹੱਕਾਂ ਨੂੰ ਸੀਮਤ ਕਰਦਾ ਹੈ। ਕਈ ਵੇਰ ਸੂਬਿਆਂ ਤੇ ਕੇਂਦਰ ਵਿਚ ਟਕਰਾਅ ਇਸ ਕਰਕੇ ਵੀ ਵਧਦਾ ਹੈ ਕਿ ਸੂਬੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਫੰਡਾਂ ਦੀ ਲੋੜੀਂਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਜੀ.ਐਸ.ਟੀ. ਲਾਗੂ ਕਰਨ ਤੋਂ ਬਾਅਦ ਤਾਂ ਕਈ ਸੂਬੇ ਆਪਣੇ ਆਪ ਨਾਲ ਵਿਤਕਰੇ ਭਰਿਆ ਸਲੂਕ ਮਹਿਸੂਸ ਕਰ ਰਹੇ ਹਨ। ਪੱਛਮੀ ਬੰਗਾਲ ਦੀ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਇਸੇ ਕਰਕੇ ਕੇਂਦਰ ਪ੍ਰਤੀ ਰੋਹ ਨਾਲ ਭਰੀ ਰਹਿੰਦੀ ਹੈ। ਇਹੋ ਹਾਲ ਪੰਜਾਬ ਸਰਕਾਰ ਦਾ ਹੈ। ਪੇਂਡੂ ਵਿਕਾਸ ਫੰਡ ਮਾਮਲੇ ਉਤੇ ਉਹ ਸੁਪਰੀਮ ਕੋਰਟ ਦਾ ਰੁਖ਼ ਕਰਨ ਜਾ ਰਹੀ ਹੈ। ਪਹਿਲਾਂ ਵੀ ਰਾਜਪਾਲ ਪੰਜਾਬ ਦੇ ਵਤੀਰੇ ਸਬੰਧੀ ਸੂਬਾ ਸਰਕਾਰ ਨੇ ਸੁਪਰੀਮ ਕੋਰਟ 'ਚ ਪਹੁੰਚ ਕਰ ਕੇ ਰਾਹਤ ਪ੍ਰਾਪਤ ਕੀਤੀ ਸੀ।

ਸੰਵਿਧਾਨ ਦੀਆਂ ਧਾਰਾਵਾਂ 245 ਤੋਂ 263 ਵਿਚ ਕੇਂਦਰ ਅਤੇ ਸੂਬਿਆਂ ਦੇ ਹੱਕਾਂ ਦੀ ਵੰਡ ਕੀਤੀ ਹੋਈ ਹੈ। ਇਸ ਅਨੁਸਾਰ, ਯੂਨੀਅਨ (ਕੇਂਦਰ) ਲਿਸਟ, ਸਟੇਟ (ਰਾਜ) ਲਿਸਟ ਅਤੇ ਕਨਕਰੰਟ ਲਿਸਟ ਅਨੁਸਾਰ ਪਾਰਲੀਮੈਂਟ ਅਤੇ ਸੂਬਾ ਅਸੈਂਬਲੀਆਂ ਦੇ ਕੰਮਾਂ ਦੀ ਵੰਡ ਵੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕੇਂਦਰ ਸਰਕਾਰ, ਸੂਬਿਆਂ ਦੇ ਅਧਿਕਾਰਾਂ 'ਚ ਕਾਨੂੰਨ ਬਣਾਉਣ ਲੱਗਿਆਂ ਸਿੱਧਾ-ਅਸਿੱਧਾ ਰਾਜਾਂ ਦੇ ਹੱਕਾਂ 'ਚ ਦਖ਼ਲ ਦੇ ਹੀ ਜਾਂਦੀ ਹੈ। ਇਸ ਦੀ ਸਿੱਧੀ ਉਦਾਹਰਨ ਕੋਵਿਡ-19 ਸਮੇਂ ਦੀ ਹੈ, ਜਿਸ ਅਨੁਸਾਰ ਕੇਂਦਰ ਨੇ ਅਧਿਕਾਰਾਂ ਦੀ ਵੱਧ ਵਰਤੋਂ ਕਰਦਿਆਂ ਰਾਜਾਂ ਨੂੰ ਸਿੱਧੇ ਨਿਰਦੇਸ਼ ਦਿੱਤੇ ਜਦਕਿ ਸਿਹਤ ਸੂਬਿਆਂ ਦਾ ਵਿਸ਼ਾ ਹੈ।

ਇਸੇ ਕਿਸਮ ਦੇ ਹੋਰ ਮਸਲਿਆਂ ਸਬੰਧੀ ਸਿੱਧੇ ਦਖ਼ਲ ਨੂੰ ਸੂਬਿਆਂ ਦੀਆਂ ਸਰਕਾਰਾਂ ਨੇ ਵੰਗਾਰਿਆ ਹੈ। ਸੀ.ਏ.ਏ. ਨੂੰ ਕੇਰਲ ਸਰਕਾਰ ਨੇ 131 ਆਰਟੀਕਲ ਤਹਿਤ ਸੁਪਰੀਮ ਕੋਰਟ 'ਚ ਚੈਲਿੰਜ ਕੀਤਾ ਹੈ। ਛੱਤੀਸਗੜ੍ਹ ਨੇ ਐਨ.ਆਈ.ਏ. (ਨੈਸ਼ਨਲ ਇਨਵੈਸਟੀਗੇਸ਼ਨ ਐਕਟ 2008) ਨੂੰ ਚੈਲਿੰਜ ਕੀਤਾ ਹੈ। ਭਾਵ ਕੇਂਦਰ ਅਤੇ ਸੂਬਿਆਂ ਦਰਮਿਆਨ ਅਧਿਕਾਰਾਂ ਦੀ ਵੰਡ ਦੇ ਮਾਮਲੇ ਉਤੇ ਸਮੇਂ-ਸਮੇਂ 'ਤੇ ਸਵਾਲ ਉੱਠਦੇ ਰਹਿੰਦੇ ਹਨ। ਪਰ ਕੇਂਦਰ ਸਰਕਾਰ ਆਪਣੀ ਤਾਕਤ ਦੇ ਜ਼ੋਰ ਨਾਲ ਅਣਚਾਹਿਆ ਦਖ਼ਲ ਸੂਬਿਆਂ ਦੇ ਹੱਕਾਂ 'ਚ ਦੇਣ ਤੋਂ ਨਹੀਂ ਟਲਦੀ। ਜਿਸਦੇ ਸਿੱਟੇ ਵਜੋਂ ਸੂਬਿਆਂ ਦੇ ਲੋਕ, ਸਿਆਸੀ ਧਿਰ, ਖੁਦਮੁਖਤਿਆਰੀ ਅਤੇ ਵੱਧ ਅਧਿਕਾਰਾਂ ਦੀ ਮੰਗ ਕਰਦੀਆਂ ਹਨ।

ਅਨੰਦਪੁਰ ਸਾਹਿਬ ਦਾ ਮਤਾ ਇਸਦੀ ਇਕ ਉਦਾਹਰਨ ਹੈ, ਜੋ ਕਿ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਲਿਆਂਦਾ ਸੀ, ਜਿਸ ਅਨੁਸਾਰ ਸੂਬਿਆਂ ਲਈ ਵੱਧ ਅਧਿਕਾਰ ਅਤੇ ਖੁਦਮੁਖਤਿਆਰੀ ਦੀ ਮੰਗ ਕੀਤੀ ਗਈ ਹੈ। ਇਹ ਮਤਾ ਕਾਫ਼ੀ ਚਰਚਿਤ ਹੋਇਆ। ਦੇਸ਼ ਦੀਆਂ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਅਨੰਦਪੁਰ ਸਾਹਿਬ ਮਤੇ ਅਨੁਸਾਰ ਸੂਬਿਆਂ ਦੇ ਵੱਧ ਅਧਿਕਾਰਾਂ ਦੀ ਗੱਲ ਕਰਨ ਲੱਗੀਆਂ ਹਨ, ਕਿਉਂਕਿ ਉਹ ਵੇਖ ਰਹੀਆਂ ਹਨ ਕਿ ਸੂਬੇ ਦੇ ਵਿਕਾਸ ਲਈ ਵਧੇਰੇ ਵਿੱਤੀ ਸਾਧਨਾਂ ਲਈ ਉਨ੍ਹਾਂ ਨੂੰ ਕੇਂਦਰ ਉਤੇ ਝਾਕ ਰੱਖਣੀ ਪੈਂਦੀ ਹੈ। ਇਹੋ ਕਾਰਨ ਹੈ ਕਿ ਸੂਬਿਆਂ ਅਤੇ ਕੇਂਦਰ ਦੇ ਆਪਸੀ ਸਬੰਧ ਅਣਸੁਖਾਵੇਂ ਹੋ ਰਹੇ ਹਨ ਅਤੇ ਆਪਸੀ ਤਕਰਾਰ ਵੀ ਵਧਦੀ ਨਜ਼ਰ ਆਉਂਦੀ ਹੈ।

ਮੌਜੂਦਾ ਸਮੇਂ 'ਚ ਸੂਬਿਆਂ ਦੇ ਰਾਜਪਾਲਾਂ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਰਾਹੀਂ ਸੂਬਿਆਂ ਦੇ ਸਿਆਸੀ ਮਾਮਲਿਆਂ 'ਚ ਦਖ਼ਲ ਵਧ ਰਿਹਾ ਹੈ। ਕੇਂਦਰ ਰਾਜਾਂ ਦੇ ਅਧਿਕਾਰ ਹਥਿਆਉਂਦਾ ਰਹਿੰਦਾ ਹੈ। ਕੀ ਇਹ ਸੂਬਿਆਂ ਲਈ ਘਾਤਕ ਨਹੀਂ ਹੋਏਗਾ? ਕੇਂਦਰ ਦਾ ਸੂਬਿਆਂ ਦੇ ਵਿਕਾਸ ਅਤੇ ਸ਼ਾਸਨ ਵਿਚ ਸਿੱਧਾ ਦਖ਼ਲ ਕੇਂਦਰੀਕਰਨ ਵੱਲ ਵੱਡਾ ਕਦਮ ਹੈ ਜੋ ਕਿ ਭਾਰਤੀ ਸੰਵਿਧਾਨ ਦੀ ਰੂਹ ਦਾ ਕਤਲ ਹੈ।

# ਕੁਛ ਲੋਗ ਜ਼ਮਾਨੇ ਕੋ ਬਦਲ ਦੇਤੇ ਹੈਂ...

ਭਾਰਤ ਦੇ ਪਿਛਲੇ ਦੌਰੇ 'ਤੇ ਸ਼ਿਕਾਗੋ ਤੋਂ ਸ. ਗੁਰਦੀਪ ਸਿੰਘ ਨੇ ਪੈਸੇ ਭੇਜੇ ਕਿ ਇਹ ਲਚਕਾਣੀ ਪਿੰਡ ਪਹੁੰਚਾਉਣੇ ਹਨ ਜਿਥੇ

**ਠਾਕਰ ਸਿੰਘ ਬਸਾਤੀ**
**ਫੋਨ: 847-736-6092**

ਮੰਦਬੁੱਧੀ ਅਤੇ ਉਹ ਮਰੀਜ਼ ਜਿਨ੍ਹਾਂ ਦੇ ਕੀੜੇ ਪੈ ਜਾਂਦੇ ਹਨ, ਉਨ੍ਹਾਂ ਦਾ ਮੁਫ਼ਤ ਇਲਾਜ ਹੁੰਦਾ ਹੈ। ਪੁੱਛਦੇ-ਪੁਛਾਉਂਦੇ ਲਚਕਾਣੀ ਪਿੰਡ ਪਹੁੰਚੇ ਜੋ ਪਟਿਆਲੇ ਤੋਂ ਭਾਦਸੋਂ ਸੜਕ ਉਤੇ 6 ਕਿਲੋਮੀਟਰ ਦੀ ਦੂਰੀ 'ਤੇ ਹੈ। ਉਥੇ 'ਆਪਣਾ ਫਰਜ਼ ਸੁਸਾਇਟੀ' ਚਲਾ ਰਹੇ ਸ. ਸਤਪਾਲ ਸਿੰਘ ਖੜੌਦ ਆਪਣੇ ਸਹੁਰਿਆਂ ਦੀ ਜ਼ਮੀਨ 'ਤੇ ਦੋ ਵੱਡੇ ਹਾਲ ਕਮਰੇ ਬਣਵਾ ਰਹੇ ਹਨ ਜਿਥੇ 350 ਤੱਕ ਮਹਿਮਾਨ ਰੱਖੇ ਜਾ ਸਕਣਗੇ। ਵਿਚ ਲੰਗਰ, ਡਾਕਟਰ ਤੇ ਨਰਸਾਂ ਦੇ ਦਫ਼ਤਰ ਤੇ ਮਨੋਰੰਜਨ ਦਾ ਇੰਤਜ਼ਾਮ ਹੋਵੇਗਾ। ਪਿੰਡੋਂ ਸ. ਗੁਰਮੇਲ ਸਿੰਘ ਠੇਕੇਦਾਰ, ਸ. ਮਾਨ ਸਿੰਘ ਵੈਲਡਰ ਤੇ ਸ. ਅਮਰਜੀਤ ਸਿੰਘ ਇਲੈਕਟ੍ਰੀਸ਼ੀਅਨ ਨੂੰ ਨਾਲ ਲੈ ਕੇ ਗਏ ਤਾਂ ਕਿ ਉਹ ਇਸ ਸੰਸਥਾ ਨਾਲ ਜੁੜੇ ਰਹਿਣ। ਮੇਰੀ ਪਤਨੀ ਸਰਦਾਰਨੀ ਰਾਜਿੰਦਰ ਕੌਰ ਬਸਾਤੀ ਦਾ ਦਿਮਾਗੀ ਪ੍ਰੇਸ਼ਾਨੀ ਵਾਲੇ ਮਰੀਜ਼ਾਂ ਨਾਲ 40 ਸਾਲ ਤੋਂ ਵਧ ਤਜਰਬਾ ਹੈ। ਉਸ ਨੇ ਹਾਲਾਤ ਦੇਖਕੇ ਸੁਝਾਅ ਦਿੱਤਾ ਕਿ ਇਨ੍ਹਾਂ ਨੂੰ ਦਿਮਾਗੀ ਤੇ ਸਰੀਰਕ ਕਸਰਤ ਵਾਸਤੇ ਕੁਝ ਸਮਾਨ ਮੰਗਵਾ ਲਓ। ਸੋ, ਬੀਤੇ ਹਫ਼ਤੇ ਤਿੰਨੇ ਦੋਸਤ ਸੁਸਾਇਟੀ ਕੋਲ ਜਾ ਕੇ ਦਵਾਈਆਂ ਦੇ ਪੈਸੇ ਦੇ ਕੇ ਅਤੇ ਜੋ ਹੋਰ ਲੋੜੀਂਦੀਆਂ ਵਸਤੂਆਂ ਦੀ ਲੋੜ ਸੀ, ਦੇ ਆਏ।

ਇਹ ਸੁਸਾਇਟੀ ਬੜਾ ਨਿਵੇਕਲਾ ਫੈਸਲਾ ਹੈ ਕਿ ਉਹ ਖੁਦ ਨਕਦੀ ਪੈਸੇ ਨਹੀਂ ਲੈਂਦੇ। ਦਫ਼ਤਰ ਵਿਚ ਬੋਰਡ ਲੱਗਿਆ ਹੈ ਜਿਸ 'ਤੇ ਜ਼ਰੂਰਤ ਦੀਆਂ ਵਸਤਾਂ ਦੀ ਲਿਸਟ ਲੱਗੀ ਹੈ। ਦਾਨੀ ਸੱਜਣ ਉਸ ਵਿਚੋਂ ਚੁਣਕੇ ਸਮਾਨ ਦੇ ਜਾਂਦੇ ਹਨ। ਲਗਾਤਾਰ ਖਰਚੇ ਲਈ 50-60 ਪਰਿਵਾਰ ਜੁੜੇ ਹਨ ਜੋ ਨਕਦ ਪੈਸਾ ਬੈਂਕ ਵਿਚ ਜਮ੍ਹਾਂ ਕਰਵਾ ਦਿੰਦੇ ਹਨ।


ਸ਼ੁਰੂਆਤ ਰਾਜਿੰਦਰਾ ਹਸਪਤਾਲ ਦੀ ਪਾਰਕਿੰਗ ਲਾਟ ਤੋਂ ਹੋਈ ਜਿਥੇ ਇਕ ਮਰੀਜ਼ ਦਰਦ ਨਾਲ ਤੜਫ ਰਿਹਾ ਹੈ। ਲੱਤ 'ਤੇ ਪੱਟੀ ਬੰਨ੍ਹੀ ਹੋਈ ਸੀ। ਹਸਪਤਾਲ ਦੀ ਪਰਚੀ ਬਣੀ ਹੋਈ ਸੀ ਜਿਸ 'ਤੇ ਦਵਾਈ ਮਿਲ ਜਾਂਦੀ ਹੈ ਪਰ ਲੱਤ 'ਚ ਪਏ ਕੀੜੇ ਮਰਦੇ ਨਹੀਂ ਸੀ।ਸਰਦੀ ਦੇ ਦਿਨ ਸਨ। ਇਨ੍ਹਾਂ ਨੇ ਇਸ ਮਰੀਜ਼ ਨੂੰ ਮੋਟਰ 'ਤੇ ਲੈ ਆਂਦਾ। ਚਿਮਟੀ ਨਾਲ ਉਸ ਦੀ ਲੱਤ 'ਚੋਂ ਕੀੜੇ ਕੱਢੇ, ਫਿਰ ਦਵਾਈ ਲਗਾਈ। ਹੌਲੀ ਹੌਲੀ ਜ਼ਖ਼ਮ ਭਰਨ ਲੱਗ ਪਿਆ। ਅੱਜ ਉਹ ਸ਼ਖ਼ਸ ਬਿਲਕੁਲ ਠੀਕ ਹੈ।

ਹੌਲੀ ਹੌਲੀ ਕਾਫਲਾ ਵਧਦਾ ਗਿਆ। ਇਕ ਤੋਂ ਬਾਅਦ ਇਕ ਮਰੀਜ਼ ਮਿਲਦੇ ਗਏ। ਇਕ ਸ਼ਖ਼ਸ 20 ਸਾਲ ਤੋਂ ਨਹਾਇਆ ਨਹੀਂ ਸੀ ਪਰ ਧਾਰਮਿਕ ਸਥਾਨ 'ਤੇ ਸੇਵਾ ਕਰ ਰਿਹਾ ਸੀ। ਅੱਜ ਦੇ 70 ਮਹਿਮਾਨਾਂ ਦੀ ਆਪੋ-ਆਪਣੀ ਕਹਾਣੀ ਹੈ ਜੋ ਯੂਟਿਊਬ 'ਤੇ ਪਾਲ ਸਿੰਘ ਖੜੌਦ ਪਾ ਕੇ ਲੱਭੀ ਜਾ ਸਕਦੀ ਹੈ। ਇਕ ਗਊਸ਼ਾਲਾ ਤੋਂ ਦੋ ਔਰਤਾਂ ਤੇ 7 ਮੰਦਬੁੱਧੀ ਜੀਵ ਛੁਡਵਾ ਕੇ ਲਿਆਏ ਜਿਨ੍ਹਾਂ ਦਾ ਰੋਟੀ ਬਦਲੇ ਸਰੀਰਕ ਤੇ ਜਿਸਮਾਨੀ ਸ਼ੋਸ਼ਣ ਹੁੰਦਾ ਸੀ। ਅੱਜ ਗਊਸ਼ਾਲਾ ਦੇ ਕਈ ਪ੍ਰਬੰਧਕ ਜੇਲ੍ਹ ਦੀਆਂ ਸੀਖਾਂ ਪਿੱਛੇ ਹਨ ਜਿਸ ਕਰਕੇ ਸੁਸਾਇਟੀ ਨੂੰ ਧਮਕੀਆਂ ਵੀ ਮਿਲਦੀਆਂ ਹਨ ਤੇ ਕਰੋੜਾਂ ਰੁਪਏ ਤਕ ਦੀ ਰਿਸ਼ਵਤ ਵੀ ਪੇਸ਼ ਕੀਤੀ ਗਈ।

ਇਕ ਸ਼ਖ਼ਸ ਨੂੰ ਘਰਦੇ ਸਾਰਾ ਦਿਨ ਕੰਮ ਕਰਵਾ ਕੇ ਰਾਤੀਂ ਅਲਮੀਨੀਅਮ ਦੀ ਪੇਟੀ 'ਚ ਬੰਦ ਕਰ ਦਿੰਦੇ ਸਨ। ਛੇ ਫੁੱਟਾ ਕਬੱਡੀ ਖਿਡਾਰੀ ਜੋ ਹਰਜੀਤ ਬਾਜੇਖਾਨੇ ਦੇ ਜੋੜਾਂ ਦਾ ਖਿਡਾਰੀ ਸੀ, ਦੇ ਸਿਰ ਵਿਚ ਸੱਟਾਂ ਮਰਵਾ ਕੇ ਈਰਖਾਲੂਆਂ ਨੇ ਉਸ ਨੂੰ ਮੰਜੇ 'ਤੇ ਪਾ ਦਿੱਤਾ। ਇਕ ਪੁਲਿਸ ਅਧਿਕਾਰੀ ਜੋ 7 ਸਾਲਾਂ 'ਚ ਰਿਟਾਇਰ ਹੋਣ ਵਾਲਾ ਸੀ, ਘਰਵਾਲੀ ਦੇ ਤਲਾਕ ਤੋਂ ਮਾਨਸਿਕ ਸੰਤੁਲਨ ਖੋ ਬੈਠਾ। ਉਹ ਵੀ ਇਨ੍ਹਾਂ ਕੋਲ ਵਕਤ ਕੱਟੀ ਕਰ ਰਿਹਾ ਹੈ। ਇਕ ਇਨਸਾਨ ਦਿਮਾਗੀ ਪ੍ਰੇਸ਼ਾਨੀ 'ਚ ਆ ਕੇ ਸਿਰਫ਼ ਪਿੰਡ ਦਾ ਨਾਂ ਹੀ ਪੁਕਾਰਦਾ ਸੀ ਜਿਸ ਨੂੰ ਇਹ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵਾਪਸ ਛੱਡ ਕੇ ਆਏ। ਇਕ ਮਰੀਜ਼ ਦੀ ਭੈਣ 15 ਸਾਲਾਂ ਤੋਂ ਜਰਮਨੀ ਰਹਿ ਰਹੀ ਸੀ, ਉਸ ਨੇ ਸੋਚ ਲਿਆ ਸੀ ਕਿ ਭਰਾ ਗੁਜ਼ਰ ਗਿਆ। ਮਾਨਸਿਕ ਸੰਤੁਲਨ ਠੀਕ ਹੋਣ ਤੋਂ ਬਾਅਦ ਉਹ ਉਸ ਨੂੰ ਆਕੇ ਮਿਲੀ। ਇਕ ਸ਼ਖ਼ਸ 20 ਸਾਲ ਤੋਂ ਗਾਇਬ ਸੀ, ਭਰਾਵਾਂ ਨੇ ਜਾਇਦਾਦ ਵੀ ਵੰਡ ਲਈ ਸੀ। ਜਦੋਂ ਇਨ੍ਹਾਂ ਨੇ ਮਿਲਾਪ ਕਰਾਇਆ ਤਾਂ ਮਰੀਜ਼ ਨੇ ਆਪਣੇ ਭਰਾ ਨਾਲ ਹੱਥ ਮਿਲਾਇਆ ਤੇ ਕਹਿੰਦਾ, "ਇਹ ਮੇਰੇ ਭਰਾ ਦਾ ਹੱਥ ਹੈ।" ਅਜਿਹੀਆਂ ਹੋਰ ਬਹੁਤ ਕਹਾਣੀਆਂ ਨੇ!

ਹੁਣ 70 ਮਹਿਮਾਨਾਂ ਦਾ ਖਾਣਾ ਘਰੋਂ ਬਣ ਕੇ ਆਉਂਦਾ ਹੈ। ਦੋ-ਤਿੰਨ ਨੌਕਰ ਰੱਖੇ ਨੇ, ਫਿਰ ਵੀ ਹਰ ਰੋਜ਼ ਮੁਫ਼ਤ ਖਾਣਾ ਖਵਾਣਾ ਖਾਲਾ ਜੀ ਦਾ ਵਾੜਾ ਨਹੀਂ। ਆਪਣਾ ਫਰਜ਼ ਸੁਸਾਇਟੀ ਨਾਲ ਫੋਨ ਨੰਬਰ 91-7307000085ਜਾਂ ਵੈਬਸਾਈਟ apnafarzsociety.org'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਰਿਅਨ ਖਾਨ ਦੀ ਆਮਦ



ਅਦਾਕਾਰ ਸ਼ਾਹਰੁਖ ਖਾਨ ਦਾ ਪੁੱਤਰ ਆਰਿਅਨ ਖਾਨ ਅਦਾਕਾਰੀ ਵਿਚ ਨਹੀਂ ਸਗੋਂ ਫਿਲਮ ਨਿਰਦੇਸ਼ਨ ਤੇ ਲੇਖਨ ਦੇ ਖੇਤਰ ਵਿਚ ਅੱਗੇ ਵਧਣਾ ਚਾਹੁੰਦਾ ਹੈ। ਇਸ ਵੇਲੇ ਆਰੀਅਨ ਇੱਕ ਸ਼ੋਅ 'ਤੇ ਕੰਮ ਕਰ ਰਿਹਾ ਹੈ। ਨਿਰਦੇਸ਼ਕ ਵਜੋਂ ਆਰਿਅਨ ਦੇ ਇਸ ਪਹਿਲੇ ਸ਼ੋਅ ਦਾ ਨਾਂ 'ਸਟਾਰਡਮ' ਰੱਖਿਆ ਗਿਆ ਹੈ। ਛੇ ਐਪੀਸੋਡ ਦੀ ਇਹ ਸੀਰੀਜ਼ ਹਾਲੇ ਨਿਰਮਾਣ ਅਧੀਨ ਹੈ ਜੋ ਫਿਲਮ ਸਨਅਤ ਵਿਚ ਨਾਕਾਮਯਾਬ ਰਹੇ ਕਲਾਕਾਰਾਂ 'ਤੇ ਆਧਾਰਿਤ ਹੋਵੇਗਾ।

ਇਸ ਸੀਰੀਜ਼ ਦਾ ਨਿਰਮਾਣ ਆਰਿਅਨ ਦੇ ਪਿਤਾ ਦੇ ਪ੍ਰੋਡਕਸ਼ਨ ਹਾਊਸ 'ਰੈੱਡ ਚਿਲੀਜ਼ ਐਂਟਰਟੇਨਮੈਂਟ' ਵੱਲੋਂ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕਈ ਸਾਲ ਪਹਿਲਾਂ ਇੱਕ ਟਾਕ ਸ਼ੋਅ ਦੌਰਾਨ ਮੇਜ਼ਬਾਨ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਸ਼ਾਹਰੁਖ ਖਾਨ ਨੇ ਕਿਹਾ ਸੀ ਕਿ ਆਰਿਅਨ ਅਦਾਕਾਰੀ ਦੇ ਖੇਤਰ ਵਿਚ ਨਹੀਂ ਆਉਣਾ ਚਾਹੁੰਦਾ ਕਿਉਂਕਿ ਇਸ ਖੇਤਰ ਵਿਚ ਉਸ ਦੀ ਤੁਲਨਾ ਸਦਾ ਉਸ ਦੇ ਪਿਤਾ ਨਾਲ ਕੀਤੀ ਜਾਵੇਗੀ। ਇਸ ਦੀ ਥਾਂ ਆਰਿਅਨ ਫਿਲਮ ਨਿਰਦੇਸ਼ਨ ਤੇ ਫਿਲਮ ਨਿਰਮਾਣ ਦੇ ਖੇਤਰ ਵਿਚ ਅੱਗੇ ਵਧਣਾ ਚਾਹੁੰਦਾ ਹੈ। ਗ਼ੌਰਤਲਬ ਹੈ ਕਿ 'ਸਟਾਰਡਮ' ਤੋਂ ਇਲਾਵਾ ਹਾਲ ਹੀ ਵਿਚ ਆਰਿਅਨ ਨੇ ਇੱਕ ਐਡ ਫਿਲਮ ਵੀ ਤਿਆਰ ਕੀਤੀ ਹੈ ਜਿਸ ਵਿਚ ਉਸ ਨੇ ਆਪਣੇ ਪਿਤਾ ਨੂੰ ਨਿਰਦੇਸ਼ਿਤ ਕੀਤਾ ਹੈ।

# ਕਾਨ ਮੇਲੇ ਵਿਚ ਸਾਰਾ ਅਲੀ ਖਾਨ ਦਾ ਜਲਵਾ

ਫਰਾਂਸ ਵਿਚ ਚੱਲ ਰਹੇ 76ਵੇਂ ਕਾਨ ਫਿਲਮ ਫੈਸਟੀਵਲ ਵਿਚ ਅਦਾਕਾਰਾ ਸਾਰਾ ਅਲੀ ਖਾਨ ਅਤੇ ਮਾਨੁਸ਼ੀ ਛਿੱਲਰ ਪਹਿਲੀ ਵਾਰ ਸ਼ਾਮਲ ਹੋਈਆਂ ਹਨ। ਇਸ ਮੌਕੇ ਰੈੱਡ ਕਾਰਪੈੱਟ 'ਤੇ ਉਤਰਨ ਵੇਲੇ ਸਾਰਾ ਨੇ ਭਾਰਤੀ ਡਿਜ਼ਾਈਨਰਾਂ ਵੱਲੋਂ ਤਿਆਰ ਕੀਤਾ ਕਰੀਮ ਰੰਗ ਦਾ ਲਹਿੰਗਾ ਪਾਇਆ ਹੋਇਆ ਸੀ। ਅਦਾਕਾਰਾ ਦੀ ਇਸ ਦੇਸੀ ਲੁੱਕ 'ਤੇ ਉਸ ਦੇ ਪ੍ਰਸ਼ੰਸਕਾਂ ਵੱਲੋਂ ਬੇਹਦ ਪਿਆਰ ਦਿੱਤਾ ਜਾ ਰਿਹਾ ਹੈ। ਸਾਰਾ ਨੇ ਇਸ ਪੁਸ਼ਾਕ ਵਿਚ ਖਿਚਵਾਈਆਂ ਆਪਣੀਆਂ ਕੁਝ ਤਸਵੀਰਾਂ ਇੰਸਟਾਗ੍ਰਾਮ 'ਤੇ ਵੀ ਸਾਂਝੀਆਂ ਕੀਤੀਆਂ ਹਨ।



ਇਸ ਦੇ ਨਾਲ ਹੀ ਅਦਾਕਾਰਾ ਨੇ ਜੌਨੀ ਡੈੱਪ ਦੀ ਫਿਲਮ 'ਜੀਨ ਦੂ ਬੈਰੀ' ਦੇ ਪ੍ਰੀਮੀਅਰ ਮੌਕੇ ਦੀਆਂ ਝਲਕੀਆਂ ਵੀ ਸਾਂਝੀਆਂ ਕੀਤੀਆਂ ਹਨ। ਇਸ ਦੌਰਾਨ ਸਾਬਕਾ ਵਿਸ਼ਵ ਸੁੰਦਰੀ ਤੇ ਅਦਾਕਾਰਾ ਮਾਨੁਸ਼ੀ ਛਿੱਲਰ ਨੇ ਵੀ ਫੇਵਾਰੀ ਵੱਲੋਂ ਤਿਆਰ ਕੀਤੀ ਗਈ ਸਫੇਦ ਰੰਗ ਦੀ ਝਾਲਰ ਵਾਲੀ ਪੁਸ਼ਾਕ ਪਹਿਨ ਕੇ ਰੈੱਡ ਕਾਰਪੈੱਟ 'ਤੇ ਐਂਟਰੀ ਲਈ। ਇਸ ਨਾਲ ਅਦਾਕਾਰਾ ਨੇ ਗਲੇ 'ਚ ਇੱਕ ਸੋਹਣਾ ਹਾਰ ਪਾਇਆ ਹੋਇਆ ਸੀ।

ਉਧਰ, ਅਦਾਕਾਰਾ ਐਸ਼ਵਰਿਆ ਰਾਏ ਬੱਚਨ ਕਾਨ ਫਿਲਮ ਫੈਸਟੀਵਲ ਵਿਚ ਨਵੇਂ ਅੰਦਾਜ਼ ਵਿਚ ਰੈੱਡ ਕਾਰਪੈੱਟ 'ਤੇ ਪੁੱਜੀ। ਸਿਲਵਰ ਰੰਗ ਦੀ ਪੁਸ਼ਾਕ ਵਿਚ ਪੁੱਜੀ ਐਸ਼ਵਰਿਆ ਨੇ ਆਪਣਾ ਸਿਰ ਪੂਰਾ ਢਕਿਆ ਹੋਇਆ ਸੀ ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਹੋ ਗਿਆ। ਦੱਸਣਾ ਬਣਦਾ ਹੈ ਕਿ ਐਸ਼ਵਰਿਆ ਸਾਲ 2002 ਤੋਂ ਲਗਾਤਾਰ ਕਾਨ ਫਿਲਮ ਫੈਸਟੀਵਲ ਵਿਚ ਆ ਰਹੀ ਹੈ। ਉਸ ਨੇ ਬੀਤੇ ਦਿਨ ਹੌਲੀਵੁੱਡ ਦੇ ਦਿੱਗਜ ਹੈਰੀਸਨ ਫੋਰਡ ਦੀ ਪੰਜਵੀਂ 'ਇੰਡੀਆਨਾ ਜੋਨਜ਼' ਫਿਲਮ 'ਦਿ ਡਾਇਲ ਆਫ ਡੈਸਟਿਨੀ' ਦੇ ਪ੍ਰੀਮੀਅਰ ਵਿਚ ਸ਼ਿਰਕਤ ਕੀਤੀ। ਸੋਸ਼ਲ ਮੀਡੀਆ 'ਤੇ 49 ਸਾਲਾ ਅਦਾਕਾਰਾ ਦੇ ਸਿਲਵਰ ਰੰਗ ਦੇ ਗਾਊਨ ਦੀ ਹਰ ਪਾਸੇ ਚਰਚਾ ਹੋ ਰਹੀ ਹੈ ਜੋ ਉਪਰੋਂ ਹੁੱਡੀ ਵਾਂਗ ਸੀ। ਇਸ ਤੋਂ ਬਾਅਦ ਐਸ਼ਵਰਿਆ ਨੇ ਫੋਟੋਗ੍ਰਾਫਰਾਂ ਲਈ ਪੋਜ਼ ਦਿੱਤੇ। ਲੇਬਲ ਦੇ ਅਧਿਕਾਰਤ ਇੰਸਟਾਗ੍ਰਾਮ ਪੇਜ ਅਨੁਸਾਰ ਇਹ ਪਹਿਰਾਵਾ ਕਾਨ ਕੈਪਸੂਲ ਕੁਲੈਕਸ਼ਨ ਦਾ ਹਿੱਸਾ ਹੈ। ਇਸ ਹਫਤੇ ਦੇ ਸ਼ੁਰੂ ਵਿਚ ਐਸ਼ਵਰਿਆ ਆਪਣੀ ਬੇਟੀ ਅਰਾਧਿਆ ਨਾਲ ਫਰਾਂਸ ਪੁੱਜੀ ਸੀ ਜਿਸ ਦੀ ਹਰੇ ਰੰਗ ਦੀ ਪੁਸ਼ਾਕ ਦੀ ਵੀ ਖੂਬ ਚਰਚਾ ਹੋਈ ਸੀ।

ਇਸੇ ਦੌਰਾਨ ਫਰਾਂਸੀਸੀ ਫੋਟੋਗ੍ਰਾਫਰਾਂ ਨੇ ਕਾਨ ਫਿਲਮ ਫੈਸਟੀਵਲ ਦੌਰਾਨ ਰੈੱਡ ਕਾਰਪੈੱਟ 'ਤੇ ਮੌਜੂਦ ਬੌਲੀਵੁੱਡ ਅਦਾਕਾਰਾ ਉਰਵਸ਼ੀ ਰੌਤੇਲਾ ਨੂੰ ਐਸ਼ਵਰਿਆ ਰਾਏ ਸਮਝ ਲਿਆ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿਚ ਫੋਟੋਗ੍ਰਾਫਰ ਉਰਵਸ਼ੀ ਨੂੰ ਐਸ਼ਵਰਿਆ ਰਾਏ ਕਹਿੰਦੇ ਸੁਣਾਈ ਦਿੰਦੇ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿਚ ਫਿਲਮ 'ਕਾਇਬ੍ਰਤਸੂ' ਦੀ ਸਕਰੀਨਿੰਗ ਦੌਰਾਨ ਉਰਵਸ਼ੀ ਰੈੱਡ ਕਾਰਪੈੱਟ 'ਤੇ ਤੁਰਦੀ ਨਜ਼ਰ ਆ ਰਹੀ ਹੈ ਅਤੇ ਉਸ ਨੇ ਹਲਕੇ ਸੰਤਰੀ ਰੰਗ ਦਾ 'ਗਾਊਨ' ਪਹਿਨਿਆ ਹੋਇਆ ਹੈ। ਇਸ ਦੌਰਾਨ ਭੀੜ ਵਿਚੋਂ ਉਰਵਸ਼ੀ ਨੂੰ ਕੋਈ ਐਸ਼ਵਰਿਆ ਕਹਿ ਕੇ ਆਵਾਜ਼ ਮਾਰਦਾ ਹੈ ਅਤੇ ਉਹ ਇਕਦਮ ਪਿੱਛੇ ਮੁੜ ਕੇ ਦੇਖਦੀ ਹੈ ਤੇ ਹੱਸਦੀ ਹੈ।

# ਪੰਜਾਬੀ ਫਿਲਮ 'ਜੋੜੀ' ਦੀਆਂ ਰੌਣਕਾਂ

**ਅੰਗਰੇਜ ਸਿੰਘ ਵਿਰਦੀ**
**ਫੋਨ: +91-94646-28857**

ਇਸ 'ਜੋੜੀ' ਨੇ ਪੰਜਾਬੀ ਸਿਨਮਾ ਵਿਚ ਰੌਣਕਾਂ ਲਾ ਦਿੱਤੀਆਂ ਹਨ ਜਿਸ ਨੂੰ ਦਰਸ਼ਕਾਂ ਵੱਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਸਿਨਮਾ ਘਰਾਂ ਵਿਚ ਸਫਲਤਾ ਨਾਲ ਚੱਲ ਰਹੀ ਪੰਜਾਬੀ ਫਿਲਮ 'ਜੋੜੀ' ਅੱਸੀ ਦੇ ਦਹਾਕੇ ਦੀ ਪੰਜਾਬੀ ਸੰਗੀਤ ਜਗਤ ਦੀ ਦੁਨੀਆ ਨੂੰ ਫਿਲਮੀ ਪਰਦੇ 'ਤੇ ਪੇਸ਼ ਕਰਦੀ ਹੈ। ਇਹ ਅਜਿਹੀ ਫਿਲਮ ਹੈ ਜਿਸ ਨੂੰ ਪੰਜਾਬ ਦੀ ਮਸ਼ਹੂਰ ਦੋਗਾਣਾ ਜੋੜੀ ਅਮਰ ਸਿੰਘ ਚਮਕੀਲਾ ਅਤੇ ਬੀਬੀ ਅਮਰਜੋਤ ਕੌਰ ਦੀ ਜ਼ਿੰਦਗੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਇਸ ਫਿਲਮ ਦੀ ਕਹਾਣੀ ਫਿਲਮ ਨਿਰਦੇਸ਼ਕ, ਅਦਾਕਾਰ ਅਤੇ ਲੇਖਕ ਅੰਬਰਦੀਪ ਸਿੰਘ ਵੱਲੋਂ ਲਿਖੀ ਗਈ ਹੈ। ਅੰਬਰਦੀਪ ਸਿੰਘ ਦੀ ਹੀ ਨਿਰਦੇਸ਼ਨਾ ਵਿਚ ਬਣੀ ਇਹ ਫਿਲਮ ਵੀ ਉਨ੍ਹਾਂ ਦੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਪੰਜਾਬੀਅਤ ਦੀ ਬਾਤ ਪਾਉਂਦੀ ਹੈ। ਇਹ ਫਿਲਮ ਇੱਕ ਗਾਇਕ ਜੋੜੀ ਦੀ ਜੀਵਨੀ ਨਹੀ ਸਗੋਂ ਇਸ ਫਿਲਮ ਵਿਚ ਅੰਬਰਦੀਪ ਨੇ ਆਪਣੀ ਲਿਖਣ ਕਲਾ ਨਾਲ ਪੰਜਾਬੀ ਰਹਿਣ ਸਹਿਣ, ਪੰਜਾਬੀ ਸੋਚ, ਪੰਜਾਬੀਆਂ ਦੇ ਹਾਸੇ ਠੱਠੇ, ਪੰਜਾਬੀਆਂ ਦੇ ਦਿਲ ਦੇ ਵਲਵਲੇ ਉਨ੍ਹਾਂ ਦੀ ਮੁਹੱਬਤ, ਕੋਮਲਤਾ, ਈਰਖਾ, ਬਹਾਦਰੀ, ਸਿਰੜ ਅਤੇ ਕਿਰਤ ਦੀ ਬਾਤ ਪਾਈ ਹੈ। ਅੰਬਰਦੀਪ ਨੇ ਅਜਿਹੇ ਦ੍ਰਿਸ਼ ਸਿਰਜੇ ਹਨ ਜੋ ਇੰਝ ਲੱਗਦੇ ਹਨ ਕਿ ਜੋ ਅਸੀਂ ਦੇਖ ਰਹੇ ਹਾਂ ਉਹ ਤਾਂ ਹੈ ਹੀ ਪਰ ਉਨ੍ਹਾਂ ਦ੍ਰਿਸ਼ਾਂ ਦੇ ਪਿੱਛੇ ਵੀ ਇੱਕ ਸੰਸਾਰ ਖੜ੍ਹਾ ਹੈ ਜੋ ਅਦ੍ਰਿਸ਼ ਹੈ ਜਿਸ ਨੂੰ






*ਫਿਲਮ ਜੋੜੀ ਦਾ ਪੋਸਟਰ ਅਤੇ ਫਿਲਮ ਦੇ ਇਕ ਦ੍ਰਿਸ਼ ਵਿਚ ਦਿਲਜੀਤ ਦੁਸਾਂਝ ਅਤੇ ਨਿਮਰਤ ਖਹਿਰਾ।*

ਸਮਝਣ ਲਈ ਸੂਖਮਤਾ ਦੀ ਲੋੜ ਹੈ।

ਅੱਸੀ ਦੇ ਦਹਾਕੇ ਦੀ ਅਖਾੜਾ ਗਾਇਕੀ ਨੂੰ ਪੇਸ਼ ਕਰਦੀ ਉਸ ਜ਼ਮਾਨੇ ਦੀ ਗਾਇਕੀ, ਉਨ੍ਹਾਂ ਦੀ ਮਿਹਨਤ, ਅਖਾੜਾ ਗਾਇਕੀ ਦੇ ਪਿੜ ਵਿਚ ਖੁਦ ਨੂੰ ਸਥਾਪਿਤ ਕਰਨ ਦੀ ਜੱਦੋਜਹਿਦ, ਅਖਾੜਿਆਂ ਲਈ ਉਨ੍ਹਾਂ ਦੀ ਇੱਕ ਦੂਜੇ ਨਾਲ ਮੁਕਾਬਲੇ ਦੀ ਭਾਵਨਾ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਬਿਹਤਰੀਨ ਢੰਗ ਨਾਲ ਵਿਖਾਉਂਦੀ ਇਹ ਇੱਕ ਉੱਤਮ ਫਿਲਮ ਹੈ। ਬਿੰਦ ਮੋਸ਼ਨ ਪਿਕਚਰਜ਼ ਅਤੇ ਰਿਦਮ ਬੁਆਏਜ਼ ਐਂਟਰਟੇਨਮੈਂਟ ਦੇ ਬੈਨਰ ਦੀ ਇਸ ਫਿਲਮ ਦੇ ਨਿਰਮਾਤਾ ਹਨ ਕਾਰਜ ਗਿੱਲ ਅਤੇ ਦਲਜੀਤ ਥਿੰਦ। ਕਹਾਣੀ ਅਤੇ ਪਟਕਥਾ ਅੰਬਰਦੀਪ ਸਿੰਘ ਨੇ ਲਿਖੀ ਹੈ। ਇਸ ਦੇ ਮੁੱਖ ਕਿਰਦਾਰਾਂ ਵਿਚ ਦਿਲਜੀਤ ਦੁਸਾਂਝ ਅਤੇ ਨਿਮਰਤ ਖਹਿਰਾ ਹਨ। ਫਿਲਮ ਦੇ ਗੀਤ ਰਾਜ ਰਣਜੋਧ, ਹੈਪੀ ਰਾਏਕੋਟੀ, ਵੀਤ ਬਲਜੀਤ, ਹਰਸਿਮਰਜੀਤ ਸਿੰਘ ਅਤੇ ਬਾਬੂ ਸਿੰਘ ਮਾਨ ਨੇ ਲਿਖੇ ਹਨ ਜਿਨ੍ਹਾਂ ਨੂੰ ਆਵਾਜ਼ਾਂ ਦਿੱਤੀਆਂ ਹਨ ਦਿਲਜੀਤ ਦੁਸਾਂਝ, ਨਿਮਰਤ ਖਹਿਰਾ, ਰਾਜ ਰਣਜੋਧ ਅਤੇ ਸਿਮਰਨ ਕੌਰ ਧਾਂਡਲੀ ਨੇ।

ਫਿਲਮ ਦੀ ਕਹਾਣੀ ਇੱਕ ਅਜਿਹੇ ਗਾਇਕ ਅਮਰ ਸਿਤਾਰਾ (ਅਦਾਕਾਰ ਦਿਲਜੀਤ ਦੁਸਾਂਝ) ਦੇ ਦੁਆਲੇ ਘੁੰਮਦੀ ਦਿਖਾਈ ਗਈ ਹੈ ਜੋ ਗ਼ਰੀਬ ਘਰ ਤੋਂ ਉੱਠ ਕੇ ਆਪਣੀ ਗੀਤਕਾਰੀ ਅਤੇ ਗਾਇਕੀ ਦੇ ਦਮ 'ਤੇ ਸਫਲਤਾ ਦੇ ਅੰਬਰੀ ਉਡਾਰੀਆਂ ਮਾਰਦਾ ਹੈ। ਉਹ ਪੰਜਾਬ ਵਿਚ ਪ੍ਰਚੱਲਿਤ ਅਖਾੜਾ ਗਾਇਕੀ ਦਾ ਚੋਟੀ ਦਾ ਕਲਾਕਾਰ ਬਣਦਾ ਹੈ। ਇਸ ਵਿਚ ਉਸ ਦਾ ਸਾਥ ਦਿੰਦੀ ਹੈ ਗਾਇਕਾ ਕਮਲਜੋਤ (ਅਦਾਕਾਰਾ ਨਿਮਰਤ ਖਹਿਰਾ) ਜਿਸ ਨਾਲ ਮਿਲ ਕੇ ਅਮਰ ਸਿਤਾਰਾ ਸਫਲ ਦੋਗਾਣਾ ਜੋੜੀ ਬਣਾਉਂਦਾ ਹੈ ਪਰ ਉਸ ਦੀ ਇਹ ਸਫਲਤਾ ਉਸ ਦੇ ਸਮਕਾਲੀ ਕਲਾਕਾਰਾਂ ਨੂੰ ਰਾਸ ਨਹੀਂ ਆਉਂਦੀ। ਉਹ ਵਿਹਲੇ ਬੈਠਣ ਲਈ ਮਜਬੂਰ ਹੋ ਜਾਂਦੇ ਹਨ ਕਿਉਂਕਿ ਹਰ ਵਿਆਹ ਸ਼ਾਦੀ 'ਤੇ ਸਭ ਲੋਕਾਂ ਦੀ ਇਹੋ ਖਾਹਿਸ਼ ਹੈ ਕਿ ਉਹ ਸਿਤਾਰਾ-ਕਮਲਜੋਤ ਦਾ ਹੀ ਅਖਾੜਾ ਲਗਵਾਉਣ। ਫਿਰ ਸਿਤਾਰੇ ਦੇ ਵਿਰੋਧੀ ਕਲਾਕਾਰ ਉਸ ਨੂੰ ਹੇਠਾਂ ਸੁੱਟਣ ਦੀਆਂ ਸਕੀਮਾਂ ਘੜਦੇ ਰਹਿੰਦੇ ਹਨ। ਇਸ ਦੇ ਬਾਵਜੂਦ ਸਿਤਾਰਾ ਤੇ ਕਮਲਜੋਤ ਦੀ ਲੋਕਪ੍ਰਿਅਤਾ ਵਿਚ ਕੋਈ ਕਮੀ ਨਹੀਂ ਆਉਂਦੀ।

ਫਿਲਮ ਵਿਚ ਜੇਕਰ ਅਦਾਕਾਰੀ ਦੀ ਗੱਲ ਕਰੀਏ ਤਾਂ ਮੁੱਖ ਅਦਾਕਾਰ ਦਿਲਜੀਤ ਦੁਸਾਂਝ ਨੇ ਆਪਣੇ ਕਿਰਦਾਰ ਅਮਰ ਸਿਤਾਰਾ ਨੂੰ ਜੀਵਿਆ ਹੈ। ਉਸ ਨੇ ਆਪਣੀ ਬਿਹਤਰੀਨ ਅਦਾਕਾਰੀ ਨਾਲ ਆਪਣੇ ਕਿਰਦਾਰ ਵਿਚ ਜਾਨ ਪਾਈ ਹੈ। ਅਦਾਕਾਰਾ ਨਿਮਰਤ ਖਹਿਰਾ ਨੇ ਆਪਣੀ ਮਾਸੂਮ ਦਿਖ, ਬੋਲਦੀਆਂ ਅੱਖਾਂ ਅਤੇ ਚਿਹਰੇ ਦੇ ਹਾਵਭਾਵ ਨਾਲ ਜਿਸ ਤਰ੍ਹਾਂ ਆਪਣੇ ਕਿਰਦਾਰ ਨੂੰ ਨਿਭਾਇਆ ਹੈ ਉਸ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਉਹ ਘੱਟ ਹੈ। ਨਿਮਰਤ ਖਹਿਰਾ ਦੇ ਫਿਲਮੀ ਕਰੀਅਰ ਦੀ ਇਹ ਬਿਹਤਰੀਨ ਫਿਲਮ ਹੈ।

ਫਿਲਮ ਵਿਚ ਤੀਸਰਾ ਕਿਰਦਾਰ ਹੈ ਭੋਲਾ (ਅਦਾਕਾਰ ਰਵਿੰਦਰ ਮੰਡ) ਜੋ ਬਹੁਤ ਹੀ ਸੁਲਝਿਆ ਹੋਇਆ ਅਦਾਕਾਰ ਹੈ। ਫਿਲਮ ਵਿਚ ਉਸ ਦਾ ਕਿਰਦਾਰ ਅਮਰ ਸਿਤਾਰਾ ਦੇ ਦੋਸਤ ਅਤੇ ਮਗਰੋਂ ਸੈਕਟਰੀ ਦਾ ਹੈ ਜੋ ਅਮਰ ਸਿਤਾਰੇ ਦੇ ਗਾਇਕੀ ਕਰੀਅਰ ਨੂੰ ਉੱਚੇ ਮੁਕਾਮ 'ਤੇ ਲੈ ਕੇ ਜਾਣ ਵਿਚ ਉਸ ਦੀ ਮਦਦ ਕਰਦਾ ਹੈ। ਮੰਝੇ ਹੋਏ ਅਦਾਕਾਰ ਹਰਦੀਪ ਗਿੱਲ ਨੇ ਫਿਲਮ ਵਿਚ ਆਪਣੀ ਸਜੀਵ ਅਦਾਕਾਰੀ ਨਾਲ ਅੱਸੀਵਿਆਂ ਦੇ ਦੌਰ ਦੇ ਸੰਗੀਤ ਉਸਤਾਦਾਂ ਦੇ ਆਪਣੇ ਸ਼ਾਗਿਰਦਾਂ ਨੂੰ ਸੰਗੀਤ ਸਿਖਾਉਣ ਦੇ ਤਰੀਕਿਆਂ ਨੂੰ ਹੂਬਹੂ ਪੇਸ਼ ਕੀਤਾ ਹੈ। ਉਸ ਦੇ ਸ਼ਾਗਿਰਦ ਦਾ ਉਸ ਨਾਲੋਂ ਵੱਧ ਮਸ਼ਹੂਰ ਹੋਣ ਕਰ ਕੇ ਜੋ ਉਸ ਦੇ ਅੰਦਰ ਈਰਖਾ ਦਾ ਇੱਕ ਦਵੰਦ ਚੱਲਦਾ ਹੈ, ਉਸ ਨੂੰ ਹਰਦੀਪ ਗਿੱਲ ਨੇ ਪਰਦੇ 'ਤੇ ਬਾਖੂਬੀ ਪੇਸ਼ ਕੀਤਾ ਹੈ।

ਫਿਲਮ ਵਿਚ ਬਹੁਤ ਸਾਰੇ ਅਜਿਹੇ ਦ੍ਰਿਸ਼ ਹਨ ਜਿਨ੍ਹਾਂ ਨੂੰ ਵੇਖ ਕੇ ਤੁਹਾਡੀ ਰੂਹ ਝੰਜੋੜੀ ਜਾਂਦੀ ਹੈ। ਫਿਲਮ ਦਾ ਗੀਤ ਸੰਗੀਤ ਵੀ ਬਹੁਤ ਵਧੀਆ ਹੈ ਜੋ ਅੱਸੀ ਦੇ ਦਹਾਕੇ ਦੀ ਯਾਦ ਦਿਵਾਉਂਦਾ ਹੈ। ਤੂੰਬੀ, ਢੋਲਕੀ, ਹਾਰਮੋਨੀਅਮ ਅਤੇ ਹੋਰ ਦੇਸੀ ਸਾਜ਼ਾਂ ਨਾਲ ਗਾਏ ਇਸ ਦੇ ਸਾਰੇ ਗੀਤ ਹੀ ਸੰਗੀਤ ਪ੍ਰੇਮੀਆਂ ਵੱਲੋਂ ਬੇਹੱਦ ਪਸੰਦ ਕੀਤੇ ਜਾ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਕਿੰਨੇ ਚਿਰਾਂ ਬਾਅਦ ਅਜਿਹੀ ਫਿਲਮ ਦੇਖਣ ਨੂੰ ਮਿਲੀ ਹੈ।

ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ


# 'ਪੰਜਾਬ ਟਾਈਮਜ਼ ਨਾਈਟ'


**8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004


ਪ੍ਰੋ. ਜੋਗਿੰਦਰ ਸਿੰਘ ਰਮਦੇਵ


ਸ. ਅਮੋਲਕ ਸਿੰਘ ਜੰਮੂ


ਅਯੁਧਿਆ ਸਲਵਾਨ


ਸਵਰਨਜੀਤ ਸਿੰਘ ਢਿਲੋਂ


ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅਮੋਲਕ ਸਿੰਘ ਗਾਖਲ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ


ਜਸਕਰਨ ਸਿੰਘ ਧਾਲੀਵਾਲ

**ਪੰਜਾਬ ਟਾਈਮਜ਼**
Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Published simultaneously from Chicago, California & New York.

*e-mail: punjabtimes1@gmail.com, website: www.punjabtimesusa.com*